12ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -12 ISSUE - 46
February 21, 2024

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ




ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਸਬੰਧੀ ਕੁਲਦੀਪ ਚੰਦ ਦਾ ਵਿਸ਼ੇਸ਼ ਲੇਖ ਅੰਦਰ ਦੇਖੋ।



ਹਲਕਾ ਫਗਵਾੜਾ ਦੇ ਨਜਦੀਕ ਪਿੰਡ ਅਮਰੀਕ ਨਗਰੀ ਭੁੱਲਾਰਾਈ ਦੀ ਵਸਨੀਕ ਲੜਕੀ ਰਵਿੰਦਰ ਰਾਏ ਸਖਤ ਮਿਹਨਤ ਸਦਕਾ ਜੱਜ ਬਣੀ। **(ਰਿਪੋਰਟ ਅੰਦਰ ਦੇਖੋ)**

# ਦੋ ਦਿਨ ਲਈ ਰੁਕਿਆ ਕਿਸਾਨਾਂ ਦਾ ਦਿੱਲੀ ਚੱਲੋ ਮਾਰਚ

## ਸ਼ੁੱਕਰਵਾਰ ਨੂੰ ਤੈਅ ਹੋਵੇਗੀ ਅਗਲੀ ਰਣਨੀਤੀ, ਡੱਲੇਵਾਲ ਹਸਪਤਾਲ 'ਚ ਦਾਖਲ, 1 ਨੌਜਵਾਨ ਦੀ ਮੌਤ

**ਖਨੌਰੀ (ਬਿਊਰੋ)** ਕੇਂਦਰ ਸਰਕਾਰ ਨਾਲ ਗੱਲਬਾਤ ਦੌਰਾਨ ਕਿਸਾਨਾਂ ਨੇ ਅੱਜ ਦਿੱਲੀ ਵੱਲ ਮਾਰਚ ਕਰਨ ਦਾ ਸੱਦਾ ਦਿੱਤਾ ਸੀ। ਦਿੱਲੀ ਵੱਲ ਕਿਸਾਨ ਮਾਰਚ ਦੇ ਐਲਾਨ ਦੇ ਹਿੱਸੇ ਵਜੋਂ, ਯੂਨਾਈਟਿਡ ਕਿਸਾਨ ਮੋਰਚਾ (ਗੈਰ-ਸਿਆਸੀ) ਦੇ ਆਗੂਆਂ ਅਤੇ ਮੈਂਬਰਾਂ ਨੇ ਮੰਗਲਵਾਰ ਸਵੇਰ ਤੋਂ ਹੀ ਸ਼ੰਭੂ ਅਤੇ ਖਨੌਰੀ ਸਰਹੱਦ 'ਤੇ ਰਣਨੀਤੀ ਬਣਾਉਣੀ ਸ਼ੁਰੂ ਕਰ ਦਿੱਤੀ। ਇਸ ਤਹਿਤ ਕਿਸਾਨ ਕੰਕਰੀਟ ਅਤੇ ਭਾਰੀ ਬੈਰੀਕੇਡਾਂ ਨੂੰ ਤੋੜਨ ਲਈ ਭਾਰੀ ਬਖਤਰਬੰਦ ਮਸ਼ੀਨਰੀ ਨਾਲ ਸ਼ੰਭੂ



ਸਰਹੱਦ 'ਤੇ ਪਹੁੰਚ ਗਏ ਹਨ। ਦੱਸ ਦਈਏ ਕਿ 22 ਫਰਵਰੀ ਨੂੰ ਐਸਕੇਐਮ ਦੀ ਅਗਵਾਈ 'ਚ ਕਿਸਾਨਾਂ ਦੀਆਂ 500 ਜਥੇਬੰਦੀਆਂ ਦਿੱਲੀ 'ਚ ਆਪਣੀਆਂ ਮੰਗਾਂ ਨੂੰ ਲੈ ਕੇ ਕੇਂਦਰ ਸਰਕਾਰ ਖਿਲਾਫ਼ ਰਣਨੀਤੀ ਬਣਾਉਣ ਲਈ ਮੰਥਨ ਕਰਨਗੀਆਂ। ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਸੂਬਾ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਦੀ ਦੇਰ ਸ਼ਾਮ ਅਚਾਨਕ ਤਬੀਅਤ ਵਿਗੜਨ ਕਾਰਨ ਉਸਨੂੰ ਸਰਕਾਰੀ ਰਾਜਿੰਦਰਾ ਹਸਪਤਾਲ 'ਚ ਭਰਤੀ ਕਰਵਾਇਆ ਗਿਆ, ਜਿੱਥੇ

**(ਬਾਕੀ ਸਫਾ 20 'ਤੇ)**



**ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦਾ 647ਵਾਂ ਪ੍ਰਕਾਸ਼ ਦਿਹਾੜਾ ਮਨਾਏ ਜਾਣ ਦੀਆਂ ਲੱਖ-ਲੱਖ ਵਧਾਈਆਂ। ਸਬੰਧਤ ਜਾਣਕਾਰੀ ਅਨੁਸਾਰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ, ਯੂਬਾ ਸਿਟੀ, ਸੇਲਮਾ ਅਤੇ ਨਿਊਯਾਰਕ ਵਿਖੇ 23, 24, 25 ਫਰਵਰੀ 2024 ਨੂੰ ਮਨਾਇਆ ਜਾ ਰਿਹਾ ਹੈ** ਅਤੇ ਫਰਿਜ਼ਨੋ ਵਿਖੇ ਮਾਰਚ 1, 2, 3, 2024, ਸੈਕਰਾਮੈਂਟੋ ਵਿਖੇ 8, 9, 10 ਮਾਰਚ 2024 ਅਤੇ ਬੇ-ਏਰੀਆ 24 ਮਾਰਚ ਨੂੰ ਸ੍ਰੀ ਗੁਰੂ ਰਵਿਦਾਸ ਜੀ ਦਾ 647ਵਾਂ ਪ੍ਰਕਾਸ਼ ਦਿਹਾੜਾ ਮਨਾਇਆ ਜਾ ਰਿਹਾ ਹੈ। ਹੋਰ ਜਾਣਕਾਰੀ ਲਈ ਸਬੰਧਤ ਸਭਾਵਾਂ ਨਾਲ ਸੰਪਰਕ ਕਰੋ ਜੀ।

# ਸੁਪਰੀਮ ਕੋਰਟ ਦੇ ਫੈਸਲੇ ਮੁਤਾਬਕ 'ਆਪ' ਦੇ ਕੁਲਦੀਪ ਕੁਮਾਰ ਬਣੇ ਚੰਡੀਗੜ੍ਹ ਦੇ ਨਵੇਂ ਮੇਅਰ

**ਨਵੀਂ ਦਿੱਲੀ-** ਸੁਪਰੀਮ ਕੋਰਟ ਦੁਆਰਾ ਚੰਡੀਗੜ੍ਹ ਮੇਅਰ ਦੀ ਚੋਣ ਦਾ ਵਿਵਾਦਤ ਨਤੀਜਾ ਪਲਟਾਉਣ ਤੋਂ ਬਾਅਦ ਹਾਰੇ ਹੋਏ ਆਪ-ਕਾਂਗਰਸ ਗੱਠਜੋੜ ਦੇ ਉਮੀਦਵਾਰ ਕੁਲਦੀਪ ਕੁਮਾਰ ਨੂੰ ਸ਼ਹਿਰ ਦਾ ਨਵਾਂ ਮੇਅਰ ਐਲਾਨ ਦਿੱਤਾ ਹੈ। ਇਸ ਚੋਣ 'ਚ ਪਹਿਲਾਂ ਭਾਜਪਾ ਉਮੀਦਵਾਰ ਮਨੋਜ ਸੋਨਕਰ ਦੀ ਜਿੱਤ ਹੋਈ ਸੀ। ਅਦਾਲਤ ਨੇ ਚੋਣ ਪ੍ਰਕਿਰਿਆ 'ਚ ਗੰਭੀਰ ਖਾਮੀਆਂ ਪਾਏ ਜਾਣ ਮਗਰੋਂ ਚੋਣ ਅਧਿਕਾਰੀ ਅਨਿਲ ਮਸੀਹ ਜੋ ਕਿ ਭਾਜਪਾ ਆਗੂ ਵੀ ਹਨ, ਖ਼ਿਲਾਫ਼ ਅਦਾਲਤ ਸਾਹਮਣੇ ਝੂਠਾ ਬਿਆਨ ਦੇ ਕੇ ਗੰਭੀਰ ਅਪਰਾਧ ਕਰਨ ਦੇ ਦੋਸ਼ ਹੇਠ ਮੁਕੱਦਮਾ ਚਲਾਉਣ ਦਾ ਹੁਕਮ ਵੀ ਦਿੱਤਾ ਹੈ।





Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC) Payroll Services & Bookkeeping Services
* We are in this business since 1989. Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539



DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed



Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com



39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983



RAMESH SUMAN
Broker Realtor
RCS-D
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



Sandeep Jony Bagga
6930 65TH STREET # 115 SACRAMENTO CA 95823

# SRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

ਜਉ ਤੁਮ ਗਿਰਿਵਰ ਤਉ ਹਮ ਮੋਰਾ ॥ ਜਉ ਤੁਮ ਚੰਦ ਤਉ ਹਮ ਭਏ ਹੈਂ ਚਕੋਰਾ ॥1॥

ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ ॥ ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥1॥ਰਹਾਉ॥

Bole' So Nirbhay! Guru Ravidass Maharaj Ki Jai

## DHAN DHAN SRI GURU RAVIDASS JI







# 647th Gurpurb of Sri Guru Ravidass Ji

Sri Guru Ravidass ji was born in 1377, in Kanshi, in India. Guru Ravidass Ji was a great religious and social reformer. Guru Sahib dedicated his whole life for the welfare of the humanity. He preached social harmony and equality among all human beings. His BANI is enshrined in Sri Guru Granth Sahib. Sri Guru Ravidass Sabha CA, Pittsburg will be celebrating the 647th Parkash Utsav of **SATGURU RAVIDASS JI on Sunday, February 25, 2024** at the Gurughar. Sangat will perform Langer and Path Sewa for this program.

**ARAMBH SHRI AKHAND PATH**
**February 23, 2024 (Friday) 10:00 AM**
**BHOG SHRI AKHAND PATH**
**February 25, 2024 (Sunday) 10:00 AM**
**KIRTAN DIWAN - After Bhog until 2:30 PM**
**Nishan Sahib Hoisting Ceremony**
**February 24, 2024 (Saturday) at 11:00 AM.**




* Prominent Jatha of ***Bhai Onkar Singh ji, Una Sahib Waley will delight the sangat on Sunday from 12:30 noon to 1:30 PM.*** Gurughar jatha of Bhai Balwinder Singh ji will start the Kirtan Diwan.

* **Bhai Suveg Singh ji's jatha will do Shabad Kirtan on Saturday evening along with our Gurughar Jatha from 6:00 PM to 8:00 PM.**

*We need volunteers to help with this event to prepare and serve Langar, keep Gurughar clean and organized, directing traffic/parking, kitchen and other Sewa.*

**For STALLS or any SEWA, please contact President Vinod Kumar President at (408) 718-2506, Asst. Secretary Dilbag Singh at (209) 834-4641 or Chairman Ramesh Suman at (925) 366-3618.**

**www.srigururavidasstemple.com**

## Sangat Sewadars

| Chairman | President | General Secretary | Treasurer |
|---|---|---|---|
| Ramesh Suman | Vinod Kumar | Naresh Kumar | Sunita K. Singh |





ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ

# ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

## ਜੀ ਦੇ 647ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 647 ਵੇਂ ਆਗਮਨ ਪੁਰਬ ਦੇ ਸਬੰਧ ਵਿਚ ਗੁਰੂ ਘਰ ਵਿਖੇ ਸਮਾਗਮ ਕਰਵਾਏ ਜਾ ਰਹੇ ਹਨ। 13 ਫਰਵਰੀ ਮੰਗਲਵਾਰ ਤੋਂ ਪ੍ਰਭਾਤ ਫੇਰੀਆਂ ਅਰੰਭ ਕੀਤੀਆਂ ਜਾਣਗੀਆਂ ਜੋ 23 ਫਰਵਰੀ ਸ਼ੁੱਕਰਵਾਰ ਤੱਕ ਜਾਰੀ ਰਹਿਣਗੀਆਂ। 23 ਫਰਵਰੀ ਸ਼ੁੱਕਰਵਾਰ ਨੂੰ ਗੁਰਪੁਰਬ ਦੀਆਂ ਖੁਸ਼ੀਆਂ ਵਿਚ ਅਖੰਡ ਪਾਠ ਅਰੰਭ ਕੀਤੇ ਜਾਣਗੇ ਅਤੇ ਸ਼ੁਕਰਵਾਰ ਸ਼ਾਮ 6 ਵਜੇ ਤੋਂ ਰਾਤ 12 ਵਜੇ ਤੱਕ ਰੈਣ ਸਵਾਈ ਕੀਰਤਨ ਦਰਵਾਰ ਹੋਣਗੇ। 24 ਫਰਵਰੀ ਸਨਿਚਰਵਾਰ ਸ਼ਾਮ 3 ਵਜੇ ਨਿਸ਼ਾਨ ਸਾਹਿਬ ਜੀ ਦੇ ਚੋਲੇ ਬਦਲੇ ਜਾਣਗੇ 25 ਫਰਵਰੀ ਐਤਵਾਰ ਨੂੰ ਰੱਖੇ ਹੋਏ ਅਖੰਡਪਾਠ ਜੀ ਦੇ ਭੋਗ ਪਾਏ ਜਾਣਗੇ ਉਪਰੰਤ ਕੀਰਤਨ ਦਰਵਾਰ ਸਜਾਏ ਜਾਣਗੇ।

**7 ਅਪ੍ਰੈਲ 2024, ਦਿਨ ਐਤਵਾਰ ਨੂੰ ਵਿਸਾਲ ਨਗਰ ਕੀਰਤਨ ਹੋਵੇਗਾ**

ਹੋਰ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:

ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ) 530 713 1823, ਦਲਵਿੰਦਰ ਰੱਲ੍ਹ (ਵਾਈਸ ਚੇਅਰਮੈਨ) 530 933 3938

ਹੈਡ ਗ੍ਰੰਥੀ ਭਾਈ ਗੁਰਦਿਆਲ ਸਿੰਘ (ਸੁਦਾਣਾ) 530 441 4165, ਗੁਰੂ ਘਰ ਦਾ ਫੋਨ ਨੰਬਰ 530 674 2564



ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ- ਪ੍ਰਧਾਨ | ਸ੍ਰੀ ਭੁਪਿੰਦਰ ਸਿੰਘ ਭੰਡਾਲ - ਵਾਈਸ ਪ੍ਰਧਾਨ | ਸ੍ਰੀ ਗੁਰਨਾਮ ਸਿੰਘ ਭੰਡਾਲ- ਚੇਅਰਮੈਨ | ਸ੍ਰੀ ਦਲਵਿੰਦਰ ਰੱਲ੍ਹ- ਵਾਈਸ ਚੇਅਰਮੈਨ | ਸ੍ਰੀ ਜਗਮੇਲ ਸਿੰਘ- ਜਨਰਲ ਸਕੱਤਰ | ਸ੍ਰੀ ਜਸਵਿੰਦਰ ਸਿੰਘ- ਵਾਈਸ ਜਨਰਲ ਸਕੱਤਰ | ਸ੍ਰੀ ਰਾਮ ਸੇਵਕ ਭਾਟੀਆ- ਕੈਸ਼ੀਅਰ | ਸ੍ਰੀ ਕ੍ਰਿਸ਼ਨ ਸਿੰਘ - ਵਾਈਸ ਕੈਸ਼ੀਅਰ | ਸ੍ਰੀ ਗੁਰਦੀਪ ਸਿੰਘ ਹੀਰਾ- ਸਟੇਜ ਸਕੱਤਰ | ਸ੍ਰੀ ਅਸ਼ੋਕ ਕੁਮਾਰ - ਮੀਡੀਆ ਪਰਸਨ

ਗੁਰੂ ਘਰ ਦੇ ਮੌਜੂਦਾ ਸੇਵਾਦਾਰ


ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ- ਪ੍ਰਧਾਨ, ਸ੍ਰੀ ਭੁਪਿੰਦਰ ਸਿੰਘ ਭੰਡਾਲ - ਵਾਈਸ ਪ੍ਰਧਾਨ, ਸ੍ਰੀ ਗੁਰਨਾਮ ਸਿੰਘ ਭੰਡਾਲ- ਚੇਅਰਮੈਨ, ਸ੍ਰੀ ਦਲਵਿੰਦਰ ਰੱਲ੍ਹ- ਵਾਈਸ ਚੇਅਰਮੈਨ ਸ੍ਰੀ ਜਗਮੇਲ ਸਿੰਘ- ਜਨਰਲ ਸਕੱਤਰ, ਸ੍ਰੀ ਜਸਵਿੰਦਰ ਸਿੰਘ- ਵਾਈਸ ਜਨਰਲ ਸਕੱਤਰ, ਸ੍ਰੀ ਰਾਮ ਸੇਵਕ ਭਾਟੀਆ- ਕੈਸ਼ੀਅਰ, ਸ੍ਰੀ ਕ੍ਰਿਸ਼ਨ ਸਿੰਘ - ਵਾਈਸ ਕੈਸ਼ੀਅਰ ਸ੍ਰੀ ਗੁਰਦੀਪ ਸਿੰਘ ਹੀਰਾ- ਸਟੇਜ ਸਕੱਤਰ, ਸ੍ਰੀ ਅਸ਼ੋਕ ਕੁਮਾਰ - ਮੀਡੀਆ ਪਰਸਨ

SHRI GURU RAVIDASS TEMPLE, 1480 HAYNE AVE YUBA CITY, CA 95993

# ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ, ਸੇਲਮਾ

## ਐਸੀ ਲਾਲ ਤੁਝ ਬਿਨ ਕਾਉਨ ਕਰੈ।। ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰੁ ਧਰੈ।। ਰਹਾਉ।।




ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ!!

ਗੁਰੂ ਪਿਆਰੀ ਸਾਧ ਸੰਗਤ ਜੀ ਆਪ ਸਭ ਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਵੇਗੀ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 647ਵਾਂ ਪ੍ਰਕਾਸ਼ ਦਿਹਾੜਾ ਮਿਤੀ 23, 24 ਅਤੇ 25 ਫਰਵਰੀ 2024 ਨੂੰ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਸੈਲਮਾਂ ਵਿਖੇ ਬੜੀ ਸ਼ਰਧਾ, ਪਿਆਰ, ਸਤਿਕਾਰ ਅਤੇ ਧੂੰਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। ਆਪ ਸਭ ਨੂੰ ਬੇਨਤੀ ਹੈ ਕਿ ਸਮੂਹ ਪਰਿਵਾਰ ਸਮੇਤ ਤਿੰਨੋ ਦਿਨ ਗੁਰੂ ਘਰ ਵਿਖੇ ਆਪਣੀਆਂ ਹਾਜ਼ਰੀਆਂ ਲਗਾ ਕੇ ਗੁਰੂ ਸਾਹਿਬ ਜੀ ਦਾ ਪਿਆਰ ਅਤੇ ਖੁਸ਼ੀਆਂ ਪ੍ਰਾਪਤ ਕਰੋ ਜੀ।

### ਪ੍ਰੋਗਰਾਮਾਂ ਦਾ ਵੇਰਵਾ

*ਸ਼ੁਕਰਵਾਰ, 23 ਫਰਵਰੀ, 2024*
ਸ੍ਰੀ ਨਿਸ਼ਾਨ ਸਾਹਿਬ ਦੀ ਸੇਵਾ- ਸਵੇਰੇ 9 ਤੋਂ 10 ਵਜੇ ਤੱਕ
ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭਤਾ - ਸਵੇਰੇ 10:30 ਵਜੇ
ਪੀਜ਼ੇ ਦਾ ਲੰਗਰ - ਸ਼ਾਮ 5 ਤੋ 8 ਵਜੇ ਤੱਕ

*ਐਤਵਾਰ, 25 ਫਰਵਰੀ 2024*
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ – 11 ਵਜੇ
ਉਪਰੰਤ ਗੁਰੂ ਜੀ ਦੇ ਕੀਰਤਨੀ ਸਿੰਘ
ਇਲਾਹੀ ਬਾਣੀ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ

### ਸੰਗਤ ਦੇ ਸੇਵਾਦਾਰ


ਵਧੇਰੇ ਜਾਣਕਾਰੀ ਲਈ ਗੁਰੂ ਘਰ ਦੇ ਸੇਵਾਦਾਰਾਂ ਨਾਲ ਸੰਪਰਕ ਕਰੋ ਜੀ :

**ਦੇਵਰਾਜ ਸਿੰਘ 559-916-6202, ਮਨੋਹਰ ਗਾਦੜਾ 559-546-3437**

**Address: 2650 Blaine Avenue Selma (CA) 93662**

ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥ ਗਰੀਬ ਨਿਵਾਜੁ ਗੁਸਾਈਆ ਮੇਰਾ ਮਾਥੈ ਛਤ੍ਰੁ ਧਰੈ ॥ ਰਹਾਉ ॥
ਜਾ ਕੀ ਛੋਤਿ ਜਗਤੁ ਕਉ ਲਾਗੈ ਤਾ ਪਰ ਤੁਹੀ ਢਰੈ॥ ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥

# ਸ੍ਰੀ ਗੁਰੂ ਰਵਿਦਾਸ ਸਭਾ, ਫਰਿਜ਼ਨੋ (ਕੈਲੇਫੋਰਨੀਆ)




With the blessings of Satguru Shri Guru Ravidass ji Maharaj **Shri Guru Ravidass Sabha Fresno** with co operation of Sangat is going to celebrate 647th Prakash Purab of **Shri Guru Ravidass Ji Maharaj on 3rd March 2024 Sunday at Gurughar**.

## Programme:

**Friday march 1, 2024, 10:00 am**
Arambh shri akhand path under the supervision of
Bhai Ram Singh ji Head Granthi of Gurughar.
**Saturday March 2, 2024, 4 pm Nishan Sahib Sewa (Ceremony)**
**Sunday, March 3, 2024, 10 am**
Bhog Shri Akhand Path Sahib
Kirtan Darbar followed by Bhog up to 2:30 pm.
**Kirtan will be performed by**
Bhai Pritam Singh Ji Mitha Tiwana Jatha,
Bhai Harblas Singh jhinger Ji, Bhai Ram Asra Ji, Bhai Raj Brar ji.
Guru's Langer will be served through out all three days.
**BLOOD DONATION AND MEDICAL CAMP**
Dedicated to Gurpurab special medical camp and
Blood Donation Camp is being organised by Dr. Nirmal Bhatti MD,
Dr. Satnam Banger MD, Dr. Surdeep Singh DDS and their associates.

**All devotees are co ordialy invited to attend as per programme to have Guru's blessings.**

## Sewadars


ਬੀਬੀ ਸੁਰਿੰਦਰ ਕੌਰ ਬੰਗੜ
(ਚੇਅਰਪਰਸਨ)


ਰਤਨ ਪਾਲ ਜੱਸੀ
(ਵਾਈਸ ਚੇਅਰਮੈਨ)


ਸ੍ਰੀ ਅਮਰ ਦੜੋਚ
(ਪ੍ਰਧਾਨ)


ਸ੍ਰੀ ਸੁੱਚਾ ਸਿੰਘ ਝੱਮਟ
(ਵਾਈਸ ਪ੍ਰਧਾਨ)


ਸ੍ਰੀ ਸ਼ਿਵਚਰਨ
(ਜਨਰਲ ਸਕੱਤਰ)


ਸ੍ਰੀ ਤੇਗਵੀਰ ਸਿੰਘ ਭਾਟੀਆ
(ਸਹਾਇਕ ਜਨਰਲ ਸਕੱਤਰ)


ਦਵਿੰਦਰ ਸਿੰਘ ਨਿਗਾਹ
(ਖਜਾਨਚੀ)


ਸ੍ਰੀ ਕੁਲਦੀਪ ਸਿੰਘ
(ਸਹਾਇਕ ਖਜਾਨਚੀ)


ਸ੍ਰੀ ਕੁਲਦੀਪ ਸਿੰਘ ਬੰਗੜ
(ਸਟੇਜ ਸਕੱਤਰ)


ਬੀਬੀ ਦੀਪਿਕਾ ਕਲੇਰ
(ਸਹਾਇਕ ਸਟੇਜ ਸਕੱਤਰ)


ਸ੍ਰੀ ਪਵਨ ਸਰੋਇਆ
(ਮੀਡੀਆ ਪਰਸਨ)

**5025 S Cherry Ave Fresno, CA 93706**

**ਗੁਰੂ ਘਰ ਦੇ ਫੋਨ ਨੰਬਰ: 559-486-3091**

ਦੇਸ਼ ਦੁਆਬਾ

ਸਤਿਗੁਰੂ ਰਵਿਦਾਸ ਚਿੰਤਨ

# ਆਗਮਨ ਪੁਰਬ ਨੂੰ ਸਾਰਥਕ ਬਣਾਉਣ ਲਈ ਕੁਝ ਸੁਝਾਅ

ਸਦੀਆਂ ਪਹਿਲਾਂ ਭਾਰਤ ਦੇ ਅਛੂਤਾਂ ਅੰਦਰ ਸਵੈ-ਮਾਣ, ਸਵੈ-ਵਿਸ਼ਵਾਸ ਤੇ ਸਵੈ-ਸ਼ਕਤੀ ਦਾ ਅਹਿਸਾਸ ਜਗਾਉਣ ਵਾਲੇ ਸੰਤ ਸਤਿਗੁਰੂ ਰਵਿਦਾਸ ਜੀ ਇਕ ਮਹਾਨ, ਆਕਰਸ਼ਕ, ਵਿਲੱਖਣ, ਅਦੁੱਤੀ ਤੇ ਬੇਮਿਸਾਲ ਵਿਅਕਤਿਤਵ ਦੇ ਮਾਲਕ ਸਨ। ਉਹ ਸੱਚੇ, ਕਰਮਯੋਗੀ, ਸਹਿਣਸ਼ੀਲ, ਦਿਆਲੂ, ਪਰ-ਉਪਕਾਰੀ, ਅਮਨ-ਪਸੰਦ, ਕਥਨੀ-ਕਰਨੀ ਵਿਚ ਪੂਰੇ, ਮਿਠਬੋਲੜੇ, ਨਿਰਭੈ, ਨਿਰਵੈਰ, ਸਾਹਸੀ ਅਤੇ ਮਹਾਨ ਸੰਤ ਸਨ। ਆਪ ਚੇਤਨਾ ਦੀ ਲਟ-ਲਟ ਬਲਦੀ ਇਕ ਅਜਿਹੀ ਮਿਸ਼ਾਲ ਸੀ, ਜਿਸਨੇ ਨਿਮਨ ਵਰਗ ਵਿਚ ਜੋਸ਼ ਅਤੇ ਉਤਸ਼ਾਹ ਦੀ ਇਕ ਅਜਿਹੀ ਅਗਨੀ ਪ੍ਰਚੰਡ ਕੀਤੀ, ਜੋ ਤਤਕਾਲੀਨ ਸਮਾਜ ਦੀਆਂ ਬੁਰਾਈਆਂ ਅਤੇ ਕੁਰੀਤੀਆਂ ਨੂੰ ਸਾੜ ਕੇ ਇਕ ਅਜਿਹਾ ਪ੍ਰਕਾਸ਼ ਪਿੱਛੇ ਛੱਡ ਗਈ ਕਿ ਅੱਜ ਵੀ ਲੱਖਾਂ ਪ੍ਰਾਣੀ ਉਸ ਤੋਂ ਰੌਸ਼ਨੀ ਪ੍ਰਾਪਤ ਕਰ ਰਹੇ ਹਨ। ਗੁਰੂ ਰਵਿਦਾਸ ਜੀ ਦੀ ਬੇਮਿਸਾਲ ਸ਼ਖਸੀਅਤ ਦਾ ਹੀ ਪ੍ਰਭਾਵ ਸੀ ਕਿ ਅਖੌਤੀ ਨਿਮਨ ਵਰਗ ਵਿਚ ਪੈਦਾ ਹੋ ਕੇ ਵੀ ਉਹ ਸ਼ਾਹੀ ਖਾਨਦਾਨ ਦੇ ਰਾਜਗੁਰੂ ਬਣੇ ਅਤੇ ਅਨੇਕ ਰਾਜੇ-ਮਹਾਰਾਜੇ, ਵਿਦਵਾਨ ਪੰਡਤ ਅਤੇ ਕਥਿਤ ਉਚਤਮ ਵਰਗ ਦੇ ਲੋਕ ਉਹਨਾਂ ਦੇ ਸੇਵਕ ਬਣੇ। ਆਪ ਬਾਣੀ ਵਿਚ ਲਿਖਦੇ ਹਨ:

ਮੇਰੀ ਜਾਤ ਕੁਟਬਾਂਢਲਾ ਢੋਰ ਢੋਵੰਤਾ
ਨਿਤਹਿ ਬਾਨਾਰਸੀ ਆਸ ਪਾਸਾ।।
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ
ਤੇਰੇ ਨਾਮ ਸਰਣਾਇ ਰਵਿਦਾਸ ਦਾਸਾ।। (ਆਦਿ ਗ੍ਰੰਥ, ਪੰਨਾ 1293)

ਸਿੱਖ ਧਰਮ ਦੇ ਚੌਥੇ ਗੁਰੂ ਸਤਿਗੁਰੂ ਰਾਮਦਾਸ ਜੀ ਆਪ ਜੀ ਦੀ ਪ੍ਰਸੰਸਾ ਕਰਦਿਆਂ ਲਿਖਦੇ ਹਨ:

ਰਵਿਦਾਸ ਚਮਾਰ ਉਸਤਤਿ ਕਰੇ
ਹਰਿ ਕੀਰਤਿ ਨਿਮਖ ਇਕ ਗਾਇ।।
ਪਤਿਤ ਜਾਤ ਉਤਮੁ ਭਇਆ
ਚਾਰ ਵਰਨ ਪਏ ਪਗਿ ਆਦਿ।। (ਆਦਿ ਗ੍ਰੰਥ, ਪੰਨਾ 733)

ਗੁਰੂ ਰਵਿਦਾਸ ਜੀ ਇਨਕਲਾਬੀ ਯੋਧਾ ਸਨ। ਆਪ ਨੇ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਗੁਲਾਮੀ ਵਿਰੁੱਧ 'ਪਰਾਧੀਨਤਾ ਪਾਪ ਹੈ' ਅਤੇ 'ਐਸਾ ਚਾਹੁੰ ਰਾਜ ਮੈਂ, ਜਹਾਂ ਮਿਲੇ ਸਬਨ ਕੋ ਅੰਨ' ਕਹਿ ਕੇ ਇਸ ਵਿਵਸਥਾ ਵਿਰੁੱਧ ਨਾਅਰਾ ਬੁਲੰਦ ਕੀਤਾ। 'ਸੰਕਾ ਸੁਨਿ ਬੇਦ ਪੁਰਾਨ' ਅਤੇ 'ਮੂਰਖਿ ਹੈ ਜੋ ਕਰਤ ਹੈ, ਬਰਨ ਅਬਰਨ ਬਿਚਾਰ' ਦੁਆਰਾ ਅਖੌਤੀ ਧਰਮ-ਸ਼ਾਸਤਰਾਂ ਦੀ ਪ੍ਰਭੁਸੱਤਾ ਨੂੰ ਵੰਗਾਰ ਕੇ ਭਰਮਾਂ, ਕਰਮਕਾਂਡਾਂ, ਅੰਧ-ਵਿਸ਼ਵਾਸਾਂ, ਆਡੰਬਰਾਂ, ਪੂਜਾ, ਅਰਚਨਾ, ਮੂਰਤੀਆਂ ਅੱਗੇ ਨੱਚਣ, ਗਾਉਣ ਆਦਿ ਵਰਗੇ ਪਾਖੰਡਾਂ ਦਾ 'ਹਰਿ ਕੇ ਨਾਮ ਬਿਨੁ ਝੂਠੇ ਸਗਲ ਪਸਾਰੇ' ਕਹਿ ਕੇ ਜ਼ੋਰਦਾਰ ਖੰਡਨ ਕੀਤਾ, ਆਪ ਦਾ ਫਰਮਾਨ ਹੈ:

(ੳ) ਮਾਧਵੇ! ਕਿਆ ਕਹੀਐ ਭ੍ਰਮ ਐਸਾ।
ਜੈਸਾ ਮਾਨੀਐ ਹੋਇ ਨ ਤੈਸਾ। ਰਹਾਉ। (ਪੰਨਾ 657)
(ਅ) ਭ੍ਰਮ ਨਚਣ ਭ੍ਰਮ ਗਾਇਣ, ਭ੍ਰਮ ਜਪ ਤਪੁ ਜਾਨਿ।।
ਭ੍ਰਮ ਸੇਵਾ ਭ੍ਰਮ ਪੂਜਾ ਅਰੁ ਭ੍ਰਮ ਸੂੰ ਪਹਿਚਾਨ।।
(ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰ. ਯੂ. ਚੰਡੀਗੜ੍ਹ, ਪੰਨਾ 62)

ਸਤਿਗੁਰੂ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ 'ਰਵਿਦਾਸ ਜਨਮ ਕੇ ਕਾਰਨੈ, ਹੋਤ ਨ ਕੋਈ ਨੀਚ' ਅਤੇ 'ਰਵਿਦਾਸ ਬਾਹਮਨ ਮਤ ਪੂਜੀਏ, ਜਉ ਹੋਵੇ ਗੁਨਹੀਨ' ਕਹਿ ਕੇ ਜਾਤ-ਪਾਤ, ਊਚ-ਨੀਚ ਅਤੇ ਅਖੌਤੀ ਉਚਤਮ ਵਰਗ ਦੀ ਸ੍ਰੇਸ਼ਠਤਾ ਨੂੰ ਚੁਣੌਤੀ ਦਿੱਤੀ, ਬਲਕਿ ਗੁਰੂ ਜੀ ਦਾ ਸਪਸ਼ਟ ਆਦੇਸ਼ ਹੈ ਕਿ 'ਪੂਜਹਿਂ ਚਰਨ ਚੰਡਾਲ ਕੇ, ਜਉ ਹੋਵੇ ਗੁਨ ਪਰਵੀਨ' ਅਰਥਾਤ ਗੁਣਹੀਣ ਬ੍ਰਾਹਮਣ ਦੇ ਮੁਕਾਬਲੇ ਤੇ ਸ੍ਰੇਸ਼ਠ ਗੁਣਾਂ ਨਾਲ ਭਰਪੂਰ ਅਖੌਤੀ ਚੰਡਾਲ ਅਥਵਾ ਕਥਿਤ ਅਛੂਤ ਪੂਜਣਯੋਗ ਹੈ। ਆਪ ਨੇ ਆਰਥਿਕ ਸੰਪਨਤਾ ਲਈ ਨਿ-ਰੰਤਰ ਕਿਰਤ ਨਾਲ ਜੁੜੇ ਰਹਿਣ, 'ਅਬਿਦਿਆ ਹਿਤ ਕੀਨ ਬਿਬੇਕ ਦੀਪ ਮਲੀਨ' ਦੇ ਸੰਕਲਪ ਨੂੰ ਪ੍ਰਗਟਾਉਂਦਿਆਂ ਅਨਪੜ੍ਹਤਾ ਅਤੇ ਅਗਿਆਨਤਾ ਤੋਂ ਮੁਕਤੀ ਲਈ 'ਉਪਜਿਓ ਗਿਆਨ ਹੂਆ ਪਰਗਾਸ' ਕਹਿ ਕੇ ਵਿਵੇਕ ਰੂਪੀ ਦੀਪ ਦੀ ਮਲੀਨਤਾ ਨੂੰ ਵਿਦਿਆ ਦੇ ਨੂਰ ਨਾਲ ਪ੍ਰਜਵਲਿਤ ਅਥਵਾ ਰੋਸ਼ਨ ਕਰਨ, 'ਸੁਰਸੁਰੀ ਸਲਲ ਕ੍ਰਿਤ ਬਾਰੁਨੀ ਰੇ' ਆਖ ਕੇ ਨਸ਼ਿਆਂ ਦੇ ਸੇਵਨ ਤੋਂ ਪਰਹੇਜ਼, ਸਾਦੀ ਰਹਿਣੀ-ਬਹਿਣੀ ਅਤੇ 'ਸਤਸੰਗਤਿ ਮਿਲਿ ਰਹੀਐ ਮਾਧਉ! ਜੈਸੇ ਮਧੁਪ ਮਖੀਰਾ' ਦੇ ਦ੍ਰਿਸ਼ਟਾਂਤ ਰਾਹੀਂ ਸਾਊ ਮਨੁੱਖ ਤੇ ਸੁਚੱਜਾ ਸਮਾਜ ਸਿਰਜਣ ਦੀ ਪ੍ਰੇਰਨਾ ਦਿੱਤੀ ਹੈ।

ਸਤਿਗੁਰੂ ਰਵਿਦਾਸ ਜੀ ਦੀ ਬਾਣੀ ਸਮਕਾਲੀਨ ਅਣਉਚਿਤ, ਅਯੋਗ, ਅਜੋੜ, ਅਸਾਵੀਂ, ਅਨਿਆਪੂਰਨ, ਅਤਿਆਚਾਰੀ ਅਤੇ ਅੰਦੇਸ਼ਿਆਂ ਭਰਪੂਰ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਧਾਰਮਿਕ ਵਿਵਸਥਾ ਵਿਰੁੱਧ ਅਜਿਹੇ ਸੁਤੰਤਰ ਰਾਜ ਦਾ ਮਾਡਲ ਪ੍ਰਸਤੁਤ ਕਰਦੀ ਹੈ, ਜਿਸ ਵਿਚ ਏਕਾਧਿਕਾਰੀ ਸਾਮੰਤਸ਼ਾਹੀ ਹਕੂਮਤ ਦੀ ਥਾਂ ਸਹੀ ਅਰਥਾਂ ਵਿਚ ਲੋਕਤੰਤਰ ਹੋਵੇ। ਪਰ ਪਦਾਰਥਵਾਦੀ ਰੁਚੀਆਂ ਅਧੀਨ ਅਸੀਂ ਆਪਣੇ ਸੰਤ-ਸਤਿਗੁਰੂਆਂ ਦੀ ਵਿਵਹਾਰਕ ਵਿਚਾਰਧਾਰਾ ਤੋਂ ਬੜੀ ਤੇਜ਼ੀ ਨਾਲ ਦੂਰ ਹੁੰਦੇ ਜਾ ਰਹੇ ਹਾਂ। ਅਜੋਕੀਆਂ ਤੇ ਮੱਧਕਾਲੀਨ ਪ੍ਰਸਥਿਤੀਆਂ ਵਿਚ ਵਧੇਰੇ ਪਰਿਵਰਤਨ ਦ੍ਰਿਸ਼ਟੀਗੋਚਰ ਨਹੀਂ ਹੁੰਦਾ। ਅੱਜ ਦਾ ਅਖੌਤੀ ਤੇ ਸੁਤੰਤਰ ਮਨੁੱਖ ਹਾਲੇ ਵੀ ਸਮਾਜਿਕ ਰਹਿਤਾਂ, ਧਾਰਮਿਕ ਬਲਗਣਾਂ, ਬੰਦਸ਼ਾਂ ਤੇ ਰਾਜ ਸ਼ਕਤੀ ਦਾ ਕੈਦੀ, ਗੁਲਾਮ ਤੇ ਪਰਾਧੀਨ ਹੈ। ਜਾਤਾਂ, ਰੰਗਾਂ, ਨਸਲਾਂ, ਕੌਮਾਂ ਅਤੇ ਕਿੱਤਿਆਂ ਦੇ ਵਿਤਕਰੇ ਕਿਸੇ ਨਾ ਕਿਸੇ ਬਦਲਵੇਂ ਰੂਪ ਵਿਚ ਅੱਜ ਵੀ ਮੌਜੂਦ ਹਨ।

ਬ੍ਰਾਹਮਣਵਾਦ ਹਰ ਮਨੁੱਖ, ਜਾਤ, ਕੌਮ, ਮਜ਼ਹਬ ਅਤੇ ਨਸਲ ਵਿਚ ਸਮਾ ਗਿਆ ਹੈ। ਗੁਰੂ ਰਵਿਦਾਸ ਜੀ ਦੇ ਵਿਸ਼ਵ ਭਾਈਚਾਰੇ ਦੇ ਫ਼ਲਸਫ਼ੇ ਨੂੰ ਸੰਕੀਰਨ ਦਾਇਰਿਆਂ ਵਿਚ ਕੈਦ ਕੀਤਾ ਜਾ ਰਿਹਾ ਹੈ। ਸਵਾਰਥੀ ਰੁਚੀਆਂ ਅਧੀਨ ਗੁਰੂ ਜੀ ਦੀ ਵਿਚਾਰਧਾਰਾ ਨੂੰ ਤਿਲਾਂਜਲੀ ਦੇ ਕੇ ਜਿਸ ਰੂੜ੍ਹੀਵਾਦ, ਕਰਮਕਾਂਡ, ਆਡੰਬਰ ਤੇ ਪਾਖੰਡ ਦਾ ਸਤਿਗੁਰੂ ਰਵਿਦਾਸ ਜੀ ਨੇ ਖੰਡਨ ਕੀਤਾ ਸੀ, ਮੱਠਧਾਰੀਆਂ ਵੱਲੋਂ ਉਸ ਨੂੰ ਹੀ ਪੂਰੀ ਤਰ੍ਹਾਂ ਅਪਣਾ ਲਿਆ ਗਿਆ ਹੈ।





ਡਾ. ਜੀ. ਸੀ. ਕੌਲ
ਐਮ. ਏ., ਪੀ. ਐਚ. ਡੀ.
91-94632-23223

### ਆਗਮਨ ਪੁਰਬ ਨੂੰ ਸਾਰਥਕ ਬਣਾਉਣ ਲਈ ਕੁਝ ਸੁਝਾਅ

ਸਤਿਗੁਰੂ ਰਵਿਦਾਸ ਜੀ ਨੇ ਆਪਣੇ ਚਿੰਤਨ ਦੁਆਰਾ ਸਮਾਜ ਨੂੰ ਵਿਦਿਅਕ, ਸਮਾਜਿਕ, ਰਾਜਨੀਤਿਕ, ਆਰਥਿਕ ਅਤੇ ਸਭਿਆਚਾਰਕ ਤੌਰ 'ਤੇ ਆਪਣੇ ਅਧਿਕਾਰਾਂ ਪ੍ਰਤੀ ਚੇਤੰਨ ਹੋਣ ਦਾ ਇਨਕਲਾਬੀ ਸੁਨੇਹਾ ਦਿੱਤਾ ਹੈ। ਪਰ ਆਪ ਜੀ ਦੇ ਸਮੁੱਚੇ ਫ਼ਲਸਫ਼ੇ ਦਾ ਵਿਸ਼ਾਲ ਪੱਧਰ ਤੇ ਪ੍ਰਚਾਰ ਅਤੇ ਪਾਸਾਰ ਨਹੀਂ ਹੋ ਸਕਿਆ। ਅਕਸਰ ਅਸੀਂ ਆਪ ਦੇ ਅਧਿਆਤਮਕ ਚਿੰਤਨ ਉਪਰ ਹੀ ਜ਼ਿਆਦਾ ਬਲ ਦਿੰਦੇ ਰਹੇ ਹਾਂ। ਅਧਿਆਤਮਕ ਚਿੰਤਨ ਮਨੁੱਖ ਦੀ ਬਹੁ-ਪੱਖੀ ਤੇ ਬਹੁ-ਪਾਸਾਰੀ ਜ਼ਿੰਦਗੀ ਦਾ ਕੇਵਲ ਇਕ ਪੱਖ ਹੈ। ਸਮਾਜਿਕ, ਰਾਜਨੀਤਿਕ, ਆਰਥਿਕ ਅਤੇ ਵਿਦਿਅਕ ਤੌਰ 'ਤੇ ਜੋ ਜੋਰ, ਜਬਰ, ਜ਼ੁਲਮ ਅਤੇ ਬੇਇਨਸਾਫ਼ੀ ਸਾਡੇ ਸਮਾਜ ਨਾਲ ਹੋ ਰਹੀ ਹੈ, ਉਸਦਾ ਸਾਹਮਣਾ ਕਿਵੇਂ ਕਰਨਾ ਹੈ, ਇਸ ਦਾ ਹੱਲ ਕਿਵੇਂ ਕੱਢਣਾ ਅਤੇ ਇਸ ਤੋਂ ਛੁਟਕਾਰਾ ਕਿਵੇਂ ਪ੍ਰਾਪਤ ਕਰਨਾ ਹੈ, ਇਨ੍ਹਾਂ ਮਸਲਿਆਂ ਨੂੰ ਗੁਰਬਾਣੀ ਦੀ ਕਸੌਟੀ 'ਤੇ ਪਰਖਣ ਅਤੇ ਉਹਨਾਂ ਦੇ ਸਮਾਧਾਨ ਖੋਜਣ ਦੀ ਲੋੜ ਹੈ।

ਸਤਿਗੁਰੂ ਰਵਿਦਾਸ ਜੀ ਦਾ ਸਮੁੱਚਾ ਜੀਵਨ-ਦਰਸ਼ਨ ਮਾਨਵਵਾਦੀ ਕਦਰਾਂ-ਕੀਮਤਾਂ ਦੀ ਪੁਨਰ-ਸੁਰਜੀਤੀ ਅਤੇ ਸਥਾਪਤੀ ਲਈ ਰੋਲ ਮਾਡਲ ਵਜੋਂ ਸਾਡੀ ਅਗਵਾਈ ਕਰ ਸਕਦਾ ਹੈ। ਆਪ ਜਦੋਂ ਇਹ ਕਹਿੰਦੇ ਹਨ ਕਿ 'ਐਸਾ ਚਾਹੂੰ ਰਾਜ ਮੈਂ" ਤਾਂ ਸਪਸ਼ਟ ਤੌਰ 'ਤੇ ਰਾਜਨੀਤਿਕ ਪਰਿਵਰਤਨ ਦੀ ਗੱਲ ਕਰਦੇ ਹਨ, ਸਮਾਜਿਕ ਨਿਆਂ 'ਤੇ ਬਲ ਦਿੰਦੇ ਹਨ, 'ਜਹਾਂ ਮਿਲੇ ਸਬਨ ਕੋ ਅੰਨ' ਅਤੇ ਜਿੱਥੇ 'ਛੋਟ ਬੜੋ ਸਭ ਸਮ ਬਸੈ' ਅਰਥਾਤ ਜਿੱਥੇ ਸਮਾਨਤਾ ਅਤੇ ਸੁਤੰਤਰਤਾ ਹੋਵੇ, ਭੁੱਖਮਰੀ ਨਾ ਹੋਵੇ, ਲੋਕ ਫੁਟਪਾਥਾਂ 'ਤੇ ਰਹਿਣ ਤੇ ਸੌਣ ਲਈ ਮਜਬੂਰ ਨਾ ਹੋਣ। ਅਖੌਤੀ ਅਛੂਤ/ਸ਼ੂਦਰ ਪਰਾਧੀਨ ਕਿਉਂ ਹਨ? ਕਿਉਂਕਿ 'ਅਬਿਦਿਆ ਹਿਤ ਕੀਨ ਬਿਬੇਕ ਦੀਪ ਮਲੀਨ' ਹੋ ਗਿਆ ਹੈ।ਸਮਾਜਿਕ ਸਮਾਨਤਾ ਅਤੇ ਸੁਤੰਤਰਤਾ ਕਿਉਂ ਪ੍ਰਾਪਤ ਨਹੀਂ, ਕਿਉਂਕਿ ਸ਼ਹਿਦ ਦੀਆਂ ਮੱਖੀਆਂ ਵਾਂਗ ਆਪਸੀ ਏਕਤਾ ਨਹੀਂ ਹੈ। ਇਕੱਲੇ ਇਕੱਲੇ ਸਮਾਜ ਲਈ ਕੁਝ ਪ੍ਰਾਪਤ ਨਹੀਂ ਕਰ ਸਕਦੇ, ਏਕੇ ਦੀ ਲੜੀ ਵਿਚ ਪ੍ਰੋਏ ਜਾਣ ਲਈ ਤਿਆਰ ਨਹੀਂ, ਚੌਧਰਾਂ ਖੁਸਦੀਆਂ ਹਨ, ਨਿੱਜੀ ਹਿੱਤ ਪੂਰੇ ਨਹੀਂ ਹੁੰਦੇ। ਇਹ ਸਾਰੇ ਮਸਲੇ ਪ੍ਰਸਪਰ ਸਬੰਧਤ ਹਨ। ਇਨ੍ਹਾਂ ਨੂੰ ਆਪਸ ਵਿਚ ਜੋੜ ਕੇ, ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਉਪਰ ਅਮਲ ਕਰਕੇ, ਜ਼ਿੰਦਗੀ ਵਿਚ ਵਿਵਹਾਰਿਕ ਰੂਪ ਵਿਚ ਅਪਣਾ ਕੇ ਸਮਾਜ ਲਈ ਕੁਝ ਸਾਰਥਕ ਪਰਿਣਾਮ ਪ੍ਰਾਪਤ ਕੀਤੇ ਜਾ ਸਕਦੇ ਹਨ।

ਨਿਰਸੰਦੇਹ ਪੰਜਾਬ, ਵਿਸ਼ੇਸ਼ ਤੌਰ 'ਤੇ ਦੁਆਬੇ ਦੇ ਆਦਿ ਧਰਮੀਆਂ, ਰਵਿਦਾਸੀਆਂ ਵਿਚ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਦੇ ਸੰਦਰਭ ਵਿਚ ਬੇਮਿਸਾਲ ਚੇਤਨਾ ਪੈਦਾ ਹੋਈ ਹੈ।ਪਿਛਲੇ ਕੁਝ ਦਹਾਕਿਆਂ ਤੋਂ ਗੁਰੂ ਜੀ ਦੇ ਆਗਮਨ ਪੁਰਬ ਨੂੰ ਬੇਹੱਦ ਸ਼ਰਧਾ, ਜੋਸ਼ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਗੁਰੂ ਸਾਹਿਬ ਦੇ ਪ੍ਰਕਾਸ਼ ਉਤਸਵ ਸਬੰਧੀ ਪੈਦਾ ਹੋਏ ਇਸ ਅਨੁਪਮ ਤੇ ਅਨੋਖੇ ਉਤਸ਼ਾਹ ਅਤੇ ਜਜ਼ਬੇ ਦੀ ਧਾਰਾ ਦੀ ਦਿਸ਼ਾ ਨੂੰ ਹੋਰ ਵਧੇਰੇ ਉਸਾਰੂ ਉਦੇਸ਼ਾਂ ਦੀ ਪੂਰਤੀ ਵੱਲ ਪਰਿਵਰਤਿਤ ਕਰਨਾ ਚਾਹੀਦਾ ਹੈ। ਸਮਾਜਿਕ ਵਿਕਾਸ ਨੂੰ ਗਤੀਸ਼ੀਲਤਾ ਪ੍ਰਦਾਨ ਕਰਨ ਲਈ ਇੱਥੇ ਕੁਝ ਸੁਝਾਅ ਪ੍ਰਸਤੁਤ ਹਨ, ਆਸ ਹੈ ਸਮਾਜਿਕ ਚਿੰਤਕਾਂ ਵੱਲੋਂ ਇਨ੍ਹਾਂ ਉਪਰ ਗੰਭੀਰ ਵਿਚਾਰ-ਚਰਚਾ ਕੀਤੀ ਜਾਵੇਗੀ। ਜੇਕਰ ਇਹ ਸੁਝਾਅ ਅਰਥ-ਭਰਪੂਰ ਹੋਣ ਤਾਂ ਇਨ੍ਹਾਂ ਵਿਚ ਥੋੜ੍ਹੇ-ਬਹੁਤ ਫੇਰਬਦਲ, ਪਰਿਵਰਤਨ ਜਾਂ ਸੋਧ ਕਰਕੇ ਭਵਿੱਖ ਵਿਚ ਇਨ੍ਹਾਂ ਉਪਰ ਅਮਲ ਕਰਨ ਜਾਂ ਕਰਵਾਉਣ ਦੇ ਯਤਨ ਵੀ ਕੀਤੇ ਜਾ ਸਕਦੇ ਹਨ।

### ਆਗਮਨ ਪੁਰਬ 'ਤੇ ਪ੍ਰਭਾਤ ਫੇਰੀਆਂ

ਸਤਿਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਉਤਸਵ ਤੇ ਦੇਸ਼ ਅਤੇ ਵਿਦੇਸ਼ ਵਿਚ ਵਸਦੇ ਗੁਰੂ ਜੀ ਦੇ ਸਮੁੱਚੇ ਸ਼ਰਧਾਲੂਆਂ ਵਿਚ ਵਿਸ਼ੇਸ਼ ਜੋਸ਼, ਉਤਸ਼ਾਹ ਤੇ ਉਮਾਹ ਹੁੰਦਾ ਹੈ। ਗੁਰਪੁਰਬ ਤੋਂ ਤਿੰਨ-ਚਾਰ ਹਫਤੇ ਪਹਿਲਾਂ ਹੀ ਇਸ ਵਿਸ਼ੇਸ਼ ਦਿਨ ਨੂੰ ਸ਼ਾਨੋ-ਸ਼ੌਕਤ ਨਾਲ ਮਨਾਉਣ ਲਈ ਗੁਰੂ ਰਵਿਦਾਸ ਧਰਮ-ਅਸਥਾਨਾਂ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਸ੍ਰੀ ਗੁਰੂ ਰਵਿਦਾਸ ਨੌਜਵਾਨ ਸਭਾਵਾਂ ਵੱਲੋਂ ਪ੍ਰੋਗਰਾਮ ਉਲੀਕਣ ਲਈ ਜ਼ੋਰ-ਸ਼ੋਰ ਨਾਲ ਤਿਆਰੀਆਂ ਸ਼ੁਰੂ ਹੋ ਜਾਂਦੀਆਂ ਹਨ। ਹਰ ਪਿੰਡ, ਕਸਬੇ ਅਤੇ ਸ਼ਹਿਰਾਂ ਦੇ ਬਹੁਗਿਣਤੀ ਵਿਚ ਵਸਦੇ ਸ਼ਰਧਾਲੂਆਂ ਦੇ ਮੁਹੱਲਿਆਂ ਵਿਚ ਤਿੰਨ-ਚਾਰ ਹਫਤੇ ਪਹਿਲਾਂ ਹੀ ਪ੍ਰਭਾਤ ਫੇਰੀਆਂ ਅਥਵਾ ਚੇਤਨਾ ਮਾਰਚ ਦਾ ਸਿਲਸਿਲਾ ਆਰੰਭ ਹੋ ਜਾਂਦਾ ਹੈ, ਜਿਸ ਵਿਚ ਭਾਰੀ ਗਿਣਤੀ ਵਿਚ ਸ਼ਰਧਾਲੂ ਸ਼ਾਮਲ ਹੁੰਦੇ ਹਨ। ਪ੍ਰਭਾਤ ਫੇਰੀ ਵਿਚ ਸ਼ਾਮਲ ਸੰਗਤ ਦੀ ਚਾਹ-ਪਕੌੜਿਆਂ, ਬਦਾਨੇ ਅਤੇ ਲੱਡੂਆਂ ਦੇ ਲੰਗਰ ਦੁਆਰਾ ਸੇਵਾ ਕੀਤੀ ਜਾਂਦੀ ਹੈ। ਇਹ ਚੰਗੀ ਗੱਲ ਹੈ ਕਿਉਂਕਿ ਸਰਦੀ ਦੇ ਮੌਸਮ ਵਿਚ ਸੰਗਤ ਦੀ ਏਨੀ ਕੁ ਸੇਵਾ ਕਰਨੀ ਤਾਂ ਬਣਦੀ ਹੀ ਹੈ। ਪਰ ਕਈ ਵਾਰ ਸੇਵਾ-ਭਾਵਨਾ ਵਾਲੇ ਪਰਿਵਾਰ ਇੰਨੇ ਜ਼ਿਆਦਾ ਹੁੰਦੇ ਹਨ ਕਿ ਇੱਕੋ ਫੇਰੀ ਵਿਚ ਤਿੰਨ-ਚਾਰ ਵਾਰ ਇਹ ਕਿਰਿਆ ਦੁਹਰਾ ਹੋ ਜਾਂਦੀ ਹੈ।

ਇਸ ਸਬੰਧੀ ਮੇਰਾ ਸੁਝਾਅ ਹੈ ਕਿ ਆਰਥਿਕ ਤੌਰ ਤੇ ਸੰਪੰਨ ਜਿਹਨਾਂ ਪਰਿਵਾਰਾਂ ਨੇ ਇਹ ਸੇਵਾ ਲੈਣੀ ਹੈ, ਉਨ੍ਹਾਂ ਦੀਆਂ ਲਿਸਟਾਂ ਪਹਿਲਾਂ ਹੀ ਤਿਆਰ ਕਰ ਲਈਆਂ ਜਾਣ ਅਤੇ ਪ੍ਰਬੰਧਕ ਕਮੇਟੀਆਂ ਉਹਨਾਂ ਪਰਿਵਾਰਾਂ ਤੋਂ ਅਨੁਮਾਨਿਤ ਖਰਚ 'ਤੇ ਆਧਾਰਿਤ ਦਾਨ-ਭੇਟਾ ਪ੍ਰਾਪਤ ਕਰ ਲੈਣ। ਨਿਸ਼ਚਿਤ ਦਿਨ ਤੇ ਪ੍ਰਬੰਧਕ ਕਮੇਟੀਆਂ ਦੇ ਸਹਿਯੋਗ ਨਾਲ ਉਹਨਾਂ ਪਰਿਵਾਰਾਂ ਵੱਲੋਂ ਸਾਂਝੇ ਤੌਰ 'ਤੇ ਪ੍ਰਤੀ ਦਿਨ ਪ੍ਰਭਾਤ ਫੇਰੀ ਦੇ ਆਰੰਭ ਅਤੇ ਸਮਾਪਤੀ ਤੇ ਗੁਰੂ ਘਰ ਵਿਚ ਹੀ ਚਾਹ-ਪਾਣੀ ਦੇ ਲੰਗਰ ਲਗਾਏ ਜਾ ਸਕਦੇ ਹਨ। ਇਸ ਤਰ੍ਹਾਂ ਸਮੇਂ ਅਤੇ ਪੈਸੇ ਦੀ ਬੱਚਤ ਵੀ ਹੋ ਸਕੇਗੀ ਅਤੇ ਵਾਰ-ਵਾਰ ਚਾਹ ਪੀਣ ਤੋਂ ਬਚਿਆ ਜਾ ਸਕਦਾ ਹੈ। ਬਚਾਏ ਹੋਏ ਸਮੇਂ ਨੂੰ ਪ੍ਰਭਾਤ ਫੇਰੀ ਸਮੇਂ ਦੋ ਤਿੰਨ ਪੜਾਵਾਂ ਤੇ ਗੁਰੂ ਜੀ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਸਬੰਧੀ ਪ੍ਰਸਤੁਤ ਕਵਿਤਾਵਾਂ, ਭਾਸ਼ਣਾਂ ਅਤੇ ਸ਼ਬਦ-ਗਾਇਨ ਨਾਲ ਸ਼ਿੰਗਾਰਿਆ ਜਾ ਸਕਦਾ ਹੈ, ਜਦਕਿ ਬਚਾਏ ਹੋਏ ਪੈਸੇ ਨੂੰ ਹੋਰ ਕਲਿਆਣਕਾਰੀ ਕਾਰਜਾਂ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ।

### ਗੁਰੂ ਜੀ ਦੀ ਵਿਚਾਰਧਾਰਾ ਸਬੰਧੀ ਪ੍ਰਕਾਸ਼ਨਾਂ

ਸਤਿਗੁਰੂ ਰਵਿਦਾਸ ਜੀ ਦੇ ਜੀਵਨ-ਸੰਘਰਸ਼ ਅਤੇ ਜੀਵਨ-ਫ਼ਲਸਫ਼ੇ ਸਬੰਧੀ 16, 32 ਜਾਂ 48 ਪੰਨਿਆਂ ਵਿਚ ਕਿਤਾਬਚੇ ਜਾਂ ਬੁਕਲਿਟਾਂ ਪ੍ਰਕਾਸ਼ਿਤ ਕੀਤੀਆਂ ਜਾ ਸਕਦੀਆਂ ਹਨ। ਨਵੀਂ ਪੀੜ੍ਹੀ, ਵਿਦਿਆਰਥੀ ਵਰਗ ਅਤੇ ਨੌਜਵਾਨਾਂ ਵਿਚ ਗੁਰੂ-ਆਸ਼ੇ ਪ੍ਰਤੀ ਚੇਤਨਾ ਪੈਦਾ ਕਰਨ ਲਈ ਅਜਿਹੇ ਪ੍ਰਕਾਸ਼ਨ ਮਹੱਤਵਪੂਰਨ ਸਾਧਨ ਸ੍ਰੋਤ ਸਾਬਤ ਹੋ ਸਕਦੇ ਹਨ। ਪ੍ਰਕਾਸ਼ਨਾਂ ਲਈ ਮੁਹੱਲੇ ਜਾਂ ਪਿੰਡ ਪੱਧਰ ਤੇ ਕਮੇਟੀ ਦਾ ਗਠਨ ਕੀਤਾ ਜਾ ਸਕਦਾ ਹੈ। ਪੰਜ-ਦਸ ਪਿੰਡਾਂ ਦੀ ਸਾਂਝੀ ਕਮੇਟੀ ਜਾਂ ਬਲਾਕ ਪੱਧਰ 'ਤੇ ਤਾਲਮੇਲ ਕਮੇਟੀ ਵੀ ਬਣਾਈ ਜਾ ਸਕਦੀ ਹੈ। ਇਸ ਨਾਲ ਆਪਸੀ ਸਹਿਯੋਗ ਵੀ ਵਧੇਗਾ ਅਤੇ ਬੁਕਲਿਟ ਜਾਂ ਕਿਤਾਬਚਾ ਵੱਡੀ ਗਿਣਤੀ ਵਿਚ ਪ੍ਰਕਾਸ਼ਿਤ ਹੋਣ ਤੇ ਖਰਚਾ ਵੀ ਘੱਟ ਆਏਗਾ। ਇਹ ਪ੍ਰਕਾਸ਼ਿਤ ਪੁਸਤਕ ਬਿਨਾਂ ਲਾਭ-ਹਾਨੀ ਤੋਂ ਨਾਮਾਤਰ ਕੀਮਤ ਤੇ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਮੁਹੱਈਆ ਕਰਵਾਈ ਜਾ ਸਕਦੀ ਹੈ। ਪ੍ਰਭਾਤ ਫੇਰੀ ਸਮੇਂ ਵੱਖੋ-ਵੱਖਰੇ ਪੜਾਵਾਂ ਤੇ ਇਸ ਵਿਚੋਂ ਨੌਜਵਾਨ ਲੜਕੀਆਂ-ਲੜਕੇ ਪੰਜ-ਸੱਤ ਮਿੰਟ ਦਾ ਭਾਸ਼ਣ ਵੀ ਪ੍ਰਸਤੁਤ ਕਰ ਸਕਦੇ ਹਨ।

### ਗੁਰੂ ਆਸ਼ੇ ਸਬੰਧੀ ਕਵਿਤਾ/ਭਾਸ਼ਣ ਮੁਕਾਬਲੇ

ਗੁਰੂ ਜੀ ਦੀ ਲੋਕ ਕਲਿਆਣਕਾਰੀ ਵਿਚਾਰਧਾਰਾ 'ਅਬਿਦਿਆ ਹਿਤ ਕੀਨ ਬਿਬੇਕ ਦੀਪ ਮਲੀਨ' ਦੇ ਆਸ਼ੇ ਨੂੰ ਲੈ ਕੇ 'ਸਤਸੰਗਤਿ ਮਿਲਿ ਰਹੀਐ ਮਾਧਉ' ਦੇ ਆਦਰਸ਼ ਦੀ ਸਥਾਪਤੀ ਅਤੇ 'ਐਸਾ ਚਾਹੂੰ ਰਾਜ ਮੈਂ ਜਹਾਂ ਮਿਲੇ ਸਬਨ ਕੋ ਅੰਨ' ਅਰਥਾਤ ਆਰਥਿਕ ਸੰਪਨਤਾ ਵਾਲੀ ਵਿਵਸਥਾ ਦੀ ਸਿਰਜਣਾ ਲਈ, ਜਿੱਥੇ 'ਛੋਟ ਬੜੋ ਸਭ ਸਮ ਬਸੈਂ" ਅਤੇ 'ਪਰਾਧੀਨਤਾ ਪਾਪ ਹੈ' ਦੇ ਭਾਵ ਤੋਂ ਮੁਕਤ ਹੋਣ, ਚੇਤਨਾ ਪੈਦਾ ਕਰਨ ਅਤੇ ਸਮਾਨਤਾ, ਸੁਤੰਤਰਤਾ ਤੇ ਭਾਈਚਾਰਕ ਸਮਾਜ ਸਿਰਜਣ ਦੀ ਪੂਰਤੀ ਲਈ ਗੁਰੂ ਜੀ ਦੇ ਆਗਮਨ ਪੁਰਬ ਤੋਂ ਘੱਟੋ-ਘੱਟ ਇਕ ਦੋ ਹਫਤੇ ਪਹਿਲਾਂ ਗੁਰੂ-ਬਾਣੀ ਦੇ ਮਹਾਂਵਾਕਾਂ ਦੇ ਸਿਰਲੇਖਾਂ ਅਧੀਨ ਸਕੂਲਾਂ-ਕਾਲਜਾਂ ਵਿਚ ਪੜ੍ਹਦੇ ਵਿਦਿਆਰਥੀਆਂ ਵਿਚਕਾਰ ਉਮਰ ਦੇ ਗਰੁੱਪ ਅਨੁਸਾਰ ਕਵਿਤਾ, ਭਾਸ਼ਣ ਅਤੇ ਸ਼ਬਦ ਗਾਇਨ ਮੁਕਾਬਲੇ ਵੀ ਕਰਵਾਏ ਜਾ ਸਕਦੇ ਹਨ।

ਪ੍ਰਕਾਸ਼ਿਤ ਪੁਸਤਕ ਦੇ ਆਧਾਰ ਤੇ ਵੱਖੋ-ਵੱਖਰੇ ਉਮਰ ਗਰੁੱਪ ਦੇ ਵਿਦਿਆਰਥੀਆਂ ਦੀ ਪ੍ਰੀਖਿਆ ਲੈ ਕੇ ਉਨ੍ਹਾਂ ਨੂੰ ਗੁਰਪੁਰਬ ਸਮਾਗਮਾਂ ਤੇ ਸਨਮਾਨਿਤ ਕੀਤਾ ਜਾ ਸਕਦਾ ਹੈ। ਅਜਿਹੇ ਵਿਦਿਆਰਥੀ ਮੁਕਾਬਲੇ ਕਰਵਾਉਣ ਨਾਲ ਦੋ ਪ੍ਰਮੁੱਖ ਲਾਭ ਹੋਣਗੇ, ਪਹਿਲਾ ਵਿਦਿਆਰਥੀ ਕਵਿਤਾ, ਭਾਸ਼ਣ ਤਿਆਰ ਕਰਦਿਆਂ ਗੁਰੂ ਜੀ ਦੀ ਵਿਚਾਰਧਾਰਾ ਪ੍ਰਤੀ ਜਾਗ੍ਰਿਤ ਹੋਣਗੇ ਅਤੇ ਦੂਸਰਾ, ਸਰੋਤਿਆਂ ਤੇ ਦਰਸ਼ਕਾਂ ਵਿਚ ਇਨਕਲਾਬੀ, ਤਰਕਸ਼ੀਲ ਅਤੇ ਲੋਕ-ਕਲਿਆਣਕਾਰੀ ਗੁਰੂ ਫ਼ਲਸਫ਼ੇ ਪ੍ਰਤੀ ਚੇਤਨਾ ਪੈਦਾ ਹੋਵੇਗੀ।

### ਸ਼ੋਭਾ ਯਾਤਰਾ

ਗੁਰੂ ਜੀ ਦੇ ਆਗਮਨ ਪੁਰਬ ਤੋਂ ਇਕ ਜਾਂ ਦੋ ਦਿਨ ਪਹਿਲਾਂ ਵੱਖੋ-ਵੱਖਰੇ ਸ਼ਹਿਰਾਂ, ਕਸਬਿਆਂ, ਪਿੰਡਾਂ ਅਤੇ ਮੁਹੱਲਿਆਂ ਵਿਚ ਬੇਹੱਦ ਜੋਸ਼, ਜਜ਼ਬੇ ਅਤੇ ਉਤਸ਼ਾਹ

(ਬਾਕੀ ਅਗਲੇ ਸਫੇ 'ਤੇ)


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਆਗਮਨ ਪੁਰਬ ਨੂੰ ਸਾਰਥਕ ਬਣਾਉਣ ਲਈ ਕੁਝ ਸੁਝਾਅ

(ਸਫਾ 6 ਦੀ ਬਾਕੀ)

ਨਾਲ ਸ਼ੋਭਾ ਯਾਤਰਾਵਾਂ, ਨਗਰ ਕੀਰਤਨ ਅਤੇ ਚੇਤਨਾ ਮਾਰਚ ਆਯੋਜਿਤ ਕੀਤੇ ਜਾਂਦੇ ਹਨ। ਸਤਿਗੁਰੂ ਰਵਿਦਾਸ ਜੀ ਪ੍ਰਤੀ ਸੱਚੀ, ਸੁੱਚੀ ਸ਼ਰਧਾ, ਸਮਾਜ ਦੀ ਏਕਤਾ, ਸੂਝ-ਸਮਝ, ਸ਼ਕਤੀ ਅਤੇ ਚੇਤਨਾ ਦਾ ਪ੍ਰਗਟਾਵਾ ਇਨ੍ਹਾਂ ਸ਼ੋਭਾ ਯਾਤਰਾਵਾਂ ਦਾ ਪ੍ਰਮੁੱਖ ਉਦੇਸ਼ ਹੈ। ਸਮਾਜ ਦੀ ਸਿਆਣਪ ਅਤੇ ਅਨੁਸ਼ਾਸਨ ਦਾ ਇਹ ਪ੍ਰਗਟਾਵਾ ਦੂਸਰੇ ਸਮਾਜਾਂ ਅੱਗੇ ਹੁੰਦਾ ਹੈ। ਇਸ ਲਈ ਸਾਲ ਬਾਅਦ, ਆਗਮਨ ਪੁਰਬ ਤੇ ਸ਼ੋਭਾ ਯਾਤਰਾ ਦਾ ਆਯੋਜਨ ਪ੍ਰਭਾਵਸ਼ਾਲੀ ਅਤੇ ਅਨੁਸ਼ਾਸਨ-ਬੱਧ ਹੋਣਾ ਜ਼ਰੂਰੀ ਹੈ। ਸ਼ੋਭਾ ਯਾਤਰਾ ਵਿਚ ਪ੍ਰਸਤੁਤ ਝਾਕੀਆਂ ਪ੍ਰਚੱਲਿਤ ਮਿੱਥਾਂ ਨਾਲੋਂ ਵੱਧ ਸਤਿਗੁਰੂ ਜੀ ਦੇ ਜੀਵਨ-ਫ਼ਲਸਫ਼ੇ ਨਾਲ ਸਬੰਧਿਤ ਹੋਣੀਆਂ ਚਾਹੀਦੀਆਂ ਹਨ ਤਾਂ ਕਿ ਗੁਰੂ ਆਸ਼ੇ ਦਾ ਸੰਦੇਸ਼ ਸ਼ੋਭਾ ਯਾਤਰਾ ਵਿਚ ਸ਼ਾਮਲ ਸ਼ਰਧਾਲੂਆਂ ਤੋਂ ਇਲਾਵਾ ਦੂਸਰੇ ਸਮਾਜਾਂ ਤੱਕ ਵੀ ਪਹੁੰਚੇ।

ਸ਼ੋਭਾ ਯਾਤਰਾ ਤੇ ਲਾਏ ਜਾਂਦੇ ਨਾਅਰੇ, ਜੈਕਾਰੇ ਪਹਿਲਾਂ ਹੀ ਨਿਸ਼ਚਿਤ ਕਰ ਲਏ ਜਾਣੇ ਚਾਹੀਦੇ ਹਨ। ਪ੍ਰਾਚੀਨ ਪ੍ਰਚੱਲਿਤ 'ਐਧਰ ਕੌਣ? ਔਧਰ ਕੌਣ? ਉਪਰ ਕੌਣ?-ਜੈ ਰਵਿਦਾਸ' ਵਰਗੇ ਨਾਅਰਿਆਂ ਨੂੰ ਪਰਿਵਰਤਿਤ ਕਰਨਾ ਚਾਹੀਦਾ ਹੈ। ਇਹ ਨਾਅਰੇ ਸਤਿਗੁਰੂ ਜੀ ਦੀ ਸ਼ੋਭਾ ਨੂੰ ਮਹਾਨ ਨਹੀਂ ਬਣਾਉਂਦੇ, ਸਗੋਂ ਸ਼ੋਭਾ ਯਾਤਰਾ ਨੂੰ ਦੇਖਣ ਵਾਲੇ 'ਦੂਸਰੇ ਲੋਕ' ਅਜਿਹੀ ਭਾਸ਼ਾ ਦਾ ਮਜ਼ਾਕ ਉਡਾਉਂਦੇ ਹਨ। ਚੰਗਾ ਹੋਵੇ ਜੇ ਗੁਰੂ-ਬਾਣੀ ਆਧਾਰਿਤ ਸ਼ਬਦਾਂ ਦਾ ਗਾਇਨ ਹੋਵੇ ਜਾਂ ਗੁਰੂ ਜੀ ਦੀ ਵਿਚਾਰਧਾਰਾ ਨਾਲ ਸਬੰਧਤ ਅੱਛੇ ਪ੍ਰਚਲਿਤ ਗੀਤ ਗਾਏ, ਵਜਾਏ ਜਾਣ ਦਾ ਪ੍ਰਬੰਧ ਹੋਵੇ।

ਸ਼ੋਭਾ ਯਾਤਰਾ ਵਿਚ ਸ਼ਾਮਲ ਸ਼ਰਧਾਲੂਆਂ ਨੂੰ ਨਸ਼ਿਆਂ ਦੀ ਵਰਤੋਂ ਤੋਂ ਪਰਹੇਜ਼ ਕਰਨਾ ਬਹੁਤ ਜ਼ਰੂਰੀ ਹੈ। ਆਪਣੀ ਅੰਮ੍ਰਿਤਬਾਣੀ ਵਿਚ 'ਸੁਰਸਰੀ ਸਲਲ ਕ੍ਰਿਤ ਬਾਰਨੀ ਰੇ, ਸੰਤ ਜਨ ਕਰਤ ਨਹੀ ਪਾਨੰ' ਅਤੇ 'ਸੁਰਾ ਅਪਵਿਤ੍ਰ' ਕਹਿ ਕੇ ਗੁਰੂ ਜੀ ਨੇ ਸ਼ਰਾਬ ਦੇ ਇਸਤੇਮਾਲ ਦਾ ਪੁਰਜ਼ੋਰ ਵਿਰੋਧ ਕੀਤਾ ਹੈ। ਇਸ ਲਈ ਨਸ਼ੇ ਦਾ ਸੇਵਨ ਕਰਕੇ ਸ਼ੋਭਾ ਯਾਤਰਾ ਵਿਚ ਹਰਗਿਜ਼ ਸ਼ਾਮਲ ਨਹੀਂ ਹੋਣਾ ਚਾਹੀਦਾ। ਸਾਫ ਸੁਥਰੇ ਕੱਪੜੇ ਪਹਿਨ ਕੇ, ਜ਼ਿੰਮੇਵਾਰ ਨਾਗਰਿਕਾਂ ਤੇ ਸ਼ਰਧਾਲੂਆਂ ਵਾਂਗ ਸ਼ੋਭਾ ਯਾਤਰਾ ਵਿਚ ਸ਼ਾਮਲ ਹੋ ਕੇ ਗੁਰੂ ਜੀ ਪ੍ਰਤੀ ਸੱਚੀ, ਸੁੱਚੀ ਸ਼ਰਧਾ ਅਤੇ ਸੋਚ ਦਾ ਪ੍ਰਗਟਾਵਾ ਕੀਤਾ ਜਾ ਸਕਦਾ ਹੈ।

### ਪ੍ਰਕਾਸ਼ ਉਤਸਵ ਦਿਨ

ਆਗਮਨ ਪੁਰਬ ਵਾਲੇ ਦਿਨ ਸਤਿਗੁਰੂ ਰਵਿਦਾਸ ਜੀ ਨਾਲ ਸਬੰਧਤ ਧਰਮ-ਅਸਥਾਨਾਂ ਤੇ ਪਵਿੱਤਰ ਗੁਰੂ-ਬਾਣੀ ਦੇ ਪਾਠਾਂ ਦੇ ਭੋਗ ਪਾਏ ਜਾਂਦੇ ਹਨ, ਸ਼ਬਦ ਕੀਰਤਨ ਅਤੇ ਕਥਾਵਾਂ ਦੇ ਪ੍ਰਵਾਹ ਚਲਦੇ ਹਨ। ਇਸ ਮੌਕੇ ਤੇ ਵੀ ਗੈਰ-ਵਿਗਿਆਨਕ ਮਿੱਥ ਕਹਾਣੀਆਂ ਨਾਲੋਂ ਗੁਰੂ ਜੀ ਦੁਆਰਾ ਉਚਾਰੇ ਸ਼ਬਦਾਂ ਦੀ ਵਿਆਖਿਆ ਦੁਆਰਾ ਗੁਰੂ-ਆਸ਼ੇ ਨੂੰ ਅਜੋਕੀਆਂ ਪ੍ਰਸਥਿਤੀਆਂ ਦੇ ਸੰਦਰਭ ਵਿਚ ਪ੍ਰਸਤੁਤ ਕਰਨਾ ਚਾਹੀਦਾ ਹੈ। ਆਪ ਜੀ ਦੀ ਬਾਣੀ-ਵਿਚਾਰਧਾਰਾ ਤੋਂ ਸਾਨੂੰ ਸਾਰਿਆਂ ਨੂੰ ਕੀ ਸੇਧ ਮਿਲਦੀ ਹੈ, ਇਸ ਨੂੰ ਜ਼ਿੰਦਗੀ ਵਿਚ ਵਿਵਹਾਰਕ ਰੂਪ ਵਿਚ ਧਾਰਨ ਕਰਕੇ, ਕਿਵੇਂ ਅਸੀਂ ਆਪਣੇ ਜੀਵਨ ਦੇ ਹਾਲਾਤ ਨੂੰ ਬਦਲਣ ਦੇ ਸਮਰੱਥ ਹੋ ਸਕਦੇ ਹਾਂ ਅਤੇ ਗੁਰੂ ਜੀ ਦੀ ਇਨਕਲਾਬੀ ਵਿਚਾਰਧਾਰਾ ਤੇ ਉਹਨਾਂ ਦੇ ਜੀਵਨ ਸੰਘਰਸ਼ ਤੋਂ ਪ੍ਰੇਰਨਾ ਲੈ ਕੇ, ਕਿਵੇਂ ਅਸੀਂ ਦੇਸ਼ ਦੇ ਹੁਕਮਰਾਨ ਬਣਨ ਦੇ ਯੋਗ ਹੋ ਸਕਦੇ, ਆਦਿ ਵਿਸ਼ਿਆਂ 'ਤੇ ਗੁਰੂ ਰਵਿਦਾਸ ਬਾਣੀ ਤੇ ਆਧਾਰਿਤ ਵਿਚਾਰ ਚਰਚਾ ਹੋ ਸਕਦੀ ਹੈ। ਇਸੇ ਵਿਚਾਰਧਾਰਾ ਨੂੰ ਅੱਗੇ ਵਧਾਉਂਦਿਆਂ ਬਾਬਾ ਸਾਹਿਬ ਡਾ. ਅੰਬੇਡਕਰ ਨੇ ਕਿਹਾ ਸੀ ਕਿ ਸਾਨੂੰ ਆਪਣੇ ਘਰਾਂ ਦੀਆਂ ਦੀਵਾਰਾਂ ਤੇ ਲਿਖਣਾ ਚਾਹੀਦੈ ਕਿ ਅਸੀਂ ਇਸ ਦੇਸ਼ ਦੇ ਹੁਕਮਰਾਨ ਬਣਨਾ ਹੈ।

ਇਸ ਅਵਸਰ ਤੇ ਕਵਿਤਾ, ਭਾਸ਼ਣ, ਸ਼ਬਦ ਗਾਇਨ ਦੇ ਮੁਕਾਬਲਿਆਂ ਅਤੇ ਸਕੂਲਾਂ, ਕਾਲਜਾਂ ਵਿਚੋਂ ਚੰਗੀਆਂ ਪੁਜੀਸ਼ਨਾਂ ਲੈਣ ਵਾਲੇ ਪ੍ਰਤੀਯੋਗੀਆਂ ਅਤੇ ਵਿਦਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ ਜਾ ਸਕਦਾ ਹੈ।

### ਆਗਮਨ ਪੁਰਬ ਸਮਾਗਮ ਅਤੇ ਮਹਿੰਗੇ ਕਲਾਕਾਰ

ਆਗਮਨ ਪੁਰਬ ਤੇ ਆਯੋਜਿਤ ਕੀਤੇ ਜਾਂਦੇ ਸਮਾਗਮਾਂ ਤੇ ਪ੍ਰਬੰਧਕ ਕਮੇਟੀਆਂ ਆਪਣੀ ਯਥਾਯੋਗ ਸਮਰੱਥਾ ਅਨੁਸਾਰ ਵੱਡੇ ਕਲਾਕਾਰਾਂ, ਗਾਇਕਾਂ ਅਤੇ ਸ਼ਬਦ ਗਾਇਨ ਨਾਲ ਸਬੰਧਤ ਵੱਡੇ ਕੀਰਤਨੀ ਜਥਿਆਂ ਨੂੰ ਸ਼ਰਧਾ ਅਤੇ ਸਤਿਕਾਰ ਸਹਿਤ ਬੁਲਾਉਂਦੀਆਂ ਹਨ। ਸੁਣਨ ਵਿਚ ਆਇਆ ਹੈ ਕਿ ਇਨ੍ਹਾਂ ਵੱਡੇ ਕਲਾਕਾਰਾਂ ਨੂੰ ਇਕ ਲੱਖ ਤੋਂ ਢਾਈ ਲੱਖ ਤੱਕ ਸੇਵਾ ਫਲ ਦੇਣਾ ਪੈਂਦਾ ਹੈ। ਮੇਰਾ ਸੁਝਾਅ ਹੈ ਕਿ ਇਸ ਖਰਚੇ ਨੂੰ ਵੀ ਘਟਾਉਣਾ ਚਾਹੀਦਾ ਹੈ। ਕੇਵਲ ਇਕ ਦਿਨ ਦੇ ਦਿਖਾਵੇ ਅਤੇ ਫੋਕੀ ਵਾਹਵਾ-ਵਾਹਵਾ ਖੱਟਣ ਲਈ ਇਸ ਇਕ ਦਿਨ ਵਿਚ ਹੀ ਪੂਰੇ ਪੰਜਾਬ ਵਿਚ ਕਰੋੜਾਂ ਰੁਪਏ ਅਜਾਈਂ ਚਲੇ ਜਾਂਦੇ ਹਨ। ਇੱਥੇ ਵੀ ਬੱਚਤ ਕੀਤੀ ਜਾ ਸਕਦੀ ਹੈ।

### ਟਿਊਸ਼ਨ ਸੈਂਟਰ, ਕੋਚਿੰਗ ਸੈਂਟਰ ਅਤੇ ਵਿਦਿਅਕ ਅਦਾਰੇ ਖੋਹਲੋ!

ਗਰੀਬ ਅਤੇ ਪਿਛੜੇ ਸਮਾਜ ਨਾਲ ਸਬੰਧਤ ਹੋਣ ਕਾਰਨ ਸਾਨੂੰ ਆਪਣੇ ਸਮਾਜਿਕ ਟੀਚੇ ਤੇ ਨਿਸ਼ਾਨੇ ਨਿਸ਼ਚਿਤ ਕਰਨੇ ਚਾਹੀਦੇ ਹਨ। ਇਹ ਟੀਚੇ ਗੁਰੂ-ਆਸ਼ਿਆਂ ਮੁਤਾਬਕ ਤੈਅ ਕੀਤੇ ਜਾ ਸਕਦੇ ਹਨ, ਜਿਨ੍ਹਾਂ ਦਾ ਵਿਸਤ੍ਰਿਤ ਵਰਣਨ ਉਪਰ ਕੀਤਾ ਜਾ ਚੁੱਕਾ ਹੈ। ਸੰਤ-ਸਤਿਗੁਰੂਆਂ ਦੇ ਜੀਵਨ-ਫ਼ਲਸਫ਼ੇ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਸੰਘਰਸ਼ ਅਤੇ ਯਤਨਾਂ ਸਦਕਾ ਭਾਰਤੀ ਸੰਵਿਧਾਨ ਵਿਚ ਪ੍ਰਾਪਤ ਸਾਡੇ ਹੱਕਾਂ ਨੂੰ ਖੋਰਾ ਲਾਇਆ ਜਾ ਰਿਹੈ। ਨਿੱਜੀ ਖੇਤਰ ਵਿਚ ਸਥਾਪਿਤ ਸਕੂਲਾਂ, ਕਾਲਜਾਂ ਨੂੰ ਹਰ ਪ੍ਰਕਾਰ ਦੀ ਪੂਰੀ ਖੁੱਲ੍ਹ ਅਤੇ ਸਰਕਾਰੀ ਵਿਦਿਅਕ ਅਦਾਰਿਆਂ ਨੂੰ ਖਤਮ ਕਰਕੇ ਸਾਡੇ ਸਮਾਜ ਨੂੰ ਵਿਦਿਆ ਤੋਂ ਵਾਂਝਿਆਂ ਕੀਤਾ ਜਾ ਰਿਹਾ ਹੈ। ਸਰਕਾਰੀ ਸਕੂਲਾਂ ਵਿਚ ਸਟਾਫ ਦੀ ਕਮੀ, ਸਟਾਫ ਨੂੰ ਵਿਦਿਅਕ ਕਾਰਜਾਂ ਤੋਂ ਲਾਂਭੇ ਕਰਕੇ ਦੂਸਰੇ ਕੰਮਾਂ ਵਿਚ ਮਸਰੂਫ ਕਰਕੇ ਅਤੇ ਬੁਨਿਆਦੀ ਢਾਂਚੇ ਨੂੰ ਖਤਮ ਕਰਕੇ ਵਿਦਿਅਕ ਮਿਆਰ ਗਿਰਾਇਆ ਜਾ ਰਿਹੈ। ਬੇਸ਼ੱਕ ਸਰਕਾਰੀ ਸਕੂਲਾਂ, ਕਾਲਜਾਂ ਦੇ ਡਿਗ ਰਹੇ ਵਿਦਿਅਕ ਮਿਆਰ ਬਾਰੇ ਇੱਥੇ ਚਰਚਾ ਕਰਨਾ ਸਾਡਾ ਮਕਸਦ ਨਹੀਂ ਹੈ, ਪਰ ਸਿੱਖਿਆ-ਤੰਤਰ ਦਾ ਸਿੱਧਾ ਸਬੰਧ ਸਾਡੀ ਪ੍ਰਗਤੀ ਨਾਲ ਜੁੜਿਆ ਹੋਇਐ, ਇਸ ਲਈ ਇਸ ਬਾਰੇ ਸਾਨੂੰ ਸਾਰਿਆਂ ਨੂੰ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ।

ਸਾਨੂੰ ਵਿਦਿਅਕ ਅਦਾਰੇ ਸਥਾਪਿਤ ਕਰਨੇ ਚਾਹੀਦੇ ਹਨ। ਪਰ ਪੈਸਾ ਕਿੱਥੋਂ ਆਏਗਾ? ਉਪਰ ਸੁਝਾਅ ਦਿੱਤਾ ਗਿਆ ਸੀ ਕਿ ਆਪਾਂ ਪ੍ਰਭਾਤ ਫੇਰੀਆਂ ਅਤੇ ਮੁੱਖ ਸਮਾਗਮਾਂ ਵਿਚੋਂ ਪੈਸਾ ਬਚਾਈਏ। ਬੇਸ਼ੱਕ ਇਹ ਸੁਝਾਅ ਬਹੁਤ ਸਧਾਰਨ ਤੇ ਮਾਮੂਲੀ ਜਿਹਾ ਲੱਗਦਾ ਹੈ, ਪਰ ਜੇਕਰ ਗੰਭੀਰਤਾ ਅਤੇ ਗਹਿਰਾਈ ਨਾਲ ਵਿਚਾਰੀਏ ਤਾਂ ਹੈਰਾਨੀਜਨਕ ਪ੍ਰਾਪਤੀ ਹੋ ਸਕਦੀ ਹੈ। ਮਿਸਾਲ ਵਜੋਂ ਪੰਜਾਬ ਵਿਚ ਬਾਰਾਂ ਹਜ਼ਾਰ ਤੋਂ ਵੱਧ ਪਿੰਡ ਹਨ, ਸ਼ਹਿਰ, ਕਸਬੇ ਤੇ ਮੁਹੱਲੇ ਇਸਤੋਂ ਵੱਖਰੇ ਹਨ। ਜੇਕਰ ਪੰਜ ਹਜ਼ਾਰ ਸਥਾਨਾਂ ਤੇ ਪ੍ਰਕਾਸ਼ ਉਤਸਵ ਮਨਾਏ ਜਾਂਦੇ ਹੋਣ, ਪ੍ਰਭਾਤ ਫੇਰੀਆਂ, ਚੇਤਨਾ ਮਾਰਚ ਦੇ ਪ੍ਰੋਗਰਾਮ ਹੁੰਦੇ ਹੋਣ ਅਤੇ ਆਪਾਂ ਹਰ ਸਮਾਗਮ 'ਚੋਂ ਪੰਜਾਹ ਹਜ਼ਾਰ ਰੁਪਏ ਵੀ ਬਚਾ ਲਈਏ ਤਾਂ 25 ਕਰੋੜ ਰੁਪਏ ਦੀ ਬਚਤ ਹੋ ਸਕਦੀ ਹੈ।

ਇਨ੍ਹਾਂ ਸਮਾਗਮਾਂ ਤੋਂ ਬਚਾਏ ਹੋਏ ਪੈਸੇ ਨਾਲ ਗੁਰੂ ਘਰਾਂ ਦੀਆਂ ਇਮਾਰਤਾਂ ਵਿਚ ਸਕੂਲਾਂ ਦੇ ਵਿਦਿਆਰਥੀਆਂ ਦੀ ਪੜ੍ਹਾਈ ਵਿਚ ਬੁਨਿਆਦ ਪੱਕੀ ਕਰਨ ਲਈ ਸ਼ਾਮ ਦੇ ਸਮੇਂ, ਦੋ ਘੰਟੇ ਲਈ ਫ੍ਰੀ ਟਿਊਸ਼ਨ ਸੈਂਟਰ ਸ਼ੁਰੂ ਕੀਤੇ ਜਾ ਸਕਦੇ ਹਨ। ਪਿੰਡ ਜਾਂ ਮੁਹੱਲੇ ਦੇ ਉਚ-ਵਿਦਿਆ ਪ੍ਰਾਪਤ ਦੋ ਤਿੰਨ ਬੇਰੁਜ਼ਗਾਰ ਨੌਜਵਾਨਾਂ ਨੂੰ ਕੁਝ ਮਿਹਨਤਾਨਾ ਦੇ ਕੇ ਇਹ ਕੰਮ ਸ਼ੁਰੂ ਕੀਤਾ ਜਾ ਸਕਦਾ ਹੈ। ਚਾਰ, ਪੰਜ ਪਿੰਡਾਂ ਦਾ ਯੂਨਿਟ ਬਣਾ ਕੇ ਕਿਸੇ ਇਕ ਪਿੰਡ ਵਿਚ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਲਈ ਕੋਚਿੰਗ ਸੈਂਟਰ ਵੀ ਖੋਹਲੇ ਜਾ ਸਕਦੇ ਹਨ।

ਸਕੂਲ ਅਤੇ ਕਿੱਤਾ-ਮੁਖੀ ਸੰਸਥਾਵਾਂ ਖੋਲ੍ਹਣ ਅਤੇ ਉਨ੍ਹਾਂ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਧਾਰਮਿਕ ਡੇਰੇ, ਸੇਵਾ ਮੁਕਤ ਅਧਿਕਾਰੀ, ਅਧਿਆਪਕ ਅਤੇ ਮੁਲਾਜ਼ਮ ਵਡਮੁੱਲਾ ਯੋਗਦਾਨ ਪਾ ਸਕਦੇ ਹਨ।

ਸਤਿਗੁਰੂ ਰਵਿਦਾਸ ਜੀ ਦਾ ਆਗਮਨ ਪੁਰਬ ਸਿਰਫ਼ ਇਕ ਵਾਰੀ ਕੁਝ ਦਿਨ ਲਈ ਹੀ ਕਿਉਂ, ਇਹ ਤਾਂ ਪੂਰਾ ਸਾਲ ਹੀ ਚਲਦੇ ਰਹਿਣਾ ਚਾਹੀਦਾ ਹੈ। ਇਸ ਮੰਤਵ-ਪੂਰਤੀ ਲਈ ਹਰ ਮਹੀਨੇ ਵਿਚਾਰ-ਚਰਚਾ ਹੁੰਦੀ ਰਹਿਣੀ ਚਾਹੀਦੀ ਹੈ, ਸੈਮੀਨਾਰ ਅਤੇ ਗੋਸ਼ਟੀਆਂ ਆਯੋਜਿਤ ਕਰਕੇ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਦੇ ਹਰ ਪੱਖ ਤੇ ਵਿਚਾਰ-ਵਟਾਂਦਰਾ ਕਰਦੇ ਰਹਿਣਾ ਚਾਹੀਦਾ ਹੈ। ਸਾਡੇ ਧਾਰਮਿਕ ਡੇਰੇ, ਉਨ੍ਹਾਂ ਦੇ ਸੰਚਾਲਕ ਅਤੇ ਗੁਰੂ-ਘਰਾਂ ਦੇ ਪ੍ਰਬੰਧਕ ਅਤੇ ਸਮਾਜ ਦਾ ਬੁੱਧੀਜੀਵੀ ਵਰਗ ਇਸ ਵਿਚ ਭਰਪੂਰ ਯੋਗਦਾਨ ਪਾ ਸਕਦੇ ਹਨ।

ਸਾਡਾ ਸਾਰਿਆਂ ਦਾ ਇਹ ਫਰਜ਼ ਬਣਦਾ ਹੈ ਕਿ ਸਤਿਗੁਰੂ ਰਵਿਦਾਸ ਜੀ ਦੇ ਇਨਕਲਾਬੀ ਅਤੇ ਮਾਨਵਵਾਦੀ ਫ਼ਲਸਫ਼ੇ ਨੂੰ ਅਮਲੀ ਤੇ ਵਿਵਹਾਰਕ ਰੂਪ ਵਿਚ ਆਪਣੇ ਜੀਵਨ ਵਿਚ ਧਾਰਨ ਕਰੀਏ, ਤਾਂ ਹੀ ਆਪ ਜੀ ਦੇ ਪੁਰਬ ਮਨਾਉਣੇ ਅਤੇ ਧਾਰਮਿਕ ਸਮਾਗਮ ਆਯੋਜਿਤ ਕਰਨੇ ਸਾਰਥਕ ਹੋ ਸਕਦੇ ਹਨ।

****

SKY TRANSPORT SOLUTIONS
STRIVE FOR MORE
WE PROVIDE ALL TRUCKING RELATED PERMITS AND SERVICES
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

ਬੇਗਮ ਪੁਰਾ ਸਹਰ ਕੋ ਨਾਉ ॥
ਦੂਖੁ ਅੰਦੋਹੁ ਨਹੀ ਤਿਹਿ ਠਾਉ ॥





# ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

## ਦੇ 647 ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ

# 24ਵਾਂ ਮਹਾਨ ਨਗਰ ਕੀਰਤਨ

ਐਤਵਾਰ 10 ਮਾਰਚ 2024 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸਜਾਇਆ ਜਾ ਰਿਹਾ ਹੈ।

## ਪ੍ਰੋਗਰਾਮਾਂ ਦਾ ਵੇਰਵਾ

ਸ਼ੁੱਕਰਵਾਰ 8 ਮਾਰਚ 2024 ਨੂੰ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ।
ਸ਼ਨੀਵਾਰ 9 ਮਾਰਚ, 2024 ਨੂੰ ਸਵੇਰੇ 10 ਵਜੇ ਤੋਂ ਰਾਤ 10 ਵਜੇ ਤੱਕ ਕੀਰਤਨ ਦੀਵਾਨ ਸਜਾਏ ਜਾਣਗੇ।
ਅਤੇ ਬਾਅਦ ਦੁਪਹਿਰ 4 ਵਜੇ ਸ੍ਰੀ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ।
ਐਤਵਾਰ 10 ਮਾਰਚ, 2024 ਨੂੰ ਰੱਖੇ ਹੋਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ 24ਵਾਂ ਮਹਾਨ ਨਗਰ ਕੀਰਤਨ ਸਵੇਰੇ 11 ਵਜੇ ਤੋਂ ਸ਼ਾਮ 5 ਵਜੇ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸਜਾਇਆ ਜਾਵੇਗਾ।

ਪੰਥ ਪ੍ਰਸਿੱਧ ਹਜ਼ੂਰੀ ਰਾਗੀ ਭਾਈ ਜਸਬੀਰ ਸਿੰਘ ਖਾਲਸਾ, ਗੁਰੂਘਰ ਦੇ ਹਜ਼ੂਰੀ ਰਾਗੀ ਜੱਥਾ ਅਤੇ ਢਾਡੀ ਕੀਰਤਨੀ ਜੱਥੇ ਤਿੰਨੋ ਦਿਨ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕਰਣਗੇ।

ਆਪ ਜੀ ਨੂੰ ਪਰਿਵਾਰਾਂ ਸਮੇਤ ਇਹਨਾ ਸਮਾਗਮ ਵਿੱਚ ਹਾਜ਼ਰੀ ਭਰਨ ਦੀ ਬੇਨਤੀ ਕੀਤੀ ਜਾਂਦੀ ਹੈ।



ਪੰਥ ਪ੍ਰਸਿੱਧ ਹਜ਼ੂਰੀ ਰਾਗੀ ਭਾਈ ਜਸਬੀਰ ਸਿੰਘ ਖ਼ਾਲਸਾ (ਮਰਹੂਮ ਪਦਮਸ੍ਰੀ ਭਾਈ ਨਿਰਮਲ ਸਿੰਘ ਖ਼ਾਲਸਾ ਦੇ ਛੋਟੇ ਭਰਾ) ਅਤੇ ਹੋਰ ਅਨੇਕਾ ਰਾਗੀ,ਢਾਡੀ ਕੀਰਤਨੀ ਜੱਥੇ ਤਿੰਨੇ ਦਿਨ ਸੰਗਤਾ ਨੂੰ ਕੀਰਤਨ ਨਾਲ ਨਿਹਾਲ ਕਰਨਗੇ।

ਭਾਈ ਜਸਬੀਰ ਸਿੰਘ ਖਾਲਸਾ



ਭਾਈ ਕਰਨਜੀਤ ਸਿੰਘ ਖਾਲਸਾ



ਗੁਰੂਘਰ ਦਾ ਹਜ਼ੂਰੀ ਰਾਗੀ ਜੱਥਾ

ਸਟਾਲ ਬੁਕਿੰਗ ਲਈ ਸੰਪਰਕ ਕਰੋ।
ਸ੍ਰੀ ਰਾਜ ਰੱਲ (916) 598- 5199

ਲੰਗਰ ਸਟਾਲ ਲਗਾਉਣ ਲਈ ਸੰਪਰਕ ਕਰੋ।
ਸ੍ਰੀ ਅਵਤਾਰ ਸਿੱਧੂ (916) 717- 4223

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
ਗੁਰੂਘਰ ਦੇ ਫ਼ੋਨ (916) 992- 1710


ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਪ੍ਰਸੰਨਤਾ ਹੋਵੇਗੀ ਕਿ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ) ਕੈਲੀਫੋਰਨੀਆ ਗੁਰੂਘਰ ਦੀ ਨਵੀਂ ਇਮਾਰਤ ਉਸਾਰੀ ਅਧੀਨ ਹੈ। ਗੁਰੂਘਰ ਦੀ ਪ੍ਰਬੰਧਕ ਕਮੇਟੀ ਵਲੋਂ ਸਮੂਹ ਸਾਧਸੰਗਤਿ ਨੂੰ ਇਨ੍ਹਾਂ ਕਾਰਜਾਂ ਵਿੱਚ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਬੇਨਤੀ ਕੀਤੀ ਜਾਂਦੀ ਹੈ।

# SHRI GURU RAVIDASS TEMPLE

6221 16Th Street, Rio Linda, California 95673

# ਅਮਰੀਕਾ ਵਿਚ ਇਕ ਪੁਲਿਸ ਅਫਸਰ ਦੀ ਹੱਤਿਆ ਕਰਨ ਤੇ ਇਕ ਹੋਰ ਨੂੰ ਜਖਮੀ ਕਰਨ ਦੇ ਮਾਮਲੇ ਵਿਚ ਸ਼ੱਕੀ ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਬਲਾਊਂਟ ਕਾਊਂਟੀ ਵਿਚ ਗੋਲੀਬਾਰੀ ਕਰਕੇ ਇਕ ਪੁਲਿਸ ਅਫਸਰ ਦੀ ਹੱਤਿਆ ਕਰਨ ਤੇ ਇਕ ਹੋਰ ਨੂੰ ਜਖਮੀ ਕਰਨ ਦੇ ਮਾਮਲੇ ਵਿਚ ਪੁਲਿਸ ਵੱਲੋਂ ਸ਼ੱਕੀ ਦੋਸ਼ੀ ਨੂੰ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਇਹ ਜਾਣਕਾਰੀ ਬਲਾਊਂਟ ਕਾਊਂਟੀ ਦੇ ਸ਼ੈਰਿਫ ਦਫਤਰ ਨੇ



ਜਾਰੀ ਇਕ ਬਿਆਨ ਵਿਚ ਦਿੱਤੀ ਹੈ। ਬੀਤੇ ਹਫਤੇ ਮੈਰੀਵਿਲੇ ਵਿਚ ਇਕ ਟਰੈਫਿਕ ਸਟਾਪ 'ਤੇ 2 ਪੁਲਿਸ ਅਫਸਰਾਂ 'ਤੇ ਕਥਿੱਤ ਗੋਲੀਬਾਰੀ ਕਰਨ ਉਪਰੰਤ ਫਰਾਰ ਹੋਏ ਸ਼ੱਕੀ ਦੋਸ਼ੀ ਕੈਨੇਥ ਵੇਨੇ ਡੀਹਰਟ (42) ਦੀ ਭਾਲ ਲਈ ਲਾਅ ਇਨਫੋਰਸਮੈਂਟ ਦੇ 150 ਤੋਂ ਵਧ ਜਵਾਨ ਕੰਮ ਰਹੇ ਸਨ। ਸ਼ੈਰਿਫ ਦਫਤਰ ਅਨੁਸਾਰ ਡੀਹਰਟ ਨੂੰ ਨੋਕਸਵਿਲੇ, ਟੈਨੇਸੀ, ਵਿਚੋਂ ਗ੍ਰਿਫਤਾਰ ਕੀਤਾ ਗਿਆ ਹੈ। ਇਸ ਗੋਲੀਬਾਰੀ ਵਿਚ ਡਿਪਟੀ ਗਰੇਗ ਮਕੋਵਾਨ ਦੀ ਮੌਤ ਹੋ ਗਈ ਸੀ ਤੇ ਦੂਸਰਾ ਡਿਪਟੀ ਸ਼ੈਲਬਾਈ ਈਗਰਜ ਜਖਮੀ ਹੋ ਗਿਆ ਸੀ। ਇਸ ਮਾਮਲੇ ਵਿਚ ਡੀਹਰਟ ਦੇ ਭਰਾ ਤੇ ਮਿਤਰ ਕੁੜੀ ਨੂੰ ਪਹਿਲਾਂ ਹੀ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ।

# ਮੈਂ ਰਾਸ਼ਟਰਪਤੀ ਵਜੋਂ ਸੇਵਾਵਾਂ ਨਿਭਾਉਣ ਲਈ ਤਿਆਰ ਹਾਂ-ਕਮਲਾ ਹੈਰਿਸ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** – 81 ਸਾਲਾ ਰਾਸ਼ਟਰਪਤੀ ਜੋ ਬਾਈਡਨ ਦੀ ਵੱਡੀ ਉਮਰ ਬਾਰੇ ਵੋਟਰਾਂ ਦੀ ਫਿਕਰ ਦੇ ਦਰਮਿਆਨ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਇਕ ਮੁਲਾਕਾਤ ਦੌਰਾਨ ਕਿਹਾ ਹੈ ਕਿ ਉਹ ਦੇਸ਼ ਦੇ ਰਾਸ਼ਟਰਪਤੀ ਵਜੋਂ ਸੇਵਾਵਾਂ ਨਿਭਾਉਣ ਲਈ ਤਿਆਰ ਹਨ। ਵਾਲ ਸਟਰੀਟ ਨਾਲ ਗੱਲਬਾਤ ਦੌਰਾਨ ਹੈਰਿਸ ਨੇ ਕਿਹਾ ਕਿ 'ਮੈ ਦੇਸ਼ ਦੇ ਸਰਬਉਚ ਅਹੁੱਦੇ 'ਤੇ ਕੰਮ ਕਰਨ ਲਈ ਤਿਆਰ ਹਾਂ। ਜਿਨਾਂ ਲੋਕਾਂ ਨੇ ਮੈਨੂੰ ਉਪ ਰਾਸ਼ਟਰਪਤੀ ਵਜੋਂ ਕੰਮ ਕਰਦਿਆਂ ਵੇਖਿਆ ਹੈ ਉਹ ਦੇਸ਼ ਦੀ ਅਗਵਾਈ ਕਰਨ ਪ੍ਰਤੀ ਮੇਰੀ ਸਮਰੱਥਾ ਨੂੰ ਭਲੀਭਾਂਤ ਜਾਣਦੇ ਹਨ।' ਉਪ ਰਾਸ਼ਟਰਪਤੀ ਦਾ ਇਹ ਬਿਆਨ ਵਿਸ਼ੇਸ਼ ਕੌਂਸਲ ਰਾਬਰਟ ਹੁਰ ਦੀ ਉਸ ਰਿਪੋਰਟ ਤੋਂ ਬਾਅਦ ਆਇਆ ਹੈ ਜਿਸ ਵਿਚ ਉਸ ਨੇ ਜੋ ਬਾਈਡਨ ਦੀ ਕਮਜੋਰ ਯਾਦਾਸ਼ਤ ਦਾ ਜਿਕਰ ਕੀਤਾ ਹੈ। ਇਸ ਰਿਪੋਰਟ ਵਿਚ ਦੋਸ਼ ਲਾਇਆ ਗਿਆ ਹੈ ਕਿ ਬਾਈਡਨ ਇਹ ਵੀ ਭੁੱਲ ਗਏ ਹਨ ਕਿ ਉਨਾਂ ਨੇ ਉਪ ਰਾਸ਼ਟਰਪਤੀ ਵਜੋਂ ਕਦੋਂ ਕੰਮ ਕੀਤਾ ਸੀ ਜਾਂ



ਉਸ ਦੇ ਪੁੱਤਰ ਬੀਊ ਬਾਈਡਨ ਦੀ ਮੌਤ ਕਦੋਂ ਹੋਈ ਸੀ। ਇਸ ਰਿਪੋਰਟ ਉਪਰੰਤ ਰਾਸ਼ਟਰਪਤੀ ਨੇ ਇਨਾਂ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਸੀ ਕਿ 'ਉਨਾਂ ਦੀ ਯਾਦਾਸ਼ਤ ਬਹੁਤ ਵਧੀਆ ਹੈ। ਰਾਸ਼ਟਰਪਤੀ ਵਜੋਂ ਜੋ ਮੈ ਕੀਤਾ ਹੈ ਉਹ ਸਭ ਦੇ ਸਾਹਮਣੇ ਹੈ।' ਇਥੇ ਜਿਕਰਯੋਗ ਹੈ ਕਿ ਮੋਨਮਾਊਥ ਯੁਨੀਵਰਸਿਟੀ ਵੱਲੋਂ ਪਿਛਲੇ ਸਾਲ ਅਕਤੂਬਰ ਵਿਚ ਕੀਤੇ ਸਰਵੇ ਵਿਚ 76% ਵੋਟਰ ਇਸ ਗੱਲ ਨਾਲ ਸਹਿਮਤ ਹੋਏ ਹਨ ਕਿ ਬਾਈਡਨ ਦੀ ਉਮਰ ਜਿਆਦਾ ਹੈ ਤੇ ਇਹ ਉਮਰ ਦੂਸਰੀ ਵਾਰ ਪ੍ਰਭਾਵਸ਼ਾਲੀ ਢੰਗ ਨਾਲ ਰਾਸ਼ਟਰਪਤੀ ਵਜੋਂ ਸੇਵਾਵਾਂ ਨਿਭਾਉਣ ਦੇ ਰਾਹ ਵਿਚ ਅੜਿਕਾ ਬਣ ਸਕਦੀ ਹੈ। ਇਕ ਹੋਰ ਸਰਵੇ ਵਿਚ ਵੀ 76% ਵੋਟਰਾਂ ਨੇ ਬਾਈਡਨ ਦੀ ਦਿਮਾਗੀ ਤੇ ਸਰੀਰਕ ਤੰਦਰੁਸਤੀ ਬਾਰੇ ਚਿੰਤਾ ਪ੍ਰਗਟਾਈ ਹੈ। ਇਸ ਤੋਂ ਪਹਿਲਾਂ ਇਕ ਮੁਲਾਕਾਤ ਵਿੱਚ ਹੈਰਿਸ ਨੇ ਕਿਹਾ ਸੀ ਕਿ ਜੇਕਰ ਲੋੜ ਪਈ ਤਾਂ ਉਹ 'ਕਮਾਂਡਰ ਇਨ ਚੀਫ' ਬਣਨ ਲਈ ਤਿਆਰ ਹਨ ਪਰੰਤੂ ਬਾਈਡਨ ਵਧੀਆ ਸਾਬਤ ਹੋਣਗੇ।

# ਅਮਰੀਕਾ ਵਿਚ ਭਾਰਤੀ ਮੋਟਲ ਮਾਲਕ ਦੀ ਗੋਲੀ ਮਾਰ ਕੇ ਹੱਤਿਆ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** –ਅਮਰੀਕਾ ਦੇ ਸ਼ਹਿਰ ਸ਼ੈਫਫੀਲਡ (ਅਲਾਬਾਮਾ) ਵਿਚ ਇਕ 76 ਸਾਲਾ ਭਾਰਤੀ ਮੋਟਲ ਮਾਲਕ ਦੀ ਗੋਲੀ ਮਾਰ ਕੇ ਹੱਤਿਆ ਕਰ



ਦੇਣ ਦੀ ਖਬਰ ਹੈ। ਪ੍ਰਾਪਤ ਵੇਰਵੇ ਅਨੁਸਾਰ ਹਿਲਕਰੈਸਟ ਮੋਟਲ ਦੇ ਮਾਲਕ ਭਾਰਤੀ -ਅਮਰੀਕੀ ਪ੍ਰਾਵੀਨ ਰਾਓਜੀਭਾਈ ਪਟੇਲ ਦੀ ਹੱਤਿਆ ਦੇ ਮਾਮਲੇ ਵਿਚ ਪੁਲਿਸ ਨੇ ਸ਼ੱਕੀ 34 ਸਾਲਾ ਵਿਲੀਅਮ ਜੈਰਮੀ ਮੂਰ ਨੂੰ ਗ੍ਰਿਫਤਾਰ ਕੀਤਾ ਹੈ। ਸ਼ੈਫਫੀਲਡ ਪੁਲਿਸ ਮੁਖੀ ਰਿਕੀ ਟੈਰੀ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਸ਼ੱਕੀ ਮੂਰ ਨੂੰ ਘਟਨਾ ਦੇ ਕੁਝ ਸਮੇ ਬਾਅਦ ਉਸ ਵੇਲੇ ਗ੍ਰਿਫਤਾਰ ਕਰ ਲਿਆ ਗਿਆ ਜਦੋਂ ਉਹ ਇਕ ਲਾਵਾਰਸ ਘਰ ਵਿਚ ਲੁਕਣ ਦੀ ਕੋਸ਼ਿਸ਼ ਕਰ ਰਿਹਾ ਸੀ। ਜਾਂਚਕਾਰਾਂ ਅਨੁਸਾਰ ਮੂਰ ਮੋਟਲ ਵਿਚ ਕਮਰਾ ਕਿਰਾਏ 'ਤੇ ਲੈਣਾ ਚਹੁੰਦਾ ਸੀ ਜਿਸ ਨੂੰ ਲੈ ਕੇ ਪਟੇਲ ਨਾਲ ਹੋਏ ਝਗੜੇ ਉਪਰੰਤ ਮੂਰ ਨੇ ਆਪਣੀ ਗੰਨ ਨਾਲ ਬਜੁਰਗ ਪਟੇਲ ਨੂੰ ਗੋਲੀ ਮਾਰ ਦਿੱਤੀ। ਟੈਰੀ ਨੇ ਕਿਹਾ ਕਿ ਹੱਤਿਆ ਲਈ ਵਰਤੀ ਗੰਨ ਮੂਰ ਦੇ ਕਬਜੇ ਵਿਚੋਂ ਬਰਾਮਦ ਕਰ ਲਈ ਹੈ। ਪੁਲਿਸ ਮੁਖੀ ਨੇ ਕਿਹਾ ਕਿ ਸ਼ੱਕੀ ਮੂਰ ਨੂੰ ਇਸ ਸਮੇ ਸ਼ੈਫਫੀਲਡ ਸਿਟੀ ਜੇਲ ਵਿਚ ਰਖਿਆ ਗਿਆ ਹੈ ਤੇ ਵਾਰੰਟ ਜਾਰੀ ਹੋਣ ਉਪਰੰਤ ਉਸ ਨੂੰ ਕੋਲਬਰਟ ਕਾਊਂਟੀ ਜੇਲ ਵਿਚ ਲਿਜਾਇਆ ਜਾਵੇਗਾ।

# ਲਾਸ ਏਂਜਲਸ ਵਿਚ ਗੈਸ ਲਿਜਾ ਰਹੇ ਸੈਮੀ ਟਰੱਕ ਵਿਚ ਜਬਰਦਸਤ ਧਮਾਕੇ ਉਪਰੰਤ ਲੱਗੀ ਅੱਗ, 9 ਜਖਮੀ, 2 ਦੀ ਹਾਲਤ ਗੰਭੀਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** – ਕੈਲੀਫੋਰਨੀਆ ਦੇ ਸ਼ਹਿਰ ਲਾਸ ਏਂਜਲਸ ਵਿਚ ਗੈਸ ਲਿਜਾ ਰਹੇ ਇਕ ਸੈਮੀ ਟਰੱਕ ਵਿਚ ਹੋਏ ਜਬਰਦਸਤ ਧਮਾਕੇ ਉਪਰੰਤ ਲੱਗੀ ਅੱਗ ਉਪਰ ਕਾਬੂ ਪਾਉਣ ਦੇ ਯਤਨ ਦਰਮਿਆਨ ਅੱਗ ਬੁਝਾਊ



ਵਿਭਾਗ ਦੇ 9 ਕਾਮੇ ਜਖਮੀ ਹੋ ਗਏ ਜਿਨਾਂ ਵਿਚੋਂ 2 ਦੀ ਹਾਲਤ ਗੰਭੀਰ ਦਸੀ ਜਾਂਦੀ ਹੈ। ਇਹ ਜਾਣਕਾਰੀ ਅੱਗ ਬੁਝਾਊ ਵਿਭਾਗ ਨੇ ਦਿੱਤੀ ਹੈ। ਲਾਸ ਏਂਜਲਸ ਫਾਇਰ ਕੈਪਟਨ ਏਰਿਕ ਸਕਾਟ ਨੇ ਕਿਹਾ ਹੈ ਕਿ ਸੈਮੀ ਟਰੱਕ ਦੇ ਦੋ ਟੈਂਕਾਂ ਵਿਚ ਕੰਪਰੈਸਡ ਨੈਚਰਲ ਗੈਸ ਭਰੀ ਹੋਈ ਸੀ ਜਿਨਾਂ ਵਿਚੋਂ ਇਕ ਟੈਂਕ ਵਿਚ ਹੋਏ ਧਮਾਕੇ ਉਪਰੰਤ ਅੱਗ ਲੱਗ ਗਈ। 9 ਜਖਮੀਆਂ ਨੂੰ ਹਾਰਬੋਰ ਯੂ ਸੀ ਐਲ ਏ ਮੈਡੀਕਲ ਸੈਂਟਰ ਵਿਚ ਦਾਖਲ ਕਰਵਾਇਆ ਗਿਆ ਹੈ ਜਿਨਾਂ ਵਿਚੋਂ 2 ਗੰਭੀਰ ਜਖਮੀ ਹਨ ਜਦ ਕਿ ਬਾਕੀ 7 ਦੀ ਹਾਲਤ ਠੀਕ ਹੈ।


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call: 530-824-5134

ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Used Tires American Brand $99 + Labor

Recap Truck Tire $ 249 + Labor

Recap Trailar Tires and Kind $ 199 + Labor

LUCAS OIL LUCAS INJECTOR CLEANER $28.99

NEW & USED TIRES

WASH, LUBE, BRAKES

Call: 650-642-0697

3525 Highway 99, West Corning, CA 96021

Across the Street from TA Truck Stop

# ਅੰਬੇਡਕਰ ਭਵਨ ਵਿਖੇ ਹੋਇਆ ਚੇਤਨਾ ਸੈਮੀਨਾਰ

## ਉੱਚ ਵਿਦਿਅਕ ਅਦਾਰਿਆਂ ਵਿੱਚ ਜਾਤੀ ਵਿਤਕਰਾ ਚਿੰਤਾਜਨਕ ਵਰਤਾਰਾ, ਅਸੀਂ ਖੁਦਕਸ਼ੀ ਨਹੀਂ ਕਰਨੀ, ਬੇਇਨਸਾਫੀ ਵਿਰੁੱਧ ਲੜਨਾ ਹੈ








**ਜਲੰਧਰ (ਵਿਵੇਕ ਭਾਟੀਆ)** 'ਮਿਸ਼ਨ ਸੇਵ ਕੰਸਟੀਟਿਊਸ਼ਨ' ਦੇ ਪੰਜਾਬ ਯੂਨਿਟ ਵੱਲੋਂ ਅੰਬੇਡਕਰ ਭਵਨ, ਡਾ। ਅੰਬੇਡਕਰ ਮਾਰਗ, ਜਲੰਧਰ ਵਿਖੇ ਚੇਤਨਾ ਪ੍ਰੋਗਰਾਮ ਅਧੀਨ 'ਭਾਰਤ ਦੇ ਉੱਚ ਵਿਦਿਅਕ ਅਦਾਰਿਆਂ ਵਿੱਚ ਜਾਤੀ ਵਿਤਕਰਾ' ਵਿਸ਼ੇ ਤੇ ਵਿਚਾਰ ਚਰਚਾ ਆਯੋਜਿਤ ਕੀਤੀ ਗਈ, ਜਿਸ ਵਿੱਚ ਨੈਸ਼ਨਲ ਕਨਵੀਨਰ ਮਹਿਮੂਦ ਪ੍ਰਾਚਾ, ਸੀਨੀਅਰ ਐਡਵੋਕੇਟ, ਸੁਪਰੀਮ ਕੋਰਟ, ਡਾ. ਰਿਤੂ ਸਿੰਘ, ਸਹਾਇਕ ਪ੍ਰੋਫੈਸਰ, ਦਿੱਲੀ ਯੂਨੀਵਰਸਿਟੀ ਅਤੇ ਕਨਵੀਨਰ ਪੰਜਾਬ ਯੂਨਿਟ, ਭੀਮ ਆਰਮੀ ਸਟੂਡੈਂਟ ਫੈਡਰੇਸ਼ਨ ਦੇ ਪ੍ਰਧਾਨ ਆਸ਼ੂਤੋਸ਼ ਸਿੰਘ ਬੌਧ, ਲਾਅ ਸਟੂਡੈਂਟ, ਦਿੱਲੀ ਯੂਨੀਵਰਸਿਟੀ ਨੇ ਸ਼ਿਰਕਤ ਕੀਤੀ। ਅੰਬੇਡਕਰ ਭਵਨ ਦੇ ਖਚਾ ਖੱਚ ਭਰੇ ਰਮਾਬਾਈ ਅੰਬੇਡਕਰ ਯਾਦਗਾਰ ਹਾਲ ਵਿੱਚ ਸ਼ਾਮਿਲ ਪੰਜਾਬ ਭਰ ਤੋਂ ਆਏ ਬੁੱਧੀਜੀਵੀ ਸਰੋਤਿਆਂ ਨੂੰ ਸੰਬੋਧਨ ਕਰਦਿਆਂ ਆਸ਼ੂਤੋਸ਼ ਸਿੰਘ ਨੇ ਕਿਹਾ ਕਿ ਬਾਬਾ ਸਾਹਿਬ ਡਾ. ਅੰਬੇਡਕਰ ਜੀ ਨਾਲ ਸੰਬੰਧਿਤ ਇਸ ਇਤਿਹਾਸਿਕ ਸਥਾਨ ਨੂੰ ਨਮਨ ਕਰਦਿਆਂ ਇਸ ਸੱਚ ਦਾ ਅਹਿਸਾਸ ਹੁੰਦਾ ਹੈ ਕਿ 27 ਅਕਤੂਬਰ 1951 ਨੂੰ ਇੱਥੇ ਵਿਸ਼ਵ ਦੇ ਮਹਾਨ ਚਿੰਤਕ ਡਾ. ਅੰਬੇਡਕਰ ਵੱਲੋਂ 'ਭਾਰਤ ਵਿੱਚ ਲੋਕਤੰਤਰ ਦਾ ਭਵਿੱਖ' ਵਿਸ਼ੇ ਤੇ ਬੋਲਦਿਆਂ ਭਾਰਤੀ ਲੋਕਤੰਤਰ ਨੂੰ ਜਿਨ੍ਹਾਂ ਖਤਰਿਆਂ ਬਾਰੇ ਸੁਚੇਤ ਕਰਦਿਆਂ ਕੁਝ ਸ਼ੰਕੇ ਪ੍ਰਗਟ ਕੀਤੇ ਸਨ ਉਹ ਅੱਜ ਸਪਸ਼ਟ ਤੌਰ ਤੇ ਪ੍ਰਗਟ ਹੋ ਰਹੇ ਹਨ। ਅੱਜ ਨਾਇਕ ਪੂਜਾ, ਵਿਦਿਅਕ ਅਤੇ ਸਰਕਾਰੀ ਅਦਾਰਿਆਂ ਵਿੱਚ ਪੂੰਜੀਪਤੀਆਂ ਦਾ ਸਿੱਧਾ ਦਖਲ, ਚੋਣਾਂ ਵਿੱਚ ਧਨ ਤੇ ਬਲ ਦੀ ਬੇਸ਼ੁਮਾਰ ਵਰਤੋਂ, ਭਰਿਸ਼ਟਾਚਾਰ, ਦਲਿਤਾਂ, ਔਰਤਾਂ, ਘੱਟ ਗਿਣਤੀ ਕੌਮਾਂ ਅਤੇ ਪਿਛੜਿਆਂ ਉੱਪਰ ਜ਼ੁਲਮ, ਵੋਟ ਦੀ ਵਰਤੋਂ ਸਬੰਧੀ ਚੇਤਨਾ ਦੀ ਘਾਟ ਨੇ ਭਾਰਤੀ ਲੋਕਤੰਤਰ ਨੂੰ ਤਾਨਾਸ਼ਾਹੀ ਰਾਜ ਵੱਲ ਧਕੇਲ ਦਿੱਤਾ ਹੈ।

ਪੰਜਾਬ ਯੂਨਿਟ ਦੇ ਕਨਵੀਨਰ, ਲਤਾੜੇ, ਪਿਛਾੜੇ ਅਤੇ ਗਰੀਬ ਵਿਦਿਆਰਥੀਆਂ ਤੇ ਅਧਿਆਪਕਾਂ ਨਾਲ ਹੋ ਰਹੇ ਜਾਤੀ ਵਿਤਕਰੇ ਤੇ ਬੇਇਨਸਾਫੀ ਵਿਰੁੱਧ ਬੁਲੰਦ ਆਵਾਜ਼ ਅਤੇ ਕਈ ਸਾਲਾਂ ਤੋਂ ਨਿਰੰਤਰ ਸੰਘਰਸ਼ਸ਼ੀਲ, ਜੁਝਾਰੂ, ਬੁੱਧੀਜੀਵੀ ਸਕਾਲਰ ਡਾ. ਰਿਤੂ ਸਿੰਘ ਨੇ ਆਪਣੇ ਸੰਬੋਧਨ ਵਿੱਚ ਸਰੋਤਿਆਂ ਨੂੰ ਚੇਤੰਨ ਕਰਦਿਆਂ ਦੌਲਤ ਰਾਮ ਕਾਲਜ, ਦਿੱਲੀ ਯੂਨੀਵਰਸਿਟੀ ਦੀ ਪ੍ਰਿੰਸੀਪਲ ਅਤੇ ਦੂਸਰੇ ਪ੍ਰਸ਼ਾਸ਼ਨਿਕ ਅਧਿਕਾਰੀਆਂ ਵੱਲੋਂ ਪ੍ਰਾਧਿਆਪਕ ਦੀਆਂ ਨਿਯੁਕਤੀਆਂ ਸਬੰਧੀ ਕੀਤੀਆਂ ਜਾਂਦੀਆਂ ਮਨਮਾਨੀਆਂ ਅਤੇ ਘਪਲਿਆਂ ਬਾਰੇ ਵਿਸਤ੍ਰਿਤ ਚਰਚਾ ਕੀਤੀ। ਯਾਦ ਰਹੇ ਕਿ ਪੀੜਿਤ ਅਧਿਆਪਕਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਨ ਦੇ ਕਾਰਨ ਦਿੱਲੀ ਯੂਨੀਵਰਸਿਟੀ ਦੀ ਸਹਾਇਕ ਪ੍ਰੋਫੈਸਰ ਡਾ. ਰਿਤੂ ਸਿੰਘ ਨੂੰ ਪ੍ਰਾਧਿਆਪਕ ਪਦ ਤੋਂ ਹਟਾ ਦਿੱਤਾ ਗਿਆ ਸੀ। ਸੁਪਰੀਮ ਕੋਰਟ ਦੇ ਸੀਨੀਅਰ ਐਡਵੋਕੇਟ, ਮਹਿਮੂਦ ਪਰਾਚਾ ਦੀ ਅਗਵਾਈ ਹੇਠ ਡਾ। ਰਿਤੂ ਸਿੰਘ ਨੇ ਲੰਮਾ ਸੰਘਰਸ਼ ਲੜਿਆ ਅਤੇ ਜਿੱਤ ਪ੍ਰਾਪਤ ਕੀਤੀ। ਪਰ ਹੁਣ ਸਮੁੱਚੇ ਦਲਿਤਾਂ, ਪਿਛੜਿਆਂ ਅਤੇ ਘੱਟ ਗਿਣਤੀਆਂ ਲਈ ਸੰਘਰਸ਼ ਦਾ ਪ੍ਰਤੀਕ ਬਣ ਗਈ। ਪੀੜਤਾਂ ਅਤੇ ਲਤਾੜਿਆ ਲਈ 'ਰੋਲ ਮਾਡਲ' ਬਣੀ ਡਾ. ਰਿਤੂ ਨੇ ਮਨੂਵਾਦੀਆਂ ਦੀਆਂ ਗੈਰ ਸੰਵਿਧਾਨਿਕ ਕੂਟਨੀਤਕ ਚਾਲਾਂ ਤੋਂ ਸ਼ਿਕਾਰ ਤੇ ਨਿਰਾਸ਼ ਹੋ ਕੇ ਡਰਨ ਅਤੇ ਮਰਨ ਨਾਲੋਂ ਇਹਨਾਂ ਵਿਰੁੱਧ ਲੜਾਈ ਕਰਦਿਆਂ 'ਸਵਾ ਲਾਖ ਸੇ ਏਕ ਲੜਾਊਂ' ਦੇ ਮਹਾਵਾਕ ਤੋਂ ਸ਼ਕਤੀ ਪ੍ਰਾਪਤ ਕਰਕੇ ਆਪਣੇ ਹੱਕਾਂ ਲਈ ਸੰਘਰਸ਼ ਕਰਕੇ ਕੁਰਬਾਨੀ ਦੇਣ ਦੀ ਪ੍ਰੇਰਨਾ ਦਿੱਤੀ।

ਉਨ੍ਹਾਂ ਨੇ ਕਿਹਾ ਕਿ ਜੇਕਰ ਪੀੜਿਤ ਲੋਕਾਂ ਦੇ ਹੱਕਾਂ ਲਈ ਬੋਲਣਾ ਅਤੇ ਅਧਿਕਾਰ ਪ੍ਰਾਪਤੀ ਲਈ ਲੜਨਾ ਗੁਨਾਹ ਹੈ ਤਾਂ ਇਹ ਗੁਨਾਹ ਮੈਂ ਵਾਰ ਵਾਰ ਕਰਾਂਗੀ। ਡਾ. ਰਿਤੂ ਸਿੰਘ ਨੇ ਬੁਲੰਦ ਆਵਾਜ਼ ਵਿੱਚ ਕਿਹਾ ਕਿ ਮੈਂ ਮਰਨਾ ਨਹੀਂ, ਆਤਮ ਹੱਤਿਆ ਨਹੀਂ ਕਰਨੀ, ਲੋਟੂਆਂ 'ਤੇ ਬੇਇਨਸਾਫੀਆਂ ਵਿਰੁੱਧ ਲੜਨਾ ਹੈ । ਸੈਮੀਨਾਰ ਦੇ ਆਖਰੀ ਪੜਾ 'ਤੇ ਸਟੇਜ ਦਾ ਸੰਚਾਲਨ ਕਰਦਿਆਂ ਡਾ. ਕੌਲ ਨੇ ਇਸ ਚੇਤਨਾ ਅੰਦੋਲਨ ਦੇ ਰਹਿਨੁਮਾ ਐਡਵੋਕੇਟ ਮਹਿਮੂਦ ਪ੍ਰਾਚਾ ਨੂੰ ਉਹਨਾਂ ਦੇ ਭਾਸ਼ਣ ਦੀ ਤੀਬਰਤਾ ਨਾਲ ਉਡੀਕ ਕਰ ਰਹੇ ਸਰੋਤਿਆਂ ਦੇ ਰੂਬਰੂ ਹੋਣ ਲਈ ਬੇਨਤੀ ਕੀਤੀ ਤਾਂ ਹਾਲ ਵਿੱਚ ਉਤਸੁਕਤਾ ਭਰੀ ਚੁੱਪ 'ਤੇ ਸ਼ਾਂਤੀ ਛਾ ਗਈ। ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਐਡਵੋਕੇਟ ਪ੍ਰਾਚਾ ਨੇ ਲੋਕਤੰਤਰ ਅਤੇ ਭਾਰਤੀ ਸੰਵਿਧਾਨ ਦਾ ਬਰੀਕੀ ਅਤੇ ਸੂਖਮਤਾ ਨਾਲ ਵਿਸ਼ਲੇਸ਼ਣ ਕਰਦਿਆਂ ਕਿਹਾ ਕਿ ਸੰਵਿਧਾਨ ਨਿਰਮਾਤਾ ਡਾ. ਅੰਬੇਡਕਰ ਬੇਹੱਦ ਜ਼ਹੀਨ ਇਨਸਾਨ ਸਨ। ਉਨ੍ਹਾਂ ਨੇ ਸਰਬ ਸ੍ਰੇਸ਼ਟ ਸੰਵਿਧਾਨ ਦੀ ਸਿਰਜਣਾ ਕਰਕੇ ਪੂਰੇ ਵਿਸ਼ਵ ਵਿੱਚ ਆਪਣਾ ਡੰਕਾ ਬਜਾਇਆ। ਉਨ੍ਹਾਂ ਨੇ ਕਿਹਾ ਕਿ ਭਾਰਤ ਵਿੱਚ ਸਿੱਖਿਆ ਦੇ ਉੱਚ ਅਦਾਰਿਆਂ ਵਿੱਚ ਜਾਤੀ ਵਿਤਕਰਾ ਇੱਕ ਚਿੰਤਾਜਨਕ ਵਰਤਾਰਾ ਹੈ। ਡਾ. ਅੰਬੇਡਕਰ ਵੱਲੋਂ ਦਲਿਤਾਂ, ਪਿਛੜਿਆਂ, ਲਤਾੜਿਆ ਅਤੇ ਘੱਟ ਗਿਣਤੀ ਕੌਮਾਂ ਲਈ ਕੀਤੇ ਗਏ ਸੰਵਿਧਾਨਕ ਪਰਾਵਧਾਨਾ ਨੂੰ ਛਿੱਕੇ ਤੇ ਟੰਗ ਦਿੱਤਾ ਗਿਆ ਹੈ। ਆਪਣੇ ਆਪ ਨੂੰ ਸ੍ਰੇਸ਼ਟ ਕਹਿਣ ਵਾਲੇ 10 ਪ੍ਰਤੀਸ਼ਤ ਲੋਕਾਂ ਨੇ ਦੇਸ਼ ਦੇ ਸਾਰੇ ਸੰਸਾਧਨਾ ਅਤੇ ਪਬਲਿਕ ਅਦਾਰਿਆਂ ਤੇ ਕਬਜ਼ਾ ਕਰਕੇ ਦੇਸ਼ ਦਾ ਬੇੜਾ ਗਰਕ ਕਰ ਦਿੱਤਾ ਹੈ। ਐਡਵੋਕੇਟ ਪ੍ਰਾਚਾ ਨੇ ਕਿਹਾ ਕਿ ਨੌਜਵਾਨ ਪੀੜ੍ਹੀ ਅਤੇ ਵਿਦਿਆਰਥੀ ਵਰਗ ਨੂੰ ਡਾ. ਰਿਤੂ ਸਿੰਘ ਵਾਂਗ ਹਿੰਮਤੀ, ਬਹਾਦਰ ਅਤੇ ਜੁਝਾਰੂ ਬਣ ਕੇ ਡਾ. ਅੰਬੇਡਕਰ ਦੀ ਵਿਚਾਰਧਾਰਾ, ਜੋ ਸੰਵਿਧਾਨ ਵਿੱਚ ਨਿਹਿਤ ਹੈ, ਨੂੰ ਬਚਾਉਣ ਦੀ ਲੋੜ ਹੈ। ਸਾਡੀ ਸਿਰਫ ਇੱਕੋ ਮੰਗ ਹੈ ਕਿ ਦੇਸ਼ ਵਿੱਚ ਸਹੀ ਅਰਥਾਂ ਵਿੱਚ ਸੰਵਿਧਾਨ ਨੂੰ ਲਾਗੂ ਕੀਤਾ ਜਾਵੇ। ਸਾਡਾ ਅੰਦੋਲਨ ਸੰਵਿਧਾਨ ਨੂੰ ਬਚਾਉਣ ਲਈ ਹੈ। ਜੇਕਰ ਸੰਵਿਧਾਨ ਬਚੇਗਾ ਤਾਂ ਹੀ ਸਾਡਾ ਜੀਵਨ ਸੁਰੱਖਿਤ ਰਹੇਗਾ। ਐਡਵੋਕੇਟ ਪ੍ਰਾਚਾ ਨੇ ਇਸ ਮੌਕੇ ਤੇ ਭਾਰਤ ਵਿੱਚ ਚੱਲ ਰਹੇ ਤਿੰਨ ਪ੍ਰਮੁੱਖ ਅੰਦੋਲਨਾਂ, ਸੰਵਿਧਾਨ ਬਚਾਓ, ਈਵੀਐਮ ਰਾਹੀਂ ਚੋਣਾਂ ਦਾ ਵਿਰੋਧ ਅਤੇ ਕਿਸਾਨਾਂ ਦੇ ਸੰਘਰਸ਼ ਦੀ ਪੁਰਜ਼ੋਰ ਹਮਾਇਤ ਕਰਨ ਦੀ ਅਪੀਲ ਕੀਤੀ।

ਮੈਡਮ ਕਰਮਜੀਤ ਕੌਰ ਰਿਟਾ। ਡੀਪੀਆਈ (ਕਾਲਜਾਂ) ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਦਲਿਤ ਵਿਦਿਆਰਥੀਆਂ ਨਾਲ ਉੱਚ ਵਿਦਿਅਕ ਅਦਾਰਿਆਂ ਵਿੱਚ ਅੱਜ ਵੱਡੇ ਪੱਧਰ ਤੇ ਵਿਤਕਰਾ ਕੀਤਾ ਜਾ ਰਿਹਾ ਹੈ। ਸਰਕਾਰ ਜਾਂ ਪ੍ਰਸ਼ਾਸਨਿਕ ਅਧਿਕਾਰੀ ਚੁੱਪ ਧਾਰੀ ਬੈਠੇ ਹਨ। ਅੰਬੇਡਕਰ ਭਵਨ ਟਰੱਸਟ ਦੇ ਚੇਅਰਮੈਨ ਸ੍ਰੀ ਸੋਹਨ ਲਾਲ ਰਿਟਾ। ਡੀਪੀਆਈ (ਕਾਲਜਾਂ) ਨੇ ਦਿੱਲੀ ਤੋਂ ਆਏ ਬੁੱਧੀਜੀਵੀ ਚਿੰਤਕਾਂ ਅਤੇ ਜੁਝਾਰੂ ਸਾਥੀਆਂ ਸਮੇਤ ਪੰਜਾਬ ਭਰ ਤੋਂ ਆਏ ਸਰੋਤਿਆਂ ਦਾ ਧੰਨਵਾਦ ਕਰਦਿਆਂ ਇਸ ਗੱਲ ਤੇ ਵਿਸ਼ੇਸ਼ ਜੋਰ ਦਿੱਤਾ ਕਿ ਵਿਦਿਆਰਥੀ ਵਰਗ ਅਤੇ ਨੌਜਵਾਨ ਪੀੜ੍ਹੀ ਨੂੰ ਬਾਬਾ ਸਾਹਿਬ ਵੱਲੋਂ ਕੀਤੇ ਅਣਥੱਕ ਸੰਘਰਸ਼ ਪ੍ਰਤੀ ਚੇਤੰਨ ਹੁੰਦਿਆਂ, ਜੋਸ਼ ਅਤੇ ਹੋਸ਼ ਕਾਇਮ ਰੱਖਦਿਆਂ, ਹੌਸਲੇ, ਹਿੰਮਤ ਅਤੇ ਦਲੇਰੀ ਨਾਲ ਬੇਇਨਸਾਫੀ ਦਾ ਸਾਹਮਣਾ ਕਰਦੇ ਹੋਏ ਅੱਗੇ ਵਧਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਐਜੂਕੇਸ਼ਨ ਹੀ ਸਮਾਜਿਕ ਅਤੇ ਆਰਥਿਕ ਪਰਿਵਰਤਨ ਲਿਆ ਸਕਦੀ ਹੈ। ਇਸ ਵਿਚਾਰ ਚਰਚਾ ਵਿੱਚ ਅੰਬੇਡਕਰ ਭਵਨ ਟਰੱਸਟ ਅਤੇ ਅੰਬੇਡਕਰ ਮਿਸ਼ਨ ਸੁਸਾਇਟੀ ਦੇ ਮੈਂਬਰ ਸਰਬ ਸ਼੍ਰੀ ਚਰਨ ਦਾਸ ਸੰਧੂ, ਹਰਮੇਸ਼ ਜਸਲ, ਡਾ. ਚਰਨਜੀਤ ਸਿੰਘ, ਤਿਲਕ ਰਾਜ, ਪ੍ਰੋਫੈਸਰ ਬਲਬੀਰ, ਡਾ. ਮਹਿੰਦਰ ਸੰਧੂ, ਹਰਭਜਨ ਨਿਮਤਾ, ਬਲਦੇਵ ਰਾਜ ਭਾਰਦਵਾਜ, ਡਾ: ਰਾਹੁਲ, ਡਾ: ਸੁਭਾਸ਼, ਡਾ: ਥਿੰਦ, ਡਾ: ਐਸ ਪੀ ਸਿੰਘ, ਡਾ: ਸੁਰਿੰਦਰ, ਤਰਸੇਮ ਲਾਲ ਕੌਲ ਯੂਕੇ, ਹਰੀ ਰਾਮ ਓਐਸਡੀ, ਪ੍ਰਭ ਦਿਆਲ ਰਾਮਪੁਰ, ਪ੍ਰਦੀਪ ਰਾਜਾ (ਚੇਤਨਾ ਚੈਨਲ), ਐਨਆਰਆਈ ਸਭਾ ਪੰਜਾਬ ਦੀ ਪ੍ਰਧਾਨ ਮੈਡਮ ਪਰਵਿੰਦਰ ਕੌਰ ਬੰਗਾ, ਗੌਤਮ, ਮੈਡਮ ਕਵਿਤਾ, ਅਨਿਲ ਬਾਘਾ, ਮੇਹਰ ਮਲਿਕ, ਐਡਵੋਕੇਟ ਰਾਜਿੰਦਰ ਬੋਪਾਰਾਏ, ਮਨਜੀਤ ਸਿੰਘ, ਡਾ. ਸੰਦੀਪ ਮਹਿਮੀ, ਪ੍ਰੋ. ਅਰਿੰਦਰ ਸਿੰਘ, ਪਿਛੌਰੀ ਲਾਲ ਸੰਧੂ, ਮਨੋਹਰ ਮਹੇ, ਰਾਮ ਲਾਲ ਦਾਸ, ਪ੍ਰੋ. ਅਸ਼ਵਨੀ ਜੱਸਲ, ਨਰਿੰਦਰ ਲੇਖ, ਐਮ ਆਰ ਸੱਲਣ, ਲਲਿਤ ਕੰਗਣੀਵਾਲ ਅਤੇ ਭਾਰੀ ਗਿਣਤੀ ਵਿਚ ਸਾਥੀ ਮੌਜੂਦ ਸਨ। ਇਹ ਜਾਣਕਾਰੀ ਅੰਬੇਡਕਰ ਭਵਨ ਟਰੱਸਟ ਦੇ ਵਿੱਤ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਪ੍ਰੈੱਸ ਬਿਆਨ ਰਾਹੀਂ ਦਿੱਤੀ।

www.deshdoaba.com
www.ambedkartimes.com

# ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਵਿਖੇ ਫਰੈਸ਼ਰ ਪਾਰਟੀ-2024

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**– ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਵਿਖੇ ਜੀ.ਐਨ.ਐਮ. ਨਰਸਿੰਗ, ਬੀ.ਐਸ.ਸੀ. ਨਰਸਿੰਗ ਅਤੇ ਬੀ.ਐਸ.ਸੀ. ਪੋਸਟ ਬੇਸਿਕ ਨਰਸਿੰਗ ਕੋਰਸਾਂ ਵਿਚ ਦਾਖਲ ਨਵੇਂ ਵਿਦਿਆਰਥੀਆਂ ਦਾ ਸਵਾਗਤ ਕਰਨ ਲਈ ਸੀਨੀਅਰ ਨਰਸਿੰਗ ਵਿਦਿਆਰਥੀਆਂ ਅਤੇ ਕਾਲਜ ਵੱਲੋਂ ਫਰੈਸ਼ਰ ਪਾਰਟੀ-2024 ਦਾ ਆਯੋਜਿਨ ਕੀਤਾ ਗਿਆ। ਇਸ ਦੇ ਮੁੱਖ ਮਹਿਮਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਸ. ਕੁਲਵਿੰਦਰ ਸਿੰਘ ਢਾਹਾਂ ਅਤੇ ਸ। ਜੋਗਿੰਦਰ ਸਿੰਘ ਸਾਧੜਾ ਸੀਨੀਅਰ ਮੀਤ ਪ੍ਰਧਾਨ ਸਨ। ਫਰੈਸ਼ਰ ਪਾਰਟੀ ਦਾ ਸ਼ੁਭ ਆਰੰਭ ਮਹਿਮਾਨਾਂ ਵੱਲੋਂ ਸ਼ਮਾਂ ਰੌਸ਼ਨ ਕਰਨ ਉਪਰੰਤ ਹੋਇਆ। ਇਸ ਮੌਕੇ ਸ. ਕੁਲਵਿੰਦਰ ਸਿੰਘ ਢਾਹਾਂ ਨੇ ਨਵੇਂ ਵਿਦਿਆਰਥੀਆਂ ਦਾ ਨਿੱਘਾ ਸਵਾਗਤ ਕਰਦੇ ਕਿਹਾ ਕਿ ਨਰਸਿੰਗ ਦਾ ਕਿੱਤਾ ਉਹ ਪ੍ਰੋਫੈਸ਼ਨਲ ਸਰਵਿਸ ਹੈ ਜਿਸ ਵਿਚ ਸੇਵਾ ਵੀ ਹੁੰਦੀ ਹੈ ਅਤੇ ਸਤਿਕਾਰ ਵਾਲਾ ਵਧੀਆ ਰੁਜ਼ਗਾਰ ਵੀ ਬਣਦਾ ਹੈ। ਉਹਨਾਂ ਨੇ ਵਿਦਿਆਰਥੀਆਂ ਨੂੰ ਪੂਰੇ ਅਨੁਸ਼ਾਸ਼ਨ ਨਾਲ ਪੜ੍ਹਾਈ ਕਰਕੇ ਆਪਣਾ, ਆਪਣੇ ਮਾਂ-ਪਿਆਂ ਅਤੇ ਆਪਣੇ ਨਰਸਿੰਗ ਕਾਲਜ ਦਾ ਨਾਮ ਰੋਸ਼ਨ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰਿੰਸੀਪਲ ਡਾ ਸੁਰਿੰਦਰ ਜਸਪਾਲ ਨੇ ਮਹਿਮਾਨਾਂ ਅਤੇ ਸਮੂਹ ਵਿਦਿਆਰਥੀਆਂ ਨੂੰ ਜੀ ਆਇਆਂ ਕਿਹਾ ਅਤੇ ਕਾਲਜ ਬਾਰੇ ਜਾਣਕਾਰੀ ਦਿੱਤੀ। ਫਰੈਸ਼ਰ ਪਾਰਟੀ 2024 ਵਿਚ ਨਵੇਂ ਦਾਖਲ ਨਰਸਿੰਗ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਕੈਟ ਵਾਕ ਕੀਤੀ ਗਈ ਅਤੇ ਸਭਿਆਚਾਰਕ ਕੋਰੀਓਗਰਾਫੀ ਪੇਸ਼ ਕਰਕੇ ਖ਼ੂਬ ਰੰਗ ਬੰਨ੍ਹਿਆ। ਵਿਦਿਆਰਥੀਆਂ ਦੇ ਲੋਕ ਨਾਚਾਂ ਭੰਗੜੇ ਅਤੇ ਗਿੱਧਾ ਦੀ ਪੇਸ਼ਕਾਰੀ ਨੇ ਸਰੋਤਿਆ ਦਾ ਮਨ ਮੋਹ ਲਿਆ। ਨਰਸਿੰਗ ਕਾਲਜ ਦੇ ਕੈਂਪਸ ਵਿਚ ਹੋਈ ਫਰੈਸ਼ਰ ਪਾਰਟੀ ਦੇ ਸਖਤ ਮੁਕਾਬਲੇ ਵਿਚੋਂ ਮਿਸ ਫਰੈਸ਼ਰ 2024 ਬਲਵਿੰਦਰ ਕੌਰ ਜੀ.ਐਨ.ਐਮ. ਨਰਸਿੰਗ ਪਹਿਲਾ ਸਾਲ ਅਤੇ ਮਿਸਟਰ ਫਰੈਸ਼ਰ 2024 ਅਰਮਾਨ ਸਿੰਘ ਬੀ.ਐਸ.ਸੀ. ਨਰਸਿੰਗ ਪਹਿਲਾ ਸਾਲ ਨੂੰ ਚੁਣਿਆ ਗਿਆ। ਲੜਕੀਆਂ ਵਿਚੋ ਫਸਟ ਰਨਰ ਅੱਪ ਗੁਰਸ਼ੀਲ ਕੌਰ ਜੀ.ਐਨ.ਐਮ. ਨਰਸਿੰਗ ਪਹਿਲਾ ਸਾਲ ਅਤੇ ਹਰਜੋਤ ਕੌਰ ਜੀ.ਐਨ.ਐਮ. ਨਰਸਿੰਗ ਪਹਿਲਾ ਸਾਲ ਸੈਕਿੰਡ ਰਨਰ ਅੱਪ ਰਹੇ। ਜਦ ਕਿ ਲੜਕਿਆਂ ਵਿਚ ਫਸਟ ਰਨਰ ਅੱਪ ਪਰਨੀਤ ਸਿੰਘ ਬੀ.ਐਸ.ਸੀ. ਨਰਸਿੰਗ ਪਹਿਲਾ ਸਾਲ ਅਤੇ ਸੈਕਿੰਡ ਰਨਰਅਪ ਹਰਦੀਪ ਸੈਣੀ ਬੀ.ਐਸ.ਸੀ. ਨਰਸਿੰਗ ਪਹਿਲਾ ਸਾਲ ਰਹੇ। ਮਿਸ ਕੈਟ ਵਾਕ ਲਈ ਮਨਜੋਤ ਕਲੇਰ ਬੀ.ਐਸ.ਸੀ. ਨਰਸਿੰਗ ਪਹਿਲਾ ਸਾਲ, ਮਿਸ ਬਿਊਟੀਫੁਲ ਸਮਾਈਲ ਲਈ ਲਵਲੀ ਬੀ.ਐਸ.ਸੀ. ਨਰਸਿੰਗ ਪਹਿਲਾ ਸਾਲ ਅਤੇ ਬੈਸਟ ਕਾਸਟਿਊਮ ਲਈ ਜੈਸਿਕਾ ਜੀ ਐਨ ਐਮ ਨਰਸਿੰਗ ਪਹਿਲਾ ਸਾਲ ਨੂੰ ਚੁਣਿਆ ਗਿਆ। ਇਸ ਮੌਕੇ ਹੋਏ ਵੱਖ ਵੱਖ ਮੁਕਾਬਲਿਆਂ ਲਈ ਜੱਜਾਂ ਦੀ ਅਹਿਮ ਜ਼ਿੰਮੇਦਾਰੀ ਮੈਡਮ ਸੰਦੀਪ ਸੂਦਨ, ਮੈਡਮ ਸ਼ਿਵਾਨੀ ਭਰਦਵਾਜ ਅਤੇ ਮੈਡਮ ਰਾਜਵਿੰਦਰ ਕੌਰ ਨੇ ਬਾਖੂਬੀ ਨਿਭਾਈ। ਮੁੱਖ ਮਹਿਮਾਨਾਂ ਨੇ ਜੇਤੂ ਵਿਦਿਆਰਥੀਆਂ ਨੂੰ ਆਪਣੇ ਕਰ ਕਮਲਾਂ ਨਾਲ ਸਨਮਾਨਿਤ ਕੀਤਾ। ਇਸ ਫਰੈਸ਼ਰ ਪਾਰਟੀ ਵਿਚ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਲਈ ਸ। ਬਰਜਿੰਦਰ ਸਿੰਘ ਢਾਹਾਂ ਮੀਤ ਪ੍ਰਧਾਨ, ਸ। ਜਗਜੀਤ ਸਿੰਘ ਸੋਢੀ ਮੀਤ ਸਕੱਤਰ, ਮੈਡਮ ਰਮਨਦੀਪ ਕੌਰ ਵਾਈਸ ਪ੍ਰਿੰਸੀਪਲ, ਸਮੂਹ ਨਰਸਿੰਗ ਅਧਿਆਪਕ ਤੇ ਵਿਦਿਆਰਥੀ ਵੀ ਹਾਜ਼ਰ ਸਨ।



# ਮੋਦੀ ਹਕੂਮਤ ਵਲੋਂ ਕਿਸਾਨਾਂ ਤੇ ਜਬਰ ਖਿਲਾਫ ਤਿੰਨ ਦਿਨ ਟੋਲਪਲਾਜੇ ਫ੍ਰੀ ਕਰਨ ਦਾ ਐਲਾਨ

**ਜਗਰਾਂਓ (ਦਲਜੀਤ ਕੌਰ)** ਅੱਜ ਜਗਰਾਂਓ ਤਹਿਸੀਲ ਦੀਆਂ ਕਿਸਾਨ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਯਾਦਗਾਰ ਹਾਲ ਜਗਰਾਂਓ ਵਿਖੇ ਹੋਈ। ਮੀਟਿੰਗ ਵਿੱਚ 16 ਫਰਵਰੀ ਦੇ ਭਾਰਤ ਬੰਦ ਚ ਇਲਾਕੇ ਦੇ ਲੋਕਾਂ ਖਾਸ ਕਰ ਦੁਕਾਨਦਾਰ, ਵਪਾਰੀ ਵੀਰਾਂ ਅਤੇ ਪ੍ਰਾਈਵੇਟ ਸਕੂਲਾਂ ਦੀਆਂ ਮੈਨੇਜਮੈਂਟਾਂ ਵਲੋਂ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ ਗਿਆ। ਮੀਟਿੰਗ ਵਿਚ ਸ਼ਾਮਲ ਸਮੂਹ ਕਿਸਾਨ, ਮਜਦੂਰ, ਮੁਲਾਜਮ ਜਥੇਬੰਦੀਆਂ ਦੀ ਵਧੀਆ ਹਿੱਸੇਦਾਰੀ ਖਾਸਕਰ ਔਰਤ, ਵਰਗ ਦੀ ਸ਼ਮੂਲੀਅਤ ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਗਿਆ। ਇਸ ਸਮੇਂ ਕੇਂਦਰ ਦੀ ਮੋਦੀ ਤੇ ਹਰਿਆਣਾ ਦੀ ਖੱਟਰ ਸਰਕਾਰ ਵਲੋਂ ਕਿਸਾਨ ਸੰਘਰਸ਼ ਲਈ ਅਪਣਾਏ ਜਾ ਰਹੇ ਲਟਕਾਊ ਤੇ ਮੁੱਦਿਆਂ ਨੂੰ ਗਲਤ ਰੂਪ ਦੇਣ ਦੇ ਵਤੀਰੇ ਦੀ ਸਖਤ ਨਿੰਦਾ ਕੀਤੀ ਗਈ। ਇਸ ਸਮੇਂ ਸਰਵਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ 20 ਫਰਵਰੀ ਤੋਂ 22 ਫਰਵਰੀ ਤਕ ਚੋਕੀਮਾਨ ਅਤੇ ਰਕਬਾ ਟੋਲਪਲਾਜੇ ਫ੍ਰੀ ਕਰਕੇ ਤਿੰਨ ਦਿਨ ਰਾਤ ਦੇ ਧਰਨੇ ਦਿੱਤੇ ਜਾਣਗੇ। ਉਨਾਂ ਕਿਹਾ ਕਿ ਮੋਦੀ ਹਕੂਮਤ ਅਸਲ ਮੁੱਦਿਆਂ ਤੋਂ ਪਰੇ ਜਾ ਕੇ ਮੰਗਾਂ ਨੂੰ ਉਲਝਾ ਰਹੀ ਹੈ ਜਿਸ ਨੂੰ ਕਦਾਚਿਤ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨਾਂ ਕਿਹਾ ਕਿ ਮੋਰਚੇ ਨਾਲ ਸਬੰਧਤ ਸਾਰੀਆਂ ਜਥੇਬੰਦੀਆਂ ਵੱਡੀ ਗਿਣਤੀ ਚ ਇਸ ਐਕਸ਼ਨ 'ਚ ਸ਼ਾਮਲ ਹੋਣਗੀਆਂ।

ਇਸ ਮੀਟਿੰਗ ਵਿੱਚ ਜਮਹੂਰੀ ਕਿਸਾਨ ਸਭਾ ਦੇ ਬਲਰਾਜ ਸਿੰਘ ਕੋਟਉਮਰਾ, ਗੁਰਮੇਲ ਸਿੰਘ ਰੂਮੀ, ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਜਿਲਾ ਸਕੱਤਰ ਇੰਦਰਜੀਤ ਸਿੰਘ ਧਾਲੀਵਾਲ, ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਜੋਗਿੰਦਰ ਸਿੰਘ ਢਿੱਲੋਂ, ਆਲ ਇੰਡੀਆ ਕਿਸਾਨ ਸਭਾ (1936) ਦੇ ਆਗੂ ਚਮਕੌਰ ਸਿੰਘ ਬੀਰਮੀ, ਚਰਨ ਸਿੰਘ ਸਰਾਭਾ, ਗੁਰਦੀਪ ਸਿੰਘ ਮੋਤੀ, ਆਲ ਇੰਡੀਆ ਕਿਸਾਨ ਸਭਾ (ਹਨਨ ਮੁੱਲਾ) ਦੇ ਆਗੂ ਨਿਰਮਲ ਸਿੰਘ ਧਾਲੀਵਾਲ ਅਤੇ ਜਗਦੀਸ਼ ਸਿੰਘ ਕਾਉਂਕੇ ਹਾਜਰ ਸਨ।



# ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰਪੁਰਬ 'ਤੇ ਸੈਲਮਾਂ ਵਿਖੇ 25 ਫਰਵਰੀ ਨੂੰ ਹੋਣਗੇ ਵਿਸ਼ੇਸ਼ ਸਮਾਗਮ

**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਦੁਨੀਆਂ ਭਰ ਵਿੱਚ ਸੱਚ ਦੇ ਪੈਰੋਕਾਰ, ਕ੍ਰਾਂਤੀਕਾਰੀ ਅਤੇ ਕਿਰਤ ਦੇ ਹਾਮੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਪੁਰਬ ਨੂੰ ਸਮਰਪਿਤ ਸਮਾਗਮ ਸਮਾਗਮ ਪੂਰੀ ਲੁਕਾਈ ਵਿੱਚ ਹੋ ਰਹੇ ਹਨ। ਇਸੇ ਲੜੀ ਤਹਿਤ ਕੈਲੇਫੋਰਨੀਆਂ ਦੇ ਸ਼ਹਿਰ ਸੈਲਮਾਂ ਵਿਖੇ 25 ਫਰਬਰੀ 2024 ਨੂੰ ਵਿਸ਼ੇਸ਼ ਸਮਾਗਮ ਕਰਵਾਏ ਜਾ ਰਹੇ ਹਨ। ਜਿਸ ਸੰਬੰਧੀ 'ਸਿੱਖ ਕੌਂਸ਼ਲ ਆਫ ਸੈਂਟਰਲ ਕੈਲੇਫੋਰ-ਨੀਆਂ' ਦੇ ਜਨਰਲ ਸਕੱਤਰ ਸ। ਸੁਖਦੇਵ ਸਿੰਘ ਚੀਮਾਂ ਨੇ ਪ੍ਰੈਸ਼ ਰਿਲੀਜ਼ ਸਾਂਝੀ ਕਰਦੇ ਹੋਏ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸੈਲਮਾਂ ਵਿਖੇ 23 ਫਰਵਰੀ 2024 ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ। ਜਿੰਨਾਂ ਦੇ ਭੋਗ 25 ਫਰਬਰੀ ਨੂੰ ਪੈਣਗੇ। ਇਸ ਸਮੇਂ ਵਿਸ਼ੇਸ਼ ਸਮਾਗਮਾਂ ਵਿੱਚ ਹਿੱਸਾ ਲੈਣ ਵਾਲੇ ਪ੍ਰਮੁੱਖ ਕੀਰਤਨੀ ਜੱਥਿਆਂ ਵਿੱਚ ਭਾਈ ਸੋਢੀ ਸਿੰਘ ਅਤੇ ਸਾਥੀ, ਭਾਈ ਜੌਗਿੰਦਰ ਸਿੰਘ ਅਤੇ ਸਾਥੀ, ਭਾਈ ਰਾਮ ਆਸਰਾ ਜੀ ਹੋਣਗੇ। ਜਦ ਕਿ ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਗੁਰਮਤਿ ਬੁਲਾਰੇ ਅਤੇ ਬੁੱਧੀਜੀਵੀ ਸੰਗਤਾਂ ਨਾਲ ਵਿਚਾਰਾਂ ਦੀ ਸਾਂਝ ਪਾਉਣਗੇ। ਗੁਰੂਘਰ ਦੇ ਪ੍ਰਬੰਧਕਾਂ ਅਤੇ ਸਿੱਖ ਕੌਸ਼ਲ ਆਫ ਕੈਲੇਫੋਰਨੀਆਂ ਵੱਲੋਂ ਸਮੂੰਹ ਸੰਗਤ ਇੰਨਾਂ ਸਮਾਗਮਾ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਜਾਂਦੀ ਹੈ। ਗੁਰੂਘਰ ਦਾ ਪਤਾ: 2650 Bliane Ave, Selma, CA-93662 ਹੈ। ਸਮੂੰਹ ਪ੍ਰੋਗਰਾਮਾਂ ਦੌਰਾਨ ਗੁਰੂ ਦਾ ਲੰਗਰ ਤਿੰਨੇ ਦਿਨ ਅਤੁੱਟ ਵਰਤੇਗਾ। ਵਧੇਰੇ ਜਾਣਕਾਰੀ ਲਈ ਮੁੱਖ ਸੇਵਾਦਾਰ ਦੇਵਰਾਜ ਸਿੰਘ ਨਾਲ ਫੋਨ ਨੰਬਰ (559) 916-6202, ਮਨੋਹਰ ਲਾਲ (559) 546-3437 ਜਾਂ ਬੂਟਾ ਸਿੰਘ (559) 819-7888 ਨਾਲ ਸੰਪਰਕ ਕੀਤਾ ਜਾ ਸਕਦਾ ਹੈ।



# ਅਮਰੀਕਾ ਵਿਚ ਪੁਲਿਸ ਉਪਰ ਗੋਲੀਬਾਰੀ, 2 ਪੁਲਿਸ ਅਫਸਰਾਂ ਸਮੇਤ 3 ਮੌਤਾਂ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਅਮਰੀਕਾ ਦੇ ਮਿਨੇਸੋਟਾ ਰਾਜ ਵਿਚ ਨੀਮ ਸ਼ਹਿਰੀ ਖੇਤਰ ਬਰਨਸਵਿਲੇ ਵਿਖੇ ਇਕ ਪਰਿਵਾਰ ਨੂੰ ਬੰਧਕ ਬਣਾ ਲੈਣ ਦੀ ਸੂਚਨਾ ਮਿਲਣ ਉਪਰੰਤ ਮੌਕੇ 'ਤੇ ਪੁੱਜੀ ਪੁਲਿਸ ਉਪਰ ਗੋਲੀਬਾਰੀ ਕਰਨ ਦੀ ਖਬਰ ਹੈ ਜਿਸ ਕਾਰਨ 2 ਪੁਲਿਸ ਅਫਸਰ ਤੇ ਇਕ ਪੈਰਾਮੈਡਿਕ ਕਾਮੇ ਦੀ ਮੌਤ ਹੋ ਗਈ ਅਤੇ ਇਕ ਪੁਲਿਸ ਅਫਸਰ ਜਖਮੀ ਹੋ ਗਿਆ। ਮਿਨੇਸੋਟਾ ਦੇ ਗਵਰਨਰ ਟਿਮ ਵਾਲਜ਼ ਨੇ ਕਿਹਾ ਹੈ ਕਿ ਤੜਕਸਾਰ ਤਕਰੀਬਨ 1।50 ਵਜੇ ਪੁਲਿਸ ਨੂੰ ਫੋਨ ਉਪਰ ਸੂਚਨਾ ਮਿਲੀ ਸੀ ਕਿ ਇਕ ਪਰਿਵਾਰ ਖਤਰੇ ਵਿਚ ਹੈ। ਇਕ ਹਥਿਆਰਬੰਦ ਵਿਅਕਤੀ ਨੇ ਪਰਿਵਾਰ ਨੂੰ ਘਰ ਵਿਚ ਬੰਧਕ ਬਣਾਇਆ ਹੋਇਆ ਹੈ। ਪਰਿਵਾਰਕ ਮੈਂਬਰਾਂ ਵਿਚ 2 ਤੋਂ 15 ਸਾਲਾਂ ਦੇ 7 ਬੱਚੇ ਵੀ ਸ਼ਾਮਿਲ ਹਨ। ਮਿਨੇਸੋਟਾ ਬਿਊਰੋ ਆਫ ਕ੍ਰਿਮੀਨਲ ਐਪਰੀਹੈਨਸ਼ਨ ਸੁਪਰਡੈਂਟ ਡਰੀਓ ਏਵਾਨਜ ਨੇ ਇਕ ਪ੍ਰੈਸ ਬਿਆਨ ਵਿਚ ਦਸਿਆ ਕਿ ਮੌਕੇ 'ਤੇ ਪੁੱਜੇ ਪੁਲਿਸ ਅਫਸਰਾਂ ਨੇ ਸ਼ੱਕੀ ਨੂੰ ਸਮਝਾਊਣ ਦੀ ਕੋਸ਼ਿਸ਼ ਕੀਤੀ ਪਰੰਤੂ ਜਦੋਂ ਗਲਬਾਤ ਚਲ ਹੀ ਰਹੀ ਸੀ ਤਾਂ ਸ਼ੱਕੀ ਨੇ ਪੁਲਿਸ ਉਪਰ ਗੋਲੀ ਚਲਾ ਦਿੱਤੀ। ਮਾਰੇ ਗਏ ਪੁਲਿਸ ਅਫਸਰਾਂ ਦੀ ਪਛਾਣ ਪਾਲ ਏਲਮਸਟਰਾਂਡ ਤੇ ਮੈਥੀਊ ਰੂਜ ਵਜੋਂ ਹੋਈ ਇਨਾਂ ਦੋਨਾਂ ਦੀ ਉਮਰ 27 ਸਾਲ ਸੀ। ਜਦ ਕਿ ਪੈਰਾਮੈਡਿਕ ਕਾਮੇ ਦੀ ਪਛਾਣ ਐਡਮ ਫਿਨਸੇਠ (40) ਵਜੋਂ ਹੋਈ ਹੈ।

ਸਾਰਜੈਂਟ ਐਡਮ ਮੈਡੀਕੋਟ ਇਸ ਗੋਲੀਬਾਰੀ ਦੌਰਾਨ ਜਖਮੀ ਹੋ ਗਿਆ ਜਿਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਪ੍ਰੈਸ ਬਿਆਨ ਅਨੁਸਾਰ ਸ਼ੱਕੀ ਹਮਲਾਵਰ ਵੀ ਮਾਰਿਆ ਗਿਆ ਜਿਸ ਦੀ ਪਛਾਣ ਅਜੇ ਨਹੀਂ ਹੋ ਸਕੀ। ਬੱਚੇ ਤੇ ਹੋਰ ਪਰਿਵਾਰਕ ਮੈਂਬਰ ਸੁਰੱਖਿਅਤ ਹਨ। ਬਿਆਨ ਵਿਚ ਹੋਰ ਕਿਹਾ ਗਿਆ ਹੈ ਕਿ ਮੁੱਢਲੀ ਜਾਂਚ ਉਪਰੰਤ ਘਟਨਾ ਦੇ ਸਬੰਧ ਵਿੱਚ ਹੋਰ ਜਾਣਕਾਰੀ ਦਿੱਤੀ ਜਾਵੇਗੀ।

# ਵਰਜੀਨੀਆ ਵਿਚ ਧਮਾਕੇ ਉਪਰੰਤ ਇਕ ਘਰ ਨੂੰ ਲੱਗੀ ਅੱਗ, ਅੱਗ ਬੁਝਾਊ ਕਾਮੇ ਦੀ ਮੌਤ ਤੇ 13 ਹੋਰ ਜਖਮੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) –** ਅਮਰੀਕਾ ਦੇ ਵਰਜੀਨੀਆ ਰਾਜ ਵਿਚ ਸਟਰਲਿੰਗ ਵਿਖੇ ਸ਼ਾਮ ਵੇਲੇ ਇਕ ਘਰ ਨੂੰ ਲੱਗੀ ਭਿਆਨਕ ਅੱਗ ਵਿੱਚ ਸੜ ਕੇ ਅੱਗ ਬੁਝਾਊ ਅਮਲੇ ਦੇ ਇਕ ਮੈਂਬਰ ਦੀ ਮੌਤ ਹੋ ਗਈ ਜਦ ਕਿ ਘੱਟੋ ਘੱਟ 13 ਹੋਰ ਜਖਮੀ ਹੋ ਗਏ ਜਿਨਾਂ ਵਿਚ 2 ਆਮ ਲੋਕ ਸ਼ਾਮਿਲ ਹਨ। ਅਧਿਕਾਰੀਆਂ ਅਨੁਸਾਰ ਜਿਸ ਸਮੇ ਘਰ ਨੂੰ ਲੱਗੀ ਅੱਗ ਨੇ ਇਕਦਮ ਭਾਂਬੜ ਦਾ ਰੂਪ ਧਾਰਿਆ ਉਸ ਸਮੇ ਅੱਗ ਬੁਝਾਊ ਅਮਲੇ ਦੇ ਮੈਂਬਰ 500 ਗੈਲਨ ਦੀ ਸਮਰਥਾ ਵਾਲੇ ਟੈਂਕ ਵਿਚੋਂ ਗੈਸ ਰਿਸਾਅ ਦੀ ਜਾਂਚ ਲਈ ਘਰ ਦੇ ਅੰਦਰ ਗਏ ਸਨ। ਲੌਡਾਊਨ ਕਾਊਂਟੀ ਫਾਇਰ ਐਂਡ ਰੈਸਕਿਊ ਵਿਭਾਗ ਅਨੁਸਾਰ ਅੱਗ ਧਮਾਕੇ ਉਪਰੰਤ ਲੱਗੀ ਤੇ ਜਖਮੀਆਂ ਨੂੰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ ਜਿਨਾਂ ਵਿਚੋਂ ਕੁਝ ਦੇ ਗੰਭੀਰ ਜਖਮ ਹਨ। ਮ੍ਰਿਤਕ ਕਾਮੇ ਦੀ ਪਛਾਣ ਟਰੇਵਰ ਬਰਾਊਨ (45) ਵਜੋਂ ਹੋਈ ਹੈ ਜੋ ਸਟਰਲਿੰਗ ਵਲੰਟੀਅਰ ਫਾਇਰ ਕੰਪਨੀ ਵਿਚ ਕੰਮ ਕਰਦਾ ਸੀ। ਲੌਡਾਊਨ ਕਾਊਂਟੀ ਕੰਬਾਈਨਡ ਫਾਇਰ ਰੈਸਕਿਊ ਸਿਸਟਮ ਨੇ ਜਾਰੀ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਗੈਸ ਰਿਸਣ ਦੀ ਸੂਚਨਾ ਮਿਲਣ 'ਤੇ ਅੱਗ ਬੁਝਾਊ ਅਮਲਾ ਸਥਾਨਕ ਸਮੇ ਅਨੁਸਾਰ ਸ਼ਾਮ 7.40 ਵਜੇ ਦੇ ਕਰੀਬ ਮੌਕੇ 'ਤੇ ਪੁੱਜਾ ਸੀ। ਸਿਸਟਮ ਦੇ ਮੁਖੀ ਕੀਥ ਜੌਹਨਸਨ ਨੇ ਕਿਹਾ ਕਿ ਅੱਗ ਬੁਝਾਊ ਅਮਲੇ ਨੇ ਘਰ ਵਿਚ ਮੌਜੂਦ 2 ਵਿਅਕਤੀਆਂ ਤੇ ਪਾਲਤੂ ਜਾਨਵਰਾਂ ਨੂੰ ਬਾਹਰ ਕੱਢਿਆ। 8।30 ਵਜੇ ਤੋਂ ਪਹਿਲਾਂ ਜਬਰਦਸਤ ਧਮਾਕਾ ਹੋਇਆ ਤੇ ਅੰਦਰ ਮੌਜੂਦ ਅਮਲਾ ਅੱਗ ਦੀਆਂ ਲਪਟਾਂ ਵਿਚ ਘਿਰ ਗਿਆ ਜਦ ਕਿ ਬਾਹਰ ਖੜੇ ਮੈਂਬਰ ਵੀ ਧਮਾਕੇ ਦੀ ਲਪੇਟ ਵਿਚ ਆ ਕੇ ਜਖਮੀ ਹੋ ਗਏ।



# ਐਫ ਬੀ ਆਈ ਦੇ ਸਾਬਕਾ ਚੋਟੀ ਦੇ ਅਧਿਕਾਰੀ ਨੂੰ ਵਿਦੇਸ਼ੋਂ ਮਿਲੇ ਸਵਾ ਦੋ ਲੱਖ ਡਾਲਰ ਦੇ ਮਾਮਲੇ ਵਿਚ ਹੋਈ 28 ਮਹੀਨੇ ਦੀ ਜੇਲ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) –** ਐਫ ਬੀ ਆਈ ਕਾਊਂਟਰਇੰਟੈਲੀਜੈਂਸ ਦੇ ਇਕ ਸਾਬਕਾ ਚੋਟੀ ਦੇ ਅਧਿਕਾਰੀ ਨੂੰ ਅਲਬਾਨੀਆ ਦੇ ਇਕ ਕਾਰੋਬਾਰੀ ਤੋਂ ਮਿਲੇ 225000 ਡਾਲਰ ਲੁਕਾ ਕੇ ਰਖਣ ਦੇ ਮਾਮਲੇ ਵਿਚ ਇਕ ਅਦਾਲਤ ਨੇ 28 ਮਹੀਨੇ ਜੇਲ ਦੀ ਸਜਾ ਸੁਣਾਈ ਹੈ। ਕਾਊਂਟਰਇੰਟੈਲੀਜੈਂਸ ਐਂਡ ਨੈਸ਼ਨਲ ਸਕਿਊਰਟੀ ਆਪਰੇਸ਼ਨਜ ਦੇ ਸਾਬਕਾ ਇੰਚਾਰਜ ਚਾਰਲਸ ਮੈਕੋਗੋਨੀਗਲ ਨੇ ਐਫ ਬੀ ਆਈ ਤੋਂ ਅਲਬਾਨੀਅਨ ਕਾਰੋਬਾਰੀ ਨਾਲ ਆਪਣੇ ਸਬੰਧਾਂ ਨੂੰ ਲੁਕਾ ਕੇ ਰਖਿਆ। ਉਹ ਆਪਣੇ ਨਿੱਜੀ ਹਿੱਤਾਂ ਲਈ ਅਲਬਾਨੀਆ ਦੇ ਅਧਿਕਾਰੀਆਂ ਨੂੰ ਮਿਲਿਆ। ਸਜਾ ਸੁਣਾਉਣ ਤੋਂ ਪਹਿਲਾਂ ਯੂ ਐਸ ਡਿਸਟ੍ਰਿਕਟ ਜੱਜ ਕੋਲੀਨ ਕੋਲਰ ਕੋਟਲੀ ਦੀ ਅਦਾਲਤ ਵਿਚ ਮੈਕੋਗੋਨੀਗਲ ਨੇ ਕਿਹਾ ਕਿ ਮੈ ਆਪਣੀ ਬਾਕੀ ਬਚੀ ਜਿੰਦਗੀ ਦੌਰਾਨ ਖੁਸਿਆ ਭਰੋਸਾ ਮੁੜ ਹਾਸਲ ਕਰਨ ਦਾ ਯਤਨ ਕਰਾਂਗਾ। ਉਸ ਨੇ ਕਿਹਾ ਕਿ ਮੈ ਇਹ ਰਕਮ ਸੇਵਾਮੁਕਤੀ ਉਪਰੰਤ ਸਕਿਊਰਟੀ ਕੰਸਲਟੈਂਟ ਬਿਜਨਸ ਸ਼ੁਰੂ ਕਰਨ ਲਈ ਕਰਜੇ ਦੇ ਰੂਪ ਵਿਚ ਲਈ ਸੀ ਪਰੰਤੂ ਇਹ ਰਕਮ ਮੈ ਵਾਪਿਸ ਨਹੀਂ ਕੀਤੀ।


NSB Insurance

NIRMAL SINGH BADHAN

for Insurance Call:
NIRMAL SINGH BADHAN
707-228-2020



Lic #0144676

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813

www.nsbinsures.com

1519 Gary CT., Rohnert Park, CA 94928

RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ
ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR ®
CalBRE # 01418648

Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004

Cell: 916-628-2210
Fax: 916-745-3424
Office: 916-285-1000
Email : Dil.Realtor@gmail.com

2081 Arena Blvd #
100 Sacramento, CA 95834



# ਪ੍ਰਧਾਨ ਮੰਤਰੀ ਵਿਸ਼ਵਕਰਮਾ ਦੇ ਅਧੀਨ ਪਹਿਲੀ ਵਾਰ 18 ਰਵਾਇਤੀ ਕਿੱਤਿਆਂ ਨੂੰ ਕੀਤਾ ਗਿਆ ਕਵਰ: ਡਿਪਟੀ ਕਮਿਸਨਰ

**ਪਠਾਨਕੋਟ: (ਰਾਜਿੰਦਰ ਸਿੰਘ ਰਾਜਨ)** ਮਾਈਕਰੋ, ਲਘੂ ਅਤੇ ਮੱਧਮ ਉਦਯੋਗ ਮੰਤਰਾਲਾ ਵਲੋਂ ਪੀਐੱਮ ਵਿਸ਼ਵਕਰਮਾ" ਸਕੀਮ ਨੂੰ ਮਨਜ਼ੂਰੀ ਦੇ ਦਿੱਤੀ ਹੈ ਅਤੇ ਜਿਲ੍ਹਾ ਪਠਾਨਕੋਟ ਅੰਦਰ ਬਲਾਕ ਵਿਕਾਸ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਪਰੋਕਤ ਸਕੀਮ ਦਾ ਜਿਆਦਾ ਤੋਂ ਜਿਆਦਾ ਪ੍ਰਚਾਰ ਕੀਤਾ ਜਾਵੇ ਅਤੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ। ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਪਠਾਨਕੋਟ ਸ੍ਰੀ ਅਦਿੱਤਿਆ ਉੱਪਲ (ਆਈ ਏ ਐਸ) ਵੱਲੋਂ ਅੱਜ ਬਲਾਕ ਵਿਕਾਸ ਤੇ ਪੰਚਾਇਤ ਅਧਿਕਾਰੀਆਂ, ਨਗਰ ਨਿਗਮ ਪਠਾਨਕੋਟ ਦੇ ਅਧਿਕਾਰੀਆਂ ਨਾਲ ਇੱਕ ਵਿਸੇਸ ਮੀਟਿੰਗ ਕਰਨ ਮਗਰੋਂ ਕੀਤਾ ਗਿਆ। ਇਸ ਮੌਕੇ ਤੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸਨਰ ਪਠਾਨਕੋਟ ਨੇ ਦੱਸਿਆ ਕਿ ਇਸ ਸਕੀਮ ਦਾ ਮੰਤਵ ਕਾਰੀਗਰਾਂ ਅਤੇ ਸ਼ਿਲਪਕਾਰਾਂ ਵਲੋਂ ਆਪਣੇ ਹੱਥੀਂ ਅਤੇ ਸੰਦਾਂ ਨਾਲ ਕੰਮ ਕਰਨ ਵਾਲੇ ਗੁਰੂ-ਸ਼ਿਸ਼ਯ ਪ੍ਰੰਪਰਾ ਜਾਂ ਪ੍ਰੰ-ਪਰਾਗਤ ਹੁਨਰਾਂ ਦੇ ਪਰਿਵਾਰ-ਅਧਾਰਿਤ ਅਭਿਆਸ ਨੂੰ ਮਜ਼ਬੂਤ ਬਣਾਉਣਾ ਅਤੇ ਪਾਲਣ ਪੋਸ਼ਣ ਕਰਨਾ ਹੈ ਕਿ ਇਸ ਸਕੀਮ ਦੀ ਗੁਣਵੱਤਾ ਦੇ ਨਾਲ-ਨਾਲ ਕਾਰੀਗਰਾਂ ਅਤੇ ਸ਼ਿਲਪਕਾਰਾਂ ਦੇ ਉਤਪਾਦਾਂ ਅਤੇ ਸੇਵਾਵਾਂ ਦੀ ਪਹੁੰਚ ਵਿੱਚ ਸੁਧਾਰ ਕਰਨਾ ਹੈ।



ਉਨ੍ਹਾਂ ਦੱਸਿਆ ਕਿ ਇਹ ਯੋਜਨਾ ਐਡਵਾਂਸ/ ਤਕਨੀਕੀ ਹੁਨਰ ਅਪਗ੍ਰੇਡੇਸ਼ਨ, ਟੂਲਕਿੱਟ ਪ੍ਰੋਤਸਾਹਨ, ਡਿਜੀਟਲ ਲੈਣ-ਦੇਣ ਲਈ ਪ੍ਰੋਤਸਾਹਨ ਅਤੇ ਮਾਰਕੀਟਿੰਗ ਸਹਾਇਤਾ ਪ੍ਰਦਾਨ ਕਰੇਗੀ। ਉਨ੍ਹਾਂ ਦੱਸਿਆ ਕਿ ਉਪਰੋਕਤ ਸਕੀਮ ਅਧੀਨ ਵੱਖ-ਵੱਖ ਪੱਧਰਾਂ 'ਤੇ ਤਿੰਨ-ਪੜਾਵੀ ਤਸਦੀਕ ਤੋਂ ਬਾਅਦ ਕਾਮਨ ਸਰਵਿਸ ਸੈਂਟਰਾਂ ਰਾਹੀਂ ਵਿਸ਼ਵਕਰਮਾ ਲਈ ਰਜਿਸਟ੍ਰੇਸਨ ਕੀਤੀ ਜਾ ਸਕਦੀ ਹੈ, ਉਨ੍ਹਾਂ ਦੱਸਿਆ ਕਿ 15,000 ਰੁਪਏ ਤੱਕ ਦਾ ਟੂਲਕਿੱਟ ਪ੍ਰੋਤਸਾਹਨ ਫੰਡ ਵੀ ਜਾਰੀ ਕੀਤਾ ਜਾਵੇਗਾ, ਕਾਰੋਬਾਰ ਦੇ ਵਿਕਾਸ ਵਿੱਚ ਸਹਾਇਤਾ ਲਈ ਦੋ ਕਿਸ਼ਤਾਂ ਵਿੱਚ ਕ੍ਰੈਡਿਟ ਸਹਾਇਤਾ/ ਕਰਜ਼ਾ। ਪੀਐੱਮ ਵਿਸ਼ਵਕਰਮਾ ਯੋਜਨਾ ਦੇ ਤਹਿਤ, ਕਾਰੀਗਰਾਂ ਅਤੇ ਸ਼ਿਲਪਕਾਰਾਂ ਨੂੰ ਪੀਐੱਮ ਵਿਸ਼ਵਕਰਮਾ ਸਰਟੀਫਿਕੇਟ ਅਤੇ ਸ਼ਨਾਖ਼ਤੀ ਕਾਰਡ ਅਤੇ 5 ਪ੍ਰਤੀਸਤ ਦੀ ਰਿਆਇਤੀ ਵਿਆਜ ਦਰ ਨਾਲ 1 ਲੱਖ ਰੁਪਏ (ਪਹਿਲੀ ਕਿਸ਼ਤ) ਅਤੇ 2 ਲੱਖ ਰੁਪਏ (ਦੂਜੀ ਕਿਸ਼ਤ) ਤੱਕ ਦੀ ਕਰਜਾ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।

ਉਨ੍ਹਾਂ ਦੱਸਿਆ ਕਿ ਇਹ ਯੋਜਨਾ ਸਮੁੱਚੇ ਭਾਰਤ ਦੇ ਪੇਂਡੂ ਅਤੇ ਸ਼ਹਿਰੀ ਖੇਤਰਾਂ ਦੇ ਕਾਰੀਗਰਾਂ ਅਤੇ ਸ਼ਿਲਪਕਾਰਾਂ ਨੂੰ ਸਹਾਇਤਾ ਪ੍ਰਦਾਨ ਕਰੇਗੀ। ਪੀਐੱਮ ਵਿਸ਼ਵਕਰਮਾ ਅਧੀਨ ਪਹਿਲੀ ਵਾਰ 18 ਰਵਾਇਤੀ ਕਿੱਤਿਆਂ ਨੂੰ ਕਵਰ ਕੀਤਾ ਜਾਵੇਗਾ। ਇਨ੍ਹਾਂ ਕਿੱਤਿਆਂ ਵਿੱਚ ਤਰਖਾਣ, ਕਿਸ਼ਤੀ ਬਣਾਉਣ ਵਾਲੇ, ਸ਼ਸਤਰਕਾਰੀ, ਲੋਹਾਰ, ਹਥੌੜੇ ਅਤੇ ਸੰਦ ਬਣਾਉਣ ਵਾਲੇ, ਤਾਲਾ ਬਣਾਉਣ ਵਾਲੇ, ਸੁਨਿਆਰੇ (ਸੋਨਾਰ), ਘੁਮਿਆਰ (ਕੁਮਹਾਰ), ਮੂਰਤੀਕਾਰ, ਪੱਥਰ ਤੋੜਨ ਵਾਲੇ, ਮੋਚੀ/ ਜੁੱਤੀ ਬਣਾਉਣ ਵਾਲੇ/ ਜੁੱਤੀਆਂ ਦਾ ਕਾਰੀਗਰ, ਮਿਸਤਰੀ (ਰਾਜ ਮਿਸਤਰੀ), ਟੋਕਰੀ/ਚਟਾਈ/ਝਾੜੂ ਬਣਾਉਣ ਵਾਲੇ/ਕੋਇਰ ਬੁਣਨ ਵਾਲੇ, ਗੁੱਡੀ ਅਤੇ ਖਿਡੌਣਾ ਬਣਾਉਣ ਵਾਲੇ, ਨਾਈ, ਮਾਲਾ ਬਣਾਉਣ ਵਾਲੇ (ਮਲਾਕਾਰ), ਧੋਬੀ, ਦਰਜ਼ੀ ਅਤੇ ਮੱਛੀ ਜਾਲ ਬਣਾਉਣ ਵਾਲੇ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਸੂਖਮ, ਲਘੂ ਅਤੇ ਮੱਧਮ ਉਦਯੋਗ ਮੰਤਰਾਲਾ ਵੱਲੋਂ ਪ੍ਰਧਾਨ ਮੰਤਰੀ ਵਿਸ਼ਵਕਰਮਾ ਦੇ ਅਧੀਨ ਪਹਿਲੀ ਵਾਰ 18 ਰਵਾਇਤੀ ਕਿੱਤਿਆਂ ਨੂੰ ਕਵਰ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਵਿਸ਼ਕਰਮਾ ਸਕੀਮ ਦਾ ਫ਼ਾਇਦਾ ਲੈਣ ਦੇ ਚਾਹਵਾਨ ਉਮੀਦਵਾਰ ਆਪਣੇ ਨਜ਼ਦੀਕੀ ਕਿੱਸੇ ਵੀ ਕੋਮਨ ਸਰਵਿਸ ਸੈਂਟਰ ਤੇ ਜਾ ਕੇ ਆਪਣੀ ਰਜਿਸਟ੍ਰੇਸ਼ਨ ਕਰਵਾਉਣ ਅਤੇ ਇਸ ਤੋਂ ਇਲਾਵਾ ਹੋਰ ਜਾਣਕਾਰੀ ਲਈ ਜਿਲਾ ਪਰਬੰਧਕੀ ਕੰਪਲੈਕਸ ਕਮਰਾ ਨੰਬਰ 352 ਮਲਿਕਪੁਰ ਵਿੱਚ ਸੰਪਰਕ ਕਰ ਸਕਦੇ ਹਨ ਜਾਂ ਜਨਰਲ ਮੈਨੇਜਰ ਜ਼ਿਲ੍ਹਾ ਉਦਯੋਗ ਕੇਂਦਰ ਪੁਲਿਸ ਲਾਈਨ ਰੋਡ ਢਾਂਗੂ ਰੋਡ ਪਠਾਨਕੋਟ ਵਿੱਚ ਸੰਪਰਕ ਕਰ ਸਕਦੇ ਹਨ।

# 74,800 ਨਿਊਜ਼ੀਲੈਂਡ ਨਾਗਰਿਕ ਛੱਡ ਗਏ ਦੇਸ਼ ਤੇ 27,800 ਵਾਪਿਸ ਪਰਤੇ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਪੈਸਾ-ਧੇਲਾ ਕੋਲ ਹੋਵੇ ਤਾਂ ਫਿਰ ਦੁਨੀਆ ਵਾਲਾ ਮੇਲਾ ਹੋਰ ਰੰਗਲਾ ਜਾਪਦਾ ਹੈ। ਜਾਂ ਫਿਰ ਪੈਸਾ-ਧੇਲਾ ਇਕੱਤਰ ਕਰਨਾ ਹੋਵੇ ਤਾਂ ਵੀ ਦੁਨੀਆ ਦੇ ਵਿਚ ਬਿਹਤਰ ਮੌਕੇ ਲੱਭਣੇ ਪੈਂਦੇ ਹਨ। ਪ੍ਰਵਾਸ ਆਪਣੀ ਰਫ਼ਤਾਰੇ ਇਕ ਤੋਂ ਦੂਜੇ ਦੇਸ਼ ਦੇ ਵਿਚ ਨਿਤ ਦਿਨ ਪ੍ਰਵੇਸ਼ ਹੋ ਰਿਹਾ ਹੈ। ਦੁਨੀਆ ਚਲੋ-ਚਲੀ ਦਾ ਮੇਲਾ ਬਣੀ ਹੋਈ ਹੈ। ਸਰਕਾਰਾਂ ਇਸ ਗੱਲ ਉਤੇ ਵੀ ਗੌਰ ਰੱਖਦੀਆਂ ਹਨ ਕਿ ਕਿੰਨਾ ਪ੍ਰਵਾਸ ਵਧਿਆ ਅਤੇ ਕਿੰਨਾ ਘਟਿਆ। ਹਰ ਦੇਸ਼ ਦਾ ਅੰਕੜਾ ਵਿਭਾਗ ਇਹ ਕੰਮ ਬਾਖੂਬੀ ਕਰਦਾ ਹੈ। ਨਿਊਜ਼ੀਲੈਂਡ ਦੇ ਅੰਕੜਿਆਂ ਉਤੇ ਝਾਤ ਮਾਰੀਏ ਤਾਂ ਭਾਰਤੀਆਂ ਦਾ ਲਗਪਗ ਪਰ ਰੋਜ਼ ਇਕ ਜਹਾਜ਼ ਭਰ ਕੇ ਨਿਊਜ਼ੀਲੈਂਡ ਵੱਲ ਆ ਰਿਹਾ ਹੈ। ਸਭ ਤੋਂ ਵੱਧ ਗਿਣਤੀ ਭਾਰਤੀਆਂ ਦੀ 2023 ਦੇ ਵਿਚ ਰਹੀ ਹੈ। 2023 ਦੇ ਵਿਚ 44,930 ਭਾਰਤੀ ਪ੍ਰਵਾਸੀ ਇਥੇ ਆਏ। ਦੂਜੇ ਨੰਬਰ ਉਤੇ ਫਿਲੀਪੀਨਜ਼ (34,433) ਵਾਲੇ ਰਹੇ ਅਤੇ ਤੀਜੇ ਨੰਬਰ ਉਤੇ ਚੀਨ (16,711) ਰਿਹਾ।




ਇਸ ਤੋਂ ਇਲਾਵਾ ਨਿਊਜ਼ੀਲੈਂਡ ਦੇ ਨਾਗਰਿਕ ਆਪਣੇ ਦੇਸ਼ ਤੋਂ ਹੋਰ ਬਿਹਤਰ ਦੇਸ਼ ਅਤੇ ਕੰਮ ਦੀ ਭਾਲ ਵਿਚ ਇਥੋਂ ਕਾਲੇ ਪਾਸਪੋਰਟ ਦੇ ਨਾਲ ਖਿਸਕ ਵੀ ਰਹੇ ਹਨ। ਜੋੜ ਘਟਾ ਕਰਨ ਬਾਅਦ ਨਿਊਜ਼ੀਲੈਂਡ ਦੇ ਵਿਚ ਫਿਰ ਵੀ ਪ੍ਰਵਾਸ ਦੀ ਆਮਦ 126,000 ਵਧੀ ਹੈ। ਇਥੇ ਸਾਲ 2023 ਦੇ ਵਿਚ ਕੁੱਲ 226,900 ਗੈਰ ਨਾਗਰਿਕ ਲੋਕ ਰਹਿਣ ਆਏ ਜਿਨ੍ਹਾਂ ਵਿਚੋਂ 53,900 ਵਾਪਿਸ ਮੁੜ ਗਏ ਅਤੇ ਕੁੱਲ 173,000 ਬਾਕੀ ਦੇ ਦੇਸ਼ ਦੇ ਹਿੱਸੇ ਆਏ। ਇਸੀ ਤਰ੍ਹਾਂ ਨਿਊਜ਼ੀਲੈਂਡ ਦੇ 74,800 ਨਾਗਰਕ ਇਥੋਂ ਖਿਸਕ ਗਏ ਅਤੇ 27,800 ਵਾਪਿਸ ਵੀ ਆ ਗਏ। ਇਸ ਤਰ੍ਹਾਂ ਕੁੱਲ ਘਾਟਾ 47,000 ਦਾ ਰਿਹਾ। ਨੈਟ ਮਾਈਗ੍ਰੇਸ਼ਨ (ਸ਼ੁੱਧ ਪ੍ਰਵਾਸ) 126,000 ਦਾ ਇਥੇ ਵਾਧਾ ਹੋਇਆ ਹੈ। ਨਿਊਜ਼ੀਲੈਂਡ ਛੱਡਣ ਵਾਲਿਆਂ ਦੇ ਵਿਚ 53% ਨੇ ਆਸਟਰੇਲੀਆ ਨੂੰ ਆਪਣਾ ਦੂਜਾ ਘਰ ਬਣਾਇਆ।

ਪ੍ਰਤੀ ਦਿਨ: ਅੰਕੜਿਆਂ ਦੇ ਮੁਤਾਬਿਕ 2023 ਦੇ ਵਿਚ ਪ੍ਰਤੀ ਦਿਨ ਇਥੇ 474 ਗੈਰ ਨਾਗਰਿਕ ਪ੍ਰਵਾਸੀ ਆਏ ਅਤੇ 129 ਨਾਗਿਰਕ ਦੇਸ਼ ਛੱਡ ਕੇ ਹੋਰ ਕਿਤੇ ਗਏ। ਦੇਸ਼ ਛੱਡਣ ਵਾਲਿਆਂ ਵਿਚ ਜਿਆਦਾ ਗਿਣਤੀ 45 ਸਾਲ ਤੋਂ ਘੱਟ ਵਾਲਿਆਂ ਦੀ ਹੈ। 18 ਤੋਂ 30 ਸਾਲ ਦੇ ਨਿਊਜ਼ੀਲੈਂਡ ਨਾਗਰਿਕ ਜਿਨ੍ਹਾਂ ਨੇ ਦੇਸ਼ ਛੱਡਿਆ ਦੀ ਗਿਣਤੀ 29,300 (39%) ਹੈ। ਜਦ ਕਿ ਇਥੇ ਆਉਣ ਵਾਲਿਆਂ ਵਿਚ 18 ਤੋਂ 44 ਸਾਲ ਦੇ 66% (150,100) ਹਨ। ਨਿਊਜ਼ੀਲੈਂਡ ਘੁੰਮਣ ਆਉਣ ਵਾਲਿਆਂ ਦੀ ਗਿਣਤੀ ਬੀਤੇ ਸਾਲ ਕਾਫੀ ਰਹੀ। 29 ਲੱਖ 60 ਹਜ਼ਾਰ ਤੋਂ ਵੱਧ ਲੋਕ ਇਥੇ ਪਹੁੰਚੇ ਸਨ। ਪਿਛਲੇ ਸਾਲ ਇਹ ਗਿਣਤੀ 15 ਲੱਖ 20 ਹਜ਼ਾਰ ਸੀ।



# ਅਮਰੀਕਾ ਦੇ ਸਿੱਖ ਨੁਮਾਇੰਦਿਆਂ ਤੇ ਕਿਸਾਨ ਸਮਰਥਕਾਂ ਨੇ ਸਾਂਝੇ ਤੌਰ ਤੇ ਕਿਸਾਨਾਂ ਦੀਆਂ ਮੰਗਾਂ ਦੇ ਹੱਕ ਵਿੱਚ ਡੱਟ ਕੇ ਖੜੇ ਹੋਣ ਦਾ ਭਰੋਸਾ ਦਿੱਤਾ



**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)–** ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ (ਐਸਸੀਸੀਈਸੀ) ਅਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏਜੀਪੀਸੀ) ਦੇ ਸੱਦੇ 'ਤੇ ਅੱਜ ਭਾਰਤ ਵਿੱਚ ਕਿਸਾਨ ਸੰਘਰਸ਼ (ਫਾਰਮਰਜ਼ ਪ੍ਰੋਟੈਸਟ-2024) ਦੀ ਹਮਾਇਤ ਵਿੱਚ ਅਮਰੀਕਾ ਦੇ ਗੁਰਦੁਆਰਿਆਂ, ਕਿਸਾਨ ਹਮਾਇਤੀਆਂ ਅਤੇ ਪੰਥਕ ਜੱਥੇਬੰਦੀਆਂ ਦੀ ਇੱਕ ਵਿਸ਼ਾਲ ਕਨਵੈਨਸ਼ਨ ਗੁਰਦੁਆਰਾ ਦਸਮੇਸ਼ ਦਰਬਾਰ ਕਾਰਟਰੇਟ, ਨਿਊਜਰਸੀ ਵਿਖੇ ਹੋਈ। ਇਸ ਵਿੱਚ ਅਮਰੀਕਾ ਦੇ ਸਿੱਖ ਨੁਮਾਇੰਦਿਆਂ ਤੇ ਕਿਸਾਨ ਸਮਰਥਕਾਂ ਨੇ ਸਾਂਝੇ ਤੌਰ ਤੇ ਕਿਸਾਨਾਂ ਦੀਆਂ ਮੰਗਾਂ ਦੇ ਹੱਕ ਵਿੱਚ ਡੱਟ ਕੇ ਖੜੇ ਹੋਣ ਦਾ ਭਰੋਸਾ ਦਿੱਤਾ।

ਅੱਜ ਦੀ ਇਸ ਵਿਸ਼ਾਲ ਕਨਵੈਨਸ਼ਨ ਚ ਸ਼ਾਮਲ ਬੁਲਾਰਿਆਂ ਵਿੱਚ ਡਾ. ਪ੍ਰਿਤਪਾਲ ਸਿੰਘ, ਹਿੰਮਤ ਸਿੰਘ, ਹਰਜਿੰਦਰ ਸਿੰਘ, ਬੂਟਾ ਸਿੰਘ ਖੜੌਦ, ਰਾਜਭਿੰਦਰ ਸਿੰਘ ਬਦੇਸ਼ਾ, ਨਰਿੰਦਰ ਸਿੰਘ, ਰਜਿੰਦਰ ਸਿੰਘ, ਬਲਵਿੰਦਰ ਸਿੰਘ ਚੱਠਾ, ਧਰਮ ਸਿੰਘ, ਬਲਜਿੰਦਰ ਸਿੰਘ, ਪ੍ਰਿਤਪਾਲ ਸਿੰਘ ਖਾਲਸਾ, ਜਸਬੀਰ ਸਿੰਘ, ਡਾ. ਬਖਸ਼ੀਸ਼ ਸਿੰਘ, ਦਵਿੰਦਰ ਸਿੰਘ ਦਿਓ, ਗੁਰਮੇਲ ਸਿੰਘ, ਗੁਰਨਿੰਦਰ ਸਿੰਘ, ਬਖਸ਼ੀਸ਼ ਸਿੰਘ, ਸਤਨਾਮ ਸਿੰਘ ਵਿਰਕ, ਗੁਰਇੱਕਪ੍ਰੀਤ ਸਿੰਘ, ਪ੍ਰਧਾਨ ਇੰਦਰਜੀਤ ਸਿੰਘ,



ਸਕੱਤਰ ਸਰਵਣ ਸਿੰਘ ਤੋ ਇਲਾਵਾ ਸ਼ਾਮਲ ਪਤਵੰਤਿਆਂ ਵਿਚ ਬਰਜਿੰਦਰ ਸਿੰਘ ਬਰਾੜ, ਜੁਗਰਾਜ ਸਿੰਘ, ਕੇਵਲ ਸਿੰਘ ਸੰਧੂ, ਸਰਬਜੀਤ ਸਿੰਘ, ਪ੍ਰਦੀਪ ਸਿੰਘ, ਹਰਮਿੰਦਰ ਸਿੰਘ ਆਹਲੂ-ਵਾਲੀਆ, ਪਿਆਰਾ ਸਿੰਘ ਅਤੇ ਇਸ ਤੋਂ ਇਲਾਵਾ ਬਹੁਤ ਭਾਰੀ ਗਿਣਤੀ ਵਿਚ ਸੰਗਤਾਂ ਸ਼ਾਮਲ ਹੋਈਆਂ। ਇਕੱਤਰਤਾ ਵਿਚ ਕਈ ਮਤੇ ਸਰਬਸੰਮਤੀ ਨਾਲ ਪਾਸ ਕੀਤੇ ਗਏ।

# ਸੁਖਵਿੰਦਰ ਪਾਲ ਸਿੰਘ ਬੀਕਾ ਦੀ 29ਵੀਂ ਬਰਸੀ ਮੌਕੇ ਸਟੇਸ਼ਨਰੀ ਵੰਡੀ ਗਈ




**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਸਰਦਾਰ ਸੁਖਵਿੰਦਰ ਪਾਲ ਸਿੰਘ ਬੀਕਾ ਜੀ ਦੀ ਬਰਸੀ ਮੌਕੇ ਉਨ੍ਹਾਂ ਦੇ ਪਰਿਵਾਰ ਵਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਰਕਾਰੀ ਪ੍ਰਾਇਮਰੀ ਸਕੂਲ ਬੀਕਾ ਵਿਖੇ ਸਟੇਸ਼ਨਰੀ ਵੰਡੀ ਗਈ। ਉਨ੍ਹਾਂ ਦੇ ਸਪੁੱਤਰ ਰਵਿੰਦਰ ਸਿੰਘ ਬੀਕਾ ਸੁਪਰਡੈਂਟ ਸਹਿਕਾਰਤਾ ਆਡਿਟ ਵਿਭਾਗ ਵਲੋਂ ਕਿਹਾ ਕਿ ਉਹ ਪਿੰਡ ਦੇ ਇਸੇ ਸਕੂਲ ਤੋਂ ਪੜ੍ਹ ਕੇ ਇਸ ਮੁਕਾਮ ਤੇ ਪਹੁੰਚੇ ਹਨ। ਵੱਡਾ ਭਰਾ ਨਿਰਮਲ ਸਿੰਘ ਬੀਕਾ ਡਾਕਟਰ ਬਣਿਆ ਹੈ ਤੇ ਹੋਰ ਵੀ ਕਈ ਪਿੰਡ ਵਾਸੀ ਉੱਚ ਅਹੁਦਿਆਂ ਤੇ ਪਹੁੰਚੇ ਹਨ। ਪਿੰਡ ਦੇ ਬੱਚਿਆਂ ਨੂੰ ਚੰਗੀ ਸਿੱਖਿਆ ਦੇਣ ਲਈ ਹਮੇਸ਼ਾ ਉਪਰਾਲੇ ਕਰਦੇ ਰਹਿੰਦੇ ਹਾਂ ਤਾਂ ਜੋ ਉਹ ਵੀ ਕੋਈ ਵੱਡਾ ਮੁਕਾਮ ਹਾਸਲ ਕਰ ਸਕਣ। ਇਸ ਮੌਕੇ ਪਿੰਡ ਦੇ ਪਤਵੰਤੇ ਪਾਸਟਰ ਪਰਮਜੀਤ ਬੀਕਾ, ਸੰਤੋਖ ਸਿੰਘ, ਸਾਧੂ ਰਾਮ, ਅਜੀਤ ਸਿੰਘ, ਜਰਨੈਲ ਸਿੰਘ, ਬਾਬਾ ਸੱਤਪਾਲ, ਭਾਈ ਰਾਣਾ ਜੀ, ਰਣਜੀਤ ਸਿੰਘ, ਦਲੀਪ ਸਿੰਘ,ਜਸਵਿੰਦਰ ਖਮਾਂਚੋ ਤੇ ਅਧਿਆਪਕ ਸਹਿਬਾਨ ਹਾਜ਼ਰ ਸਨ।

# ਆਲੋਵਾਲ ਦੀ ਵਿਧਵਾ ਔਰਤ ਨੂੰ ਇਨਸਾਫ ਲਈ ਕਿਰਤੀ ਕਿਸਾਨ ਯੂਨੀਅਨ ਦਾ ਵਫਦ ਡੀ.ਸੀ. ਅਤੇ ਐਸ.ਐਸ.ਪੀ. ਨੂੰ ਮਿਲਿਆ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਅੱਜ ਕਿਰਤੀ ਕਿਸਾਨ ਯੂਨੀਅਨ ਦੀ ਜਿਲਾ ਕਮੇਟੀ ਨੇ ਜਿਲਾ ਪ੍ਰਧਾਨ ਸੁਰਿੰਦਰ ਸਿੰਘ ਬੈਂਸ ਦੀ ਅਗਵਾਈ ਵਿਚ ਡਿਪਟੀ ਕਮਿਸ਼ਨਰ ਨਵਜੋਤਪਾਲ ਸਿੰਘ ਰੰਧਾਵਾ ਅਤੇ ਐਸ।ਐਸ।ਪੀ ਨੂੰ ਮਿਲਕੇ ਬੀਤੇ ਕੱਲ ਰੁਪਿੰਦਰ ਕੌਰ ਵਿਧਵਾ ਹਰਵੰਤ ਸਿੰਘ ਵਾਸੀ ਸ਼ਕਤੀ ਨਗਰ, ਕੁਲਾਮ ਰੋਡ ਨਵਾਂਸ਼ਹਿਰ ਦੇ ਪਿੰਡ ਆਲੋਵਾਲ (ਤਹਿਸੀਲ ਬਲਾਚੌਰ) ਵਿਖੇ ਫਾਰਮ ਹਾਉਸ ਉੱਤੇ ਕਬਜਾ ਕਰਨ ਦੀ ਨੀਅਤ ਨਾਲ ਗੱਡੀਆਂ ਵਿਚ 50-60 ਵਿਅਕਤੀਆਂ ਨੂੰ ਲੈ ਕੇ ਆਏ ਦਿਨੇਸ਼ ਕੁਮਾਰ ਵਾਸੀ ਮਲੇਰਕੋਟਲਾ, ਸੰਦੀਪ ਕੁਮਾਰ ਵਾਸੀ ਸਿਆਣਾ, ਬਲਾਚੌਰ ਵਿਰੁੱਧ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਰੁਪਿੰਦਰ ਕੌਰ ਨੇ ਆਖਿਆ ਹੈ ਕਿ ਉਹ ਕਰੀਬ 17 ਏਕੜ ਜਮੀਨ ਉੱਤੇ ਖੇਤੀ ਕਰਦੇ ਹਨ। ਜੋ ਉਹਨਾਂ ਦੀ ਜੱਦੀ ਜਮੀਨ ਹੈ। ਇਸ ਜਮੀਨ ਦਾ ਉਸਦੇ ਸਹੁਰੇ ਰਜਿੰਦਰ ਸਿੰਘ ਨਾਲ ਅਦਾਲਤੀ ਕੇਸ ਚੱਲਦਾ ਹੈ। ਅਦਾਲਤੀ ਕੇਸ ਚੱਲਦਾ ਹੋਣ ਦੇ ਬਾਵਜੂਦ ਰਜਿੰਦਰ ਸਿੰਘ ਨੇ ਤੱਥ ਛੁਪਾਕੇ ਅਤੇ ਮਾਲ ਵਿਭਾਗ ਦੇ ਨਿਯਮਾਂ ਨੂੰ ਛਿੱਕੇ ਟੰਗਕੇ ਇਹ ਜਮੀਨ ਉਕਤ ਦੋ ਵਿਅਕਤੀਆਂ ਨੂੰ ਵੇਚ ਦਿੱਤੀ। ਜਮੀਨ ਦਾ ਇੰਤਕਾਲ ਰੋਕਣ ਲਈ ਤਹਿਸੀਲਦਾਰ ਬਲਾਚੌਰ ਨੂੰ ਦਰਖਾਸਤ ਦਰਿਆਫਤ ਹੈ।


Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh


Dharminder Singh

Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

# ਬੇਮਿਸਾਲ ਇਕੱਠ ਤੇ ਰਲ ਮਿਲ ਕੇ ਸਾਰਿਆਂ ਨੇ ਬੰਦ ਨੂੰ ਸਫਲ ਬਣਾਇਆ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਸੰਯੁਕਤ ਕਿਸਾਨ ਮੋਰਚਾ ਅਤੇ ਟਰੇਡ ਯੂਨੀਅਨਾਂ ਵਲੋਂ ਦਿੱਤੇ ਗਏ ਭਾਰਤ ਬੰਦ ਦੇ ਸੱਦੇ ਉੱਤੇ ਸ਼ਹੀਦ ਭਗਤ ਸਿੰਘ ਨਗਰ ਜਿਲੇ ਵਿਚ ਬੰਦ ਦਾ ਪ੍ਰਭਾਵਸ਼ਾਲੀ ਅਸਰ ਦੇਖਣ ਨੂੰ ਮਿਲਿਆ। ਨਵਾਂਸ਼ਹਿਰ, ਬੰਗਾ, ਬਲਾਚੌਰ, ਰਾਹੋਂ ਦੀਆਂ ਦੁਕਾਨਾਂ ਬੰਦ ਰਹੀਆਂ। ਇਥੋਂ ਤੱਕ ਕਿ ਫਲਾਂ ਅਤੇ ਸਬਜੀਆਂ ਦੀਆਂ ਰੇਹੜੀਆਂ ਵੀ ਅੱਜ ਨਹੀਂ ਲੱਗੀਆਂ। ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਵਪਾਰ ਮੰਡਲ ਨੇ ਇਸ ਬੰਦ ਦੇ ਸਮਰਥਨ ਵਿਚ ਬਾਜਾਰ ਬੰਦ ਰੱਖੇ। ਇੱਥੋਂ ਤੱਕ ਕਿ ਸਬਜੀਆਂ ਮੰਡੀਆਂ ਵੀ ਬੰਦ ਰਹੀਆਂ। ਟੈਕਸੀਆਂ, ਆਟੋ, ਟਰੱਕ, ਬੱਸਾਂ, ਜੁਗਾੜੂ ਰੇਹੜੇ, ਟੈਂਪੂ ਸੜਕਾਂ ਉੱਤੇ ਨਹੀਂ ਚੱਲੇ। ਜਿਲੇ ਦੇ ਸਾਰੇ ਪੈਟਰੋਲ ਪੰਪ ਬੰਦ ਰਹੇ।

ਸੰਯੁਕਤ ਕਿਸਾਨ ਮੋਰਚਾ ਅਤੇ ਟਰੇਡ ਯੂਨੀਅਨਾਂ ਨੇ ਜਿਲਾ ਪੱਧਰੀ ਇਕੱਠ ਲੰਗੜੋਆ ਬਾਈਪਾਸ ਉੱਤੇ ਕੀਤਾ ਅਤੇ ਇਹ ਇਕੱਠ ਬਹੁਤ ਪ੍ਰਭਾਵਸ਼ਾਲੀ ਸੀ। ਜਿੱਥੇ ਜਿਲ੍ਹੇ ਭਰ ਵਿਚੋਂ ਲੋਕ ਕਾਫਲੇ ਬੰਨ੍ਹ ਕੇ ਸ਼ਾਮਲ ਹੋਏ। ਇਸ ਮੌਕੇ ਕੀਤੀ ਗਈ ਰੈਲੀ ਨੂੰ ਇਫਟੂ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਸੀਟੂ ਦੇ ਸੂਬਾ ਪ੍ਰਧਾਨ ਮਹਾਂ ਸਿੰਘ ਰੌੜੀ, ਕਿਰਤੀ ਕਿਸਾਨ ਯੂਨੀਅਨ ਦੇ ਜਿਲਾ ਪ੍ਰਧਾਨ ਸੁਰਿੰਦਰ ਸਿੰਘ ਬੈਂਸ, ਜਮਹੂਰੀ ਕਿਸਾਨ ਸਭਾ ਦੇ ਆਗੂ ਕੁਲਦੀਪ ਸਿੰਘ ਸੁੱਜੋਂ, ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਬਲਵੀਰ ਸਿੰਘ ਜਾਡਲਾ, ਦੋਆਬਾ ਕਿਸਾਨ ਯੂਨੀਅਨ ਦੇ ਪ੍ਰਧਾਨ ਕੁਲਦੀਪ ਸਿੰਘ ਬਜੀਦਪੁਰ, ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਆਗੂ ਰਣਜੀਤ ਸਿੰਘ ਰਟੈਂਡਾ, ਬੀ ਕੇ ਯੂ ਦੇ ਜਿਲਾ ਪ੍ਰਧਾਨ ਸੰਤੋਖ ਸਿੰਘ ਕਾਹਮਾ, ਪਰਮਿੰਦਰ ਮੇਨਕਾ ਖੇਤ ਮਜਦੂਰ ਸਭਾ, ਸਤਨਾਮ ਸਿੰਘ ਗੁਲਾਟੀ, ਇਸਤਰੀ ਜਾਗ੍ਰਿਤੀ ਮੰਚ ਦੇ ਸੂਬਾ ਪ੍ਰਧਾਨ ਗੁਰਬਖਸ਼ ਕੌਰ ਸੰਘਾ, ਆਂਗਨਵਾੜੀ ਵਰਕਰ ਯੂਨੀਅਨ ਦੇ ਜਿਲ੍ਹਾ ਸਕੱਤਰ ਲਖਵਿੰਦਰ ਕੌਰ ਅਸਮਾਨ ਪੁਰ, ਆਸ਼ਾ ਵਰਕਰ ਤੇ ਫੈਸਿਲੀਟੇਟਰ ਯੂਨੀਅਨ ਪੰਜਾਬ ਦੇ ਸਕੱਤਰ ਸ਼ਕੁੰਤਲਾ ਸਰੋਏ, ਕੌਮੀ ਕਿਸਾਨ ਯੂਨੀਅਨ ਦੇ ਆਗੂ ਨਿਰਮਲ ਸਿੰਘ ਔਜਲਾ ਨੇ ਸੰਬੋਧਨ ਕੀਤਾ। ਆਗੂਆਂ ਨੇ ਕਿਹਾ ਕਿ ਅੱਜ ਦਾ ਭਾਰਤ ਬੰਦ ਦਾ ਸੱਦਾ ਹਰ ਫਸਲ ਉੱਤੇ ਐਮ।ਐਸ ਪੀ ਦੀ ਗਾਰੰਟੀ ਦੇਣ, ਰੁਜਗਾਰ ਨੂੰ ਮੌਲਿਕ ਅਧਿਕਾਰ ਬਣਾਉਣ, ਚਾਰ ਕਿਰਤ ਕੋਡ ਰੱਦ ਕਰਨ, ਚਿੱਪ ਵਾਲੇ ਬਿਜਲੀ ਮੀਟਰ ਲਾਉਣੇ ਬੰਦ ਕਰਨ, ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਬੰਦ ਕਰਨ, ਕਿਸਾਨਾਂ-ਮਜਦੂਰਾਂ ਦਾ ਸਮੁੱਚਾ ਕਰਜਾ ਮੁਆਫ ਕਰਨ, ਖਾਲੀ ਅਸਾਮੀਆਂ ਪੂਰ ਕਰਨ, ਠੇਕੇ ਦੇ ਮੁਲਾਜ਼ਮ ਪੂਰੇ ਗਰੇਡ ਤੇ ਪੱਕੇ ਕਰਨ, ਵੱਡੇ ਮੌਲ ਬੰਦ ਕਰਨ, ਲਖੀਮ ਪੁਰ ਖੀਰੀ ਕਾਂਡ ਦੇ ਦੋਸ਼ੀਆਂ ਨੂੰ ਸਖਤ ਸਜਾਵਾਂ ਦੇਣ, ਕਿਸਾਨੀ ਮੋਰਚੇ ਵਿਚ ਸ਼ਹੀਦ ਹੋਏ ਕਿਸਾਨਾਂ ਦੇ ਪਰਿਵਾਰਾਂ ਨੂੰ ਸਰਕਾਰੀ ਨੌਕਰੀਆਂ ਦੇਣ, ਡਰਾਈਵਰ ਵਿਰੋਧੀ ਕਾਨੂੰਨ 'ਹਿੱਟ ਐਂਡ ਰਨ' ਰੱਦ ਕਰਨ, ਮਜਦੂਰਾਂ ਦੀ ਘੱਟੋ ਘੱਟ ਉਜਰਤ 21000 ਰੁਪਏ ਮਾਸਿਕ ਅਤੇ ਦਿਹਾੜੀ 700 ਰੁਪਏ ਕਰਨ, ਮਗਨਰੇਗਾ ਵਰਕਰਾਂ ਨੂੰ ਸਾਲ ਦੇ 365 ਦਿਨ ਕੰਮ ਦੇਣ, ਗੈਰ ਜਥੇਬੰਦਕ ਮਜਦੂਰਾਂ ਦੀ ਸੁਰੱਖਿਆ ਦੀ ਗਾਰੰਟੀ ਦੇਣ, ਮਿੱਡ-ਡੇ-ਮੀਲ ਵਰਕਰਾਂ, ਆਂਗਣਵਾੜੀ ਵਰਕਰਾਂ, ਆਸ਼ਾ ਵਰਕਰਾਂ ਨੂੰ ਘੱਟੋ ਘੱਟ ਉਜਰਤ ਦੇ ਘੇਰੇ ਵਿਚ ਲਿਆਉਣ ਅਤੇ ਕੌਮੀ ਸਿੱਖਿਆ ਨੀਤੀ 2020 ਰੱਦ ਕਰਨ ਆਦਿ ਮੰਗਾਂ ਨੂੰ ਲੈ ਕੇ ਦਿੱਤਾ ਗਿਆ ਹੈ। ਆਗੂਆਂ ਨੇ ਮੋਦੀ ਸਰਕਾਰ ਉੱਤੇ ਵਰ੍ਹਦਿਆਂ ਕਿਹਾ ਕਿ ਇਸ ਸਰਕਾਰ ਦਾ ਕੋਈ ਦੀਨ-ਈਮਾਨ ਨਹੀਂ ਹੈ। ਕਿਸਾਨਾਂ ਵਲੋਂ ਦਿੱਲੀ ਲਾਏ ਗਏ ਮੋਰਚੇ ਵਿਚ ਸਰਕਾਰ ਵਲੋਂ ਮੰਨੀਆਂ ਗਈਆਂ ਮੰਗਾਂ ਅੱਜ ਤੱਕ ਲਾਗੂ ਨਹੀਂ ਕੀਤੀਆਂ ਗਈਆਂ। ਇਸ ਸਰਕਾਰ ਨੇ ਦੇਸ਼ ਨੂੰ ਬਰਬਾਦੀ ਦੇ ਕੰਢੇ ਲਿਆ ਖੜ੍ਹਾ ਕੀਤਾ ਹੈ। ਦੇਸ਼ ਦੀ ਜਨਤਾ ਰੁਲ ਰਹੀ ਹੈ ਜਦਕਿ ਇਹ ਸਰਕਾਰ ਕਾਰਪੋਰੇਟਾਂ ਦੀਆਂ ਤਿਜੌਰੀਆਂ ਭਰਨ ਵਿਚ ਦਿਨ-ਰਾਤ ਇਕ ਕਰ ਰਹੀ ਹੈ। ਦੇਸ਼ ਦਾ ਅੰਨਦਾਤਾ ਖੁਦਕੁਸ਼ੀਆਂ ਕਰ ਰਿਹਾ ਹੈ, ਮਜਦੂਰ ਦੀ ਭੁੱਖੇ ਮਰਨ ਦੀ ਨੌਬਤ ਆ ਗਈ ਹੈ। ਛੋਟਾ ਅਤੇ ਦਰਮਿਆਨਾ ਵਪਾਰੀ ਸਿੱਧੇ ਵਿਦੇਸ਼ੀ ਨਿਵੇਸ਼ ਅਤੇ ਵੱਡੇ ਵੱਡੇ ਮੌਲ ਨੇ ਰੋਲ ਦਿੱਤਾ ਹੈ। ਠੇਕੇ ਤੇ ਰੱਖੇ ਮੁਲਾਜ਼ਮ ਪੱਕੇ ਹੋਣ ਲਈ ਸੰਘਰਸ਼ ਕਰ ਰਹੇ ਹਨ। ਇਸ ਮੌਕੇ ਕੁਲਦੀਪ ਸਿੰਘ ਦਿਆਲ, ਅਮਰਜੀਤ ਸਿੰਘ ਬੁਰਜ, ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੇ ਜਿਲਾ ਪ੍ਰਧਾਨ ਕਸ਼ਮੀਰ ਸਿੰਘ ਢਿੱਲੋਂ, ਪੀ ਐਸ ਯੂ ਦੇ ਸੂਬਾ ਆਗੂ ਬਲਜੀਤ ਸਿੰਘ ਧਰਮਕੋਟ, ਪੇਂਡੂ ਮਜਦੂਰ ਯੂਨੀਅਨ ਦੇ ਆਗੂ ਕਮਲਜੀਤ ਸਨਾਵਾ, ਏਟਕ ਦੇ ਆਗੂ ਮੁਕੰਦ ਲਾਲ, ਪੰਜਾਬ ਰੋਡਵੇਜ਼ ਪੈਨਸ਼ਨਰਜ ਯੂਨੀਅਨ ਦੇ ਆਗੂ ਸੁਰਿੰਦਰ ਸਿੰਘ ਸੋਇਤਾ, ਜਨਵਾਦੀ ਨੌਜਵਾਨ ਸਭਾ ਦੇ ਜਿਲਾ ਪ੍ਰਧਾਨ ਪਰਮਜੀਤ ਸਿੰਘ ਰੌੜੀ ਨੇ ਵੀ ਸੰਬੋਧਨ ਕਰਦਿਆਂ ਹਰਿਆਣਾ ਸਰਕਾਰ ਵੱਲੋਂ ਅੰਦੋਲਨਕਾਰੀ ਕਿਸਾਨਾਂ ਦੇ ਰਾਹਾਂ ਵਿਚ ਕਿੱਲ ਗੱਡਣ, ਅੱਥਰੂ ਗੈਸ ਦੇ ਗੋਲੇ ਦਾਗਣ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ। ਉਹਨਾਂ ਕਿਹਾ ਕਿ ਮੋਦੀ ਸਰਕਾਰ ਫਾਸ਼ੀਵਾਦੀ ਹੱਥਕੰਡੇ ਵਰਤ ਰਹੀ ਹੈ, ਜਿਸਦਾ ਸਾਨੂੰ ਤਿੱਖਾ ਵਿਰੋਧ ਕਰਨਾ ਚਾਹੀਦਾ ਹੈ। ਇਸ ਮੌਕੇ ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ ਵਲੋਂ ਚਾਹ, ਭੋਜਨ, ਡਰਾਈ ਫਰੂਟ, ਪਾਣੀ ਦਾ ਪ੍ਰਬੰਧ ਕੀਤਾ ਗਿਆ।



# ਅਮਰੀਕਾ ਵੱਸਦੇ ਕਵੀ ਗੁਰਪ੍ਰੀਤ ਸੋਹਲ ਦੀ ਕਾਵਿ ਪੁਸਤਕ "ਸੁੱਚੇ ਰੰਗ" ਡਾ. ਵਰਿਆਮ ਸੰਧੂ, ਡਾ. ਦੀਪਕ ਮਨਮੋਹਨ ਤੇ ਗੁਰਭਜਨ ਗਿੱਲ ਵੱਲੋਂ ਲੋਕ ਅਰਪਨ

**ਲੁਧਿਆਣਾ–**ਅਮਰੀਕਾ ਦੇ ਸ਼ਹਿਰ ਸੀਆਟਲ ਵੱਸਦੇ ਪੰਜਾਬੀ ਕਵੀ ਗੁਰਪ੍ਰੀਤ ਸੋਹਲ ਦੀ ਪਲੇਠੀ ਕਾਵਿ ਪੁਸਤਕ "ਸੁੱਚੇ ਬੋਲ" ਪ੍ਰਸਿੱਧ ਪੰਜਾਬੀ ਲੇਖਕ ਡਾ. ਵਰਿਆਮ ਸਿੰਘ ਸੰਧੂ, ਡਾ। ਦੀਪਕ ਮਨਮੋਹਨ ਸਿੰਘ, ਪ੍ਰੋ. ਗੁਰਭਜਨ ਸਿੰਘ ਗਿੱਲ, ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦੇ ਪ੍ਰਧਾਨ ਡਾ। ਲਖਵਿੰਦਰ ਸਿੰਘ ਜੌਹਲ, ਜਨਰਲ ਸਕੱਤਰ ਡਾ. ਗੁਰਇਕਬਾਲ ਸਿੰਘ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਸੁਸ਼ੀਲ ਦੋਸਾਂਝ, ਨਵਾਂ ਜ਼ਮਾਨਾ ਦੇ ਸਾਹਿੱਤ ਸੰਪਾਦਕ ਡਾ. ਹਰਜਿੰਦਰ ਸਿੰਘ ਅਟਵਾਲ ਤੇ ਗੁਰੂ ਗਰੰਥ ਸਾਹਿਬ ਯੂਨੀਵਰਸਿਟੀ ਦੇ ਸਾਬਕਾ ਰਜਿਸਟਰਾਰ ਡਾ. ਸ਼ਿੰਦਰਪਾਲ ਸਿੰਘ ਨੇ ਲੋਕ ਅਰਪਨ ਕੀਤੀ। ਡਾ. ਵਰਿਆਮ ਸਿੰਘ ਸੰਧੂ ਨੇ ਨੌਜਵਾਨ ਕਵੀ ਨੂੰ ਆਸ਼ੀਰਵਾਦ ਦੇਦਿਆਂ ਕਿਹਾ ਕਿ ਪਰਦੇਸ਼ਾਂ ਵਿੱਚ ਰਹਿੰਦਿਆਂ ਸਾਹਿਤ ਸਿਰਜਣਾ ਆਸਾਨ ਕੰਮ ਨਹੀਂ ਹੈ। ਉਨ੍ਹਾਂ ਕਿਹਾ ਕਿ ਆਪਣੀ ਕਿਰਤ ਕਮਾਈ ਕਰਦਿਆਂ ਸ਼ਬਦ ਸਾਧਨਾ ਨਾਲ ਜੁੜ ਕੇ ਗੁਰ-ਪ੍ਰੀਤ ਨੇ ਸਾਬਤ ਕਦਮ ਹੋਣ ਦਾ ਸਬੂਤ ਦਿੱਤਾ ਹੈ। ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਗੁਰਪ੍ਰੀਤ ਸੋਹਲ ਨਾਲ ਪਿਛਲੇ ਬਾਰਾਂ ਸਾਲ ਦੀ ਸ਼ਬਦ ਸਾਂਝ ਦੇ ਹਵਾਲੇ ਨਾਲ ਕਿਹਾ ਕਿ 2012 ਤੋਂ ਬਾਦ ਗੁਰਪ੍ਰੀਤ ਨੇ ਚੰਗਾ ਪੜ੍ਹਨ ਅਤੇ ਲਿਖਣ ਦੇ ਖੇਤਰ ਗਹਿਰ ਗੰਭੀਰਤਾ ਵਿਖਾਈ ਹੈ। ਉਹ ਭਵਿੱਖ ਦੀ ਰੌਸ਼ਨ ਉਮੀਦ ਵਰਗਾ ਸਿਰਜਕ ਹੈ ਜਿਸ ਨੇ ਪਰਦੇਸੀ ਧਰਤੀ ਤੇ ਰਹਿੰਦਿਆਂ ਵੀ ਵਤਨ ਦੀ ਮਿੱਟੀ ਨੂੰ ਕਦੇ ਨਹੀਂ ਵਿਸਾਰਿਆ। ਪ੍ਰੀਤ ਪਬਲੀਕੇਸ਼ਨ ਨਾਭਾ ਨੇ ਉਸ ਦੇ ਕਲਾਮ ਨੂੰ ਸੁੰਦਰ ਸਰੂਪ ਵਿੱਚ ਪ੍ਰਕਾਸ਼ਤ ਕਰਕੇ ਸ਼ੁਭ ਕਾਰਜ ਕੀਤਾ ਹੈ। ਪ੍ਰੀਤ ਪਬਲੀਕੇਸ਼ਨ ਦੇ ਮਾਲਕ ਤੇ ਪੰਜਾਬੀ ਕਵੀ ਸੁਰਿੰਦਰਜੀਤ ਚੌਹਾਨ ਨੇ ਸਭ ਲੇਖਕਾਂ ਦਾ ਪੁਸਤਕ ਲੋਕ ਅਰਪਨ ਲਈ ਧੰਨਵਾਦ ਕੀਤਾ।



# ਮਾਲੇਵਾਲ ਸਕੂਲ ਦੇ ਵਿਦਿਆਰਥੀ ਵਿੱਦਿਅਕ ਟੂਰ ਤੇ ਚਿੜਿਆਂਘਰ 'ਤੇ ਚੱਪੜ ਚਿੜੀ ਵੇਖਣ ਗਏ



**ਸੜੋਆ (ਸਤਨਾਮ ਸਿੰਘ ਸਹੂੰਗੜਾ)–** ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਾਲੇਵਾਲ ਦੇ ਵਿਦਿਆਰਥੀਆ ਦਾ ਇੱਕ ਰੋਜ਼ਾ ਟੂਰ ਚੜਿਆਂਘਰ, ਸਿੱਖਾਂ ਦੇ ਇਤਿਹਾਸਿਕ ਅਸਥਾਨ ਚੱਪੜ ਚਿੜੀ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿੱਚ ਸਕੂ.ਲੀ ਬੱਚਿਆਂ ਨੂੰ ਦਿਖਾਇਆ ਗਿਆ।

ਵਿਦਿਆਰਥੀਆ ਦੇ ਇਸ ਟੂਰ ਨੂੰ ਸਕੂਲ ਦੇ ਪ੍ਰਿੰਸੀਪਲ ਸੁਰਿੰਦਰ ਸੰਧੂ ਵੱਲੋਂ ਹਰੀ ਝੰਡੀ ਦੇ ਨਾਲ ਰਵਾਨਾ ਕੀਤਾ ਗਿਆ। ਇਸ ਮੌਕੇ ਸਕੂਲ ਦੇ ਸਾਇੰਸ ਮਾਸਟਰ ਰਾਕੇਸ਼ ਕੁਮਾਰ ਭੂੰਬਲਾ ਨੇ ਦੱਸਿਆ ਕਿ ਸਕੂਲ ਦੇ ਬੱਚਿਆਂ ਨੂੰ ਸਾਡੇ ਪੰਜਾਬ ਰਾਜ ਦੇ ਵੱਖ ਵੱਖ ਇਤਿਹਾਸਕ ਸੂਬੇ ਦਿਖਾਉਣ ਦੇ ਨਾਲ ਬੱਚਿਆਂ ਨੂੰ ਸਾਡੇ ਪਿਛੋਕੜ ਤੇ ਪਿਛਲੇ ਇਤਿਹਾਸ ਦੀ ਜਾਣਕਾਰੀ ਮਿਲਦੀ ਹੈ। ਜਿਸ ਦੇ ਨਾਲ ਨੋਜਵਾਨ ਪੀੜੀ ਦੇ ਵਿੱਚ ਸਾਡੇ ਸੂਬੇ ਦੇ ਮਹਾਨ ਯੋਧਿਆ ਵੱਲੋਂ ਕੀਤੇ ਸਲਾਘਾਯੋਗ ਕਾਰਜ ਦਾ ਬੱਚਿਆਂ ਨੂੰ ਜਾਣੂ ਕਰਵਾਇਆ।

ਉਹਨਾਂ ਨੇ ਦੱਸਿਆ ਕਿ ਬੱਚਿਆਂ ਨੇ ਇਸ ਟੂਰ ਦੇ ਨਾਲ ਬਹੁਤ ਕੁੱਝ ਪੁਰਾਣੇ ਤੇ ਨਵੇਂ ਇਤਿਹਾਸ ਬਾਰੇ ਸਿੱਖਿਆ ਹੈ ਤੇ ਵਿੱਦਿਅਕ ਟੂਰ ਦਾ ਭਰਪੂਰ ਆਨੰਦ ਮਾਣਿਆ ਹੈ। ਇਸ ਮੋਕੇ ਸਾਇੰਸ ਮਾਸਟਰ ਰਾਕੇਸ਼ ਕੁਮਾਰ ਭੂੰਬਲਾ, ਬਲਬੀਰ ਮੀਲੂ, ਧਰਮਵੀਰ ਕਿਸਾਣਾ, ਵਿਜੇ ਕੁਮਾਰ ਕਟਾਰੀਆ, ਰਾਕੇਸ਼ ਕੁਮਾਰ, ਨਰਿੰਦਰ ਕੁਮਾਰ, ਆਰੁਣਦੀਪ, ਨਾਰੇਸ਼ ਕੁਮਾਰ, ਰਾਜ ਕੁਮਾਰੀ, ਨਾਰੇਸ਼ ਰਾਣੀ, ਅਮਨਪ੍ਰੀਤ, ਨੀਲਮ ਭੂਰੀ, ਪ੍ਰੀਤੀ ਬਾਲਾ, ਪ੍ਰਯਿੰਕਾ, ਸੀਮਾ ਰਾਣੀ, ਲਵਲੀਨ, ਓਮਪ੍ਰਕਾਸ਼, ਬਰਿੱਜ ਮੋਹਣ, ਰਾਮਜੀ ਦਾਸ ਆਦਿ ਸਟਾਫ ਮੈਂਬਰ ਬੱਚਿਆਂ ਦੇ ਮਾਪੇ ਪਤਵੰਤੇ ਮੋਕੇ ਤੇ ਹਾਜਿਰ ਸਨ।

## "ਆਪ ਦੀ ਸਰਕਾਰ ਆਪ ਦੇ ਦੁਆਰਾ" ਮੁਹਿੰਮ ਤਹਿਤ ਪਿੰਡ ਭਰੋਮਜਾਰਾ ਵਿਖੇ ਲਗਾਇਆ ਲੋਕ ਸੁਵਿਧਾ ਕੈਂਪ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** "ਆਪ ਦੀ ਸਰਕਾਰ ਆਪ ਦੇ ਦੁਆਰਾ" ਮੁਹਿੰਮ ਤਹਿਤ ਆਮ ਲੋਕਾਂ ਨੂੰ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ ਲਈ ਸਬ ਡਵੀਜ਼ਨ ਬੰਗਾ ਦੇ ਪਿੰਡ ਭਰੋਮਜਾਰਾ ਵਿਖੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋਕ ਸੁਵਿਧਾ ਕੈਂਪ ਲਗਾਇਆ ਗਿਆ। ਲਗਾਏ ਗਏ ਇਸ ਲੋਕ ਸੁਵਿਧਾ ਕੈਂਪ ਦਾ ਆਮ ਆਦਮੀ ਪਾਰਟੀ ਦੀ ਸੀਨੀਅਰ ਆਗੂ ਅਤੇ ਇੰਚਾਰਜ ਨਵਾਂ ਸ਼ਹਿਰ ਹਰਜੋਤ ਕੌਰ ਲੋਹਟੀਆ ਵੱਲੋਂ ਦੌਰਾ ਕੀਤਾ ਗਿਆ ਅਤੇ ਲੋਕਾਂ ਨੂੰ ਮਿਲ ਰਾਹੀਆਂ ਸੁਵਿਧਾ ਸਬੰਧੀ ਜਾਣਕਾਰੀ ਲਈ ਗਈ। ਇਸ ਮੌਕੇ ਉਨ੍ਹਾਂ ਦੱਸਿਆ ਕਿ ਕੈਂਪ ਵਿੱਚ ਲੋਕਾਂ ਨੂੰ ਪੰਜਾਬ ਸਰਕਾਰ ਦੀਆਂ ਵੱਖ-ਵੱਖ ਤਰ੍ਹਾਂ ਦੀਆਂ ਸੇਵਾਵਾਂ ਮਿਲ ਰਹੀਆਂ ਹਨ। ਇਸ ਮੌਕੇ ਸੇਵਾ ਕੇਂਦਰ ਵਲੋਂ ਸਤਵੀਰ ਸਿੰਘ ਬਹਿਰਾਮ ਅਤੇ ਕੁਲਵਿੰਦਰ ਸਿੰਘ ਔੜ , ਸਿਹਤ ਵਿਭਾਗ ਵਲੋਂ ਏਐਨ ਐਮ ਚੰਦਰ ਕਾਂਤਾ ਅਤੇ ਵਿੱਕੀ ਗੋਸਲ ਮਲਟੀਪਰਪਜ਼ ਹੈਲਥ ਵਰਕਰ, ਬਿਜਲੀ ਵਿਭਾਗ ਵਲੋਂ ਬਲਜੀਤ ਕੁਮਾਰ ਅਤੇ ਚਾਹਤ ਕੁਮਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਵੋਟਾਂ ਲਈ ਉਂਕਾਰ ਸਿੰਘ ਅਤੇ ਰਾਜਦੀਪ ਸਿੰਘ, ਪਸ਼ੂ ਪਾਲਣ ਵਿਭਾਗ ਬੰਗਾ ਤੋਂ ਵੈਟਰਨਰੀ ਇੰਸਪੈਕਟਰ ਕੁਲਵਿੰਦਰ ਲਾਲ, ਫੂਡ ਸਪਲਾਈ ਵਿਭਾਗ ਵਲੋ ਫੂਡ ਇੰਸਪੈਕਟਰ ਦਵਿੰਦਰ ਸਿੰਘ ਅਤੇ ਦੇਸ ਰਾਜ, ਜਲ ਸਰੋਤ ਵਿਭਾਗ ਬਿਸਤ ਦੁਆਬ ਬੰਗਾ ਵਲੋਂ ਮਨੋਹਰ ਲਾਲ, ਵੋਟਾਂ ਬਣਾਉਣ ਲਈ ਬੀ ਐਲ ੳ ਸੀਮਾ ਰਾਣੀ, ਰੈਵੀਨਿਊ ਵਿਭਾਗ ਵਲੋਂ ਪਟਵਾਰੀ ਜਗਤ ਪਾਲ , ਪੰਜਾਬ ਸਟੇਟ ਰੂਰਲ ਲਾਈਵਲੀਹੁਡ ਸੈਲਫ ਹੈਲਪ ਗਰੁੱਪ ਵਲੋਂ ਆਸ਼ਾ ਰਾਣੀ ਅਤੇ ਅਮਨਵੀਰ ਕੌਰ, ਹਰ ਤਰ੍ਹਾਂ ਦੀ ਪੈਨਸ਼ਨ ਲਈ ਆਂਗਣਵਾੜੀ ਵਰਕਰ ਪਰਮਜੀਤ ਕੌਰ ਅਤੇ ਸੁਪਰਵਾਈਜ਼ਰ ਕ੍ਰਿਸ਼ਨਾ ਦੇਵੀ, ਜਲ ਸਪਲਾਈ ਵਿਭਾਗ ਵਲੋਂ ਰਮਨ ਸੂਦ ਅਤੇ ਹੋਰ ਵੱਖ-ਵੱਖ ਵਿਭਾਗਾਂ ਵੱਲੋਂ ਆਪਣੇ-ਆਪਣੇ ਕਾਊਂਟਰ ਲੱਗਾ ਕੇ ਲੋਕਾਂ ਨੂੰ ਮੌਕੇ 'ਤੇ ਸੇਵਾਵਾਂ ਮੁਹੱਈਆ ਕਰਵਾਈਆਂ ਗਈਆਂ। ਇਸ ਮੌਕੇ ਹਰਜੋਤ ਕੌਰ ਲੋਹਟੀਆ ਨੇ ਲੋਕਾਂ ਨੂੰ ਕਿਹਾ ਕਿ ਉਹ ਇਨ੍ਹਾਂ ਕੈਂਪਾਂ ਦਾ ਵੱਧ ਤੋਂ ਵੱਧ ਲਾਭ ਲੈਣ। ਉਨ੍ਹਾਂ ਦੱਸਿਆ ਕਿ ਲਗਾਏ ਗਏ ਲੋਕ ਸੁਵਿਧਾ ਕੈਂਪ ਵਿੱਚ ਲੋਕਾਂ ਵੱਲੋਂ ਸਰਕਾਰੀ ਸੇਵਾਵਾਂ ਦਾ ਭਰਪੂਰ ਲਾਭ ਲਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਆਮ ਲੋਕਾਂ ਦੀ ਸਰਕਾਰ ਹੈ। ਲੋਕਾਂ ਦੀ ਦਫਤਰਾਂ ਵਿੱਚ ਹੋ ਰਹੀ ਖੱਜਲ ਖੁਆਰੀ ਤੋਂ ਨਿਜਾਤ ਦਿਵਾਉਣ ਲਈ ਸਰਕਾਰ ਪਿੰਡ ਪਿੰਡ ਜਾਕੇ ਸੁਵਿਧਾ ਕੈਂਪ ਲਗਾ ਰਹੀ ਹੈ। ਇਸ ਮੌਕੇ ਸਤਨਾਮ ਸਿੰਘ ਝਿੱਕਾ ਬਲਾਕ ਪ੍ਰਧਾਨ, ਹਰਪ੍ਰੀਤ ਸਿੰਘ ਰਾਮਪੁਰ ਬਲਾਕ ਪ੍ਰਧਾਨ, ਮਨਜੀਤ ਸਿੰਘ ਝਿੱਕਾ, ਵਲੰ-ਟੀਅਰ ਗੁਰਦੀਪ ਸਿੰਘ ਪੂੰਨੀ, ਸਰਪੰਚ ਰਾਮ ਸਿੰਘ, ਬਲਾਕ ਪ੍ਰਧਾਨ ਬਸਪਾ ਵੀ ਹਾਜਰ ਸਨ।

## ਡਾ. ਚਰਨਜੀਤ ਸਿੰਘ ਗੁਮਟਾਲਾ ਵੱਲੋਂ ਚੀਫ਼ ਖ਼ਾਲਸਾ ਦੀਵਾਨ ਦੀ ਚੋਣ ਸੰਵਿਧਾਨ ਅਨੁਸਾਰ ਕਰਾਉਣ ਦੀ ਮੰਗ

**ਅੰਮ੍ਰਿਤਸਰ–** ਅੰਮ੍ਰਿਤਸਰ ਵਿਕਾਸ ਮੰਚ ਦੇ ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਚੀਫ਼ ਖ਼ਾਲਸਾ ਦੀਵਾਨ ਦੀ ਚੋਣ ਸੰਵਿਧਾਨ ਅਨੁਸਾਰ ਕਰਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਦੇ ਦਖ਼ਲ ਦੀ ਮੰਗ ਕੀਤੀ ਹੈ।ਇੱਕ ਨਿੱਜੀ ਈ-ਮੇਲ ਵਿੱਚ ਗੁਮਟਾਲਾ ਨੇ ਕਿਹਾ ਕਿ ਮੈਂਬਰਸ਼ਿਪ ਦੇ ਫਾਰਮ ਵਿੱਚ ਮੈਂਬਰ ਬਣਨ ਸਮੇਂ ਹਰ ਮੈਂਬਰ ਕੋਲੋਂ ਲਿਖਤੀ ਰੂਪ ਵਿੱਚ ਇਕਰਾਰਨਾਮਾ ਲਿਆ ਜਾਂਦਾ ਹੈ ਕਿ ਉਸ ਨੇ ਅੰਮ੍ਰਿਤ ਛਕਿਆ ਹੋਇਆ ਹੈ। ਪਰ ਵੇਖਣ ਵਿਚ ਆਇਆ ਹੈ ਗ਼ੈਰ ਅੰਮ੍ਰਿਧਾਰੀ ਮੈਂਬਰਾਂ ਨੂੰ ਵੱਡੀ ਗਿਣਤੀ ਵਿਚ ਮੈਂਬਰ ਬਣਾਇਆ ਹੋਇਆ ਹੈ। ਸਮੇਂ ਸਮੇਂ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਵੱਖ ਵੱਖ ਵਿਅਕਤੀਆਂ ਵੱਲੋਂ ਸ਼ਿਕਾਇਤਾਂ ਭੇਜੀਆਂ ਜਾਂਦੀਆਂ ਹਨ ਕਿ ਚੋਣ ਲੜ ਰਹੇ ਵਿਅਕਤੀਆਂ ਵਿੱਚੋਂ ਕਈਆਂ ਨੇ ਅੰਮ੍ਰਿਤਪਾਨ ਨਹੀਂ ਕੀਤਾ ਹੋਇਆ। ਮਿਸਾਲ ਦੇ ਤੌਰ 'ਤੇ 20 ਮਾਰਚ 2018 ਦੀਆਂ ਅਖਬਾਰਾਂ ਵਿੱਚ ਉਸ ਸਮੇਂ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਚੀਫ਼ ਖਾਲਸਾ ਦੀਵਾਨ ਦੀ 25 ਮਾਰਚ 2018 ਹੋਣ ਵਾਲੀ ਉਪ ਚੋਣ ਤੋਂ ਪਹਿਲਾਂ ਤਾੜਨਾ ਕੀਤੀ ਗਈ ਸੀ ਕਿ ਜੇ ਸੰਵਿਧਾਨ ਅਨੁਸਾਰ ਚੋਣ ਨਹੀਂ ਹੁੰਦੀ ਤਾਂ ਅਕਾਲ ਤਖ਼ਤ ਸਾਹਿਬ ਵੱਲੋਂ ਸਖ਼ਤ ਨੋਟਿਸ ਲਿਆ ਜਾਵੇਗਾ ਪਰ ਪ੍ਰਬੰਧਕਾਂ ਨੇ ਇਸ ਦਾ ਕੋਈ ਨੋਟਿਸ ਨਹੀਂ ਸੀ ਲਿਆ। ਡਾ. ਗੁਮਟਾਲਾ ਨੇ ਜਥੇਦਾਰ ਸਾਹਿਬ ਨੂੰ ਬੇਨਤੀ ਕੀਤੀ ਕਿ ਉਹ ਮੌਜੂਦਾ ਪ੍ਰਧਾਨ ਨਾਲ ਨਿਜੀ ਤੌਰ 'ਤੇ ਗੱਲ ਕਰਨ ਕਿ ਉਹ ਸੰਵਿਧਾਨ ਅਨੁਸਾਰ ਚੋਣ ਕਰਵਾਉਣ ਨੂੰ ਯਕੀਨੀ ਬਣਾਉਣ ਤਾਂ ਜੋ ਸੰਸਥਾ ਦਾ ਮਾਣ ਤੇ ਸਤਿਕਾਰ ਕਾਇਮ ਰਹੇ।

# ਸ਼੍ਰੀ ਖੁਰਾਲਗੜ੍ਹ ਸਾਹਿਬ ਨੂੰ ਜਾਣ ਵਾਲੀਆਂ ਸੜਕਾਂ ਦੀ ਹਾਲਤ ਹੋਈ ਖਸਤਾ
## ਗੁਰਪੁਰਬ ਦੇ ਮੱਦੇਨਜ਼ਰ ਵੀ ਸਰਕਾਰ ਅਤੇ ਪ੍ਰਸ਼ਾਸਨ ਮੂਕ ਦਰਸ਼ਕ ਬਣਿਆ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਗੁਰਪੁਰਬ ਨੇੜੇ ਆ ਰਿਹਾ ਹੈ। ਜਿਸ ਲਈ ਸ਼੍ਰੀ ਖੁਰਾਲਗੜ੍ਹ ਸਾਹਿਬ ਵਿੱਚ ਗੁਰੂ ਘਰ ਦੀ ਕਮੇਟੀ ਵੱਲੋਂ





ਤਿਆਰੀਆਂ ਚੱਲ ਰਹੀਆਂ ਹਨ। ਪਰ ਸਰਕਾਰ ਅਤੇ ਪ੍ਰਸ਼ਾਸਨ ਅਜੇ ਤੱਕ ਕੁੰਭਕਰਨੀ ਨੀਂਦ ਸੁੱਤਾ ਹੋਇਆ ਹੈ। ਇਹ ਸ਼ਬਦ ਤਪ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਦੀ ਕਮੇਟੀ ਦੇ ਮੁੱਖ ਸੇਵਾਦਾਰ ਜੱਥੇਦਾਰ ਭਾਈ ਕੇਵਲ ਸਿੰਘ ਨੇ ਪ੍ਰੈਸ ਕਾਨਫਰੰਸ ਦੌਰਾਨ ਕਹੇ। ਉਨ੍ਹਾਂ ਕਿਹਾ ਕਿ ਬਰਸਾਤ ਦੇ ਮੌਸਮ ਦੌਰਾਨ ਸ੍ਰੀ ਖੁਰਾਲਗੜ੍ਹ ਸਾਹਿਬ ਤੋਂ ਝੁੰਗੀਆਂ ਵਾਇਆ ਗੜ੍ਹੀ ਮਾਨਸੋਵਾਲ ਨੂੰ ਜਾਂਦੀ ਸੜਕ ਬੁਰੀ ਤਰ੍ਹਾਂ ਟੁੱਟ ਗਈ ਸੀ। ਪਰ 6–7 ਮਹੀਨੇ ਬੀਤ ਜਾਣ ਦੇ ਬਾਵਜੂਦ ਪ੍ਰਸ਼ਾਸਨ ਨੇ ਸੜਕ ਦੀ ਮੁਰੰਮਤ ਕਰਨ ਦੀ ਹਿੰਮਤ ਅੱਜ ਤੱਕ ਨਹੀਂ ਕੀਤੀ। ਭਾਈ ਕੇਵਲ ਸਿੰਘ ਨੇ ਕਿਹਾ ਕਿ ਗੁਰਪੁਰਬ ਨੇੜੇ ਆਉਣ ਦੇ ਬਾਵਜੂਦ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਉਨ੍ਹਾਂ ਮੰਗ ਕੀਤੀ ਹੈ ਕਿ ਸ਼੍ਰੀ ਖੁਰਾਲਗੜ੍ਹ ਸਾਹਿਬ ਤੋਂ ਗੜ੍ਹੀ ਮਾਨਸੋਵਾਲ, ਖੇੜਾ ਰੋਡ ਨੂੰ ਜਾਂਦੀ ਸੜਕ ਦੀ ਮੁਰੰਮਤ ਕਰਵਾਈ ਜਾਵੇ। ਗੁਰਪੁਰਬ ਦੇ ਸਮੇਂ ਇਥੇ ਪਵਿੱਤਰ ਤੇ ਇਤਿਹਾਸਕ ਅਸਥਾਨ ਤੇ ਦੇਸ਼–ਵਿਦੇਸ਼ ਤੋਂ ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਦਰਬਾਰ ਵਿੱਚ ਹਾਜ਼ਰੀਆਂ ਬਰਨ ਲਈ ਆਉਂਦੀਆਂ ਹਨ।

ਇਸ ਕਰਕੇ ਸਾਡੀ ਪ੍ਰਸ਼ਾਸਨ ਤੋਂ ਪੁਰਜੋਰ ਮੰਗ ਹੈ ਕਿ ਲੱਖਾਂ ਸੰਗਤਾਂ ਦੀ ਆਮਦ ਨੂੰ ਵੇਖਦੇ ਹੋਏ ਇਸ ਪਵਿੱਤਰ ਅਸਥਾਨ ਨੂੰ ਆਉਣ ਵਾਲੇ ਸਾਰੇ ਰਸਤਿਆਂ ਨੂੰ ਦਰੁਸਤ ਕੀਤਾ ਜਾਵੇ। ਜਿਸ ਨਾਲ ਸੰਗਤਾਂ ਪ੍ਰੇਸ਼ਾਨੀ ਤੋਂ ਫਚ ਸਕਣ, ਤੇ ਰਾਜੀ ਖੁਸ਼ੀ ਵਾਪਸ ਆਪਣੇ ਪਰਿਵਾਰਾਂ ਵਿੱਚ ਪਹੁੰਚ ਜਾਣ।

# ਕੁਲਜੀਤ ਸਰਹਾਲ ਨੇ ਘੁੰਮਣਾ ਵਿਖੇ ਸਕੂਲ ਸਟੇਡੀਅਮ ਦਾ ਉਦਘਾਟਨ ਕੀਤਾ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਪਿੰਡ ਘੁੰਮਣਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਬਣਾਏ ਗਏ ਸਟੇਡੀਅਮ ਦਾ ਉਦਘਾਟਨ ਬੰਗਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਕੁਲਜੀਤ ਸਿੰਘ ਸਰਹਾਲ ਵਲੋਂ ਪਰਦਾ ਹਟਾ ਕੇ ਕੀਤਾ ਗਿਆ। ਇਸ ਮੌਕੇਤ ਓਹਨਾਂ ਸੰਬੋਧਨ ਕਰਦਿਆਂ ਕਿਹਾ ਕਿ ਸਟੇਡੀਅਮ ਨੂੰ ਜਮਾਨੇ ਦੇ ਹਾਣ ਦਾ ਬਣਾਉਣ ਲਈ ਆਧੁਨਿਕ ਬਣਾਇਆ ਜਾਵੇਗਾ। ਕਿਉਂਕਿ ਖੇਡਾਂ ਪੰਜਾਬ ਦੇ ਅਮੀਰ ਸੱਭਿਆਚਾਰ ਦਾ ਹਿੱਸਾ ਹਨ। ਇਸ ਵਾਸਤੇ ਉਪਰਾਲੇ ਕਰਨੇ ਸਲਾਘਾਯੋਗ ਹਨ।

ਇਸ ਮੌਕੇ ਬੰਗਾ ਹਲਕੇ ਤੋਂ ਆਪ ਦੀ ਸੀਨੀਅਰ ਆਗੂ ਹਰਜੋਤ ਕੌਰ ਲੋਹਟੀਆ, ਮਨਦੀਪ ਸਿੰਘ ਗੋਬਿੰਦਪੁਰ, ਐਨ ਆਰ ਆਈ ਬਲਵੀਰ ਸਿੰਘ ਬੈਂਸ ਕੈਨੇਡਾ, ਪ੍ਰਧਾਨ ਪਾਲ ਸਿੰਘ, ਜਿਲ੍ਹਾ ਪ੍ਰੀਸ਼ਦ ਮੈਂਬਰ ਕਮਲਜੀਤ ਸਿੰਘ ਬੰਗਾ, ਸੁਖਦੇਵ ਸਿੰਘ ਮੇਹਲੀਆਣਾ, ਸੁਖਵਿੰਦਰ ਸਿੰਘ ਬਿੱਲਾ, ਇੰਦਰਜੀਤ ਕੌਰ, ਮਨਜੀਤ ਕੌਰ, ਚੇਅਰਮੈਨ ਵਿਜੈ ਕੁਮਾਰ, ਬਲਵੀਰ ਸਿੰਘ ਕਰਨਾਣਾ, ਅਮਨਾ ਮਾਂਗਟ, ਵਰਿੰਦਰ ਕੌਰ, ਜਸਵੀਰ ਕੌਰ, ਜੀਵਨ ਸਿੰਘ ਤੇ ਜੋਰਾਵਰ ਆਸਟ੍ਰੇਲੀਆ ਸਮੇਤ ਹੋਰ ਵੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਸਤਿਗੁਰੂ ਰਵਿਦਾਸ ਜੀ ਦੇ ਗੁਰਪੁਰਬ ਤੇ ਬੇਗਮਪੁਰਾ ਏਡ ਟੀਮ ਲਾਵੇਗੀ ਬਨਾਰਸ ਵਿਖੇ 22 ਤੋਂ 24 ਤੱਕ ਮੈਡੀਕਲ ਕੈਂਪ– ਭਾਈ ਰਾਮ ਸਿੰਘ ਮੈਂਗੜਾ

**ਬੰਗਾ (ਚਰਨਜੀਤ ਸੱਲ੍ਹਾਂ)** ਬੇਗਮਪੁਰਾ ਏਡ ਇੰਟਰਨੈਸ਼ਨਲ ਟੀਮ ਫਰਾਂਸ ਦੇ ਮੁੱਖ ਸੇਵਾਦਾਰ ਭਾਈ ਰਾਮ ਸਿੰਘ ਮੈਂਗੜਾ ਜੀ ਨੇ ਪ੍ਰੈਸ ਨਾਲ ਗੱਲ ਕਰਦਿਆਂ ਦੱਸੀਆਂ ਕੇ ਬੇਗਮਪੁਰਾ ਏਡ ਇੰਟਰਨੈਸ਼ਨਲ ਫਰਾਂਸ ਅਤੇ ਟੀਮ ਭਾਰਤ ਦੇ ਸਹਿਯੋਗ ਨਾਲ ਕਾਸ਼ੀ ਬਨਾਰਸ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਸਥਾਨ ਤੇ ਪਿੱਛੇ ਸਾਲ ਦੀ ਤਰ੍ਹਾਂ ਇਸ ਸਾਲ ਵੀ ਲਾਵੇਗੀ ਫ਼ਰੀ ਮੈਡੀਕਲ ਕੈਂਪ। ਜਿਸ ਤੋਂ ਕਾਂਸ਼ੀ ਬਨਾਰਸ ਗੁਰਪੁਰਬ ਤੇ ਆਉਣ ਵਾਲੀ ਸੰਗਤ ਸਿਹਤ ਸੰਬਧੀ ਕੋਈ ਵੀ ਬਿਮਾਰੀ ਪ੍ਰੇਸ਼ਾਨੀ ਆਉਣ ਤੇ ਲੈ ਸਕੇਗੀ ਫਰੀ ਮੈਡੀਸਨ। ਭਾਈ ਰਾਮ ਸਿੰਘ ਮੈਂਗੜਾ ਜੀ ਨੇ ਅੱਗੇ



ਕਿਹਾ ਕੇ ਇਸ ਮੈਡੀਕਲ ਕੈਂਪ ਵਿੱਚ ਭਾਰਤ ਪੰਜਾਬ ਦੇ ਸੇਵਾਦਾਰਾਂ ਨਾਲ ਰਲ ਕੇ ਸੇਵਾ ਕਰਨ ਲਈ ਯੂਰਪ ਤੋਂ ਸੰਗਤ ਵੀ ਪਹੁੰਚ ਚੁੱਕੀ ਹੈ। ਜੋ ਕੇ ਤਨ ਮਨ ਤੋਂ ਸੰਗਤ ਦੀ ਸੇਵਾ ਕਰਨਗੇ। ਭਾਈ ਰਾਮ ਸਿੰਘ ਮੈਂਗੜਾ ਨੇ ਆਖਿਆ ਕੇ ਮੈਡੀਕਲ ਕੈਂਪ ਦੇ ਸਾਰੇ ਹੀ ਪ੍ਰਬੰਧ ਮੁਕੰਮਲ ਹੋ ਗਏ ਹਨ ਅਤੇ ਡਾਕਟਰ ਸਹਿਬਾਨਾ ਤੇ ਮੈਡੀਕਲ ਸਟਾਫ਼ ਟੀਮ ਦੀ ਵੀ ਸਾਰੀ ਤਿਆਰੀ ਹੋ ਚੁੱਕੀ ਹੈ। ਕਾਂਸ਼ੀ ਬਨਾਰਸ ਆਉਣ ਵਾਲੀ ਸੰਗਤ ਨੂੰ ਸਿਹਤ ਸੰਬਧੀ ਕੋਈ ਵੀ ਮੁਸ਼ਕਿਲ ਆਉਣ ਤੇ ਉਹ ਇਸ ਮੈਡੀਕਲ ਕੈਂਪ ਤੋਂ ਬਿਲਕੁਲ ਫਰੀ ਦਵਾਈਆਂ ਲੈ ਕੇ ਲਾਭ ਲੈ ਸਕਦੇ ਹਨ।

# ਸ਼ਾਨਦਾਰ ਫੁੱਟਬਾਲ ਟੂਰਨਾਮੈਂਟ ਪਿੰਡ ਪੱਦੀ ਮੱਟਵਾਲੀ ਵਿਖੇ ਖਿਡਾਰੀਆਂ ਨੂੰ ਐਨਰਜੀ ਬੂਸਟਰ ਵੰਡੇ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਅੱਜ ਪਿੰਡ ਪੱਦੀ ਮੱਟਵਾਲੀ ਵਿਖੇ ਸ਼ਾਨਦਾਰ ਫੁੱਟਬਾਲ ਟੂਰਨਾਮੈਂਟ ਵਿੱਚ ਜਾਕੇ ਸੇਵਾ ਟਰੱਸਟ ਯੂ ਕੇ ਇੰਡੀਆ ਦੇ ਫਾਉਂਡਰ ਪ੍ਰਧਾਨ ਚਰਨ ਕੰਵਲ ਸਿੰਘ ਸੇਖੋਂ, ਚੇਅਰਮੈਨ ਨਰੇਸ਼ ਮਿੱਤਲ ਅਤੇ ਜ਼ਿਲ੍ਹਾ ਪ੍ਰਧਾਨ (ਸ਼ਹੀਦ ਭਗਤ ਸਿੰਘ ਨਗਰ ਅਤੇ ਜਲੰਧਰ) ਸ਼ਮਿੰਦਰ ਸਿੰਘ ਗਰਚਾ ਅਤੇ ਉਨ੍ਹਾਂ ਦੇ ਨਾਲ ਸਰਗਰਮ ਮੈਂਬਰ ਬਖਸ਼ੀਸ਼ ਸਿੰਘ ਮਾਨ ਵੱਲੋਂ ਤੰਦਰੁਸਤ ਪੰਜਾਬ ਅਤੇ ਤੰਦਰੁਸਤ ਭਾਰਤ ਮਿਸ਼ਨ ਅਧੀਨ ਡਾਬਰ ਇੰਡੀਆ ਕੰਪਨੀ ਵੱਲੋਂ ਤਿਆਰ ਕੀਤੇ ਐਨਰਜੀ ਬੂਸਟਰ ਬਿਲਕੁਲ ਮੁਫਤ ਖਿਡਾਰੀਆਂ ਨੂੰ ਵੰਡੇ ਗਏ। ਸਪੋਰਟਸ ਕਲੱਬ



ਅਤੇ ਗ੍ਰਾਮ ਪੰਚਾਇਤ ਦੇ ਮੈਂਬਰਾਂ ਨੇ ਇਨ੍ਹਾਂ ਦਾ ਵਿਸ਼ੇਸ਼ ਤੌਰ ਤੇ ਸਨਮਾਨ ਵੀ ਕੀਤਾ। ਸੇਵਾ ਟਰੱਸਟ ਯੂਕੇ ਇੰਡੀਆ ਦੇ ਫਾਉਂਡਰ ਵੱਲੋਂ ਲਗਭਗ ਪਿਛਲੇ ਇੱਕ ਸਾਲ ਤੋਂ 12 ਲੱਖ ਦੀ ਐਨਰਜੀ ਬੂਸਟਰ, ਬੱਚਿਆਂ ਦੀਆਂ ਵਰਦੀਆਂ, ਗਰੀਬ ਮਰੀਜ਼ਾਂ ਨੂੰ ਆਰਥਿਕ ਸਹਾਇਤਾ ਅਤੇ ਪਰਵਾਸੀ ਮਜ਼ਦੂਰਾਂ ਨੂੰ ਰਜ਼ਾਈਆ, ਕੰਬਲ ਅਤੇ ਹੋਰ ਖਾਂਣ ਪੀਣ ਦਾ ਸਮਾਨ ਬਹੁਤ ਵੱਡੀ ਮਾਤਰਾ ਵਿੱਚ ਵੰਡ ਚੁੱਕੇ ਹਨ ਅਤੇ ਹਮੇਸ਼ਾ ਤਿਆਰ ਭਰ ਤਿਆਰ ਰਹਿੰਦੇ ਹਨ ਗਰੀਬ ਲੋਕਾਂ ਦੀ ਸੇਵਾ ਕਰਨ ਵਾਸਤੇ ਅਤੇ ਪੜ੍ਹਾਈ ਦੁਵਾਈ ਲਈ ਹਰ ਦਮ ਤੱਤਪਰ ਰਹਿੰਦੇ ਹਨ।

# ਵਿਦਿਆਰਥੀਆਂ ਨੇ ਪੁਸ਼ਪਾ ਗੁਜਰਾਲ ਸਾਇੰਸ ਸਿਟੀ ਵਿਖੇ ਵਿੱਦਿਅਕ ਫੇਰੀ ਲਗਾਈ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਪੰਜਾਬ ਸਰਕਾਰ ਅਤੇ ਸਿੱਖਿਆ ਵਿਭਾਗ ਵੱਲੋਂ ਵਿਦਿਆਰਥੀਆਂ ਦੇ ਵਾਸਤਵਿਕ ਗਿਆਨ ਵਿੱਚ ਵਾਧਾ ਕਰਨ ਅਤੇ ਸੈਰ–ਸਪਾਟੇ ਨੂੰ ਵਿਕਸਤ ਕਰਨ ਲਈ ਚਲਾਈ ਮੁਹਿੰਮ ਤਹਿਤ ਪ੍ਰਿੰਸੀਪਲ ਸ਼੍ਰੀਮਤੀ ਰੀਨਾ ਦੀ ਯੋਗ ਅਗਵਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜਗਤਪੁਰ ਜੱਟਾਂ ਦੇ ਵਿਦਿਆਰਥੀਆਂ ਨੇ ਪੁਸ਼ਪਾ ਗੁਜਰਾਲ ਸਾਇੰਸ ਸਿਟੀ ਕਪੂਰਥਲਾ ਵਿਖੇ ਇੱਕ ਰੋਜ਼ਾ ਵਿੱਦਿਅਕ ਫੇਰੀ ਲਗਾਈ। ਇੱਥੇ ਵਿਦਿਆਰਥੀਆਂ ਨੇ ਪੁਲਾੜ,ਜੀਵ–ਜੰਤੂਆਂ



ਅਤੇ ਵਿਗਿਆਨਕ ਉਪਕਰਨਾਂ ਬਾਰੇ ਜਾਣਕ–ਾਰੀ ਇਕੱਤਰ ਕੀਤੀ। ਇਸ ਮੌਕੇ ਮੈਡਮ ਕਮਲਪ੍ਰੀਤ ਕੌਰ ਨੇ ਵਿਦਿਆਰਥੀਆਂ ਨੂੰ ਵੱਖ–ਵੱਖ ਪ੍ਰਦਰਸ਼ਨੀਆਂ ਬਾਰੇ ਜਾਣਕਾਰੀ ਦਿੱਤੀ ਅਤੇ ਕਿਹਾ ਅਜਿਹੇ ਵਿੱਦਿਅਕ ਟੂਰਾਂ ਤੋਂ ਵਿਦਿਆਰਥੀਆਂ ਨੂੰ ਭਰਪੂਰ ਲਾਭ ਉਠਾਉਣਾ ਚਾਹੀਦਾ ਹੈ। ਟੂਰ ਦੌਰਾਨ ਮੈਡਮ ਅਮਰਜੀਤ ਕੌਰ, ਸੰਦੀਪ ਕੌਰ, ਰਣਜੀਤ ਸਿੰਘ ਤੋਂ ਇਲਾਵਾ ਸਟਾਫ਼ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ।

# ਗੁਰੂ ਕਿਰਪਾ ਇੰਟਰਨੈਸ਼ਨਲ ਕੰਨਿਆਦਾਨ ਸੰਸਥਾ ਨੇ 8ਵਾਂ ਕੰਨਿਆਦਾਨ ਸਮਾਗਮ ਕਰਵਾਇਆ

**ਜਲੰਧਰ–** ਗੁਰੂ ਕਿਰਪਾ ਇੰਟਰਨੈਸ਼ਨਲ ਕੰਨਿਆਦਾਨ ਸੰਸਥਾ (ਰਜਿ.) ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 647ਵੇਂ ਆਗਮਨ ਪੁਰਬ ਨੂੰ ਸਮਰਪਿਤ 5 ਲੋੜਵੰਦ ਲੜਕੀਆਂ ਦੇ ਸਮੂਹਿਕ ਆਨੰਦ ਕਾਰਜ ਰੰਧਾਵਾ ਮਸੰਦਾਂ ਵਿਖੇ ਕਰਵਾਏ ਗਏ। ਸੰਸਥਾ ਪ੍ਰਧਾਨ ਬੀਰ ਚੰਦ ਸੁਰੀਲਾ, ਯੂ.ਏ.ਈ. ਪ੍ਰਧਾਨ ਸਤਪਾਲ ਮਹੇ, ਸੁਰੇਸ਼ ਕੁਮਾਰ ਕਲੇਰ, ਉਪ–ਪ੍ਰਧਾਨ ਸਰਵਣ ਸਿੰਘ ਤੇ ਸਮੂਹ ਮੈਂਬਰਾਂ ਦੇ ਸਹਿਯੋਗ ਸਦਕਾ 8ਵਾਂ ਕੰਨਿਆਦਾਨ ਸਮਾਗਮ ਬੜੇ ਹੀ ਸੁਚੱਜੇ ਢੰਗ ਨਾਲ ਸੰਪੂਰਨ ਹੋਇਆ, ਜਿਸ ਵਿਚ ਪੰਜ ਸਮੂਹਿਕ ਵਿਆਹ ਕੀਤੇ ਗਏ। ਇਨ੍ਹਾਂ ਵਿਚ ਪ੍ਰਵਾਸੀ ਵੀਰਾਂ ਤੇ ਸੰਸਥਾ ਦੇ ਮੈਂਬਰਾਂ ਦਾ ਵਿਸ਼ੇਸ਼ ਯੋਗਦਾਨ ਰਿਹਾ। ਕੰਨਿਆਦਾਨ ਉੱਤਮ ਦਾਨ ਸਮਝ ਕੇ ਨਗਰ ਨਿਵਾਸੀਆਂ ਨੇ ਵੀ ਆਪਣੀ ਸਮਰੱਥਾ ਮੁਤਾਬਿਕ ਯੋਗਦਾਨ ਪਾਇਆ। ਇਸ ਮੌਕੇ ਮੁੱਖ ਮਹਿਮਾਨ ਕੈਬਨਿਟ ਮੰਤਰੀ ਬਲਕਾਰ ਸਿੰਘ ਨੇ ਸੰਸਥਾ ਵੱਲੋਂ ਕੰਨਿਆਦਾਨ ਦੇ ਨਾਲ–ਨਾਲ ਸਿੱਖਿਆ, ਖੇਡਾਂ ਅਤੇ ਮੈਡੀਕਲ ਕੈਂਪ ਲਗਾ ਕੇ ਪਰਉਪਕਾਰ ਦੇ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਅਖਤਿਆਰੀ ਫੰਡ 'ਚੋਂ ਸੰਸਥਾ ਨੂੰ 3 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਇਸ ਮੌਕੇ ਸਾਈਂ ਮਧੂ ਜਲੰਧਰ ਵਾਲੇ, ਸੰਤ ਜਗੀਰ ਸਿੰਘ ਸਰਬੱਤ ਭਲਾ ਆਸ਼ਰਮ ਮਕਸੂਦਾਂ, ਸੰਜੂ



ਅਰੋੜਾ ਜਨ. ਸਕੱਤਰ ਪੰਜਾਬ ਪ੍ਰਦੇਸ਼ ਕਾਂਗਰਸ, ਲਵੀ ਸੋਹਲ ਸਕੱਤਰ ਜ਼ਿਲ੍ਹਾ ਕਾਂਗਰਸ ਕਮੇਟੀ ਨੇ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ। ਇਸ ਮੌਕੇ ਮੁੱਖ ਬੁਲਾਰੇ ਬਲਵਿੰਦਰ ਚੰਦ ਬੰਗੜ, ਪ੍ਰੈਸ ਸਕੱਤਰ ਬਲਰਾਜ ਸਿੰਘ, ਖਜਾਨਚੀ ਹਰੀਸ਼ ਵਿਰਦੀ, ਜਗਦੀਪ ਵਾਲੀਆ ਨੇ 8ਵੇਂ ਕੰਨਿਆਦਾਨ ਸਮਾਗਮ 'ਚ ਸਹਿਯੋਗ ਦੇਣ ਵਾਲੇ ਹਰ ਸਹਿਯੋਗੀਆਂ ਦਾ ਤਹਿਦਿਲੋਂ ਧੰਨਵਾਦ ਕੀਤਾ ਅਤੇ ਅੱਗੇ ਤੋਂ ਵੀ ਇਸੇ ਤਰ੍ਹਾਂ ਸਹਿਯੋਗ ਦੇ ਕੇ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜਾਂ ਨੂੰ ਸਫਲ ਬਨਾਉਣ ਲਈ ਹੌਂਸਲਾ ਦਿੰਦੇ ਰਹਿਣ ਦੇ ਬੇਨਤੀ ਕੀਤੀ।

ਇਸ ਮੌਕੇ ਵੱਖ–ਵੱਖ ਸਮਾਜ ਸੇਵੀ ਤੇ ਧਾਰਮਿਕ ਸੰਸਥਾਵਾਂ ਦੇ ਮੈਂਬਰਾਂ ਅਤੇ ਅਹੁਦੇਦਾਰਾਂ ਨੇ ਸਮਾਗਮ ਵਿਚ ਸ਼ਿਰਕਤ ਕਰਕੇ ਸੰਸਥਾ ਦਾ ਮਾਣ ਵਧਾਇਆ। ਇਸ ਮੌਕੇ ਸੰਸਥਾ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਵਿਚ ਸੁਰਿੰਦਰ ਪਾਲ ਜਨਾਗਲ, ਮਦਨ ਸਿੰਘ, ਦਵਿੰਦਰ ਸੁਰੀਲਾ, ਤਰਸੇਮ ਬੱਧਣ, ਡਾ. ਮੱਖਣ ਲਾਲ, ਐਡਵੋਕੇਟ ਜਗਜੀਵਨ ਰਾਮ, ਰਾਜ ਕੁਮਾਰ ਰਾਣਾ, ਬੀਬੀ ਦਲਵੀਰ ਕੌਰ, ਸਰਬਜੀਤ ਕੌਰ ਧੁੱਗਾ, ਚੇਅਰਮੈਨ ਪਰਮਜੀਤ ਮਡਾਰ, ਜਗਦੀਸ਼ ਕੁਮਾਰ, ਰਾਜ ਕੁਮਾਰੀ ਪੰਚ, ਸੁਨੀਤਾ ਪੰਚ, ਜਸਵੀਰ ਕੌਰ ਪੰਚ, ਰਾਜ ਕੁਮਾਰ ਮੱਲ, ਪ੍ਰਧਾਨ ਪਰਮਜੀਤ ਮੱਲ, ਰਾਮ ਪ੍ਰਕਾਸ਼ ਮਾਹੀ, ਰਵੀ ਮਾਹੀ, ਗਿਆਨ ਚੰਦ, ਗੁਰਦਿਆਲ ਚੰਦ, ਸੰਮੀ ਸਿੱਧੂ, ਬਲਵਿੰਦਰ ਸੁੰਮਨ, ਪ੍ਰਧਾਨ ਗੁਰਪਾਲ ਸਿੰਘ ਪਾਲਾ, ਬਾਬਾ ਹਰਵਿੰਦਰ ਸਿੰਘ ਅੰਬਗੜ੍ਹ, ਪ੍ਰਿੰ। ਪਰਮਜੀਤ ਜੱਸਲ, ਮਹਿੰਦਰ ਲਾਲ ਸਰਪੰਚ ਆਦਿ ਹਾਜ਼ਰ ਸਨ।

## ਪਠਾਨਕੋਟ ਸਮਾਚਾਰ - ਰਾਜਿੰਦਰ ਸਿੰਘ ਰਾਜਨ

# 50 ਲੱਖ ਰੁਪਏ ਦੀ ਲਾਗਤ ਨਾਲ ਬਣੇਗਾ ਪੈਲੇਸ

**ਪਠਾਨਕੋਟ–** ਪੰਜਾਬ ਸਰਕਾਰ ਵੱਲੋਂ ਸਰਹੱਦੀ ਪਿੰਡਾਂ ਦੇ ਲੋਕਾਂ ਲਈ ਵਿਸੇਸ ਕਾਰਜ ਕੀਤੇ ਜਾ ਰਹੇ ਹਨ ਅਤੇ ਅੱਜ ਜਿਲ੍ਹਾ ਪਠਾਨਕੋਟ ਦੇ ਸਰਹੱਦੀ ਪਿੰਡ ਬਮਿਆਲ, ਨਰੋਟ ਜੈਮਲ ਸਿੰਘ, ਉੱਜ ਅਤੇ ਰਾਵੀ ਦਰਿਆ ਆਦਿ ਦੇ ਨਾਲ ਲਗਦੇ ਕਰੀਬ 60–



70 ਪਿੰਡਾਂ ਨੂੰ ਸਮਰਪਿਤ ਪਿੰਡ ਕੋਲੀਆਂ ਅੰਦਰ ਚਾੜਕ ਪਿੰਡ ਵਿਖੇ ਕਰੀਬ 50 ਲੱਖ ਰੁਪਏ ਦੀ ਲਾਗਤ ਨਾਲ ਗਰੀਬ ਲੋਕਾਂ ਦੇ ਲਈ ਪੈਲੇਸ ਦਾ ਨਿਰਮਾਣ ਕਰਨ ਦੇ ਕਾਰਜ ਦਾ ਅਰੰਭ ਕੀਤਾ ਗਿਆ ਹੈ। ਇਹ ਪਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਵਣ ਅਤੇ ਜੰਗਲੀ ਜੀਵ ਸੁਰੱਖਿਆ, ਖੁਰਾਕ ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਪੰਜਾਬ ਨੇ ਅੱਜ ਪਿੰਡ ਕੋਲੀਆਂ ਵਿਖੇ ਪੈਲੇਸ ਦਾ ਨੀਹ ਪੱਥਰ ਰੱਖਣ ਮਗਰੋਂ ਕੀਤਾ ਗਿਆ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਪਵਨ ਕੁਮਾਰ ਫੋਜੀ ਬਲਾਕ ਪ੍ਰਧਾਨ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਠਾਕੁਰ ਭੁਪਿੰਦਰ ਸਿਘ, ਬਲਾਕ ਪ੍ਰਧਾਨ ਸੂਬੇਦਾਰ ਕੁਲਵੰਤ ਸਿੰਘ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

ਇਸ ਮੌਕੇ ਤੇ ਕੈਬਨਿਟ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਸੰਬੋਧਤ ਕਰਦਿਆਂ ਕਿਹਾ ਕਿ ਅੱਜ ਖੁਸੀ ਦਿਨ ਹੈ ਕਿ ਰਾਵੀ ਅਤੇ ਉਜ ਦੇ ਨਾਲ ਲਗਦੇ ਪਿੰਡਾਂ ਨੂੰ ਵਿਆਹ ਸਾਦੀ, ਖੁਸੀ, ਗਮੀ ਆਦਿ ਸਮਾਰੋਹਾਂ ਦੇ ਲਈ ਕੰਮਿਊਨਿਟੀ ਹਾਲ ਬਣਾਉਂਦ ਦੇ ਲਈ ਨੀਹ ਪੱਥਰ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਕੋਲੀਆਂ ਨਜਦੀਕ ਪਿੰਡ ਚਾੜਕ ਵੱਲੋਂ ਦਿੱਤੀ ਪੰਚਾਇਤੀ ਜਮੀਨ ਤੇ ਇੱਕ ਵਧੀਆ ਗੁਣਵੱਤਾ ਵਾਲਾ ਇਹ ਪੈਲੇਸ ਜੋ ਕਿ ਗਰੀਬ ਲੋਕਾਂ ਦੇ ਬੱਚਿਆਂ ਦੀ ਸਾਦੀ ਜਾਂ ਕਿਸੇ ਹੋਰ ਤਰ੍ਹਾਂ ਦੇ ਸਮਾਰੋਹਾਂ ਦੇ ਲਈ ਤਿਆਰ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਕਰੀਬ 50 ਲੱਖ ਰੁਪਏ ਇਸ ਪੈਲੇਸ ਤੇ ਖਰਚ ਕੀਤੇ ਜਾਣਗੇ ਅਤੇ ਸਾਰੀਆਂ ਸੁਵਿਧਾਵਾਂ ਇਸ ਪੈਲੇਸ ਨੂੰ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਜੀ ਦੀ ਯੋਗ ਅਗਵਾਈ ਵਿੱਚ ਸਰਕਾਰ ਲਗਾਤਾਰ ਲੋਕ ਹਿੱਤ ਦੇ ਕਾਰਜ ਕਰਦੀ ਆ ਰਹੀ ਹੈ ਅਤੇ ਸਰਹੱਦੀ ਪਿੰਡਾਂ ਨੂੰ ਇੱਕ ਬਹੁਤ ਹੀ ਵਧੀਆ ਪੈਲੇਸ ਦਾ ਤੋਹਫਾ ਲੋਕਾਂ ਨੂੰ ਬਹੁਤ ਰਾਹਤ ਦੇਵੇਗਾ। ਉਨ੍ਹਾਂ ਕਿਹਾ ਕਿ ਇਸ ਪੈਲੇਸ ਨੂੰ ਵਧੀਆਂ ਢੰਗ ਨਾਲ ਚਲਾਉਣ ਲਈ ਮੈਨੇਜਮੈਂਟ ਵੀ ਤਿਆਰ ਕੀਤੀ ਜਾਵੇਗੀ।

# ਵਿਕਾਸ ਕਾਰਜ ਨਿਰਧਾਰਤ ਸਮੇਂ ਅੰਦਰ ਹੀ ਮੁਕੰਮਲ ਕਰਕੇ ਜਨਤਾ ਦੇ ਸਮਰਪਿਤ ਕੀਤੇ ਜਾਣ: ਕੈਬਨਿਟ ਮੰਤਰੀ

**ਪਠਾਨਕੋਟ–** ਕੈਬਨਿਟ ਮੰਤਰੀ ਪੰਜਾਬ ਲਾਲ ਚੰਦ ਕਟਾਰੂਚੱਕ ਵੱਲੋਂ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਵਿਖੇ ਡਿਪਟੀ ਕਮਿਸਨਰ ਪਠਾਨਕੋਟ ਅਦਿੱਤਿਆ ਉੱਪਲ ਦੀ ਪ੍ਰਧਾਨਗੀ ਹੇਠ ਆਮ ਆਦਮੀ ਪਾਰਟੀ ਦੇ ਆਹੁਦੇਦਾਰ ਅਤੇ ਪ੍ਰਸਾਸਨਿਕ ਅਧਿਕਾਰੀਆਂ ਵਿੱਚ ਇੱਕ ਰੀਵਿਊ ਮੀਟਿੰਗ ਆਯੋਜਿਤ ਕੀਤੀ ਗਈ ਜਿਸ ਵਿੱਚ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਵਿਭੂਤੀ ਸਰਮਾ ਚੇਅਰਮੈਨ ਪੀਟੀਡੀਸੀ, ਅੰਮਿਤ ਮੰਟੂ ਜਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ ਪਠਾਨਕੋਟ, ਕੈਪਟਨ ਸੁਨੀਲ ਗੁਪਤਾ ਚੇਅਰਮੈਨ ਪੈਸਕੋ ਪੰਜਾਬ, ਵਿਕਾਸ ਸੈਣੀ ਚੇਅਰਮੈਨ ਮਾਰਕਿਟ ਕਮੇਟੀ ਪਠਾਨਕੋਟ, ਠਾਕੁਰ ਮਨੋਹਰ ਸਿੰਘ, ਸਾਹਿਬ ਸਿੰਘ ਸਾਬਾ, ਰੇਖਾ ਮਣੀ ਸਰਮਾ ਜਿਲ੍ਹਾ ਮਹਿਲਾ ਪ੍ਰਧਾਨ, ਐਡਵੋਕੇਟ ਰਮੇਸ ਕੁਮਾਰ, ਸਤੀਸ ਮਹਿੰਦਰੂ ਚੇਅਰਮੈਨ ਦਾ ਹਿੰਦੂ ਕੋਪਰੇਟਿਵ ਬੈਂਕ ਪਠਾਨਕੋਟ, ਨਰੇਸ ਸੈਣੀ ਜਿਲ੍ਹਾ ਪ੍ਰਧਾਨ ਬੀ।ਸੀ। ਵਿੰਗ, ਪਵਨ ਕੁਮਾਰ ਫੋਜੀ ਬਲਾਕ ਪ੍ਰਧਾਨ, ਸੋਹਣ ਲਾਲ ਬਲਾਕ ਪ੍ਰਧਾਨ, ਬਲਜਿੰਦਰ ਕੌਰ ਬਲਾਕ ਪ੍ਰਧਾਨ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਠਾਕੁਰ ਭੁਪਿੰਦਰ ਸਿੰਘ ਅਤੇ ਹੋਰ ਪਾਰਟੀ ਕਾਰਜਕਰਤਾ ਹਾਜ਼ਰ ਹੋਏ। ਇਸ ਮੌਕੇ ਤੇ ਸੰਬੋਧਤ ਕਰਦਿਆਂ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਲਈ ਸ਼ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਯੋਗ ਅਗਵਾਈ ਵਿੱਚ ਲਗਾਤਾਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਅੱਜ ਕੋਈ ਵੀ ਨਾਗਰਿਕ 1076 ਨੰਬਰ ਡਾਇਲ ਕਰਕੇ 29 ਤਰ੍ਹਾਂ ਦੀ ਸਰਕਾਰੀ ਸੇਵਾਵਾਂ ਘਰ ਬੈਠੇ ਹੀ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਅੱਜ ਜਿਲ੍ਹਾ ਪਠਾਨਕੋਟ ਅੰਦਰ ਚਲ ਰਹੇ ਵਿਕਾਸ ਕਾਰਜਾਂ ਤੇ ਰੀਵਿਊ ਕਰਨ ਦੇ ਲਈ ਜਿਲ੍ਹਾ ਪ੍ਰਸਾਸਨਿਕ ਅਧਿਕਾਰੀਆਂ ਅਤੇ ਆਮ ਆਦਮੀ ਪਾਰਟੀ ਦੇ ਆਹੁਦੇਦਾਰਾਂ ਵਿੱਚ ਮੀਟਿੰਗ ਕੀਤੀ



ਗਈ ਹੈ ਜਿਸ ਦੇ ਬਹੁਤ ਵਧੀਆਂ ਨਤੀਜੇ ਸਾਹਮਣੇ ਆਏ। ਉਨ੍ਹਾਂ ਦੱਸਿਆ ਕਿ ਆਮ ਆਦਮੀ ਪਾਰਟੀ ਦੇ ਆਹੁਦੇਦਾਰਾਂ ਅਤੇ ਵਰਕਰਾਂ ਵੱਲੋਂ ਮੌਕੇ ਤੇ ਮਾਮਲੇ ਧਿਆਨ ਵਿੱਚ ਲਿਆਂਦੇ ਅਤੇ ਬਹੁਤ ਸਾਰੇ ਮਸਲਿਆਂ ਦਾ ਹੱਲ ਮੌਕੇ ਤੇ ਹੀ ਕੀਤਾ ਗਿਆ। ਜਿਨ੍ਹਾਂ ਮਸਲਿਆਂ ਦਾ ਹੱਲ ਮੌਕੇ ਤੇ ਨਹੀਂ ਹੋਇਆ ਹੈ ਪ੍ਰਸਾਸਨ ਵੱਲੋਂ ਜਲਦੀ ਹੀ ਉਨ੍ਹਾਂ ਮਸਲਿਆਂ ਨੂੰ ਹੱਲ ਕਰਨ ਦੇ ਲਈ ਭਰੋਸਾ ਦਿੱਤਾ ਹੈ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਜਿਲ੍ਹਾ ਪਠਾਨਕੋਟ ਅੰਦਰ ਵੱਖ ਵੱਖ ਵਿਭਾਗਾਂ ਅੰਦਰ ਚਲਾਏ ਜਾ ਰਹੇ ਵਿਕਾਸ ਕਾਰਜ ਨਿਰਧਾਰਤ ਸਮੇਂ ਅੰਦਰ ਹੀ ਮੁਕੰਮਲ ਕਰਕੇ ਜਨਤਾ ਦੇ ਸਮਰਪਿਤ ਕੀਤੇ ਜਾਣ।

# ਕਾਨੂੰਨੀ ਸੇਵਾਵਾਂ ਅਥਾਰਟੀ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧਾਰਕਲਾਂ ਵਿਖੇ ਵਿਦਿਆਰਥੀਆਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਬਾਰੇ ਕੀਤਾ ਜਾਗਰੂਕ

**ਪਠਾਨਕੋਟ–** ਜ਼ਿਲ੍ਹਾ ਲੀਗਲ ਸਰਵਿਸਜ਼ ਅਥਾਰਟੀ ਪਠਾਨਕੋਟ ਵੱਲੋਂ ਸ੍ਰੀ ਰਜੀਵ ਪਾਲ ਚੀਮਾ ਸੀ।ਜੇ।ਐਮ ਕਮ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਅਗਵਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧਾਰ ਕਲਾਂ 'ਚ ਮੁਫ਼ਤ ਕਾਨੂੰਨੀ ਸਾਖਰਤਾ ਸੈਮੀਨਾਰ ਲਗਾ ਕੇ ਵਿਦਿਆਰਥੀਆਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਬਾਰੇ ਜਾਣਕਾਰੀ ਦਿੱਤੀ ਗਈ। ਇਸ ਸੈਮੀਨਾਰ ਦੌਰਾਨ ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ ਪਠਾਨਕੋਟ ਵਿਖੇ ਤੈਨਾਤ ਲੀਗਲ ਅਡਵਾਈਜ਼ਰ ਜੋਗਿੰਦਰ ਪਾਲ ਨੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਤੋਂ ਮਿਲਣ ਵਾਲੀ ਮੁਫਤ ਕਾਨੂੰਨੀ ਸਹਾਇਤਾ ਅਤੇ ਕਾਨੂੰਨੀ ਹੱਕਾਂ ਬਾਰੇ ਜਾਣੂ ਕਰਵਾਇਆ। ਸਿੱਖਿਆ ਵਿਭਾਗ ਦੇ ਲੀਗਲ ਅਡਵਾਈਜ਼ਰ ਜੋਗਿੰਦਰ ਪਾਲ ਨੇ ਵਿਦਿਆਰਥੀਆਂ ਨੂੰ ਨਾਲਸਾ ਦੀ ਸਕੀਮਾਂ ਜਿਵੇਂ ਕਿ ਆਪਦਾ ਪੀੜਤ ਨੂੰ ਕਾਨੂੰਨੀ ਸੇਵਾਵਾਂ, ਤਸਕਰੀ ਅਤੇ ਵਪਾਰਿਕ ਜਿਨਸੀ ਸ਼ੋਸ਼ਣ ਦੇ ਸ਼ਿਕਾਰ ਨੂੰ ਕਾਨੂੰਨੀ ਸੇਵਾਵਾਂ, ਸੰਗਠਿਤ ਖੇਤਰ 'ਚ ਕੰਮ ਕਰਨ ਵਾਲਿਆਂ




ਨੂੰ ਕਾਨੂੰਨੀ ਸੇਵਾਵਾਂ, ਬੱਚਿਆਂ ਅਤੇ ਉਨ੍ਹਾਂ ਦੀ ਸੁਰੱਖਿਆ ਲਈ ਕਾਨੂੰਨੀ ਸੇਵਾਵਾਂ, ਮਾਨਸਿਕ ਤੌਰ 'ਤੇ ਬਿਮਾਰ ਅਤੇ ਮਾਨਸਿਕ ਤੌਰ 'ਤੇ ਅਪਾਹਜ ਵਿਅਕਤੀ ਨੂੰ ਕਾਨੂੰਨੀ ਸੇਵਾਵਾਂ, ਬਜੁਰਗਾਂ ਨੂੰ ਕਾਨੂੰਨੀ ਸੇਵਾਵਾਂ, ਤੇਜ਼ਾਬ ਪੀੜਤ ਨੂੰ ਕਾਨੂੰਨੀ ਸੇਵਾਵਾਂ ਅਤੇ ਹੋਰ ਮੁਫ਼ਤ ਮਿਲਣ ਵਾਲੀਆਂ ਕਾਨੂੰਨੀ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ। ਜੋਗਿੰਦਰ ਪਾਲ ਨੇ ਦੱਸਿਆ ਕਿ ਕੋਈ ਵੀ ਵਿਅਕਤੀ ਜੋ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦਾ ਹੋਵੇ, ਔਰਤ, ਹਿਰਾਸਤ ਵਿੱਚ ਵਿਅਕਤੀ, ਬੇਗਾਰ ਦਾ ਮਾਰਿਆ ਹੋਇਆ ਵਿਅਕਤੀ ਅਤੇ ਜਿਸ ਵਿਅਕਤੀ ਦੀ ਸਲਾਨਾ ਆਮਦਨ 3,00,000/- ਰੁਪਏ ਤੋਂ ਘੱਟ ਹੋਵੇ ਉਸ ਨੂੰ ਮੁਫ਼ਤ ਕਾਨੂੰਨੀ ਸੇਵਾ ਪ੍ਰਦਾਨ ਕੀਤੀ ਜਾਂਦੀ ਹੈ।

ਮੁਫ਼ਤ ਕਾਨੂੰਨੀ ਸੇਵਾ ਵਿੱਚ ਵਕੀਲਾਂ ਦੀਆਂ ਸੇਵਾਵਾਂ, ਕੋਰਟ ਫ਼ੀਸ ਗਵਾਹਾਂ ਦੇ ਖਰਚੇ ਆਦਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਅਦਾ ਕੀਤੇ ਜਾਂਦੇ ਹਨ। ਇਸ ਤੋਂ ਬਾਦ ਉਨ੍ਹਾਂ ਨੇ ਪ੍ਰੋਟੈਕਸ਼ਨ ਆਫ ਚਿਲਡਰਨ ਫਰਾਮ ਸੈਕਸੂਅਲ ਆਫੈਂਸ ਐਕਟ, 2012 ਬਾਰੇ ਵਿਸਤਾਰ ਨਾਲ ਜਾਣਕਾਰੀ ਦਿੱਤੀ। ਇਸ ਦੇ ਨਾਲ ਉਨ੍ਹਾਂ ਨੇ ਦੱਸਿਆ ਕਿ ਪੰਜਾਬ ਸਰਕਾਰ ਦੁਆਰਾ ਅਪਰਾਧ ਪੀੜਤ ਮੁਆਵਜ਼ਾ ਸਕੀਮ 2011 ਦੇ ਤਹਿਤ ਵਿਕਟਿਮ ਮੁਆਵਜ਼ਾ ਕਮੇਟੀ ਪਠਾਨਕੋਟ ਦੇ ਤਹਿਤ ਜਰੂਰਤਮੰਦ ਲੋਕਾਂ ਨੂੰ ਮੁਆਵਜ਼ਾ ਦੁਆਇਆ ਜਾਂਦਾ ਹੈ ਜਿਸ ਤਰ੍ਹਾਂ ਕਿ ਤੇਜ਼ਾਬ ਪੀੜਤ, ਅਣਪਛਾਤੇ ਵਿਅਕਤੀ ਦੁਆਰਾ ਐਕਸੀਡੈਂਟ ਪੀੜਤ ਨੂੰ ਮੁਆਵਜ਼ਾ ਜਾਂ ਰੇਪ ਪੀੜਤ ਨੂੰ ਮੁਆਵਜ਼ਾ ਮਿਲਣ ਬਾਰੇ ਵਿਸ਼ੇਸ਼ ਤੌਰ 'ਤੇ ਜਾਣਕਾਰੀ ਮੁਹੱਈਆ ਕਰਵਾਈ ਗਈ। ਇਸ ਮੌਕੇ ਪ੍ਰਿੰਸੀਪਲ ਸ੍ਰੀ ਰਾਜੇਸ਼ ਪਠਾਨੀਆ ਵਿਸ਼ੇਸ਼ ਤੌਰ ਤੇ ਮੌਜੂਦ ਰਹੇ।

# ਨਰੋਟ ਮਹਿਰਾ ਵਿਖੇ 15 ਲੱਖ ਰੁਪਏ ਦੀ ਲਾਗਤ ਨਾਲ ਉਸਾਰੀ ਗਈ ਸਿਵਲ ਡਿਸਪੈਂਸਰੀ ਦਾ ਕੈਬਨਿਟ ਮੰਤਰੀ ਕਟਾਰੂਚੱਕ ਨੇ ਕੀਤਾ ਉਦਘਾਟਨ

**ਪਠਾਨਕੋਟ–** ਪੰਜਾਬ ਸਰਕਾਰ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਵਚਨਵੱਧ ਹੈ, ਜਿਸ ਤਹਿਤ ਰਾਜ ਦੇ ਜ਼ਿਲ੍ਹਿਆਂ ਅੰਦਰ ਆਮ ਆਦਮੀ ਕਲੀਨਿਕ ਖੋਲੇ ਜਾ ਰਹੇ ਹਨ ਤਾਂ ਜੋ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਮਿਲ ਸਕਣ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ, ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਮੰਤਰੀ ਪੰਜਾਬ ਨੇ ਗ੍ਰਾਮ ਪੰਚਾਇਤ ਨਰੋਟ ਮਹਿਰਾ ਵਿਖੇ 15 ਲੱਖ ਰੁਪਏ ਦੀ ਲਾਗਤ ਨਾਲ ਨਵੀਂ ਬਣੀ ਸਿਵਲ ਡਿਸਪੈਂਸਰੀ ਦਾ ਉਦਘਾਟਨ ਕਰਨ ਉਪਰੰਤ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ।



ਕੈਬਨਟ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਸੰਬੋਧਨ ਕਰਦਿਆਂ ਕਿਹਾ ਕਿ ਇਸ ਸਿਵਲ ਡਿਸਪੈਂਸਰੀ ਦੇ ਬਣਨ ਨਾਲ ਇਲਾਕੇ ਦੇ ਲੋਕਾਂ ਨੂੰ ਬਿਹਤਰ ਸਿਹਤ ਸੇਵਾਵਾਂ ਮੁਹੱਈਆਂ ਹੋਣਗੀਆਂ। ਉਹਨਾਂ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਦੇਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਸੂਬਾ ਸਰਕਾਰ ਵੱਲੋਂ ਰਾਜ ਅੰਦਰ ਆਮ ਆਦਮੀ ਕਲੀਨਿਕ ਖੋਲੇ ਜਾ ਰਹੇ ਹਨ ਲਈ ਉਨ੍ਹਾਂ ਕਿਹਾ ਕਿ ਹਸਪਤਾਲਾਂ ਵਿੱਚ ਸਾਰੀਆਂ ਦਵਾਈਆਂ ਹਸਪਤਾਲ ਅੰਦਰੋਂ ਹੀ ਦਿੱਤੀ ਜਾ ਰਹੀਆਂ ਹਨ ਅਤੇ ਲੋਕਾਂ ਦੇ ਸਾਰੇ ਤਰ੍ਹਾਂ ਟੈਸਟ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਜੋ ਵਾਅਦਾ ਲੋਕਾਂ ਨਾਲ ਕੀਤਾ ਸੀ ਉਸ ਨੂੰ ਪੂਰਾ ਕਰ ਰਹਿ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਦਿੱਤੀ ਜਾ ਰਹੀ 600 ਯੂਨਿਟ ਮੁਫਤ ਬਿਜਲੀ ਦਾ ਲਾਭ ਲਗਭਗ 90-95 ਫੀਸਦੀ ਲੋਕਾਂ ਨੂੰ ਹੋ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਵਲੋਂ 22 ਮਹੀਨਿਆਂ ਚ 41 ਹਜਾਰ ਸਰਕਾਰੀ ਨੌਕਰੀਆਂ ਨੌਜਵਾਨਾਂ ਨੂੰ ਮਿਲੀਆਂ ਹਨ, ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਹਰ ਸਾਲ 18000 ਕਾਂਸਟੇਬਲ, 300 ਸਬ ਇੰਸਪੈਕਟਰ ਭਰਤੀ ਕੀਤੇ ਜਾਣਗੇ। ਉਨ੍ਹਾਂ ਨੇ ਕਿਹਾ ਕਿ 12000 ਕੱਚੇ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਪੱਕਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਕਟੇ ਗਏ ਰਾਸ਼ਨ ਕਾਰਡਾਂ ਨੂੰ ਬਹਾਲ ਕੀਤਾ ਗਿਆ ਅਤੇ ਲੋਕਾਂ ਨੂੰ ਰਾਜ ਸਰਕਾਰ ਵਲੋਂ ਘਰ -ਘਰ ਰਾਸ਼ਨ ਦਿੱਤਾ ਜਾ ਰਿਹਾ ਹੈ।

ਕੈਬਨਿਟ ਮੰਤਰੀ ਕਟਾਰੂਚੱਕ ਨੇ ਕਿਹਾ ਕਿ ਰੁੱਖ ਸੇਵਾ ਸੰਮਿਤੀ ਕਲੱਬ ਨੂੰ ਇੱਕ ਲੱਖ ਰੁਪਏ ਦਿੱਤਾ ਜਾਵੇਗਾ ਤਾਂ ਜੋ ਇਹ ਲੋਕ ਸੇਵਾ ਲਈ ਇਸ ਵਰਤੋਂ ਕਰ ਸਕੇ। ਉਨ੍ਹਾਂ ਕਿਹਾ ਕਿ ਨਰੋਟ ਮਹਿਰਾ ਦੇ ਨਾਗਰਿਕਾਂ ਲਈ ਵੱਖਰੀ ਬੱਸ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਨਰੋਟ ਤੋਂ ਚਲਾਈ ਜਾਵੇਗੀ।ਉਨ੍ਹਾਂ ਨੇ ਇਸ ਮੌਕੇ ਤੇ ਸਿਵਲ ਡਿਸਪੈਂਸਰੀ ਦੇ ਡਾਕਟਰ ਤੇ ਸੰਬੰਧਿਤ ਸਟਾਫ ਤੋਂ ਡਿਸਪੈਂਸਰੀ ਸੰਬੰਧੀ ਜਾਣਕਾਰੀ ਹਾਸਲ ਕੀਤੀ।ਇਸ ਤੋਂ ਇਲਾਵਾ ਲੋਕਾਂ ਦੀਆਂ ਮੁਸ਼ਕਲਾਂ ਵੀ ਸੁਣੀਆਂ।ਇਸ ਮੌਕੇ ਤੇ ਐਸ।ਡੀ।ਓ ਲਖਬੀਰ ਸਿੰਘ, ਪੰਚਾਇਤ ਸਕੱਤਰ ਪ੍ਰਦੀਪ ਸੈਣੀ, ਬਲਾਕ ਪ੍ਰਧਾਨ ਸੰਦੀਪ ਕੁਮਾਰ , ਸਰਪੰਚ ਰਾਜ ਕੁਮਾਰ , ਰਾਜਿੰਦਰ ਭਿੱਲਾ, ਗੌਤਮ ਮਾਨ, ਡਾ। ਬਬੀਤਾ, ਮਮਤਾ ਰਾਣੀ, ਅਰਵਿੰਦਰ ਕੌਰ, ਕੁਲਵਿੰਦਰ ਕੌਰ, ਰਾਜੀਵ ਕੁਮਾਰ, ਸ਼ਿਵ ਪਬਾ, ਗਜੇਸ਼ਵਰ, ਸਾਹਿਲ ਮਨਹਾਸ, ਅਮਿਤ ਸ਼ਰਮਾ, ਅਮਨ, ਰੁੱਖ ਸੇਵਾ ਸੰਮਿਤੀ ਦੇ ਮੈਂਬਰ ਅਤੇ ਸਥਾਨਕ ਲੋਕ ਭਾਰੀ ਗਿਣਤੀ ਵਿੱਚ ਹਜ਼ਾਰ ਸਨ।

## ਬਲਾਕ ਸੰਮਤੀ ਮੈਂਬਰ ਹਰਜਿੰਦਰ ਜੰਡਾਲੀ ਦੇ ਪਿਤਾ ਦੀ ਬੇਵਕਤੀ ਮੌਤ ਤੇ ਬਸਪਾ ਆਗੂਆਂ ਨੇ ਦੁੱਖ ਜ਼ਾਹਿਰ ਕੀਤਾ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਬਲਾਕ ਸੰਮਤੀ ਮੈਂਬਰ ਬਸਪਾ ਹਰਜਿੰਦਰ ਜੰਡਾਲੀ ਜੀ ਦੇ ਪਿਤਾ ਸਤਨਾਮ ਰਾਮ ਜੀ ਦੀ ਮੌਤ ਪਿਛਲੇ ਦਿਨੀਂ ਹੋ ਗਈ ਸੀ। ਅੱਜ ਸਵੇਰੇ ਜਸਵੀਰ ਸਿੰਘ ਗੜ੍ਹੀ ਜੀ ਬਸਪਾ ਪੰਜਾਬ ਦੇ ਪ੍ਰਧਾਨ ਜੀ ਨੇ ਜੰਡਾਲੀ ਸਾਹਿਬ ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਕਿਹਾ ਕਿ ਮਾਪਿਆਂ ਦੀ ਥੋੜ ਕਦੇ ਪੂਰੀ ਨਹੀਂ ਹੁੰਦੀ ਹੈ। ਮਾਪੇ ਘਰ ਦਾ ਜਿੰਦਾ ਹੁੰਦੇ ਹਨ ਇਸ ਮੌਕੇ ਤੇ ਪ੍ਰਵੀਨ ਬੰਗਾ ਜਨਰਲ ਸਕੱਤਰ ਬਸਪਾ ਪੰਜਾਬ, ਹਰਮੇਸ਼ ਵਿਰਦੀ ਸਾਬਕਾ ਚੇਅਰਮੈਨ, ਹਰਜਿੰਦਰ ਲੱਧੜ ਸਾਬਕਾ ਜਨਰਲ ਸਕੱਤਰ ਸ਼ਹਿਰੀ ਬਸਪਾ ਬੰਗਾ, ਕਮਲ ਲੱਖਪੁਰ ਅਤੇ ਦੋਹਾਂ ਭਰਾਵਾਂ ਤੋਂ ਇਲਾਵਾ ਨਗਰ ਨਿਵਾਸੀ ਹਾਜ਼ਰ ਸਨ।

# ਪੁਲਿਸ ਅਫਸਰ ਦੀ ਗੰਨ ਖੋਹ ਕੇ ਚਲਾਈ ਗੋਲੀ, ਪੁਲਿਸ ਅਫਸਰ ਤੇ ਇਕ ਔਰਤ ਦੀ ਹੋਈ ਮੌਤ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਬੋਸਟਨ ਨੇੜੇ ਇਕ ਵਿਅਕਤੀ ਵੱਲੋਂ ਇਕ ਪੁਲਿਸ ਅਫਸਰ ਤੇ ਇਕ ਔਰਤ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦੇਣ ਦੀ ਖਬਰ ਹੈ। ਪੁਲਿਸ ਅਨੁਸਾਰ ਵੇਮਾਊਥ ਦੇ ਪੁਲਿਸ ਅਫਸਰ ਮਾਈਕਲ ਚੇਸਨਾ (42) ਫੋਨ ਉਪਰ ਸੂਚਨਾ ਮਿਲਣ 'ਤੇ ਮੌਕੇ 'ਤੇ ਪੁੱਜਾ ਤਾਂ ਇਕ ਵਿਅਕਤੀ ਇਕ ਘਰ ਦੀ ਭੰਨਤੋੜ ਕਰ ਰਿਹਾ ਸੀ।



ਚੇਸਨਾ ਨੇ ਆਪਣੀ ਗੰਨ ਕੱਢ ਕੇ ਉਸ ਵਿਅਕਤੀ ਨੂੰ ਰੁਕ ਜਾਣ ਲਈ ਕਿਹਾ। ਨੋਰਫੋਲਕ ਕਾਊਂਟੀ ਅਸਿਸਟੈਂਟ ਡਿਸਟ੍ਰਿਕਟ ਅਟਰਾਨੀ ਗਰੇਗ ਕੋਨਰ ਅਨੁਸਾਰ ਈਮੈਨੂਏਲ ਲੋਪਸ ਨਾਮੀ ਵਿਅਕਤੀ ਨੇ ਰੁਕਣ ਦੀ ਬਜਾਏ ਇਕ ਪੱਥਰ ਚੇਸਨਾ ਦੇ ਮਾਰਿਆ ਜੋ ਉਸ ਦੇ ਸਿਰ ਵਿਚ ਵੱਜਾ। ਬਾਅਦ ਵਿਚ ਸ਼ੱਕੀ ਲੋਪਸ ਨੇ ਚੇਸਨਾ ਦੀ ਗੰਨ ਲੈ ਕੇ ਪੁਲਿਸ ਅਫਸਰ ਦੇ ਸਿਰ ਤੇ ਛਾਤੀ ਵਿਚ ਕਈ ਗੋਲੀਆਂ ਮਾਰੀਆਂ ਜਿਸ ਕਾਰਨ ਉਸ ਦੀ ਮੌਤ ਹੋ ਗਈ। ਸ਼ੱਕੀ ਲੋਪਸ ਵੱਲੋਂ ਚਲਾਈਆਂ ਗੋਲੀਆਂ ਨਾਲ ਘਰ ਵਿਚ ਮੌਜੂਦ ਇਕ ਹੋਰ ਔਰਤ ਵੀ ਮਾਰੀ ਗਈ। ਕੋਨਰ ਨੇ ਕਿਹਾ ਕਿ ਮੌਕੇ 'ਤੇ ਪੁੱਜੇ ਹੋਰ ਪੁਲਿਸ ਅਫਸਰਾਂ ਵੱਲੋਂ ਚਲਾਈ ਗੋਲੀ ਨਾਲ ਸ਼ੱਕੀ ਲੋਪਸ ਵੀ ਜਖਮੀ ਹੋ ਗਿਆ ਜਿਸ ਨੂੰ ਪੁਲਿਸ ਨੇ ਹਿਰਾਸਤ ਵਿਚ ਲੈ ਕੇ ਹਸਪਤਾਲ ਦਾਖਲ ਕਰਵਾਇਆ ਹੈ। ਕੋਨਰ ਨੇ ਕਿਹਾ ਕਿ ਸ਼ੱਕੀ ਦੀ ਲੱਤ ਵਿਚ ਗੋਲੀ ਵੱਜੀ ਹੈ ਤੇ ਉਸ ਦੀ ਹਾਲਤ ਸਥਿਰ ਹੈ। ਵੇਮਾਊਥ ਦੇ ਪੁਲਿਸ ਮੁਖੀ ਰਿਚਰਡ ਗ੍ਰਿਮਜ ਨੇ ਦਸਿਆ ਕਿ ਚੇਸਨਾ ਦੇ 4 ਤੇ 9 ਸਾਲ ਦੇ ਦੋ ਬੱਚੇ ਹਨ। ਪੁਲਿਸ ਵਿਚ ਭਰਤੀ ਹੋਣ ਤੋਂ ਪਹਿਲਾਂ ਉਹ ਫੌਜ ਵਿਚ ਨੌਕਰੀ ਕਰਦਾ ਸੀ।

# ਡਾ: ਭੀਮ ਰਾਓ ਅੰਬੇਡਕਰ ਰਾਜ ਪੁਰਸਕਾਰ ਨਾਲ ਸਨਮਾਨਿਤ ਹੋਣਗੇ ਉਘੇ ਸਮਾਜ ਸੇਵੀ ਤੇ ਚਿੰਤਕ ਸ੍ਰ: ਲਾਲ ਸਿੰਘ ਸੁਲਹਾਣੀ

ਰਿਦਮ ਇੰਸਟੀਚਿਊਟ ਆਫ ਪਰਫੋਮਿੰਗ ਆਰਟਸ ਐਂਡ ਪ੍ਰੋਫੈਸ਼ਨਲ ਐਜੂਕੇਸ਼ਨ ਸ੍ਰੀ ਮੁਕਤਸਰ ਸਾਹਿਬ ਅਤੇ ਕਰ ਭਲਾ ਫਾਊਂਡੇਸ਼ਨ ਇੰਡੀਆ ਵਲੋਂ ਹਰ ਸਾਲ ਦੀ ਤਰ੍ਹਾਂ 17ਵਾਂ ਸ਼ਾਈਨਿੰਗ ਸਟਾਰ ਸਟੇਟ ਐਵਾਰਡ ਪੁਰਸਕਾਰ ਸਮਾਰੋਹ ਵਿਰਾਸਤ ਮੇਲਾ ਮਿਤੀ 24 ਮਾਰਚ 2024 ਦਿਨ ਐਤਵਾਰ ਨੂੰ ਸਕੂਲ ਗਰਾਂਊਂਡ, ਪਿੰਡ ਥਾਂਦੇਵਾਲਾ, ਸ੍ਰੀ ਮੁਕਤਸਰ ਸਾਹਿਬ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਵਿਰਾਸਤ ਮੇਲੇ ਵਿੱਚ ਵੱਖ-ਵੱਖ ਨਾਮਵਰ ਸ਼ਖ਼ਸੀਅਤਾਂ ਨੂੰ ਵੱਖ-ਵੱਖ ਖੇਤਰਾਂ ਵਿੱਚ ਕੀਤੇ ਕੰਮ ਕਰਕੇ ਸਟੇਟ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਜਾ ਰਿਹਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਬਸਪਾ ਆਗੂ ਅਤੇ ਦਲਿਤ ਚਿੰਤਕ ਹਰਦੇਵ ਸਿੰਘ ਤਖਾਣਵੱਧ ਨੇ ਦੱਸਿਆ ਕਿ ਇਸ ਸਮਾਰੋਹ ਵਿੱਚ ਜਿੱਥੇ ਕਈ ਨਾਮਵਰ ਸ਼ਖ਼ਸੀਅਤਾਂ ਨੂੰ ਉਹਨਾਂ ਵਲੋਂ ਵੱਖ-ਵੱਖ ਖੇਤਰਾਂ ਵਿੱਚ ਕੀਤੇ ਕੰਮ ਅਤੇ ਯੋਗਦਾਨ ਕਰਕੇ ਸਨਮਾਨਿਤ ਕੀਤਾ ਜਾਵੇਗਾ ਉਥੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਨਜ਼ਦੀਕੀ ਸਾਥੀ, ਸੀਨੀਅਰ ਟਕਸਾਲੀ ਬਸਪਾ ਆਗੂ, ਬੇਬਾਕ ਬੁਲਾਰੇ, ਉਘੇ ਚਿੰਤਕ ਅਤੇ ਸਹਿਤਕਾਰ ਸ: ਲਾਲ ਸਿੰਘ ਸੁਲਹਾਣੀ ਪ੍ਰਧਾਨ ਲੋਕ ਚੇਤਨਾ ਵਿਕਾਸ ਮੰਚ ਨੂੰ ਉਨ੍ਹਾਂ ਵਲੋਂ ਸਮਾਜ ਸੇਵਾ ਦੇ ਖੇਤਰ ਵਿੱਚ ਪਾਏ ਗਏ ਯੋਗਦਾਨ ਸਦਕਾ "ਡਾਕਟਰ ਭੀਮ ਰਾਓ ਅੰਬੇਡਕਰ ਰਾਜ ਪੁਰਸਕਾਰ -24" ਨਾਲ ਸਨਮਾਨਿਤ ਕੀਤਾ ਜਾਵੇਗਾ।

ਇਸ ਸਬੰਧੀ ਜਾਣਕਾਰੀ ਮਿਲਣ ਤੇ ਸਮਾਜਕ ਸਾਹਿਤਕ ਅਤੇ ਸੱਭਿਆਚਾਰਕ ਰਾਜਨੀਤਕ ਖੇਤਰ ਵਿੱਚ ਉਹਨਾਂ ਦੇ ਹਜ਼ਾਰਾਂ ਪ੍ਰਸ਼ੰਸਕਾਂ, ਸਾਥੀਆਂ ਅਤੇ ਸਮਾਜ ਸੇਵੀ ਲੋਕਾਂ ਵਿੱਚ ਜ਼ਬਰਦਸਤ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਵਰਨਣਯੋਗ ਹੈ ਕਿ ਸਰਦਾਰ ਸੁਲਹਾਣੀ ਵਲੋਂ ਲੰਬਾ ਸਮਾਂ ਪਹਿਲਾਂ ਸਾਹਿਬ ਕਾਂਸ਼ੀ ਰਾਮ ਜੀ ਦੇ ਹੁਕਮ ਅੱਗੇ ਸਿਰ ਝੁਕਾਉਂਦੇ ਹੋਏ ਖ਼ੁਰਾਕ ਸਪਲਾਈਜ ਵਿਭਾਗ ਪੰਜਾਬ ਦੀ ਆਪਣੀ ਸਨਮਾਨਜਨਕ ਸਰਕਾਰੀ ਨੌਕਰੀ ਛੱਡ ਕੇ ਗਰੀਬ ਲੋਕਾਂ ਦੇ ਸਵੈਮਾਣ ਲਈ ਸੰਘਰਸ਼ ਵਿੱਚ ਕੁੱਦ ਪਏ ਸਨ ਅਤੇ ਆਪਣਾ ਸਮੁੱਚਾ ਜੀਵਨ ਨਿਸ਼ਕਾਮ ਸਮਾਜ ਸੇਵਾ ਦੇ ਲੇਖੇ ਲਾ ਦਿੱਤਾ,ਜੋ ਬਿਨਾਂ ਲਾਲਚ ਲਗਾਤਾਰ ਜਾਰੀ ਹੈ। ਉਹਨਾਂ ਦੇ ਸਨਮਾਨ ਸਬੰਧੀ ਮਿਲ-ਦਿਆਂ ਹੀ ਪੰਜਾਬ ਭਰ ਵਿੱਚ ਖਾਸ ਕਰਕੇ ਮਾਲਵਾ ਖੇਤਰ ਅੰਦਰ ਖ਼ੁਸ਼ੀ ਦੀ ਲਹਿਰ ਦੌੜ ਗਈ ਹੈ।



ਲਾਲ ਸਿੰਘ ਸੁਲਹਾਣੀ
91-98721-55120

ਸ੍ਰ: ਹਰਦੇਵ ਸਿੰਘ ਤਖਾਣਵੱਧ ਨੇ ਰਿਦਮ ਇੰਸਟੀਚਿਊਟ ਆਫ ਪਰਫੋਮਿੰਗ ਆਰਟਸ ਐਂਡ ਪ੍ਰੋਫੈਸ਼ਨਲ ਐਜੂਕੇਸ਼ਨ ਸ੍ਰੀ ਮੁਕਤਸਰ ਸਾਹਿਬ ਅਤੇ ਕਰ ਭਲਾ ਫਾਊਂਡੇਸ਼ਨ ਆਫ ਇੰਡੀਆ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਹੀਰੇ ਦੀ ਪਹਿਚਾਣ ਕਰਕੇ ਸਨਮਾਨਯੋਗ ਸਥਾਨ ਦਿੱਤਾ ਹੈ।

ਸਰਦਾਰ ਸੁਲਹਾਣੀ ਦੇ ਸਨਮਾਨ ਸਬੰਧੀ ਉਘੇ ਢਾਡੀ ਗੁਰਤੇਜ ਸਿੰਘ ਰਾਹੀ ਬੱਧਨੀ ਕਲਾਂ, ਬੱਗਾ ਸਿੰਘ ਲੋਪੋ ਕਵੀਸ਼ਰ, ਸਾਹਿਤਕਾਰ ਰਣਜੀਤ ਸਿੰਘ ਤਖਾਣਵੱਧ, ਉਘੇ ਨਾਟਕਕਾਰ ਅਮਰਜੀਤ ਸਿੰਘ ਮੋਹੀ, ਸ ਗਿਆਨ ਸਿੰਘ ਰਿਟਾਇਰਡ ਜ਼ਿਲ੍ਹਾ ਲੋਕ ਸੰਪਰਕ ਅਫਸਰ ਸਮਾਜ ਸੇਵੀ ਬਿੱਕਰ ਸਿੰਘ ਬੱਧਨੀਕਲਾਂ, ਬੱਬੀ ਪੱਤੋ, ਰਿਟਾਇਰਡ ਮੁਲਾਜ਼ਮ ਆਗੂ ਲਖਵੀਰ ਸਿੰਘ ਬੁੱਧ ਸਿੰਘ ਵਾਲਾ ਅਤੇ ਬਲਵਿੰਦਰ ਸਿੰਘ ਅਟਵਾਲ, ਸਮਾਜ ਸੇਵੀ ਡਾਕਟਰ ਬਲਜੀਤ ਸਿੰਘ ਮੋਗਾ ਅਤੇ ਵਿਜੇ ਸਿੰਘ, ਰਾਜਨੀਤਕ ਆਗੂ ਇੰਦਰਜੀਤ ਸਿੰਘ ਸੇਖਾ ਅਤੇ ਜਸਵੰਤ ਸਿੰਘ ਘਾਲੀ, ਸੋਸ਼ਲ ਵਰਕਰ ਸੰਪੂਰਨ ਸਿੰਘ ਪੱਤੋ,ਸੇਵਕ ਸਿੰਘ ਮਾਣੂੰਕੇ, ਜ਼ੋਰਾ ਸਿੰਘ ਨਿਹਾਲ ਸਿੰਘ ਵਾਲਾ, ਰਾਜਪਾਲ ਸਿੰਘ ਨੰਗਲ, ਮਜ਼ਦੂਰ ਆਗੂ ਗੁਰਮੇਲ ਸਿੰਘ ਧੂੜਕੋਟ, ਸ਼ਿੰਗਾਰਾ ਸਿੰਘ ਰਣਸੀਂਹ ਖੁਰਦ, ਰੂਪ ਵਿਚ ਰਣਸੀਂਹ ਕਲਾਂ, ਮਾਸਟਰ ਬਲਜੀਤ ਅਟਵਾਲ ਸਾਹਿਤਕਾਰ, ਅਦਾਕਾਰ ਸੁਖਦੇਵ ਲੱਧੜ, ਬਸਪਾ ਕਿਸਾਨ ਆਗੂ ਜਗਜੀਤ ਸਿੰਘ ਕੋਟਲਾ, ਮਾਸਟਰ ਓਮ ਪ੍ਰਕਾਸ਼ ਸਰੋਏ ਉਘੇ ਸਾਹਿਤਕਾਰ, ਗੁਰਮੇਲ ਸਿੰਘ ਖਹਿਰਾ ਕਿਸਾਨ ਆਗੂ, ਬਸਪਾ ਆਗੂ ਨਾਇਬ ਸਿੰਘ ਗਿੱਲ, ਜਗਤਾਰ ਸਿੰਘ ਲੌਂਗੀਵਿੰਡ, ਹਰਨੇਕ ਸਿੰਘ ਬੱਡੂਵਾਲ, ਸੁਖਵਿੰਦਰ ਸਿੰਘ ਧਰਮਕੋਟ, ਮਾਤਾ ਸਵਿੱਤਰੀ ਬਾਈ ਫੂਲੇ ਮਹਿਲਾ ਅਵੇਰਨੈਸ ਫਰੰਟ ਦੀ ਪ੍ਰਧਾਨ ਬੀਬੀ ਸੁਨੀਤਾ ਰਾਣੀ, ਇਸਤਰੀ ਆਗੂ ਕੁਲਵਿੰਦਰ ਕੌਰ ਚੀਮਾ ਅਤੇ ਮਨਪ੍ਰੀਤ ਕੌਰ ਮਾਣੂੰਕੇ, ਬੀਬੀ ਜਸਵੀਰ ਕੌਰ ਬੱਧਨੀ ਕਲਾਂ, ਉਘੀ ਗਾਇਕਾ ਕਮਲ, ਰਾਗੀ ਭਾਈ ਗੁਰਦੇਵ ਸਿੰਘ, ਭਾਈ ਬਲਜਿੰਦਰ ਸਿੰਘ ਤਖਾਣਵੱਧ ਅਤੇ ਭਾਈ ਅਵਤਾਰ ਸਿੰਘ ਤਖਾਣਵੱਧ ਅਤੇ ਹੋਰਨਾਂ ਵਲੋਂ ਖ਼ੁਸ਼ੀ ਦਾ ਇਜ਼ਹਾਰ ਕੀਤਾ ਗਿਆ।

**ਪੇਸ਼ਕਸ਼: ਹਰਦੇਵ ਸਿੰਘ ਤਖਾਣਵੱਧ**

# ਅਮਰੀਕਾ ਵਿਚ ਫੁੱਟਬਾਲ ਚੈਂਪੀਅਨਸ਼ਿੱਪ ਜੇਤੂ ਪਰੇਡ ਦੌਰਾਨ ਹੋਈ ਗੋਲੀਬਾਰੀ ਦੇ ਮਾਮਲੇ ਵਿਚ 2 ਨਬਾਲਗਾਂ ਵਿਰੁੱਧ ਦੋਸ਼ ਆਇਦ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਬੀਤੇ ਦਿਨ ਅਮਰੀਕਾ ਵਿਚ ਕੰਸਾਸ ਸਿਟੀ ਚੀਫਸ ਦੀ ਸੁਪਰ ਬਾਊਲ (ਫੁੱਟਬਾਲ ਚੈਂਪੀਅਨਸ਼ਿੱਪ) ਜਿੱਤ ਉਪਰੰਤ ਕੱਢੀ ਪਰੇਡ ਦੌਰਾਨ ਹੋਈ ਗੋਲੀਬਾਰੀ ਦੇ ਮਾਮਲੇ ਵਿਚ 2 ਨਬਾਲਗਾਂ ਵਿਰੁੱਧ ਦੋਸ਼ ਆਇਦ ਕੀਤੇ ਗਏ ਹਨ। ਇਸ ਗੋਲੀਬਾਰੀ ਵਿਚ ਇਕ ਔਰਤ ਦੀ ਮੌਤ ਹੋ ਗਈ ਸੀ ਤੇ 11 ਬੱਚਿਆਂ ਸਮੇਤ 25 ਤੋਂ ਵਧ ਲੋਕ ਜਖਮੀ ਹੋ ਗਏ ਸਨ। ਜੁਵੇਨਾਈਲ ਦਫਤਰ ਅਨੁਸਾਰ ਫਿਲਹਾਲ ਨਬਾਲਗਾਂ ਵਿਰੁੱਧ ਹੱਥਿਆਰਾਂ ਤੇ ਗ੍ਰਿਫਤਾਰੀ ਸਮੇ ਵਿਰੋਧ ਕਰਨ ਸਬੰਧੀ ਦੋਸ਼ ਆਇਦ ਕੀਤੇ ਗਏ ਹਨ ਤੇ ਕੰਸਾਸ ਸਿਟੀ ਪੁਲਿਸ ਵਿਭਾਗ ਵੱਲੋਂ ਕੀਤੀ ਜਾ ਰਹੀ ਜਾਂਚ ਉਪਰੰਤ ਹੋਰ ਦੋਸ਼ ਲਾਏ ਜਾਣ ਦੀ ਸੰਭਾਵਨਾ ਹੈ।

ਨਬਾਲਗਾਂ ਨੂੰ ਜੁਵੇਨਾਈਲ ਡੀਟੈਨਸ਼ਨ ਸੈਂਟਰ ਵਿਚ ਰਖਿਆ ਗਿਆ ਹੈ। ਜਖਮੀਆਂ ਵਿਚੋਂ 19 ਜਣਿਆਂ ਦੇ ਗੋਲੀਆਂ ਵੱਜਣ ਦੀ ਪੁਸ਼ਟੀ ਹੋਈ ਹੈ ਜਦ ਕਿ ਕੁਝ ਲੋਕ ਗੋਲੀਬਾਰੀ ਸਮੇ ਮਚੀ ਭਗਦੜ ਕਾਰਨ ਜਖਮੀ ਹੋਏ ਹਨ।


## "ਦੇਸ਼ ਦੁਆਬਾ"
### ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920,**
**(ਫੈਕਸ) 1-916-238-1393**

**www.deshdoaba.com**
**www.ambedkartimes.com**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। –ਸੰਪਾਦਕ



## Matrimonials

Looking for professional compatible educated girl for Ramdasia (weaver) Sikh doctor working in California 38 years old, never married, 5' 8" tall, father's gotra Sandhi mother's gotra Bains, caste no bar. For more information:
**WhatsApp +91 8360876705,**
**Email: sukhdevnorthridge@gmail.com**

Seeking a suitable match for Ramdasia/Ravidasia Sikh boy, born October 1984, height- 5' 7", divorcee (previous marriage lasted for less than a month, which ended with divorce and was settled with mutual understanding), Australian citizen, working as a vocational education teacher, postgraduate in psychology. Both parents are deceased. **Contact/Whatsapp: +61 401251614, Email - devmahey84@yahoo.co.in**

US Citizen boy, Ravidassia Ad-Dharmi (SC) Punjabi well educated Engineer (Bachelors and Masters degree), 35 years old, Height 5"9", Looking for suitable bride match from Punjabi Ravidassia Ad-Dharmi SC Community.
All family settled in the US.
**Please send biodata and pictures as: Email: jrjeet1993@gmail.com**

# ਸ਼੍ਰੋਮਣੀ ਕਮੇਟੀ ਚੋਣਾਂ ਦੀਆਂ ਵੋਟਾਂ ਦੇ ਕੰਮ 'ਚ ਤੇਜੀ ਲਿਆਉਣ ਲਈ ਐਸ. ਡੀ. ਐਮ. ਨੂੰ ਮਿਲਿਆ ਸ਼੍ਰੋਮਣੀ ਅਕਾਲੀ ਦਲ ਦਾ ਵਫਦ



**ਫਗਵਾੜਾ–** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੀਆਂ ਚੋਣਾਂ ਨੂੰ ਮੁੱਖ ਰੱਖਦੇ ਹੋਏ ਸਰਕਾਰ ਵਲੋਂ ਨਵੀਆਂ ਵੋਟਾਂ ਬਨਾਉਣ ਦੇ ਕੰਮ ਵਿਚ ਤੇਜੀ ਲਿਆਉਣ ਲਈ ਸ਼੍ਰੋਮਣੀ ਅਕਾਲੀ ਦਲ (ਬ) ਦੇ ਸੀਨੀਅਰ ਆਗੂਆਂ ਦਾ ਇਕ ਵਫਦ ਐਸ.ਡੀ.ਐਮ. ਫਗਵਾੜਾ ਸ. ਜਸ਼ਨਜੀਤ ਸਿੰਘ ਨੂੰ ਮਿਲਿਆ। ਇਸ ਦੌਰਾਨ ਵਫਦ 'ਚ ਸ਼ਾਮਲ ਆਗੂਆਂ ਰਣਜੀਤ ਸਿੰਘ ਖੁਰਾਣਾ, ਰਜਿੰਦਰ ਸਿੰਘ ਚੰਦੀ, ਸਤਨਾਮ ਸਿੰਘ ਅਰਸ਼ੀ, ਜਤਿੰਦਰ ਸਿੰਘ ਪਲਾਹੀ ਨੇ ਐਸ.ਡੀ.ਐਮ. ਫਗਵਾੜਾ ਨੂੰ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਸਬੰਧੀ ਵੋਟਾਂ ਬਨਾਉਣ ਦੀ ਆਖਰੀ ਤਾਰੀਖ 29 ਫਰਵਰੀ ਦਾ ਦਿਨ ਨਜਦੀਕ ਆ ਰਿਹਾ ਹੈ ਪਰ ਹਾਲੇ ਤੱਕ ਬਹੁਤ ਘੱਟ ਵੋਟਾਂ ਬਣੀਆਂ ਹਨ। ਇਸ ਲਈ ਜਿਹਨਾਂ ਸਿੱਖ ਸੰਗਤਾਂ ਦੇ ਨਾਮ ਦੇ ਪਿੱਛੇ ਸਿੰਘ ਅਤੇ ਕੌਰ ਲੱਗਦਾ ਹੈ ਉਹਨਾਂ ਦੀਆਂ ਵੋਟਾਂ ਬਨਾਉਣ ਦੀ ਰਫਤਾਰ ਵਿਚ ਤੇਜੀ ਲਿਆਉਂਦੀ ਜਾਵੇ।

ਜਿਸ ਤੇ ਐਸ.ਡੀ.ਐਮ. ਫਗਵਾੜਾ ਜਸ਼ਨਜੀਤ ਸਿੰਘ ਨੇ ਵਫਦ ਨੂੰ ਭਰੋਸਾ ਦਿੱਤਾ ਕਿ 26 ਫਰਵਰੀ ਦਿਨ ਸੋਮਵਾਰ ਨੂੰ ਫਗਵਾੜਾ ਹਲਕੇ ਦੇ ਸਾਰੇ ਪੋਲਿੰਗ ਬੂਥਾਂ 'ਤੇ ਵਿਸ਼ੇਸ਼ ਕੈਂਪ ਲਗਵਾਏ ਜਾਣਗੇ।

ਇਸ ਲਈ ਵੋਟ ਬਨਾਉਣ ਦੇ ਚਾਹਵਾਨ ਆਪਣੀ ਇਕ ਪਾਸਪੋਰਟ ਸਾਈਜ ਫੋਟੋ, ਆਧਾਰ ਕਾਰਡ ਦੀ ਫੋਟੋਸਟੈਟ ਕਾਪੀ ਅਤੇ ਆਪਣੇ ਮੋਬਾਇਲ ਨੰਬਰ ਸਮੇਤ ਇਲਾਕੇ ਦੇ ਪੋਲਿੰਗ ਬੂਥ ਤੇ ਜਾ ਕੇ ਬੀ.ਐਲ.ਓਜ ਨਾਲ ਸੰਪਰਕ ਕਰਨ ਤਾਂ ਜੋ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ 'ਚ ਆਪਣੀ ਵੋਟ ਦਾ ਯੋਗਦਾਨ ਪਾ ਸਕਣ। ਵਫਦ ਵਿਚ ਹੋਰਨਾਂ ਤੋਂ ਇਲਾਵਾ ਬਲਜਿੰਦਰ ਸਿੰਘ ਠੇਕੇਦਾਰ, ਸ਼ਰਨਜੀਤ ਸਿੰਘ ਅਟਵਾਲ, ਸਰੂਪ ਸਿੰਘ ਖਲਵਾੜਾ, ਗੁਰਦੀਪ ਸਿੰਘ ਖੇੜਾ, ਕੁਲਵਿੰਦਰ ਸਿੰਘ ਕਿੰਦਾ ਸਾਬਕਾ ਕੌਂਸਲਰ, ਬਲਜੀਤ ਸਿੰਘ ਵਾਲੀਆ, ਜਸਵਿੰਦਰ ਸਿੰਘ ਭਗਤਪੁਰਾ, ਪਰਮਿੰਦਰ ਸਿੰਘ ਜੰਡੂ, ਗੁਰਮੁਖ ਸਿੰਘ ਚਾਨਾ ਆਦਿ ਸ਼ਾਮਲ ਸਨ।

# ਜਦੋਂ ਸੜਕ ਹਾਦਸੇ ਦੌਰਾਨ ਜਖਮੀਆਂ ਨੂੰ ਡਾ. ਕਿਰਪਾਲ ਸਿੰਘ ਸਿਵਲ ਸਰਜਨ ਨੇ ਦਿੱਤੀ ਮੁਢਲੀ ਮੈਡੀਕਲ ਸਹਾਇਤਾ

**ਸੰਗਰੂਰ, (ਦਲਜੀਤ ਕੌਰ)** ਸੜਕ ਹਾਦਸੇ 'ਚ ਜ਼ਖਮੀ ਕਾਰ ਸਵਾਰਾਂ ਦੀ ਸਿਵਲ ਸਰਜਨ ਡਾ. ਕਿਰਪਾਲ ਸਿੰਘ ਨੇ ਸੜਕ ਸੁਰੱਖਿਆ ਫੋਰਸ ਦੀ ਮੱਦਦ ਨਾਲ ਮੌਕੇ 'ਤੇ ਸਾਂਭ ਸੰਭਾਲ਼ ਕੀਤੀ ਅਤੇ ਮੁੱਢਲੀ ਡਾਕਟਰੀ ਸਹਾਇਤਾ ਪ੍ਰਦਾਨ ਕੀਤੀ। ਜਿਕਰਯੋਗ ਹੈ ਕਿ ਬੀਤੇ ਦਿਨੀ ਡਾ. ਕਿਰਪਾਲ ਸਿੰਘ ਸਿਵਲ ਸਰਜਨ ਸੰਗਰੂਰ ਜਿਲ੍ਹੇ ਦੇ ਪਿੰਡ ਢੱਡਰੀਆਂ ਵਿਖੇ ਅਚਾਨਕ ਲੈਂਡ ਹੋਏ ਜਹਾਜ ਵਾਲੇ ਘਟਨਾਸਥਾਨ ਤੋਂ ਵਾਪਸ ਪਰਤ ਰਹੇ ਸਨ ਰਸਤੇ ਵਿੱਚ (ਟੀ ਪੁਆਇੰਟ ਸੰਤ ਹਰਚੰਦ ਸਿੰਘ ਲੌਂਗੋਵਾਲ ਇੰਸਟੀਚਿਊਟ ਨੇੜੇ) ਵਾਪਰੇ ਅਚਾਨਕ ਸੜਕ ਹਾਦਸੇ ਦੋਰਾਨ ਕਾਰ ਸਵਾਰ ਜਖਮੀ ਹੋ ਗਏ। ਇਨ੍ਹਾਂ ਜਖਮੀਆਂ ਦੀ ਜਾਨ ਬਚਾਉਣ ਲਈ ਪੰਜਾਬ ਸਰਕਾਰ ਵੱਲੋਂ ਬਣਾਈ ਸੜਕ ਸੁਰੱਖਿਆ ਫੋਰਸ ਵੀ ਮੌਕੇ ਤੇ ਮੌਜੂਦ ਸਨ। ਡਾ। ਕਿਰਪਾਲ ਸਿੰਘ ਸਿਵਲ ਸਰਜਨ ਸੰਗਰੂਰ ਅਤੇ ਸੜਕ ਸੁਰੱਖਿਆ ਫੋਰਸ ਵੱਲੋ ਸੜਕ ਹਾਦਸੇ ਦੌਰਾਨ ਜਖਮੀਆਂ ਨੂੰ ਮੁਢਲੀ ਮੈਡੀਕਲ ਸਹਾਇਤਾ ਦਿੱਤੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ. ਕਿਰਪਾਲ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਵੱਲੋਂ ਸੜਕੀ ਹਾਦਸਿਆਂ ਦੌਰਾਨ ਜ਼ਖਮੀਆਂ ਦੀ ਜਾਨ ਬਚਾਉਣ ਲਈ ਸੜਕ ਸੁਰੱਖਿਆ ਫੋਰਸ ਦਾ ਗਠਨ ਕੀਤਾ ਗਿਆ ਹੈ ਜੋ ਕਿ ਮਨੁੱਖੀ ਜਾਨਾਂ ਬਚਾਉਣ 'ਚ ਸਹਾਈ ਹੋ ਰਹੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਵਿੱਚ



ਸੜਕਾਂ ਤੇ ਚੱਲਣ ਵਾਲੇ ਵਾਹਨਾਂ ਦੀ ਗਿਣਤੀ ਵਿੱਚ ਵਾਧਾ ਹੋਣ ਕਾਰਣ ਅਤੇ ਤੇਜ਼ ਰਫ਼ਤਾਰ ਹੋਣ ਕਾਰਨ ਸੜਕ ਹਾਦਸਿਆਂ ਦੀ ਗਿਣਤੀ ਵੀ ਵਧ ਰਹੀ ਹੈ। ਸੜਕ ਹਾਦਸਿਆਂ ਦੌਰਾਨ ਬਹੁਤ ਸਾਰੇ ਲੋਕ ਜਖਮੀ ਹੋ ਜਾਂਦੇ ਹਨ ਅਤੇ ਕੁੱਝ ਲੋਕਾਂ ਦੀ ਮੌਤ ਵੀ ਹੋ ਜਾਂਦੀ ਹੈ ਜੋ ਬਹੁਤ ਦੁੱਖਦਾਇਕ ਹੈ। ਹਾਦਸਿਆਂ ਦੌਰਾਨ ਜਖਮੀਆਂ ਨੂੰ ਤੁਰੰਤ ਮੁੱਢਲੀ ਸਹਾਇਤਾ ਨਾ ਮਿਲਣ ਕਾਰਨ ਮੌਤਾਂ ਦੀ ਗਿਣਤੀ ਵਧ ਜਾਂਦੀ ਹੈ।

ਜ਼ਿਕਰਯੋਗ ਹੈ ਕਿ ਸਿਹਤ ਮੰਤਰੀ ਪੰਜਾਬ ਡਾ. ਬਲਬੀਰ ਸਿੰਘ ਦੇ ਨਿਰਦੇਸਾਂ ਅਨੁਸਾਰ ਜਿਲ੍ਹੇ ਦੀਆਂ ਸਿਹਤ ਸੰਸਥਾਵਾਂ ਵਿੱਚ ਸੜਕ ਸੁਰੱਖਿਆ ਫੋਰਸ ਦੁਆਰਾ ਲਿਆਂਦੇ ਮਰੀਜਾਂ ਨੂੰ ਪਹਿਲ ਦੇ ਅਧਾਰਤ ਹਰ ਸੰਭਵ ਮੈਡੀਕਲ ਸਹਾਇਤਾ ਦੇਣ ਲਈ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ। ਇਸ ਮੌਕੇ ਉਨਾਂ ਸੜਕ ਸੁਰੱਖਿਆ ਫੋਰਸ ਵਿੱਚ ਤਾਇਨਾਤ ਕਰਮਚਾਰੀਆਂ ਨਾਲ ਗੱਲਬਾਤ ਵੀ ਕੀਤੀ ਅਤੇ ਮਾਨਵਤਾ ਦੀ ਸੇਵਾ ਲਈ ਆਪਣੀ ਡਿਉਟੀ ਇਮਾਨਦਾਰੀ ਨਾਲ ਨਿਭਾਉਣ ਲਈ ਕਿਹਾ ਤਾਂ ਜੋ ਮਨੁੱਖੀ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕੇ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੀ ਸੜਕ ਸੁਰੱਖਿਆ ਫੋਰਸ ਲਾਹੇਵੰਦ ਸਾਬਤ ਹੋ ਰਹੀ ਹੈ।






# ਸੀਰਤ ਤੇ ਸੁੰਦਰਤਾ ਦੇ ਵਿਸ਼ਾਲ ਨਕਸ਼ੇ ’ਤੇ ਕੀਵੀ ਪੰਜਾਬੀ ਨੈਣ ਨਕਸ਼

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਦੀ ਧਰਤੀ ਉਤੇ ਪੰਜਾਬੀਆਂ ਨੇ ਪਹਿਲੀ ਵਾਰ 1890 ਦੇ ਵਿਚ ਪੈਰ ਧਰੇ ਸਨ ਅਤੇ ਹੁਣ ਵਰਤਾਰਾ ਇਹ ਹੈ ਕਿ ਇਥੇ ਵਸੇ ਪੰਜਾਬੀ ਨਿਊਜ਼ੀਲੈਂਡ ਦੇ ਪੈਰ ਭਾਰਤ ਦੀ ਧਰਤੀ ਉਤੇ ਧਰ ਕੇ ਦੇਸ਼ ਦੀ ਨੁਮਾਇੰਦਗੀ ਕਰਨ ਲੱਗੇ ਹਨ। ਭਾਰਤੀਆਂ ਖਾਸ ਕਰ ਪੰਜਾਬੀਆਂ ਨੂੰ ਇਸ ਗੱਲ ਦੀ ਅਤਿਅੰਤ ਖੁਸ਼ੀ ਹੋਵੇਗੀ ਕਿ ਸਿੱਖ ਪਰਿਵਾਰ ਦੀ ਇਕ 27 ਸਾਲਾ ਕੁੜੀ ਨਵਜੋਤ ਕੋਰ ਇਸ ਵਾਰ ਨਿਊਜ਼ੀਲੈਂਡ ਦੀ ਪ੍ਰਤੀਨਿਧਤਾ ਵਿਸ਼ਵ ਸੁੰਦਰੀ ਮੁਕਾਬਲੇ (ਮਿਸ ਵਰਲਡ 2023) ਦੇ ਵਿਚ ਕਰ ਰਹੀ ਹੈ। ਨਿਊਜ਼ੀਲੈਂਡ ਭਾਵੇਂ ਕਈ ਵਾਰ ਟਾਪ-7 ਦੇ ਵਿਚ ਅਤੇ ਦੋ ਵਾਰ ਉਪ ਜੇਤੂ (1963 ਅਤੇ 1997) ਜ਼ਰੂਰ ਰਿਹਾ ਹੈ। ਵਰਨਣਯੋਗ ਰਹੇਗਾ ਕਿ 1997 ਦੇ ਵਿਚ ਭਾਰਤੀ ਕੁੜੀ ਡਿਆਨਾ ਹੈਡਨ ਵਿਸ਼ਵ ਸ਼ੁੰਦਰੀ ਬਣੀ ਸੀ ਤੇ ਨਿਊਜ਼ੀਲੈਂਡ ਦੀ ਲਾਉਰਲੀ ਮਾਰਟੀਨੋਵਿਚ ਉਪ ਜੇਤੂ ਰਹੀ ਸੀ। ਕਰੋਨਾ ਦੇ ਚਲਦਿਆਂ ਇਹ ਵਿਸ਼ਵ ਸੁੰਦਰੀ ਮੁਕਾਬਲਾ 2022 ਦੇ ਵਿਚ ਨਹੀਂ ਹੋਇਆ ਸੀ ਅਤੇ ਇਸ ਵਾਰ 2023 ਦੇ ਮੁਕਾਬਲੇ ਵਿਚ ਨਿਊਜ਼ੀਲੈਂਡ ਦੀ ਦਾਅਵੇਦਾਰੀ ਪੰਜਾਬੀ ਕੁੜੀ ਨਵਜੋਤ ਕੌਰ ਪੂਰੇ ਜੋਸ਼ ਨਾਲ ਕਰ ਰਹੀ ਹੈ। ਵਿਸ਼ਵ ਸੁੰਦਰਤਾ ਦੇ ਨਕਸ਼ੇ ਉਤੇ ਕੀਵੀ ਪੰਜਾਬੀ ਨੈਣ-ਨਕਸ਼ ਆਪਣੀ ਸੁੰਦਰਤਾ ਅਤੇ ਸਿਆਣਪ ਦੀ ਸੂਝ-ਬੂਝ ਦੇ ਨਾਲ ਦੇਸ਼ ਦੀ ਸ਼ਾਨ ਵਧਾਉਣਗੇ।




**ਕੌਣ ਹੈ ਨਵਜੋਤ ਕੌਰ?**

ਜਲੰਧਰ ਦੇ ਨਾਲ ਸਬੰਧ ਰੱਖਦਾ ਇਹ ਪਰਿਵਾਰ 1990 ਦੇ ਦਹਾਕੇ ਦੇ ਅੱਧ ਵਿਚ ਨਿਊਜ਼ੀਲੈਂਡ ਆ ਵਸਿਆ ਸੀ। ਬੱਚਿਆਂ ਦੀ ਪਰਵਰਿਸ਼ ਇਸਦੀ ਮਾਂ ਦੇ ਹਿੱਸੇ ਆਈ। ਆਰਥਿਕ ਹਲਾਤਾਂ ਦੇ ਚਲਦਿਆਂ ਮੈਨੁਰੇਵਾ ਟਾਊਨ ਦੇ ਵਿਚ ਸਰਕਾਰੀ ਘਰ ਦੇ ਵਿਚ ਗੁਜ਼ਾਰਿਆ। ਉਚ ਪੜ੍ਹਾਈ ਤੋਂ ਬਾਅਦ ਇਸ ਕੁੜੀ ਨੇ ਪਹਿਲਾਂ ਪੁਲਿਸ ਦੇ ਵਿਚ (2019) ਨੌਕਰੀ ਕੀਤੀ। ਦੋ ਸਾਲ ਕਾਨੂੰਨ ਵਿਵਸਥਾ ਦਾ ਪਾਲਣ ਕਰਦਿਆਂ ਅਤੇ ਪਾਲਣ ਕਰਵਾਉਂਦਿਆਂ ਆਪਣੇ ਹੌਂਸਲੇ ਹੋਰ ਬੁਲੰਦ ਕੀਤੇ ਅਤੇ ਫਿਰ ਨੌਕਰੀ ਛੱਡ ਹੋਰ ਉਚੀ ਉਡਾਉਣ ਭਰਨ ਦੇ ਲਈ ਆਪਣੇ ਖੰਬਾਂ ਨੂੰ ਹੋਰ ਮਜ਼ਬੂਤ ਕੀਤਾ। ਪੁਲਿਸ ਦੇ ਵਿਚ ਫਰੰਟ ਲਾਈਨ ਅਫਸਰ ਹੁੰਦਿਆ ਇਸਨੇ ਅਪਰਾਧਿਕ ਮਾਲਿਆਂ ਦੇ ਬਹੁਤ ਸਾਰੇ ਪੀੜਤ ਲੋਕਾਂ ਨੂੰ ਵੇਖਿਆ, ਬੱਚਿਆਂ ਨੂੰ ਵੇਖਿਆ, ਪਰਿਵਾਰ ਕੁਰਲਾਉਂਦੇ ਵੇਖੇ ਅਤੇ ਇਕ ਆਤਮ ਹੱਤਿਆ ਦੇ ਕੇਸ ਨੇ ਇਸ ਦਾ ਮਨ ਪਸੀਜ ਦਿੱਤਾ ਅਤੇ ਨੌਕਰੀ ਛੱਡ ਦਿੱਤੀ। ਇਸ ਉਪਰੰਤ ਉਸਨੇ ਨਿੱਜੀ ਟ੍ਰੇਨਿੰਗ ਹਾਸਿਲ ਕੀਤੀ ਅਤੇ ਰੁਜ਼ਗਾਰ ਦੇ ਲਈ ਉਸਨੇ ਰੀਅਲ ਇਸਟੇਟ ਦਾ ਕਿੱਤਾ ਚੁਣਿਆ ਪਰ ਆਪਣੇ ਸੁਪਨਿਆਂ ਨੂੰ ਰੀਅਲ ਦੇ ਵਿਚ ਪੂਰਾ ਕਰਨ ਦੇ ਲਈ ਕਦੇ ਅਵੇਸਲਾਪਣ ਨਹੀਂ ਵਿਖਾਇਆ। ਇਸਦੀ ਛੋਟੀ ਭੈਣ ਈਸ਼ਾ ਕੌਰ ਜੋ ਇਸਦੇ ਨਾਲ ਹੀ ਕੰਮ ਕਰਦੀ ਹੈ, ਵੀ ਅਕਸਰ ਅਜਿਹੇ ਮੁਕਾਬਲਿਆਂ ਵਿਚ ਭਾਗ ਲੈਂਦੀ ਹੈ ਅਤੇ ਦੋਵੇਂ ਭੈਣਾਂ ਜ਼ਿੰਦਗੀ ’ਚ ਅੱਗੇ ਵਧਣ ਦੇ ਜ਼ਜਬੇ ਨੂੰ ਸਮਰਪਿਤ ਰਹਿੰਦੀਆਂ ਹਨ।

ਨਵਜੋਤ ਕੌਰ ਅਨੁਸਾਰ ਵਿਸ਼ਵ ਸੁੰਦਰੀ ਮੁਕਾਬਲਾ ਸਿਰਫ ਸੁੰਦਰਤਾ ਤੱਕ ਸੀਮਤ ਨਹੀਂ ਹੈ, ਇਹ ਭਾਈਚਾਰਕ ਸ਼ਮੂਲੀਅਤ ਵਾਲੇ ਉਪਕਾਰਾਂ ਦੇ ਵਿਚ ਸ਼ਾਮਿਲ ਹੋਣਾ ਵੀ ਹੁੰਦਾ ਹੈ। ਕਈ ਵਾਰ ਤੈਰਾਕੀ ਵਾਲੇ ਕੱਪੜਿਆਂ ਨੂੰ ਲੈ ਕੇ ਸੁੰਦਰਤਾ ਮੁਕਾਬਲਿਆਂ ਦੀ ਆਲੋਚਨਾ ਹੋਈ ਹੈ, ਪਰ ਹੁਣ ਮਿਸ ਵਰਲਡ ਦੇ ਵਿਚ ਇਹ ਰਾਊਂਡ ਸ਼ਾਮਿਲ ਨਹੀਂ ਹੈ। ਮਿਸ ਵਰਲਡ ਸੁੰਦਰਤਾ ਮੁਕਾਬਲਾ ਹੁਣ ਤੱਕ 2106 ਬਿਲੀਅਨ ਡਾਲਰ ਬੱਚਿਆਂ ਦੀ ਭਲਾਈ ਲਈ ਇਕੱਤਰ ਕਰ ਚੁੱਕਾ ਹੈ। ਨਵਜੋਤ ਕੌਰ ਮਾਓਰੀ ਨ੍ਰਿਤ ‘ਪੋਇ’ ਅਤੇ ਪੰਜਾਬ ਦਾ ਲੋਕ ਨ੍ਰਿਤ ਭੰਗੜਾ-ਗਿੱਧਾ ਵੀ ਕਰ ਲੈਂਦੀ ਹੈ। ਉਹ ਅੰਗਰੇਜ਼ੀ ਤੋਂ ਇਲਾਵਾ ਪੰਜਾਬੀ ਅਤੇ ਹਿੰਦੀ ਵੀ ਚੰਗੀ ਤਰ੍ਹਾਂ ਜਾਣਦੀ ਹੈ। ਉਹ ਦਸਦੀ ਹੈ ਕਿ ਨਿਊਜ਼ੀਲੈਂਡ ਨੇ 1983 ਦੇ ਵਿਚ ਮਿਸ ਯੂਨੀਵਰਸ (ਮਿਸ ਲੌਰੀਨ ਡੌਨਰਜ਼) ਦਾ ਖਿਤਾਬ ਜਿੱਤਿਆ ਸੀ ਅਤੇ ਦੇਸ਼ ਹੁਣ ਫਿਰ ਇਸ ਵੱਡੇ ਸੁੰਦਰਤਾ ਤਾਜ (ਕਰਾਊਨ) ਦੀ ਉਡੀਕ ਵਿਚ ਹੈ। ਉਸਨੂੰ ਆਸ ਹੈ ਕਿ ਉਹ ਦੇਸ਼ ਦਾ ਅਤੇ ਆਪਣੀ ਕਮਿਊਨਿਟੀ ਦਾ ਨਾਂਅ ਰੌਸ਼ਨ ਕਰੇਗੀ। ਸਮੂਹ ਭਾਰਤੀ ਭਾਈਚਾਰੇ ਵੱਲੋਂ ਉਸਦੀ ਸਫਲਤਾ ਦੀ ਕਾਮਨਾ ਕਰਦੇ ਹਾਂ। ਅੰਤਿਮ ਸੁੰਦਰਤਾ ਮੁਕਾਬਲਾ 9 ਮਾਰਚ ਨੂੰ ਮੁੰਬਈ ਵਿਖੇ ਜੀਓ ਵਰਲਡ ਕਨਵੈਨਸ਼ਨ ਸੈਂਟਰ ਵਿਖੇ ਹੋ ਰਿਹਾ ਹੈ।

# ਕੀਵੀ ਜਨਮ ਦਰ: ਹਮ 2 ਹਮਾਰੇ 1.56 ਰਹਿ ਗਏ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਦੀ ਜਨਸੰਖਿਆ ਵਿਚ ਜਿੱਥੇ ਪ੍ਰਵਾਸੀਆਂ ਦੀ ਆਮਦ ਦੇ ਨਾਲ ਵਾਧਾ ਹੁੰਦਾ ਹੈ ਉਥੇ ਕੁਦਰਤੀ ਤੌਰ ਉਤੇ ਜਨਮੇ ਬੱਚਿਆਂ ਦੀ ਗਿਣਤੀ ਰਾਹੀਂ ਵੀ ਕੁੱਲ ਸੰਖਿਆ ’ਚ ਵਾਧਾ ਹੁੰਦਾ ਹੈ। ਤਾਜ਼ਾ ਅੰਕੜੇ ਦਸਦੇ ਹਨ ਕਿ ਸਾਲ 2023 ਦੇ ਵਿਚ ਪਿਛਲੇ 80 ਸਾਲਾਂ ਦੇ ਅੰਕੜਿਆਂ ਮੁਤਾਬਿਕ ਸਭ ਤੋਂ ਘੱਟ ਵਾਧਾ ਹੋਇਆ। ਸਾਲ 2023 ਦੇ ਵਿਚ ਇਥੇ 56,955 ਬੱਚਿਆਂ ਨੇ ਜਨਮ ਲਿਆ ਅਤੇ ਮੌਤਾਂ ਦੀ ਗਿਣਤੀ 37,884 ਰਹੀ। ਇਸ ਤਰ੍ਹਾਂ ਇਹ ਸ਼ੁੱਧ ਵਾਧਾ 19,071 ਦਾ ਰਿਹਾ। ਬੱਚੇ ਪੈਦਾ ਕਰਨ ਦੇ ਯੋਗ ਔਰਤਾਂ ਦੀ 15 ਤੋਂ 49 ਸਾਲ ਦੀ ਉਮਰ ਦੀ ਗਿਣਤੀ ਦੀ ਦਰ ਮੁਤਾਬਿਕ ਪ੍ਰਤੀ ਔਰਤ 1.56 ਔਸਤਨ ਬੱਚਾ ਪ੍ਰਤੀ ਔਰਤ ਆਇਆ ਹੈ। ਲਗਦਾ ਹੈ ਕਿ ਲੋਕ ਹੁਣ ਹਮ ਦੋ-ਹਮਾਰੇ ਦੋ ਵਾਲੀ ਗੱਲ ਤੋਂ ਵੀ ਪਿੱਛੇ ਹਟਣ ਲੱਗੇ ਹਨ ਜਾਂ ਫਿਰ ਦੂਜੇ ਸਰੀਰਕ ਕਾਰਨ ਵੀ ਹੋ ਸਕਦੇ ਹਨ। ਪਿਛਲੇ 20 ਸਾਲਾਂ ਦੇ ਵਿਚ ਸਭ ਤੋਂ ਘੱਟ ਬੱਚੇ 2023 ਦੇ ਵਿਚ ਪੈਦਾ ਹੋਏ। ਇਸ ਤੋਂ ਪਹਿਲਾਂ ਸੰਨ 2003 ਦੇ ਵਿਚ 56,136 ਬੱਚੇ ਪੈਦਾ ਹੋਏ ਸਨ।




**ਸੰਭਾਵਿਤ ਜੀਵਨ ਕਾਲ:** 2021-2023 ਦੌਰਾਨ ਮੌਤ ਦਰ ਦੇ ਆਧਾਰ ’ਤੇ ਇੱਕ ਨਵਜੰਮੇ ਲੜਕੇ ਦੀ ਔਸਤਨ ਉਮਰ 80.3 ਸਾਲ ਅਤੇ ਇੱਕ ਨਵਜੰਮੀ ਕੁੜੀ ਦੀ ਉਮਰ 83.7 ਸਾਲ ਤੱਕ ਜੀਉਣ ਦੀ ਉਮੀਦ ਰੱਖੀ ਜਾ ਸਕਦੀ ਹੈ। ਇਹ ਜੀਵਨ ਸੰਭਾਵਨਾਵਾਂ 2017-2019 (80.0 ਸਾਲ ਅਤੇ 83.5 ਸਾਲ) ਨਾਲੋਂ ਥੋੜ੍ਹੀਆਂ ਵੱਧ ਹਨ, ਅਤੇ 2020-2022 (80.5 ਸਾਲ ਅਤੇ 84.0 ਸਾਲ) ਨਾਲੋਂ ਥੋੜ੍ਹੀਆਂ ਘੱਟ ਹਨ। 2022 ਵਿੱਚ ਮੌਤਾਂ ਦੀ ਰਿਕਾਰਡ ਸੰਖਿਆ ਅਤੇ ਕੋਵਿਡ -19 ਮਹਾਂਮਾਰੀ ਦੇ ਨਾਲ-ਨਾਲ ਆਬਾਦੀ ਦੇ ਵਾਧੇ ਅਤੇ ਬੁਢਾਪੇ ਨੇ ਜੀਵਨ ਦੀ ਸੰਭਾਵਨਾ ਵਿੱਚ ਵਾਧੇ ਨੂੰ ਹੇਠਾਂ ਖਿਸਕਾਇਆ ਹੈ।

ਸੰਭਾਵਿਤ ਨਿਊਜ਼ੀਲੈਂਡ ਜਨ ਸੰਖਿਆ: ਇਸ ਵੇਲੇ ਮਾਹਿਰਾਂ ਅਨੁਸਾਰ ਨਿਊਜ਼ੀਲੈਂਡ ਦੀ ਕੁੱਲ ਜਨਸੰਖਿਆ 5,305,600 ਦੇ ਕਰੀਬ (31 ਦਸੰਬਰ 2023) ਤੱਕ ਮੰਨੀ ਜਾ ਰਹੀ ਹੈ। ‘ਪਾਪੂਲੇਸ਼ਨ ਕਲਾਕ’ ਵੇਖੀਏ ਤਾਂ ਗਿਣਤੀ 5,322,662 ਤੋਂ ਉਪਰ ਜਾ ਰਹੀ ਹੈ। ਹਰ 9 ਮਿੰਟ ਅਤੇ 23 ਸੈਕਿੰਡ ਦੇ ਵਿਚ ਇਕ ਬੱਚਾ ਪੈਦਾ ਹੋ ਰਿਹਾ ਹੈ। 13 ਮਿੰਟ 40 ਸੈਕਿੰਡ ਦੇ ਵਿਚ ਇਕ ਮੌਤ ਦੀ ਗਿਣਤੀ ਧਿਆਨ ਵਿਚ ਆ ਰਹੀ ਹੈ। ਹੋ ਰਿਹਾ ਹੈ। ਜਨਗਣਨਾ ਦਾ ਨਤੀਜਾ 29 ਮਈ 2024 ਨੂੰ ਆਉਣ ਵਾਲਾ ਹੈ। ਇਸ ਵੇਲੇ ਅੰਦਾਜ਼ਨ 2,665,200 ਪੁਰਸ਼ ਅਤੇ 2,640,400 ਮਹਿਲਾਵਾਂ ਹਨ। ਨਿਊਜ਼ੀਲੈਂਡ ਦੀ ਜਨ ਸੰਖਿਆ ਵਿਚ 145,100 (2.8%) ਦਾ ਵਾਧਾ ਹੋਇਆ ਹੈ। ਕੁਦਰਤੀ ਤੌਰ ਉਤੇ 19,071 ਬੱਚੇ ਵਾਧੇ ਵਿਚ ਸ਼ਾਮਿਲ ਹਨ ਅਤ 126,000 ਪ੍ਰਵਾਸੀ ਸ਼ਾਮਿਲ ਹਨ।




# ਅਕਾਲ ਅਕੈਡਮੀ ਮਾਇਓਪੱਟੀ ਵਿਖੇ ਸਾਲਾਨਾ ਖੇਡਾਂ ਕਰਵਾਈਆਂ ਗਈਆਂ

**ਕਪੂਰਥਲਾ –** ਅਕਾਲ ਅਕੈਡਮੀ ਮਾਇਓਪੱਟੀ ਵਿਖੇ ਸਾਲਾਨਾ ਖੇਡ ਦਿਵਸ ਮਨਾਇਆ ਗਿਆ। ਅਕਾਲ ਅਕੈਡਮੀ ਦੇ ਪ੍ਰਿੰਸੀਪਲ ਸ਼ਸ਼ੀ ਬਾਲਾ ਨੇ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਰ ਸਾਲ ਇਸੇ ਤਰ੍ਹਾਂ ਬੱਚਿਆਂ ਦੀਆਂ ਖੇਡਾਂ ਕਰਵਾਈਆਂ ਜਾਂਦੀਆਂ ਹਨ। ਜਿਸ ਵਿੱਚ 11 ਦੇ ਲੱਗਭਗ ਵੱਖ ਵੱਖ ਤਰ੍ਹਾਂ ਦੀਆਂ ਖੇਡਾਂ ਵਿੱਚ ਬੱਚਿਆਂ ਵੱਲੋਂ ਭਾਗ ਲਿਆ ਜਾਂਦਾ ਹੈ, ਇਸ ਵਾਰ ਖੇਡਾਂ ਵਿੱਚ ਬੱਚਿਆਂ ਵੱਲੋਂ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ। ਖੇਡਾਂ ਦੌਰਾਨ ਬੱਚਿਆਂ ਦੇ ਮਾਪਿਆਂ ਸਣੇ ਸਕੂਲ ਸਟਾਫ਼ ਨੇ ਵੀ ਦਿਲਚਸਪੀ ਦਿਖਾਈ ਅਤੇ ਖੇਡਾਂ ਵਿੱਚ ਭਾਗ ਲਿਆ। ਖੇਡਾਂ ਵਿੱਚ ਵਧੀਆ ਪ੍ਰਦਰਸ਼ਨ ਕਰਨ ਵਾਲੇ ਬੱਚਿਆਂ ਦੀ ਹੌਂਸਲਾ ਅਫਜ਼ਾਈ ਕਰਦਿਆਂ ਮੈਡਲ ਦੇ ਕੇ ਸਨਮਾਨਿਤ ਕੀਤਾ, ਇਸੇ ਤਰ੍ਹਾਂ ਖੇਡਾਂ ਵਿੱਚ ਜੇਤੂ ਰਹੇ ਬੱਚਿਆਂ ਦੇ ਮਾਪਿਆਂ ਨੂੰ ਵੀ ਅਕੈਡਮੀ ਦੇ ਪ੍ਰਿੰਸੀਪਲ ਵੱਲੋਂ ਸਨਮਾਨਿਤ ਕੀਤਾ ਗਿਆ। ਪਿਛਲੇ ਸਾਲ ਪੜ੍ਹਾਈ ਵਿੱਚ ਪਹਿਲੇ, ਦੂਜੇ ਅਤੇ ਤੀਜੇ ਸਥਾਨ ਆਉਣ ਵਾਲੇ ਬੱਚਿਆਂ ਨੂੰ ਪ੍ਰਿੰਸੀਪਲ ਸ਼ਸ਼ੀ ਬਾਲਾ ਵੱਲੋਂ ਟਰਾਫ਼ੀ ਦੇ ਕੇ ਸਨਮਾਨਿਤ ਕੀਤਾ। ਸਹਿਜ ਪਾਠ ਕਰਨ ਵਾਲੇ ਬੱਚਿਆਂ ਅਤੇ ਅਧਿਆਪਕਾਂ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਸ਼ਸ਼ੀ ਬਾਲਾ, ਅਮਰਦੀਪ ਕੌਰ, ਸ਼ਰਨਜੀਤ ਕੌਰ,ਪ੍ਰਦੀਪ ਕੌਰ, ਬਲਜੀਤ ਕੌਰ, ਕੁਲਵਿੰਦਰ ਕੌਰ, ਜਸਪ੍ਰੀਤ ਕੌਰ, ਸੁਰਿੰਦਰ ਕੌਰ, ਅਕਵਿੰਦਰ ਕੌਰ, ਮਨਪ੍ਰੀਤ ਕੌਰ, ਅਮਨਦੀਪ ਕੌਰ, ਮੀਨਾ ਕੁਮਾਰੀ, ਇੰਦਰਜੀਤ ਕੌਰ, ਨੀਲਮ ਚੌਪੜਾ, ਪੱਲਵੀ, ਪਰਮਜੀਤ ਸਿੰਘ, ਭੁਪਿੰਦਰ ਸਿੰਘ (ਸਾਰੇ ਅਧਿਆਪਕ) ਸਣੇ ਵੱਡੀ ਗਿਣਤੀ ਵਿਚ ਬੱਚਿਆਂ ਦੇ ਮਾਤਾ ਪਿਤਾ ਹਾਜ਼ਰ ਸਨ।






**ਰਿਪੋਰਟ- ਕੁਲਦੀਪ ਚੁੰਬਰ ਕਨੇਡਾ**

# ਓਲੰਪਿਕ ਰੈਸਲਿੰਗ ਅਕੈਡਮੀ ਵਲੋਂ ਕਿਲਾ ਰਾਏਪੁਰ ‘ਚ 51 ਹਜ਼ਾਰ ਦਾ ਟਾਇਟਲ ਜਿੱਤਣ ਵਾਲੇ ਪਹਿਲਵਾਨ ਦਾ ਕੀਤਾ ਸਨਮਾਨ

**ਬੰਗਾ (ਦੇਸ਼ ਦੁਆਬਾ ਬਿਉਰੋ) –** ਰਾਏਪੁਰ ਡੱਬਾ ਓਲੰਪਿਕ ਰੈਸਲਿੰਗ ਅਕੈਡਮੀ ਪਰਮ ਨਗਰ ਖੋਥੜਾਂ ਰੋਡ ਫਗਵਾੜਾ ਦੇ ਪਹਿਲਵਾਨ ਵਿਸ਼ਾਲ ਕੁਮਾਰ ਨੇ ਕਿਲਾ ਰਾਏਪੁਰ ਵਿਖੇ ਹੋਈਆਂ ਓਲੰਪਿਕ ਖੇਡਾਂ ਦੇ 80 ਕਿਲੋਗ੍ਰਾਮ ਭਾਰ ਵਰਗ ਮੁਕਾਬਲੇ ‘ਚ ਟਾਇਟਲ ਖਿਤਾਬ 51 ਹਜਾਰ ਰੁਪਏ ਨਗਦ ਜਿੱਤ ਕੇ ਅਕੈਡਮੀ ਦਾ ਨਾਮ ਰੌਸ਼ਨ ਕੀਤਾ ਹੈ। ਜੇਤੂ ਪਹਿਲਵਾਨ ਦੇ ਸਨਮਾਨ ਵਿਚ ਇਕ ਸਮਾਗਮ ਦਾ ਆਯੋਜਨ ਪਰਮ ਨਗਰ ਸਥਿਤ ਅਕੈਡਮੀ ਵਿਖੇ ਸੰਚਾਲਕ ਪੀ.ਆਰ. ਸੌਂਧੀ ਸਾਬਕਾ ਅੰਤਰਾਸ਼ਟਰੀ ਕੁਸ਼ਤੀ ਕੋਚ ਦੀ ਅਗਵਾਈ ਹੇਠ ਕੀਤਾ ਗਿਆ। ਇਸ ਦੌਰਾਨ ਪਹਿਲਵਾਨ ਵਿਸ਼ਾਲ ਕੁਮਾਰ ਨੂੰ ਅਸ਼ੀਰਵਾਦ ਦਿੰਦਿਆਂ ਪੀ।ਆਰ। ਸੌਂਧੀ ਤੋਂ ਇਲਾਵਾ ਅੰਤਰਰਾਸ਼ਟਰੀ ਕੋਚ ਅਮਰੀਕ ਮੇਹਲੀ ਅਤੇ ਅੰਤਰ-ਰਾਸ਼ਟਰੀ ਕੋਚ ਰਵਿੰਦਰ ਨਾਥ ਨੇ ਦੱਸਿਆ ਕਿ ਵਿਸ਼ਾਲ ਕੁਮਾਰ ਅਕੈਡਮੀ ਦਾ ਬਹੁਤ ਹੀ ਹੋਣਹਾਰ ਪਹਿਲਵਾਨ ਹੈ। ਜਿਸਨੇ ਇਸ ਤੋਂ ਪਹਿਲਾਂ ਪੰਜਾਬ ਕੁਮਾਰ, ਸੀਂਚੇਵਾਲ 2023, ਸਿਤਾਰਾ-ਏ-ਪੰਜਾਬ ਮੇਹਲੀ, ਸ਼ੇਰ-ਏ-ਪੰਜਾਬ ਚੋਹਲਾ ਸਾਹਿਬ, ਪੰਜਾਬ ਪੱਧਰ ਦੀਆਂ ਸੀਨੀਅਰ ਤੇ ਜੂਨੀਅਰ ਕੁਸ਼ਤੀਆਂ ਵਿਚ ਗੋਲਡ ਮੈਡਲ ਤੋਂ ਇਲਾਵਾ ਪੰਜਾਬ ਚੈਂਪੀਅਨਸ਼ਿਪ 2023 ਵਿਚ ਗੋਲਡ ਮੈਡਲ ਪ੍ਰਾਪਤ ਕੀਤੇ ਹਨ। ਉਹਨਾਂ ਭਰੋਸਾ ਜਤਾਇਆ ਕਿ ਇਹ ਹੋਣਹਾਰ ਪਹਿਲਵਾਨ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਅਕੈਡਮੀ ਅਤੇ ਫਗਵਾੜਾ ਦਾ ਨਾਮ ਜਰੂਰ ਰੋਸ਼ਨ ਕਰੇਗਾ। ਪਹਿਲਵਾਨ ਵਿਸ਼ਾਲ ਕੁਮਾਰ ਨੇ ਜਿੱਥੇ ਕੋਚ ਪੀ.ਆਰ. ਸੌਂਧੀ ਅਤੇ ਹੋਰਨਾਂ ਦਾ ਧੰਨਵਾਦ ਕੀਤਾ ਉੱਥੇ ਹੀ ਕਿਹਾ ਕਿ ਉਸਦੇ ਪਿਤਾ ਬਲਵੀਰ ਕੁਮਾਰ ਦੀ ਹੌਸਲਾ ਅਫਜਾਈ ਅਤੇ ਕੋਚ ਪੀ।ਆਰ। ਸੌਂਧੀ ਦੀ ਅਗਵਾਈ ਹੇਠ ਅਕੈਡਮੀ ਵਲੋਂ ਸਿਖਾਏ ਜਾ ਰਹੇ ਕੁਸ਼ਤੀ ਦੇ ਤਕਨੀਕੀ ਦਾਅ-ਪੇਚ ਸਦਕਾ ਉਸਨੇ ਇਹ ਮੁਕਾਮ ਹਾਸਲ ਕੀਤਾ ਹੈ। ਉਸਨੇ ਵਿਸ਼ਵਾਸ ਦੁਆਇਆ ਕਿ ਉਹ ਸਖਤ ਮਿਹਨਤ ਨਾਲ ਰਾਸ਼ਟਰੀ ਤੇ ਅੰਤਰਰਾਸ਼ਟਰੀ ਕੁਸ਼ਤੀ ਮੁਕਾਬਲਿਆਂ ‘ਚ ਆਪਣੇ ਮਾਤਾ-ਪਿਤਾ, ਅਕੈਡਮੀ, ਪੰਜਾਬ ਤੇ ਦੇਸ਼ ਦਾ ਮਾਣ ਵਧਾਏਗਾ। ਇਸ ਮੌਕੇ ਰਵਿੰਦਰ ਸੰਘਾ, ਬਲਵੀਰ, ਵਰਿੰਦਰ ਕੁਮਾਰ ਬਬਲੂ, ਕੋਚ ਸਾਜਨ ਤੇ ਕੋਚ ਜਤਿਨ, ਪੰਜਾਬ ਰੈਸਲਿੰਗ ਐਸੋਸੀਏਸ਼ਨ ਦੇ ਪੀ.ਆਰ.ਓ। ਰੀਤ ਪ੍ਰੀਤ ਪਾਲ ਸਿੰਘ ਤੋਂ ਇਲਾਵਾ ਵਿਸ਼ਾਲ ਨੰਨ੍ਹਾ ਡਡਵਾਲ ਅਤੇ ਅਕੈਡਮੀ ਦੇ ਪਹਿਲਵਾਨ ਸਾਥੀ ਹਾਜ਼ਰ ਸਨ।






# ਨਗਰ ਨਿਗਮ ਹੁਸ਼ਿਆਰਪੁਰ ਵਿਖੇ ਨਸ਼ਾ ਖੋਰੀ ਦੇ ਬਾਰੇ ਅਤੇ ਇਸ ਦੇ ਇਲਾਜ ਬਾਰੇ ਜਾਗਰੂਕਤਾ ਸੈਮੀਨਾਰ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਡਾਇਰੈਕਟਰ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਪੰਜਾਬ, ਸ਼੍ਰੀਮਤੀ ਕੋਮਲ ਮਿੱਤਲ ਆਈ.ਏ.ਐਸ. ਡਿਪਟੀ ਕਮਿਸ਼ਨਰ ਕਮ ਚੇਅਰਪਰਸਨ ਜਿਲ੍ਹਾ ਨਸ਼ਾ ਮੁਕਤੀ ਮੁੜ ਵਸੇਵਾਂ ਸੁਸਾਇਟੀ ਹੁਸ਼ਿਆਰਪੁਰ, ਅਤੇ ਡਾ. ਹਰਬੰਸ ਕੌਰ ਡਿਪਟੀ ਮੈਡੀਕਲ ਕਮਿਸ਼ਨਰ ਕਮ ਮੈਂਬਰ ਸਕੱਤਰ ਜੀ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਸ਼੍ਰੀਮਤੀ ਜਯੋਤੀ ਬਾਲਾ ਮੱਟੂ ਪੀ.ਸੀ.ਐਸ. ਕਮਿਸ਼ਨਰ ਨਗਰ ਨਿਗਮ ਜੀ ਅਤੇ ਸੰਦੀਪ ਤਿਵਾੜੀ ਸਹਾਇਕ ਕਮਿਸ਼ਨਰ ਜੀ ਦੇ ਸਾਹਿਯੋਗ ਨਾ਼ਲ ਨਗਰ ਨਿਗਮ ਦੇ ਡਾ. ਬੀ. ਆਰ. ਅੰਬੇਡਕਰ ਹਾਲ ਵਿਖੇ ਨਸ਼ਾਖੋਰੀ ਦੇ ਬਾਰੇ ਅਤੇ ਇਸਦੇ ਇਲਾਜ ਬਾਰੇ ਵਿਸ਼ੇ 'ਤੇ ਵਿਸ਼ੇਸ਼ ਸੈਮੀਨਾਰ ਦਾ ਆਯੋਜਨ ਕੀਤਾ ਗਿਆ।

ਇਸ ਮੌਕੇ ਜਿਲ੍ਹਾ ਨਸ਼ਾ ਮੁਕਤੀ ਤੇ ਮੁੜ ਵਸੇਵਾ ਕੇਂਦਰ ਵਲੋਂ ਡਾ. ਸਾਹਿਲਦੀਪ ਸੱਲ੍ਹਣ ਮੈਡੀਕਲ ਅਫ਼ਸਰ, ਪ੍ਰਸ਼ਾਂਤ ਆਦਿਆਂ ਕਾਂਉਸਲਰ, ਸੰਦੀਪ ਕੁਮਾਰੀ ਸਾਇਕੋਲੋਜਿਸਟ ਕਾਂਉਸਲਰ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਸੰਦੀਪ ਕੁਮਾਰੀ ਸਾਇਕੋਲੋਜਿਸਟ ਕਾਂਉਸਲਰ ਨੇ ਕਿਹਾ ਕਿ ਨਸ਼ਾਖੋਰੀ ਇੱਕ ਮਾਨਸਿਕ ਬਿਮਾਰੀ ਹੈਂ। ਜਿਸ ਦਾ ਇਲਾਜ਼ ਹਰ ਸਰਕਾਰੀ ਸਿਹਤ ਅਦਾਰੇ ਵਿੱਚ ਮਨੋਰੋਗ ਮਾਹਿਰ ਦੀ ਦੇਖ ਰੇਖ ਵਿੱਚ ਕੀਤਾ ਜਾਂਦਾ ਹੈਂ। ਨਸ਼ਾਖੋਰੀ ਦੇ ਵਿੱਚ ਗ੍ਰਸਤ ਵਿਅਕਤੀ ਨੂੰ ਸਹਿਯੋਗ ਦੀ ਜ਼ਰੂਰਤ ਹੈਂ। ਉਨ੍ਹਾਂ ਨੇ ਨਸ਼ਾਖੋਰੀ ਦੇ ਕਾਰਨ, ਕਿਵੇਂ ਪਹਿਚਾਨ ਸਕਦੇ ਹਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ। ਇਸ ਮੌਕੇ ਪ੍ਰਸ਼ਾਂਤ ਆਦਿਆਂ ਨੇ ਨੌਜਵਾਨਾਂ ਵਿੱਚ ਵੱਧ ਰਹੇ ਨਸ਼ੇ ਪ੍ਰਤੀ ਅਫਸੋਸ ਜਾਹਰ ਕਰਦਿਆਂ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ।

ਉਨ੍ਹਾਂ ਕਿਹਾ ਕਿ ਨਸ਼ੇ ਮੁਕਤੀ ਲਈ ਮਾਪਿਆਂ ਨੂੰ ਜਾਗਰੁਕ ਹੋਣ ਦੀ ਲੋੜ ਹੈ ਤਾਂ ਜੋ ਉਹਨਾਂ ਦੇ ਬੱਚੇ ਨਸ਼ੇ ਦੀ ਲਾਹਨਤ ਤੋਂ ਬਚ ਸਕਣ। ਉਨ੍ਹਾਂ ਨੇ ਕਿਹਾ ਕਿ ਨਸ਼ੇ ਸਾਡੇ ਸਮਾਜ ਦੇਸ਼ ਅਤੇ ਆਉਣ ਵਾਲੀਆਂ ਪੀੜੀਆਂ ਦੇ ਭਵਿੱਖ ਲਈ ਬਹੁਤ ਵੱਡਾ ਖਤਰਾ ਹਨ।

ਇਹਨਾਂ ਲਾਹਨਤਾਂ ਤੋਂ ਤਾਂ ਹੀ ਦੂਰੀ ਬਣਾਈ ਜਾ ਸਕਦੀ ਹੈ ਜੇਕਰ ਨੌਜਵਾਨ ਆਪਣਾ ਸਮਾਂ ਪੜ੍ਹਾਈ, ਖੇਡਾਂ, ਜਿੰਮ, ਕਸਰਤ, ਯੋਗਾ, ਚੰਗੇ ਕੰਮਾਂ ਅਤੇ ਦੇਸ਼ ਦੀ ਤਰੱਕੀ ਲਈ ਵਰਤੀਏ। ਇਸ ਮੌਕੇ ਤੇਂ ਨਸ਼ਿਆਂ ਤੋਂ ਦੂਰ ਰਹਿਣ ਦੇ ਸਹੁੰ ਚੁਕਾਈ ਗਈ। ਇਸ ਮੌਕੇ ਮਨਮੀਤ ਕੌਰ ਕਾਉਂਸਲਰ ਵਾਰਡ ਨੰਬਰ 03 ਨਗਰ ਨਿਗਮ, ਅਮਿਤ ਕੁਮਾਰ ਸੁਪਰੀਡੈਂਟ, ਅਤੇ ਸਮੂਹ ਸਟਾਫ਼ ਨਗਰ ਨਿਗਮ ਵੀ ਹਾਜ਼ਰ ਸਨ।

# ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ (ਰਜਿ.) ਦੀ ਹੋਈ ਸਰਵ ਸੰਮਤੀ ਨਾਲ ਚੋਣ

ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ (ਰਜਿ.) ਦੀ ਵਿਸ਼ੇਸ਼ ਮੀਟਿੰਗ ਪ੍ਰਧਾਨ ਮਦਨ ਵੀਰਾ ਦੀ ਪ੍ਰਧਾਨਗੀ ਹੇਠ ਹੋਈ। ਡਾ. ਜਸਵੰਤ ਰਾਏ ਜਨਰਲ ਸਕੱਤਰ ਨੇ ਪਿਛਲੀ ਟਰਮ ਦੌਰਾਨ ਸਭਾ ਵਲੋਂ ਕੀਤੇ ਸਮਾਗਮਾਂ ਅਤੇ ਗਤੀਵਿਧੀਆਂ ਦੀ ਰਿਪੋਰਟ ਪੇਸ਼ ਕੀਤੀ।ਸਾਹਿਤ ਅਕਾਦਮੀ ਜੇਤੂ ਕਹਾਣੀਕਾਰ ਸੁਖਜੀਤ ਦੇ ਅਚਨਚੇਤ ਚਲਾਣੇ 'ਤੇ ਸਭਾ ਨੇ ਸ਼ੋਕਮਤਾ ਪੇਸ਼ ਕਰਕੇ ਦੋ ਮਿੰਟ ਦਾ ਮੌਨ ਰੱਖਿਆ।ਮਦਨ ਵੀਰਾ ਵਲੋਂ ਕਮੇਟੀ ਭੰਗ ਕਰਨ 'ਤੇ ਮੈਂਬਰਸ਼ਿਪ ਨਵਿਆਉਣ ਉਪਰੰਤ ਸਭਾ ਦੀ ਨਵੀਂ ਟਰਮ 2024-27 ਦੀ ਸਰਵ ਸੰਮਤੀ ਨਾਲ ਹੋਈ ਚੋਣ ਵਿੱਚ ਜਸਬੀਰ ਸਿੰਘ ਧੀਮਾਨ ਪ੍ਰਧਾਨ, ਤ੍ਰਿਪਤਾ ਕੇ ਸਿੰਘ ਅਤੇ ਸੁਰਿੰਦਰ ਕੰਗਵੀ ਮੀਤ ਪ੍ਰਧਾਨ, ਡਾ. ਜਸਵੰਤ ਰਾਏ ਜਨਰਲ ਸਕੱਤਰ, ਡਾ. ਸ਼ਮਸ਼ੇਰ ਮੋਹੀ ਅਤੇ ਡਾ. ਦਰਸ਼ਨ ਸਿੰਘ ਦਰਸ਼ਨ ਸਕੱਤਰ, ਸਤੀਸ਼ ਕੁਮਾਰ ਵਿੱਤ ਸਕੱਤਰ, ਮਦਨ ਵੀਰਾ, ਹਰਦਿਆਲ ਹੁਸ਼ਿਆਰਪੁਰੀ, ਰਜਿੰਦਰ ਸੱਚਦੇਵਾ, ਡਾ. ਸਰਦੂਲ ਸਿੰਘ ਤੇ ਲੈਕ. ਲਖਵਿੰਦਰ ਰਾਮ ਸਲਾਹਕਾਰ, ਡਾ. ਕਰਮਜੀਤ ਸਿੰਘ, ਡਾ. ਮਨਮੋਹਨ ਸਿੰਘ ਤੀਰ ਅਤੇ ਕੁਲਤਾਰ ਸਿੰਘ ਕੁਲਤਾਰ ਸਰਪ੍ਰਸਤ, ਡਾ. ਪਰਮਜੀਤ ਕੌਰ, ਗੁਰਬਚਨ ਕੌਰ, ਮਨਜੀਤ ਕੌਰ, ਦਵਿੰਦਰ ਕੌਰ, ਡਾ. ਅਜੀਤ ਸਿੰਘ ਜੱਬਲ, ਰਾਜ ਕੁਮਾਰ, ਤੀਰਥ ਚੰਦ ਸਰੋਆ, ਡਾ. ਕੁਲਦੀਪ ਸਿੰਘ, ਪ੍ਰਿੰ. ਗੁਰਦਿਆਲ ਸਿੰਘ, ਪ੍ਰਿੰ. ਦਾਸ ਰਾਮ ਭਾਰਤੀ, ਸੁਰਿੰਦਰ ਸੱਲ੍ਹਣ, ਕੁਲਵਿੰਦਰ ਕੌਰ ਰੂਹਾਨੀ, ਹਰਵਿੰਦਰ ਸਾਬੀ, ਡਾ. ਰਵਿੰਦਰ ਕੌਰ, ਡਾ. ਸੁਖਦੇਵ ਦਿੰਘ ਢਿੱਲੋਂ, ਸੋਮਦੱਤ ਦਿਲਗੀਰ, ਨੂੰ ਕਾਰਜਕਾਰਨੀ ਦੇ ਮੈਂਬਰ ਬਣਾਇਆ ਗਿਆ।



ਸਮਾਗਮ ਦੇ ਦੂਸਰੇ ਸੈਸ਼ਨ ਵਿੱਚ ਡਾ. ਮਨਮੋਹਨ ਸਿੰਘ ਤੀਰ ਦੀ ਸਵੈਜੀਵਨੀ "ਸੁਰਮਈ ਪੈੜਾਂ" ਦਾ ਲੋਕ ਅਰਪਣ ਤੇ ਚਰਚਾ ਕਰਵਾਈ ਗਈ।ਮਦਨ ਵੀਰਾ, ਡਾ. ਜਸਵੰਤ ਰਾਏ ਅਤੇ ਡਾ. ਕਰਮਜੀਥ ਸਿੰਘ ਨੇ ਪੁਸਤਕ ਦੀ ਪੜਚੋਲ ਕਰਦਿਆਂ ਕਿਹਾ ਕਿ ਕਹਾਣੀਕਾਰ ਹੋਣ ਨਾਤੇ ਡਾ. ਤੀਰ ਦੁਆਰਾ ਲਿਖਤ ਪੁਸਤਕ ਵਿੱਚ ਕਹਾਣੀ ਰਸ ਕਮਾਲ ਦਾ ਹੈ। ਪਾਠਕ ਨੂੰ ਇਹ ਪੁਸਤਕ ਲਸੂੜੇ ਵਾਂਗ ਚਿੰਬੜਦੀ ਹੈ।ਇਸ ਵਿੱਚ 47 ਦੀ ਵੰਡ ਦੀ ਮਾਰ ਹੇਠ ਆਏ ਪਰਿਵਾਰ ਦੇ ਦਰਦ ਪਰੁੰਨੇ ਅਤੇ ਜੜ੍ਹਾਂ ਲਾਉਣ ਲਈ ਜੂਝਣ ਦੀ ਗਾਥਾ ਬੜੇ ਕਮਾਲ ਦੀ ਹੈ।ਡਾ. ਤੀਰ ਨੇ ਆਪਣੇ ਬਚਪਨ ਵਿਚਲੇ ਬਾਲਮਨ ਦੀਆਂ ਤੰਦਾਂ ਨੂੰ ਬੜੀ ਬਾਰੀਕਬੀਨੀ ਨਾਲ ਬਿਆਨ ਕਰਦਿਆਂ ਯਾਦਾਂ ਦਾ ਇੱਕ ਗੰਭੀਰ ਜ਼ਖ਼ੀਰਾ ਪਾਠਕਾਂ ਦੀ ਝੋ਼ਲੀ ਪਾਇਆ ਹੈ ਜਿਹੜਾ ਉਨ੍ਹਾਂ ਦੇ ਮਨਾਂ ਵਿੱਚ 'ਮਿਹਨਤ ਮੁਸ਼ੱਕਤ ਕਰਨ ਵਾਲਿਆਂ ਦੀ ਕਦੇ ਹਾਰ ਨਹੀਂ ਹੁੰਦੀ' ਦੇ ਕਥਨ ਨੂੰ ਹੋਰ ਪਕੇਰਾ ਕਰੇਗਾ।ਸਮਾਗਮ ਦੌਰਾਨ ਸਟੇਜ ਦੀ ਕਾਰਵਾਈ ਡਾ. ਜਸਵੰਤ ਰਾਏ ਨੇ ਬਾਖ਼ੂਬੀ ਨਿਭਾਈ। ਇਸ ਸਮੇਂ ਡਾ. ਵਿਭੌਰ, ਰੋਜ਼ੀ ਸਮੇਤ ਹੋਰ ਸਾਹਿਤ ਪ੍ਰੇਮੀ ਵੀ ਹਾਜ਼ਰ ਸਨ।

**ਰਿਪੋਰਟ: ਡਾ. ਜਸਵੰਤ ਰਾਏ ਜਨਰਲ ਸਕੱਤਰ**
**(98158-25999)**

## ਫੁੱਟਬਾਲ ਟੂਰਨਾਮੈਂਟ ਵਿੱਚ ਜੀਂਦੋਵਾਲ ਪਹਿਲੇ ਨੰਬਰ 'ਤੇ ਮੱਦੀ ਮੱਟਵਾਲੀ ਦੂਸਰੇ ਨੰਬਰ ਤੇ ਰਹੀਆਂ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਸ਼ਾਨਦਾਰ ਫੁੱਟਬਾਲ ਟੂਰਨਾਮੈਂਟ ਪਿੰਡ ਪੱਦੀ ਮੱਟਵਾਲੀ ਵਿਖੇ ਐਨ ਆਰ ਆਈ ਵੀਰਾਂ ਅਤੇ ਗ੍ਰਾਮ ਪੰਚਾਇਤ ਦੀ ਸਹਾਇਤਾ



ਨਾਲ ਕਰਵਾਏ ਗਏ।ਜਿਸ ਤਰ੍ਹਾਂ ਵਿੱਚ ਸਪੋਰਟਸ ਕਲੱਬ ਐਨ ਆਰ ਆਈ ਵੀਰਾਂ ਨੇ ਬਹੁਤ ਸਹਾਇਤਾ ਕੀਤੀ। ਮੈਚਾਂ ਦੀ ਲੜੀ ਵਿੱਚ ਜੀਂਦੋਵਾਲ ਫੁੱਟਬਾਲ ਦੀ ਟੀਮ ਅਤੇ ਪੱਦੀ ਮੱਟਵਾਲੀ ਫੁੱਟਬਾਲ ਦੀ ਏ ਟੀਮ ਫਾਈਨਲ ਵਿੱਚ ਪਹੁੰਚ ਗਈਆ। ਦੋਨਾਂ ਟੀਮਾਂ ਵਿਚਕਾਰ ਮੈਚ ਖੇਡਿਆ ਗਿਆ। ਮੈਚ ਚਲਦਿਆਂ ਚਲਦਿਆਂ ਆਖੀਰ ਦੇ ਦੋ ਮਿੰਟ ਬਾਕੀ ਸੀ ਬਸ ਫਿਰ ਕੀ ਹੋਇਆ ਜੀਂਦੋਵਾਲ ਸਿਰ ਹੋਣ ਲੱਗਾ ਸੀ ਪਰ ਅਚਾਨਕ ਗੋਲੀ ਨੇ ਕਿੱਕ ਮਾਰੀ ਤਾਂ ਫੁੱਟਬਾਲ ਦੂਜੇ ਪਾਸੇ ਪੱਦੀ ਮੱਟਵਾਲੀ ਸਿਰ ਖਿਡਾਰੀਆਂ ਨੇ ਗੋਲ ਕਰ ਦਿੱਤਾ ਅਤੇ ਜੀਂਦੋਵਾਲ ਵਾਲੇ ਦੇ ਸਮੱਰਥਕ ਵਲੋਂ ਖੁਸ਼ੀ ਦਾ ਇਜ਼ਹਾਰ ਕੀਤਾ ਗਿਆ। ਫੁੱਟਬਾਲ ਦੀ ਬੀ ਟੀਮ ਪੱਦੀ ਮੱਟਵਾਲੀ ਅਤੇ ਮੋਰਾਂਵਾਲੀ ਦੀ ਫੁੱਟਬਾਲ ਦੀ ਬੀ ਟੀਮ ਵਿਚਕਾਰ ਮੈਚ ਬਹੁਤ ਫਸਵਾਂ ਮੁਕਾਬਲਾ ਸੀ ਪਰ ਮੋਰਾਂਵਾਲੀ ਟੀਮ ਇੱਕ ਗੋਲ ਕਰਕੇ ਜੇਤੂ ਰਹੀ। ਫੁੱਟਬਾਲ ਦੇ ਮੈਚ ਦੇਖਣ ਨੂੰ ਆਲੇ ਦੁਆਲੇ ਦੇ ਪਿੰਡਾਂ ਦੇ ਲੋਕ ਬਹੁਤ ਵੱਡੀ ਸੰਖਿਆ ਵਿੱਚ ਆਏ ਹੋਏ ਸਨ। ਸਪੋਰਟਸ ਕਲੱਬ ਐਨ ਆਰ ਆਈ ਵੀਰਾਂ ਅਤੇ ਨਗਰ ਨਿਵਾਸੀਆਂ ਵੱਲੋਂ ਜੇਤੂ ਟੀਮਾਂ ਨੂੰ ਇਨਾਮ ਅਤੇ ਸ਼ੀਲਡਾਂ ਵੀ ਦਿੱਤੀਆਂ ਗਈਆ। ਇਸ ਮੌਕੇ ਤੇ ਸਵਾਮੀ ਸ਼ੰਕਰਾਚਾਰੀਆ ਤੇ ਹੋਰ ਪ੍ਰਬੰਧਕ ਕਮੇਟੀ ਦੇ ਮੈਂਬਰ ਵੀ ਹਾਜ਼ਰ ਸਨ।

# ਦੋ ਦਿਨ ਲਈ ਰੁਕਿਆ ਕਿਸਾਨਾਂ ਦਾ ਦਿੱਲੀ ਚੱਲੋ ਮਾਰਚ

**(ਸਫਾ 1 ਦੀ ਬਾਕੀ)**

ਡਾਕਟਰਾਂ ਵੱਲੋਂ ਉਨ੍ਹਾਂ ਦਾ ਚੈਕਅਪ ਕਰ ਕੇ ਇਲਾਜ ਸ਼ੁਰੂ ਕੀਤਾ ਗਿਆ। ਕਿਸਾਨ ਆਗੂ ਸਰਵਣ ਸਿੰਘ ਪੰਧੇਰ ਨੇ ਦੱਸਿਆ ਕਿ ਕਿਸਾਨਾਂ ਦਾ ਦਿੱਲੀ ਚੱਲੋ ਮਾਰਚ ਦੋ ਦਿਨਾਂ ਲਈ ਮੁਲਤਵੀ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸ਼ੁੱਕਰਵਾਰ ਸ਼ਾਮ ਨੂੰ ਅਗਲੀ ਰਣਨੀਤੀ ਤੈਅ ਕੀਤੀ ਜਾਵੇਗੀ। ਦਿੱਲੀ ਵੱਲ ਮਾਰਚ ਕਰਨ ਵਿੱਚ ਇੱਕ ਵਿਰਾਮ ਤੋਂ ਬਾਅਦ, ਨੌਜਵਾਨ ਕਿਸਾਨ ਇਸ ਫੈਸਲੇ ਤੋਂ ਖੁਸ਼ ਨਹੀਂ ਹੋਏ ਅਤੇ ਵਾਪਸ ਪਰਤਣ ਲੱਗੇ। ਕਰੀਬ ਅੱਧੇ ਘੰਟੇ ਦੀ ਰਣਨੀਤੀ ਤੋਂ ਬਾਅਦ ਪ੍ਰਦਰਸ਼ਨਕਾਰੀਆਂ ਨੇ ਖਨੌਰੀ ਸਰਹੱਦ ਤੋਂ ਕਰੀਬ 150 ਮੀਟਰ ਦੀ ਦੂਰੀ 'ਤੇ ਸਥਿਤ ਪਰਾਲੀ ਦੇ ਡੰਪ ਤੋਂ ਇਕ-ਇਕ ਕਰਕੇ ਪਰਾਲੀ ਦੀਆਂ ਗੰਢਾਂ ਆਪਣੇ ਸਿਰਾਂ 'ਤੇ ਚੁੱਕ ਲਈਆਂ, ਖੇਤਾਂ ਵਿਚੋਂ ਦੀ ਲੰਘ ਕੇ ਸਰਹੱਦ ਨੇੜੇ ਖੇਤਾਂ ਵਿਚ ਜਾ ਕੇ ਅੱਗ ਲਗਾ ਦਿੱਤੀ । ਇਸ ਅੱਗ 'ਚ ਲਾਲ ਮਿਰਚਾਂ ਪਾ ਕੇ ਸਾੜ ਦਿੱਤੀਆਂ ਗਈਆਂ, ਜਿਸ ਕਾਰਨ ਸਰਹੱਦ 'ਤੇ ਵਿਜ਼ੀਬਿਲਟੀ ਜ਼ੀਰੋ ਹੋ ਗਈ। ਜੀਂਦ ਦੇ ਦਾਤਾ ਸਿੰਘਵਾਲਾ-ਖਨੌਰੀ ਸਰਹੱਦ 'ਤੇ ਹੋਈ ਝੜਪ 'ਚ ਜ਼ਖਮੀ ਹੋਏ ਇਕ ਨੌਜਵਾਨ ਨੂੰ ਰੋਹਤਕ ਪੀਜੀਆਈ ਲਿਆਂਦਾ ਗਿਆ।

ਜ਼ਖਮੀ 32 ਸਾਲ ਦਾ ਪ੍ਰੀਤਪਾਲ ਸਿੰਘ ਪੁੱਤਰ ਦਵਿੰਦਰ ਸਿੰਘ ਹੈ। ਉਹ ਪੰਜਾਬ ਦੇ ਸੰਗਰੂਰ ਜ਼ਿਲ੍ਹੇ ਦੇ ਨਯਾ ਗਾਂਵ ਦਾ ਵਸਨੀਕ ਹੈ। ਉਸ ਦੀਆਂ ਅੱਖਾਂ, ਮੋਢਿਆਂ ਅਤੇ ਬਾਹਾਂ ਅਤੇ ਲੱਤਾਂ 'ਤੇ ਸੱਟਾਂ ਲੱਗੀਆਂ ਹਨ। ਡਾਕਟਰਾਂ ਅਨੁਸਾਰ ਹਾਲਤ ਖਤਰੇ ਤੋਂ ਬਾਹਰ ਹੈ। ਸੰਯੁਕਤ ਕਿਸਾਨ ਮੋਰਚਾ ਪੰਜਾਬ ਚੈਪਟਰ ਨੇ ਪੰਜਾਬ ਦੀ ਹਰਿਆਣਾ ਨਾਲ ਲੱਗਦੀਆਂ ਹੱਦਾਂ ਤੇ ਕਿਸਾਨਾਂ ਤੇ ਢਾਹੇ ਜਾ ਰਹੇ ਜਬਰ ਦੀ ਪੁਰਜ਼ੋਰ ਨਿਖੇਧੀ ਕਰਦਿਆਂ 23 ਸਾਲ ਦੇ ਨੌਜਵਾਨ ਸ਼ੁਭਕਰਨ ਸਿੰਘ ਦੀ ਮੌਤ ਲਈ ਭਾਜਪਾ ਸਰਕਾਰ ਨੂੰ ਸਿੱਧੇ ਤੌਰ ਤੇ ਜਿੰਮੇਵਾਰ ਠਹਿਰਾਉਂਦੇ ਹੋਏ ਕਿਹਾ ਕਿ ਕਿਸਾਨਾਂ ਦਾ ਡੁੱਲਿਆ ਖੂਨ ਭਾਜਪਾ ਦੇ ਸਿਆਸੀ ਕਫਨ ਵਿਚ ਆਖਰੀ ਕਿੱਲ ਸਾਬਤ ਹੋਵੇਗਾ। ਕਿਸਾਨ ਜਥੇਬੰਦੀਆਂ ਨੇ ਅੱਜ ਭਾਜਪਾ ਆਗੂਆਂ ਅਤੇ ਟੋਲ ਪਲਾਜ਼ਾ ਤੇ ਦਿੱਤੇ ਜਾ ਰਹੇ ਧਰਨਿਆਂ ਵਿੱਚ ਸ਼ਹੀਦ ਕਿਸਾਨ ਨੂੰ ਸ਼ਰਧਾਂਜਲੀ ਭੇਟ ਕੀਤੀ। ਸ਼ੰਭੂ ਬੈਰੀਅਰ 'ਤੇ ਬੀਤੀ ਰਾਤ ਪਹੁੰਚੀ ਜੇਸੀਬੀ ਮਸ਼ੀਨ ਨੂੰ ਮੋਰਚੇ ਤੱਕ ਜਾਣ ਤੋਂ ਰੋਕਣ ਮੌਕੇ ਐਸਪੀ ਸਮੇਤ ਦੋ ਪੁਲੀਸ ਅਧਿਕਾਰੀ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਵਿੱਚ ਐਸਪੀ ਜਗਵਿੰਦਰ ਚੀਮਾ ਸ਼ਾਮਲ ਹਨ, ਜਿਨ੍ਹਾਂ ਨੂੰ ਏਪੀ ਜੈਨ ਸਿਵਲ ਹਸਪਤਾਲ ਰਾਜਪੁਰਾ ਵਿਖੇ ਦਾਖਲ ਕਰਾਇਆ ਗਿਆ ਹੈ।

## ਅਰਜੁਨ ਮੁੰਡਾ ਨੇ ਕਿਸਾਨਾਂ ਨੂੰ ਪੰਜਵੇਂ ਗੇੜ ਲਈ ਗੱਲਬਾਤ ਦੀ ਪੇਸ਼ਕਸ਼ ਕੀਤੀ

**ਨਵੀਂ ਦਿੱਲੀ–**ਭਾਜਪਾ ਨੇ ਕਿਹਾ ਕਿ ਕੇਂਦਰੀ ਖੇਤੀਬਾੜੀ ਮੰਤਰੀ ਅਰਜੁਨ ਮੁੰਡਾ ਨੇ ਕਿਸਾਨਾਂ ਨੂੰ ਗੱਲਬਾਤ ਦੇ ਪੰਜਵੇਂ ਗੇੜ ਦੀ ਪੇਸ਼ਕਸ਼ ਕਰਦਿਆਂ ਉਨ੍ਹਾਂ ਨੂੰ ਸ਼ਾਂਤੀਪੂਰਨ ਹੱਲ ਕੱਢਣ ਦੀ ਅਪੀਲ ਕੀਤੀ ਹੈ। ਭਾਜਪਾ ਨੇ ਕਿਹਾ ਕਿ ਕਿਸਾਨਾਂ ਦਾ ਵਿਕਾਸ ਕੇਂਦਰ ਸਰਕਾਰ ਦੀ ਸਭ ਤੋਂ ਵੱਡੀ ਤਰਜੀਹ ਹੈ। ਸਾਬਕਾ ਕੇਂਦਰੀ ਮੰਤਰੀ ਅਤੇ ਭਾਜਪਾ ਦੇ ਸੀਨੀਅਰ ਨੇਤਾ ਰਵੀਸ਼ੰਕਰ ਪ੍ਰਸਾਦ ਨੇ ਇੱਥੇ ਭਾਜਪਾ ਦੇ ਮੁੱਖ ਦਫਤਰ ਵਿਖੇ ਪੱਤਰਕਾਰਾਂ ਨੂੰ ਕਿਹਾ, 'ਖੇਤੀ ਮੰਤਰੀ ਅਰਜੁਨ ਮੁੰਡਾ ਨੇ ਗੱਲਬਾਤ ਦੀ ਪੇਸ਼ਕਸ਼ ਕੀਤੀ ਹੈ। ਗੱਲਬਾਤ ਨਾਲ ਹੀ ਹੱਲ ਨਿਕਲੇਗਾ। ਸਰਕਾਰ ਖੁੱਲ੍ਹੇ ਦਿਮਾਗ ਨਾਲ ਗੱਲਬਾਤ ਲਈ ਤਿਆਰ ਹੈ। ਕਿਸਾਨਾਂ ਨੂੰ ਸਾਡੀ ਅਪੀਲ ਹੈ ਕਿ ਇਸ ਦਾ ਸ਼ਾਂਤਮਈ ਢੰਗ ਨਾਲ ਹੱਲ ਲੱਭਿਆ ਜਾਵੇ।'

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਸ਼੍ਰੀ ਗੁਰੂ ਰਵਿਦਾਸ ਵੈਲਫੇਅਰ ਟਰੱਸਟ ਨਵਾਂ ਸ਼ਹਿਰ ਵੱਲੋਂ ਸਨਮਾਨ ਸਮਾਰੋਹ 28 ਫਰਵਰੀ ਨੂੰ





**ਜਲੰਧਰ, ਨਵਾਂਸ਼ਹਿਰ, ਅਪਰਾ (ਜੱਸੀ) –** ਸ਼੍ਰੀ ਗੁਰੂ ਰਵਿਦਾਸ ਵੈਲਫੇਅਰ ਟਰੱਸਟ ਰਜਿ ਨਵਾਂ ਸ਼ਹਿਰ ਪਿਛਲੇ 18 ਸਾਲਾਂ ਤੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਅਤੇ ਵਿਚਾਰਧਾਰਾ ਦੇ ਪ੍ਰਚਾਰ ਪ੍ਰਸਾਰ ਹਿੱਤ ਕਾਰਜ ਕਰਦਾ ਆ ਰਿਹਾ ਹੈ। ਇਨ੍ਹਾਂ ਕਾਰਜਾਂ ਨੂੰ ਅਗਾਂਹ ਵਧਾਉਂਦੇ ਹੋਏ ਟਰੱਸਟ ਵੱਲੋਂ 28 ਫਰਵਰੀ ਦਿਨ ਬੁੱਧਵਾਰ ਨੂੰ ਹੋਟਲ ਅਨਮੋਲ ਪੈਲੇਸ ਬੰਗਾ (ਸ਼ ਭ ਸ ਨਗਰ) ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 647ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇੱਕ ਸਨਮਾਨ ਸਮਾਰੋਹ ਦਾ ਅਯੋਜਨ ਕੀਤਾ ਜਾ ਰਿਹਾ ਹੈ ਜਿਸ ਵਿੱਚ ਵਿਦੇਸ਼ਾਂ ਵਿੱਚ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਵਿਚਾਰਧਾਰਾ ਦੇ ਪ੍ਰਚਾਰ ਪ੍ਰਸਾਰ ਹਿੱਤ ਕਾਰਜ ਕਰ ਰਹੀਆਂ ਵਿਸ਼ੇਸ਼ ਸਖਸ਼ੀਅਤਾਂ ਦਾ ਸਨਮਾਨ ਕੀਤਾ ਜਾਵੇਗਾ। ਟਰੱਸਟ ਦੀ ਮੀਟਿੰਗ ਦੀ ਉਪਰੋਕਤ ਜਾਣਕਾਰੀ ਟਰੱਸਟ ਦੇ ਸਕੱਤਰ ਪਰਮਜੀਤ ਮਹਾਲੋਂ ਨੇ ਦਿੰਦਿਆਂ ਦੱਸਿਆ ਕਿ ਇਸ ਸਮਾਗਮ ਵਿੱਚ ਸ੍ਰੀ ਗੁਰੂ ਰਵਿਦਾਸ ਦਰਬਾਰ ਬੈਰਗਾਮੋ, ਇਟਲੀ ਦੀ ਟੀਮ ਵੀ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਵੇਗੀ ਜਿਹੜੀ ਕਿ ਦਰਬਾਰ ਵਲੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਵਿਚਾਰਧਾਰਾ ਦੇ ਪ੍ਰਸਾਰ ਲਈ ਕੀਤੇ ਗਏ ਵਿਸ਼ੇਸ਼ ਕਾਰਜਾਂ ਲਈ ਕੌਮ ਦੀਆਂ ਮਹਾਨ ਸ਼ਖ਼ਸੀਅਤਾਂ ਰਾਜ ਗੀਤਕਾਰ ਚੰਨ ਗੁਰਾਇਆਂ ਵਾਲਾ ਅਤੇ ਜਨਾਬ ਸੱਤ ਪਾਲ ਸਾਹਲੋਂ ਦੋਵਾਂ ਨੂੰ ਗੋਲਡ ਮੈਡਲਾਂ ਨਾਲ ਸਨਮਾਨਿਤ ਕਰੇਗੀ। ਗੌਰਤਲਬ ਹੈ ਕਿ ਸ੍ਰੀ ਗੁਰੂ ਰਵਿਦਾਸ ਦਰਬਾਰ ਬੈਰਗਾਮੋ, ਇਟਲੀ ਵਲੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 647ਵੇਂ ਪ੍ਰਕਾਸ਼ ਪੁਰਬ ਤੇ ਜਨਮ ਸਥਾਨ ਮੰਦਿਰ ਵਾਰਾਨਸੀ ਵਿਖੇ ਹਰਿ ਦੇ ਸੋਨੇ ਦੇ ਨਿਸ਼ਾਨ ਸਾਹਿਬ ਵੀ ਚੜ੍ਹਾਏ ਜਾਣਗੇ।

**ਪ੍ਰਕਾਸ਼ ਪੁਰਬ ਦੇ ਸੰਬੰਧ 'ਚ ਪ੍ਰਭਾਤ ਫੇਰੀ ਕੱਢੀ**

ਸਥਾਨਕ ਮੰਡੀ ਰੋਡ 'ਤੇ ਸਥਿਤ ਮੁਹੱਲਾ ਟਿੱਬੇ ਵਾਲਾ ਵਿਖੇ ਸਥਿਤ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਤੋਂ ਅੱਜਦ ਸਵੇਰੇ ਪ੍ਰਭਾਤ ਫੇਰੀ ਕੱਢੀ ਗਈ। ਇਸ ਮੌਕੇ ਹਾਜ਼ਰ ਸੰਗਤਾਂ ਨੇ ਸ੍ਰੀ ਗੁਰੂ ਰਵਿਦਾਸ ਜੀ ਦੀ ਮਹਿਮਾ ਦਾ ਗੁਣਗਾਣ ਕਰਦਿਆਂ ਪੂਰੇ ਪਿੰਡ ਦੀ ਪਰਿਕਰਮਾ ਕੀਤੀ। ਇਸ ਮੌਕੇ ਜਾਣਕਾਰੀ ਦਿੰਦਿਆਂ ਸਮੂਹ ਪ੍ਰਬੰਧਕਾਂ ਤੇ ਸੰਗਤਾਂ ਨੇ ਦੱਸਿਆ ਕਿ ਮਿਤੀ 28 ਫਰਵਰੀ ਨੂੰ ਗੁਰੂਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਮੁਹੱਲਾ ਟਿੱਬੇ ਵਾਲਾ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ, ਉਪਰੰਤ ਪੰਜਾਬੀ ਗਾਇਕ ਬਲਰਾਜ ਬਿਲਗਾ ਤੇ ਭਾਈ ਮਨਜੀਤ ਸਿੰਘ ਖਾਲਸਾ ਫ਼ੋਕਰਾਂ ਵਾਲੇ ਗੁਰੂ ਜੀ ਦੀ ਮਹਿਮਾ ਦਾ ਗੁਣਗਾਣ ਕਰਨਗੇ। ਇਸ ਮੌਕੇ ਅਤੁੱਟ ਲੰਗਰ ਵੀ ਵਰਤਾਏ ਜਾਣਗੇ।

# ਜ਼ਿਲ੍ਹੇ ਵਿੱਚ ਸੜਕਾਂ ਤੇ ਅਵਾਰਾ ਪਸ਼ੂਆਂ ਦੇ ਘੁੰਮਣ ਫਿਰਨ/ਚਰਾਉਣ 'ਤੇ ਰੋਕ - ਜ਼ਿਲ੍ਹਾ ਮੈਜਿਸਟਰੇਟ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹਾ ਮੈਜਿਸਟਰੇਟ ਨਵਜੋਤਪਾਲ ਸਿੰਘ ਰੰਧਾਵਾ, ਆਈ.ਏ.ਐਸ., ਸ਼ਹੀਦ ਭਗਤ ਸਿੰਘ ਨਗਰ ਫੌਜਦਾਰੀ ਜਾਬਤਾ ਸੰਘਤਾ 1973 (1974 ਦਾ ਐਕਟ-2) ਦੀ ਧਾਰਾ 144 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਇੱਕ ਹੁਕਮ ਰਾਹੀਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਸੜਕਾਂ ਤੇ ਅਵਾਰਾ ਪਸ਼ੂਆਂ ਨੂੰ ਘੁੰਮਣ ਫਿਰਨ ਅਤੇ ਸ਼ਹਿਰਾਂ/ਕਸਬਿਆਂ/ਸੜਕਾਂ ਕਿਨਾਰੇ ਚਰਾਉਣ 'ਤੇ ਰੋਕ ਲਗਾ ਦਿੱਤੀ ਹੈ। ਉਨ੍ਹਾਂ ਨੇ ਆਪਣੇ ਹੁਕਮ ਵਿੱਚ ਸਪੱਸ਼ਟ ਕੀਤਾ ਹੈ ਕਿ ਗੁਜਰਾਂ/ਵਿਅਕਤੀਆਂ ਵੱਲੋਂ ਭਾਰੀ ਮਾਤਰਾ ਵਿਚ ਗਾਵਾਂ/ਮੱਝਾਂ ਆਦਿ ਲੈ ਕੇ ਉਨ੍ਹਾਂ ਦੇ ਚਾਰੇ ਦੀ ਖਾਤਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸ਼ਹਿਰਾਂ/ਕਸਬਿਆਂ ਅਤੇ ਪਿੰਡਾਂ ਵਿੱਚ ਘੁੰਮਦੇ/ਫਿਰਦੇ ਹਨ ਜੋ ਕਿ ਲੋਕਾਂ ਦੀਆਂ ਫਸਲਾਂ ਅਤੇ ਸੜਕ ਕਿਨਾਰੇ ਲਗਾਏ ਗਏ ਬੂਟਿਆਂ ਨੂੰ ਨੁਕਸਾਨ ਪਹੁੰਚਾਉਂਦੇ ਹਨ। ਜਿਸ ਨਾਲ ਕਿਸਾਨਾਂ ਅਤੇ ਦਰਵਾਹਿਆਂ (ਗੁਜਰਾਂ) ਦਾ ਆਪਸ ਵਿਚ ਤਕਰਾਰ ਹੋਣ ਦਾ ਖਦਸ਼ਾ ਬਣ ਜਾਂਦਾ ਹੈ। ਇਸ ਤੋਂ ਇਲਾਵਾ ਟਰੈਫਿਕ ਵਿੱਚ ਰੁਕਾਵਟ ਪੈਦਾ ਹੁੰਦੀ ਹੈ ਅਤੇ ਕਈ ਵਾਰ ਐਕਸੀਡੈਂਟ ਹੋਣ ਕਾਰਨ ਵਹੀਕਲ/ਪਸ਼ੂਆਂ ਦਾ ਨੁਕਸਾਨ ਹੋ ਜਾਂਦਾ ਹੈ। ਇਸ ਲਈ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਵਸਨੀਕਾਂ ਦੀਆਂ ਮੁਸ਼ਕਿਲਾਂ, ਸੜਕਾਂ ਤੇ ਅਵਾਰਾ ਪਸ਼ੂਆਂ ਦੇ ਘੁੰਮਣ ਫਿਰਨ/ਚਰਾਉਣ ਅਤੇ ਪਸ਼ੂਆਂ ਵਿਚ ਬਿਮਾਰੀ ਫੈਲਣ ਤੇ ਰੋਕਣ ਦਾ ਉਪਰਾਲਾ ਕਰਨ ਦੀ ਲੋੜ ਨੂੰ ਮੁੱਖ ਰੱਖਦੇ ਹੋਏ ਉਕਤ ਹੁਕਮ ਜਾਰੀ ਕੀਤਾ ਗਿਆ ਹੈ। ਇਹ ਹੁਕਮ 19 ਅਪ੍ਰੈਲ 2024 ਤੱਕ ਲਾਗੂ ਰਹੇਗਾ।



# ਗਾਇਕ ਰੇਸ਼ਮ ਸਿੰਘ ਰੇਸ਼ਮ ਵਲੋਂ ਬਾਗੋਵਾਲ ਸਕੂਲ ਦੀ ਸਹਾਇਤਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਲੰਬੇ ਸਮੇਂ ਤੋਂ ਲੋਕ ਸੇਵਾ ਨੂੰ ਸਮਰਪਿਤ ਪੰਜਾਬੀ ਗਾਇਕ ਰੇਸ਼ਮ ਸਿੰਘ ਰੇਸ਼ਮ ਵਲੋਂ ਆਪਣੇ ਸੇਵਾ ਦੇ ਕਾਰਜਾਂ ਨੂੰ ਅੱਗੇ ਤੋਰਦਿਆਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਾਗੋਵਾਲ ਦੇ ਵਿਦਿਆਰਥੀਆਂ ਦੀ ਮੱਦਦ ਕੀਤੀ ਗਈ। ਇਹ ਸਹਾਇਤਾ ਉਹਨਾਂ ਦੇ ਦੋਸਤ ਲੈਕਚਰਾਰ ਸ਼ੰਕਰ ਦਾਸ ਅਤੇ ਪ੍ਰੇਮ ਸਿੰਘ ਸੂਰਾਪੁਰੀ ਰਾਹੀਂ ਕੀਤੀ ਗਈ। ਸਕੂਲ ਦੇ 60 ਵਿਦਿਆਰਥੀਆਂ ਨੂੰ ਗਰਮ ਕੋਟੀਆਂ ਬੂਟ ਵਰਦੀਆਂ ਦਿੱਤੀਆ ਗਈਆਂ। ਸਕੂਲ ਦੇ ਪ੍ਰਿੰਸੀਪਲ ਡਾ। ਲਲਿਤਾ ਰਾਣੀ ਨੇ ਦੱਸਿਆ ਕਿ ਰੇਸ਼ਮ ਸਿੰਘ ਰੇਸ਼ਮ ਵਲੋਂ ਪਹਿਲਾਂ ਵੀ ਕਾਫੀ ਵਾਰ ਸਾਡੇ ਸਕੂਲ ਨੂੰ ਸਹਾਇਤਾ ਦਿੱਤੀ ਜਾ ਚੁੱਕੀ ਹੈ। ਇਹੋ ਜਿਹੇ ਦਾਨੀ ਸੱਜਣਾਂ ਦੀ ਸਕੂਲ ਨੂੰ ਬਹੁਤ ਜਰੂਰਤ ਹੈ। ਸਕੂਲ ਦੇ ਪ੍ਰਿੰਸੀਪਲ ਅਤੇ ਸਟਾਫ ਵਲੋਂ ਗਾਇਕ ਰੇਸ਼ਮ ਸਿੰਘ ਰੇਸ਼ਮ ਅਤੇ ਲੈਕ: ਸ਼ੰਕਰ ਦਾਸ, ਜੋ ਇਸ ਸਕੂਲ ਵਿੱਚ ਕੰਮ ਵੀ ਕਰ ਚੁੱਕੇ ਹਨ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਇੱਥੇ ਜਿਕਰਯੋਗ ਹੈ ਕਿ ਰੇਸ਼ਮ ਸਿੰਘ ਰੇਸ਼ਮ ਵਲੋਂ ਸਿੱਖਿਆ ਅਤੇ ਸਿਹਤ ਦੇ ਖੇਤਰ ਵਿੱਚ ਵੱਡਮੁੱਲਾ ਯੋਗਦਾਨ ਪਾਇਆ ਜਾ ਰਿਹਾ ਹੈ,ਜਿਹਨਾਂ ਵਿੱਚ ਮੈਡੀਕਲ ਕੈਂਪ, ਬਿਮਾਰ ਵਿਅਕਤੀਆਂ ਦੀ ਸਹਾਇਤਾ ਅਤੇ ਲੋੜਵੰਦ ਤੇ ਹੁਸ਼ਿਆਰ ਵਿਦਿਆਰਥੀਆਂ ਦੀ ਮੱਦਦ ਕਰਨਾ ਤੇ ਲੋੜਵੰਦ ਲੜਕੀਆਂ ਦੇ ਵਿਆਹਾਂ ਤੇ ਮੱਦਦ ਕਰਨੀ ਆਦਿ। ਇਸ ਮੌਕੇ ਤੇ ਮੈਡਮ ਕਿਰਨਜੀਤ ਕੌਰ ਰੰਧਾਵਾ,ਲੈਕ:ਦਰਸ਼ਨ ਚੰਦ, ਮਨਦੀਪ ਕੌਰ, ਅਮਨਦੀਪ ਕੌਰ, ਰਮਨਦੀਪ ਕੌਰ, ਗੁਰਬਖਸ਼ ਸਿੰਘ, ਰਵਿੰਦਰ ਕੁਮਾਰ, ਪ੍ਰੀਤੀ, ਰਵਿੰਦਰ, ਰਮਨ ਕੁਮਾਰ ਤੇ ਵਾਸੂ ਚੌਧਰੀ ਤੇ ਪ੍ਰੇਮ ਸਿੰਘ ਸੂਰਾਪੁਰੀ ਆਦਿ ਹਾਜ਼ਰ ਸਨ।



# ਬਾਬਾ ਰਾਮ ਚੰਦ ਯਾਦਗਾਰੀ ਟਰੱਸਟ ਯੂਰਪ ਵਲੋਂ ਪ੍ਰਸਿੱਧ ਪ੍ਰਮੋਟਰ ਰਾਜ ਕੁਲਾਮ ਦਾ ਇਟਲੀ ਪਹੁੰਚਣ ਤੇ ਨਿੱਘਾ ਸਵਾਗਤ

**ਮਿਲਾਨ (ਇਟਲੀ) (ਟੇਕਚੰਦ ਜਗਤਪੁਰ)–** ਸਮਾਜ ਦੇ ਹਰ ਪਹਿਲੂ ਤੋਂ ਸੇਵਾ ਹਿਤ ਸਮਰਪਿਤ ਬਾਬਾ ਰਾਮ ਚੰਦ ਯਾਦਗਾਰੀ ਟਰੱਸਟ ਯੂਰਪ ਵਲੋਂ ਪ੍ਰਸਿੱਧ ਪ੍ਰਮੋਟਰ ਅਤੇ ਸਮਾਜ ਸੇਵਕ ਰਾਜ ਕੁਲਾਮ ਜਰਮਨੀ ਦਾ ਇਟਲੀ ਪਹੁੰਚਣ ਤੇ ਨਿੱਘਾ ਸਵਾਗਤ ਕੀਤਾ ਗਿਆ। ਰਾਜ ਕੁਲਾਮ ਦੋ ਦਹਾਕਿਆ ਤੋਂ ਜਰਮਨ ਵਿਚ ਜਿਥੇ ਪਰਿਵਾਰ ਸਮੇਤ ਰਹਿ ਰਹੇ ਹਨ, ਉਥੇ ਉਨ੍ਹਾਂ ਦਾ ਸਮਾਜਿਕ ਖੇਤਰ ਵਿਚ ਵੀ ਵਿਸ਼ੇਸ਼ ਯੋਗਦਾਨ ਰਿਹਾ ਹੈ।ਉਹ ਖੇਡ ਅਤੇ ਸੱਭਿਆਚਾਰਕ ਨੂੰ ਵੀ ਉਤਸ਼ਾਹਿਤ ਕਰਨ ਵਿੱਚ ਸਮੇਂ-ਸਮੇਂ ਆਪਣਾ ਵਿਲੱਖਣ ਯੋਗਦਾਨ ਪਾਉਂਦੇ ਰਹਿੰਦੇ ਹਨ। ਇਸ ਮੌਕੇ ਤੇ ਨਵਦੀਪ ਸਿੰਘ ਜਗਤਪੁਰ, ਟੇਕ ਚੰਦ ਜਗਤਪੁਰ, ਸੀਮਾ ਜਰਮਨੀ, ਮਨਜੀਤ ਕੌਰ, ਪ੍ਰੀਆ ਬੰਗਾ, ਸਤਨਾਮ ਸਿੰਘ, ਅਮਰੀਕ ਸਿੰਘ ਆਦਿ ਨਾਲ ਸਨ।



# ਸਰਕਾਰੀ ਆਯੁਰਵੈਦਿਕ ਡਿਸਪੈਂਸਰੀ ਦਾ ਉਦਘਾਟਨ ਮੁੱਖ ਮਹਿਮਾਨਾਂ ਵਲੋਂ ਕਰਕੇ ਲੋਕ ਅਰਪਨ ਕੀਤੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਅੱਜ ਪਿੰਡ ਮਜਾਰੀ ਵਿਖੇ ਸਰਕਾਰੀ ਆਯੁਰਵੈਦਿਕ ਡਿਸਪੈਂਸਰੀ ਦਾ ਉਦਘਾਟਨ ਮੁੱਖ ਮਹਿਮਾਨਾਂ ਵਲੋਂ ਪਤਵੰਤਿਆ ਦੀ ਹਾਜਰੀ ਵਿੱਚ ਕੀਤਾ ਗਿਆ। ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ, ਆਪ ਦੇ ਬੰਗਾ ਹਲਕੇ ਦੇ ਇੰਚਾਰਜ ਕੁਲਜੀਤ ਸਿੰਘ ਸਰਹਾਲ ਵਲੋਂ ਸਾਂਝੇ ਤੌਰ ਤੇ ਇਹ ਰਸਮ ਨਿਭਾਈ ਗਈ। ਇਸ ਅਹਿਮ ਉਪਰਾਲੇ ਲਈ ਐਨ ਆਰ ਆਈ ਕੈਨੇਡਾ ਨਿਵਾਸੀ ਜਸਵਿੰਦਰ ਸਿੰਘ ਛੋਕਰ ਪੁੱਤਰ ਲੈਂਬਰ ਸਿੰਘ ਛੋਕਰ ਵਲੋਂ ਆਪਣੇ ਦਾਦਾ ਨੰਬਰਦਾਰ ਕਿਹਰ ਸਿੰਘ ਛੋਕਰ ਅਤੇ ਦਾਦੀ ਦਰਸ਼ਨ ਕੌਰ ਛੋਕਰ ਦੀ ਯਾਦ ਵਿੱਚ 8 ਲੱਖ ਰੀਡਰ ਦਾ ਯੋਗਦਾਨ ਵੀ ਪਾਇਆ ਗਿਆ।



ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਅਤੇ ਹਲਕਾ ਇੰਚਾਰਜ ਕੁਲਜੀਤ ਸਿੰਘ ਸਰਹਾਲ ਨੇ ਪਿੰਡ ਵਾਸੀਆਂ ਨੂੰ ਇਸ ਕਾਰਜ ਦੀ ਵਧਾਈ ਦਿੰਦਿਆਂ ਕਿਹਾ ਕਿ ਜਿਥੇ ਪੰਜਾਬ ਸਰਕਾਰ ਲੋਕਾਂ ਨੂੰ ਮੁੱਖ ਸਹੂਲਤਾਂ ਦੇਣ ਘਰ ਘਰ ਤੱਕ ਸਾਰਥਕ ਪਹੁੰਚ ਆਪਣਾ ਰਹੀ ਹੈ। ਉਥੇ ਪ੍ਰਵਾਸੀ ਭਾਰਤੀ ਆਪਣੇ ਵਤਨ ਨਾਲ ਮੋਹ ਕਰਦਿਆਂ ਆਪਣੀ ਕਿਰਤ ਕਮਾਈ 'ਚੋਂ ਦਸਵੰਧ ਕੱਢਕੇ ਵਿਕਾਸ ਕਾਰਜਾਂ 'ਚ ਉਸਾਰੂ ਭੂਮਿਕਾ ਨਿਭਾਉਂਦੇ ਆ ਰਹੇ ਹਨ। ਉਹਨਾਂ ਉਕਤ ਕਾਰਜ ਵਿੱਚ ਵੱਡਾ ਸਹਿਯੋਗ ਕਰਨ ਲਈ ਛੋਕਰ ਪਰਿਵਾਰ ਦੀ ਭਰਪੂਰ ਸਲਾਘਾ ਵੀ ਕੀਤੀ। ਇਸ ਮੌਕੇ ਛੋਕਰ ਪਰਿਵਾਰ ਵਲੋਂ ਪਹੁੰਚੇ ਪਤਵੰਤਿਆਂ ਦਾ ਧੰਨਵਾਦ ਕਰਦਿਆਂ ਸੁਰਜੀਤ ਸਿੰਘ ਛੋਕਰ ਕੈਨੇਡਾ ਨੇ ਕਿਹਾ ਕਿ ਉਹਨਾਂ ਦਾ ਪਰਿਵਾਰ ਪਿੰਡ ਦੇ ਵਿਕਾਸ ਕਾਰਜਾਂ ਸਮੇਤ ਹਰ ਵਧੀਆਂ ਕਾਰਜ ਵਿੱਚ ਇਸੇ ਤਰ੍ਹਾਂ ਵਧ ਚੜ੍ਹ ਕੇ ਹਿੱਸਾ ਲਵੇਗਾ। ਇਸ ਮੌਕੇ ਮਾਰਕੀਟ ਕਮੇਟੀ ਦੇ ਚੇਅਰਮੈਨ ਬਲਵੀਰ ਸਿੰਘ ਕਰਨਾਣਾ, ਜਸਵੀਰ ਸਿੰਘ ਯੂ ਕੇ, ਸਤਨਾਮ ਸਿੰਘ ਹੇੜੀਆਂ ਯੂ ਕੇ, ਸਰਪੰਚ ਜਗਤਾਰ ਸਿੰਘ ਛੋਕਰ, ਮੁਖਬੈਨ ਸਿੰਘ ਯੂ ਐਸ ਏ, ਰੇਸ਼ਮ ਸਿੰਘ ਕੈਨੇਡਾ, ਅਮਰਜੀਤ ਸਿੰਘ ਕੈਨੇਡਾ, ਨੰਬਰਦਾਰ ਗੁਰਜੀਤ ਸਿੰਘ, ਨੰਬਰਦਾਰ ਸੁਰਜੀਤ ਮਜਾਰੀ, ਆਪ ਦੇ ਸੀਨੀਅਰ ਆਗੂ ਸਾਗਰ ਅਰੋੜਾ, ਕਾਲਾ ਦਿੱਲੀ, ਪੰਚ ਪ੍ਰਵੀਨ ਕੁਮਾਰ, ਪੰਚ ਅਵਤਾਰ ਸਿੰਘ, ਪੰਚ ਊਸ਼ਾ ਰਾਣੀ, ਪੰਚ ਪਰਮਜੀਤ ਕੌਰ ਅਤੇ ਹਸਪਤਾਲ ਦਾ ਪੂਰਾ ਸਟਾਫ ਹਾਜ਼ਰ ਸੀ।

# ਮਾਂ ਬੋਲੀ ਪੰਜਾਬੀ ਮੇਰੀ

ਮਾਂ ਬੋਲੀ ਪੰਜਾਬੀ ਮੇਰੀ ਮਾਖਿਓ ਮਿੱਠੀ ਏ
ਮਾਂ ਬੋਲੀ ਦੇ ਵਰਗੀ ਬੋਲੀ ਹੋਰ ਨਾ ਡਿੱਠੀ ਏ

ਮਾਂ ਬੋਲੀ ਨੇ ਮੈਨੂੰ ਹੱਸਣਾ ਨੱਚਣਾ ਦੱਸਿਆ ਏ
ਮਾਂ ਬੋਲੀ ਨੇ ਮੈਨੂੰ ਹਰ ਤੰਦ ਕੱਸਣਾ ਦੱਸਿਆ ਏ
ਮਾਂ ਬੋਲੀ ਮੈਨੂੰ ਪਿਆਰੀ ਇੰਝ ਜਿਉਂ ਵਤਨੋਂ ਚਿੱਠੀ ਏ
ਮਾਂ ਬੋਲੀ ਪੰਜਾਬੀ ਮੇਰੀ .....

ਮੈਂ ਇਸ ਦੇ ਵਿੱਚ ਜੰਮਿਆ ਪਲਿਆ ਗੁੜ੍ਹਤੀ ਇਸਦੀ ਏ
ਮਾਂ ਬੋਲੀ ਦੇ ਅੱਖਰਾਂ ਚੋਂ ਮੈਨੂੰ ਮਾਂ ਪਈ ਦਿਸਦੀ ਏ
ਇਸਦੇ ਮੂਹਰੇ ਹਰ ਬੋਲੀ ਤਾਂ ਮਧੁਰੀ ਗਿੱਠੀ ਏ
ਮਾਂ ਬੋਲੀ ਪੰਜਾਬੀ ਮੇਰੀ .....

ਮੇਰੇ ਹਰ ਇੱਕ ਬੋਲ ਨੂੰ ਇਸ ਦੀ ਰੰਗਣ ਰੰਗਿਆ ਏ
ਝੋਲੀ ਵਿੱਚ ਸਭ ਦਾਤਾਂ ਪਾਈਆਂ ਜੋ ਵੀ ਮੰਗਿਆ ਏ
ਮਾਂ ਬੋਲੀ ਮੇਰੀ ਪਾਕ ਪਵਿੱਤਰ ਗੋਰੀ ਚਿੱਟੀ ਏ
ਮਾਂ ਬੋਲੀ ਪੰਜਾਬੀ ਮੇਰੀ .....

ਮੇਰਾ ਜੰਮਣਾ ਮਰਨਾ ਇਸ ਵਿੱਚ ਕਾਹਤੋਂ ਮੁਨਕਰ ਹੋਵਾਂ
ਮੈਂ ਇਸ ਦੇ ਲਈ ਹੱਸਾਂ ਖੇਡਾਂ ਮੈਂ ਇਸ ਦੇ ਲਈ ਰੋਵਾਂ
ਮੇਰੀ ਹਰ ਦਰਪੇਸ਼ ਮੁਸੀਬਤ ਆਪ ਨਜਿੱਠੀ ਏ
ਮਾਂ ਬੋਲੀ ਪੰਜਾਬੀ ਮੇਰੀ .....

ਪ੍ਰਚਾਰ ਅਤੇ ਪ੍ਰਸਾਰ "ਚੁੰਬਰਾ" ਏਸਦਾ ਚਾਰ ਚੁਫੇਰੇ
ਮਾਂ ਬੋਲੀ ਦੇ ਕਰਕੇ ਹਰ ਥਾਂ ਵੱਸਣ ਪੰਜਾਬੀ ਮੇਰੇ
ਗੁਰੂ ਰਹਿਬਰਾਂ ਦੀ ਇਹ ਕਲਮ ਨੇ ਹੱਥੀਂ ਲਿਖੀ ਏ
ਮਾਂ ਬੋਲੀ ਪੰਜਾਬੀ ਮੇਰੀ .....



ਗੀਤ ਰਚਨਾ - ਕੁਲਦੀਪ ਚੁੰਬਰ

### ਜਨਮ ਦਿਨ 'ਤੇ ਵਿਸ਼ੇਸ਼

# ਨਾ ਮਿਲਵਰਤਨ ਲਹਿਰ ਦੇ ਮੋਢੀ ਸਨ : ਨਾਮਧਾਰੀ ਬਾਬਾ ਰਾਮ ਸਿੰਘ

ਭਾਰਤ ਦੇ ਆਨਾਦੀ ਦੇ ਇਤਿਹਾਸ ਵਿਚ ਇਹੋ ਪੜ੍ਹਾਇਆ ਜਾਂਦਾ ਕਿ ਅੰਗਰੇਜੀ ਹਕੂਮਤ ਵਿਚ ਨਾ ਮਿਲਵਰਤਨ ਲਹਿਰ ਮਹਾਤਮਾ ਗਾਂਧੀ ਨੇ ਸ਼ੁਰੂ ਕੀਤੀ, ਜਦ ਕਿ ਅਸਲੀਅਤ ਇਹ ਹੈ ਕਿ ਇਸ ਦਾ ਸਿਹਰਾ ਨਾਮਧਾਰੀ ਬਾਬਾ ਰਾਮ ਸਿੰਘ ਨੂੰ ਜਾਂਦਾ ਹੈ ਜਿਵੇਂ ਕਿ ਅੱਗੇ ਜਾ ਕੇ ਅਸੀਂ ਵੇਖਾਂਗੇ। ਬਾਬਾ ਰਾਮ ਸਿੰਘ ਦਾ ਦਾ ਜਨਮ ਫਰਵਰੀ 1816 ਵਿਚ ਬਸੰਤ ਪੰਚਮੀ ਦੀ ਰਾਤ ਨੂੰ ਭੈਣੀ ਅਰਾਈਆਂ ਪਿੰਡ ਵਿਚ ਹੋਇਆ। ਬੰਸਾਵਲੀ ਅਨੁਸਾਰ ਉਨ੍ਹਾਂ ਦੇ ਪੁਰਖੇ ਮੂਲ ਰੂਪ ਵਿਚ ਬੰਗਲੌਰ ਦੇ ਨਿਵਾਸੀ ਸਨ, ਜਿਥੋਂ ਚੱਲ ਕੇ ਉਹ ਅਲਵਰ ਰਾਜਸਥਾਨ ਆ ਗਏ। ਅਲਵਰ ਤੋਂ ਉਹ ਲੁਧਿਆਣੇ ਜਿਲ੍ਹਾ ਦੇ ਪਿੰਡ ਵੱਡੀ ਲਲਤੋਂ ਆ ਗਏ। ਉਨ੍ਹਾਂ ਦਾ ਕੰਮ ਲੋਹੇ ਦੇ ਸੰਦ ਬਣਾਉਣਾ ਸੀ । ਇਕ ਹੋਰ ਰਿਵਾਇਤ ਅਨੁਸਾਰ ਉਨ੍ਹਾਂ ਦੇ ਵਡੇਰਿਆਂ ਨੂੰ ਮਾਲਵੇ ਦੇ ਪ੍ਰਸਿੱਧ ਬਾਗੜੀਆ ਪ੍ਰਵਾਰ ਨੇ ਸਿੱਖੀ ਦੇ ਲੜ ਲਾਇਆ। ਇਹ ਪ੍ਰਵਾਰ ਸੱਤਵੀ ਪਾਤਸ਼ਾਹੀ ਦੇ ਸਮੇਂ ਤੋਂ ਹੀ ਸਿੱਖੀ ਦਾ ਪ੍ਰਚਾਰ ਕਰ ਰਿਹਾ ਸੀ।


ਵਸਾਖੀ ੧੨ ਅਪ੍ਰੈਲ ੧੮੫੭-ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ (ਪੰਜਾਬ) ਵਿਖੇ ਝੰਡਾ ਝੂਲਾ ਕੇ ਸੁਤੰਤਰਤਾ ਸੰਗਰਾਮ ਲਈ ਪਹਿਲੀ ਨਾ-ਮਿਲਵਰਤਨ ਅਤੇ ਸੁਦੇਸੀ ਲਹਿਰ ਦਾ ਸਿੰਘ ਨਾਦ ਕੀਤਾ।

ਰਾਮ ਸਿੰਘ ਦੀ ਮਾਤਾ ਦਾ ਨਾਂ ਸਦਾ ਕੌਰ ਤੇ ਪਿਤਾ ਦਾ ਨਾਂ ਜੱਸਾ ਸਿੰਘ ਸੀ। ਉਨ੍ਹਾਂ ਨੂੰ ਸਿੱਖੀ ਵਿਰਸੇ ਵਿਚ ਪ੍ਰਾਪਤ ਹੋਈ ਸੀ। ਰਾਮ ਸਿੰਘ ਨੇ ਛੋਟੀ ਉਮਰ ਹੀ ਮਾਤਾ ਪਾਸੋਂ ਗੁਰਮੁਖੀ ਅਤੇ ਗੁਰਬਾਣੀ ਸਿਖੀ। ਰਾਮ ਸਿੰਘ ਨੂੰ ਰਸਮੀ ਤੌਰ 'ਤੇ ਵਿਦਿਆ ਪ੍ਰਾਪਤੀ ਲਈ ਲਾਗਲੇ ਪਿੰਡ ਬਿਲਗਾ ਦੀ ਧਰਮਸ਼ਾਲਾ ਭੇਜਿਆ ਗਿਆ। ਉਹ ਕੁਝ ਸਮੇਂ ਲਈ ਉਦਾਸੀਆਂ ਅਤੇ ਨਿਰਮਲਿਆਂ ਦੀ ਸੰਗਤ ਵਿਚ ਰਹੇ। ਅਖੀਰ ਉਨ੍ਹਾਂ ਖੰਡੇ ਦੀ ਪਾਹੁਲ ਪ੍ਰਾਪਤ ਕੀਤੀ। ਉਹ ਅਜੇ ਪੰਜ ਸਾਲ ਦੇ ਹੀ ਸਨ ਕਿ ਉਨ੍ਹਾਂ ਦੀ ਮੰਗਣੀ ਧਾਰੋਅਦਨਾ ਪਿੰਡ ਦੀ ਕੁੜੀ ਬੀਬੀ ਜੱਸਾ ਨਾਲ ਕਰ ਦਿੱਤੀ ਗਈ। ਦੋ ਸਾਲਾਂ ਪਿਛੋਂ ਉਨ੍ਹਾਂ ਦਾ ਵਿਆਹ ਕਰ ਦਿੱਤਾ ਗਿਆ। ਉਨ੍ਹਾਂ ਦੇ ਦੋ ਧੀਆਂ ਅਤੇ ਇਕ ਪੁੱਤਰ ਹੋਇਆ, ਜੋ ਬਚਪਨ ਵਿਚ ਚੱਲ ਵੱਸਿਆ।

ਰਾਮ ਸਿੰਘ 20 ਸਾਲ ਦੀ ਉਮਰ ਵਿਚ ਆਪਣੇ ਜੀਜੇ ਦੀ ਪ੍ਰੇਰਨਾ ਕਰਕੇ ਕਾਬੁਲ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਖਾਲਸਾ ਫੌਜ ਵਿਚ ਭਰਤੀ ਹੋ ਗਏ। ਉਨ੍ਹਾਂ ਨੂੰ ਉਸ ਸਮੇਂ ਮਹਾਰਾਜਾ ਰਣਜੀਤ ਸਿੰਘ ਦੇ ਪੋਤਰੇ ਸ਼ਹਿਜਾਦਾ ਨੌਨਿਹਾਲ ਸਿੰਘ ਦੇ ਨਾਂ 'ਤੇ ਬਣੀ ਰੈਜਮੇਂਟ ਨਾਲ ਜੋੜ ਦਿਤਾ ਗਿਆ। ਇਸ ਪਲਟਣ ਵਿਚ ਹੋਰ ਵੀ ਕਈ ਸਿੱਖ ਨਾਮ ਸਿਮਰਨ ਵਾਲੇ ਸਨ, ਇਸ ਲਈ ਇਸ ਪਲਟਣ ਨੂੰ ਭਗਤਾਂ ਦੀ ਪਲਟਣ ਜਾਂ ਭਗਤਾਂ ਦੀ ਰੈਜਮੈਂਟ ਕਿਹਾ ਜਾਣ ਲਗ ਗਿਆ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿਛੋਂ ਖ਼ਾਲਸਾ ਦਰਬਾਰੀ ਤੇ ਅਹਿਲਕਾਰ ਬਦਨਾਮ ਹੋ ਗਏ ਅਤੇ ਉਹ ਅਫ਼ੀਮ, ਸ਼ਰਾਬ ਤੇ ਰੰਡੀਬਾਜ਼ੀ ਵਲ ਤੁਰ ਪਏ। ਉਹ ਲੁੱਟਾਂ ਖੋਹਾਂ ਵੀ ਕਰਨ ਲੱਗ ਗਏ। ਰਾਮ ਸਿੰਘ ਖਾਲਸੇ ਦੇ ਵਤੀਰੇ ਤੋਂ ਦੁਖੀ ਹੋ ਕੇ ਇਨ੍ਹਾਂ ਨੂੰ ਮਲੇਸ਼ ਖਾਲਸਾ ਕਹਿਣ ਲਗੇ। ਸ਼ਰੇਆਮ ਆਪਣੇ ਅਫਸਰਾਂ ਤੇ ਸਾਥੀਆਂ ਦੀ ਨੁਕਤਾਚੀਨੀ ਕਰਨ ਕਰਕੇ ਰਾਮ ਸਿੰਘ ਦਾ ਕੋਰਟ ਮਾਰਸ਼ਲ ਹੋਇਆ ਤੇ ਭਾਰੀ ਸਜ਼ਾ ਦਿੱਤੀ ਗਈ। 1845 ਵਿਚ ਜਦੋਂ ਸਿੱਖਾਂ ਤੇ ਅੰਗਰੇਜ਼ਾਂ ਵਿਚਕਾਰ ਪਹਿਲਾ ਯੁੱਧ ਹੋਇਆ ਤਾਂ ਉਨ੍ਹਾਂ ਆਪਣੀ ਬੰਦੂਕ ਸਤਲੁਜ ਦਰਿਆ ਵਿਚ ਸੁੱਟੀ ਅਤੇ ਘਰ ਆ ਗਏ। 18 ਦਸੰਬਰ 1845 ਵਿਚ ਮੁਦਕੀ ਵਿਚ ਖਾਲਸੇ ਦੀ ਹਾਰ ਪਿਛੋਂ ਉਨ੍ਹਾਂ ਨੌਕਰੀ ਛੱਡ ਦਿਤੀ ਤੇ ਪੱਕੇ ਤੌਰ ਤੇ ਪਿੰਡ ਆ ਗਏ। ਉਨ੍ਹਾਂ ਨੇ ਪਹਿਲਾਂ ਖੇਤੀਬਾੜੀ, ਫਿਰ ਦੁਕਾਨਦਾਰੀ ਤੇ ਫਿਰ ਆਪਣੇ ਮਾਮੇ ਦੇ ਪੁੱਤਰ ਭਾਈ ਹਰੀ ਸਿੰਘ ਕੋਲ ਫਿਰੋਜ਼ਪੁਰ ਆ ਗਏ ਜਿੱਥੇ ਕਿ ਕਿੱਲ੍ਹੇ ਦੀ ਉਸਾਰੀ ਦਾ ਕੰਮ ਚਲ ਰਿਹਾ ਸੀ। ਰਾਮ ਸਿੰਘ ਨੂੰ ਉਨ੍ਹਾਂ ਨੇ ਭਾਈਵਾਲ ਬਣਵਾ ਦਿੱਤਾ।

ਬਹੁਤ ਸਮਾਂ ਪਹਿਲਾਂ ਉਨ੍ਹਾਂ ਦੀ ਰੈਜਮੈਂਟ ਨੂੰ 1841 ਵਿਚ ਪਿਸ਼ਾਵਰ ਜਾਣ ਦਾ ਹੁਕਮ ਹੋਇਆ ਸੀ ਤਾਂ ਉਨ੍ਹਾਂ ਨੂੰ ਕੈਥਲਪੁਰ ਜਿਲ੍ਹੇ ਦੇ ਹਜ਼ਰੇ ਪਿੰਡ ਜਾ ਕੇ ਬਾਬਾ ਬਾਲਕ ਸਿੰਘ ਨੂੰ ਮਿਲਣ ਦਾ ਮੌਕਾ ਮਿਲਿਆ ਸੀ। ਉਸ ਸਮੇਂ ਤੀਕ ਬਾਬਾ ਬਾਲਕ ਸਿੰਘ ਸਮਾਜਿਕ ਤੇ ਧਾਰਮਿਕ ਸੁਧਾਰਾਂ ਦਾ ਪ੍ਰਚਾਰ ਕਰਨ ਵਾਲੇ ਅਧਿਆਤਮਕ ਆਗੂ ਦੇ ਤੌਰ 'ਤੇ ਪ੍ਰਸਿੱਧੀ ਪ੍ਰਾਪਤ ਕਰ ਚੁੱਕੇ ਸਨ। 1862 ਵਿਚ ਬਾਬਾ ਬਾਲਕ ਸਿੰਘ ਚੜਾਈ ਕਰ ਗਏ ਤਾਂ ਉਨ੍ਹਾਂ ਦੇ ਤਿੰਨ ਚੇਲੇ ਸਨ- ਕਾਨ੍ਹ ਸਿੰਘ, ਲਾਲ ਸਿੰਘ ਅਤੇ ਰਾਮ ਸਿੰਘ। ਕਾਨ੍ਹ ਸਿੰਘ ਹਜ਼ਰੇ ਵਿਖੇ ਸੰਪ੍ਰਦਾਇ ਦਾ ਮੁੱਖੀ ਬਣੇ। ਲਾਲ ਸਿੰਘ ਅੰਮ੍ਰਿਤਸਰ ਆ ਵਸੇ ਅਤੇ ਰਾਮ ਸਿੰਘ ਆਪਣੇ ਪਿੰਡ ਭੈਣੀ ਆਲ੍ਹਾ ਆ ਗਏ। ਰਾਮ ਸਿੰਘ ਨੂੰ ਵਿੱਧੀ ਅਨੁਸਾਰ ਬਾਬਾ ਬਾਲਕ ਸਿੰਘ ਦਾ ਉੱਤਰਾਧਿਕਾਰੀ ਚੁਣਿਆ ਗਿਆ। ਉਸ ਸਮੇਂ ਅੰਗਰੇਜ਼ਾਂ ਵਲੋਂ ਇਸਾਈ ਮੱਤ ਦੇ ਪ੍ਰਚਾਰ ਲਈ ਜਿੱਥੇ ਗਿਰਜੇ ਬਣਾਏ ਜਾ ਰਹੇ ਸਨ, ਉੱਥੇ ਸਿੱਖ ਧਰਮ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਸੀ। ਅੰਗਰੇਜ਼ ਅਫ਼ਸਰ ਸਿੱਖਾਂ ਦੀ ਧਾਰਮਿਕ ਭਾਵਨਾਵਾਂ ਦਾ ਨਿਰਾਦਰ ਕਰਦੇ ਸਨ। ਇਹ ਅਫ਼ਸਰ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਹਰਿਮੰਦਰ ਸਾਹਿਬ ਅੰਮ੍ਰਿਤਸਰ ਜਿਹੇ ਸਿੱਖਾਂ ਦੇ ਧਾਰਮਿਕ ਸਥਾਨਾਂ ਨੂੰ ਬਣਦਾ ਸਤਿਕਾਰ ਨਹੀ ਦਿੰਦੇ ਸਨ। ਉਹ ਮਹਾਰਾਜਾ ਦਲੀਪ ਸਿੰਘ ਨੂੰ ਇਸਾਈ ਬਣਾਏ ਜਾਣ, ਗਊਆਂ ਨੂੰ ਮਾਰਨ ਲਈ ਬੁਚੜਖਾਣੇ ਖਾਸ ਕਰਕੇ ਦਰਬਾਰ ਸਾਹਿਬ ਅੰਮ੍ਰਿਤਸਰ ਖੋਲ੍ਹੇ ਜਾਣ ਦੀ ਗੱਲ ਕਰਦੇ ਸਨ। ਨਾਮਧਾਰੀ ਗੁਰੂ ਰਾਮ ਸਿੰਘ ਨੇ ਸਿੱਖਾਂ ਵਿਚ ਆਏ ਨੈਤਿਕ ਨਿਘਾਰ ਨੂੰ ਠੱਲ ਪਾਉਣ ਤੇ ਸਿੱਖਾਂ ਅੰਦਰ ਦੇਸ਼ ਭਗਤੀ ਦੀ ਭਾਵਨਾ ਪੈਦਾ ਕਰਨ ਦਾ ਮਨ ਬਣਾਇਆ। ਪਹਿਲੇ ਪੜਾਅ ਵਿਚ ਉਨ੍ਹਾਂ ਨੇ ਆਪਣੇ ਗੁਰੂ ਬਾਬਾ ਬਾਲਕ ਸਿੰਘ ਵਾਂਗ ਸਮਾਜਿਕ ਧਾਰਮਿਕ ਕੰਮ ਜਾਰੀ ਰੱਖੇ। ਦੂਜੇ ਪੜਾਅ ਵਿਚ ਉਨ੍ਹਾਂ ਜਦੋਂ 1857 ਤੇ ਗ਼ਦਰ ਸਮੇਂ ਸੰਤ ਖਾਲਸਾ ਦੀ ਨੀਂਹ ਰੱਖੀ ਤਾਂ ਉਹ ਸਹਿਜਧਾਰੀ ਤੋਂ ਖਾਲਸਾ ਪਰੰਪਰਾ ਵੱਲ ਆ ਗਏ। ਤੀਜੇ ਅਤੇ ਅੰਤਿਮ ਪੜਾਅ ਵਿਚ ਉਨ੍ਹਾਂ ਖਾਲਸਾ ਰਾਜ ਦੀ ਬਹਾਲੀ ਤੇ ਬਰਤਾਨਵੀ ਰਾਜ ਦੇ ਅੰਤ ਦਾ ਸੁਫ਼ਨਾ ਵੇਖਿਆ। ਉਨ੍ਹਾਂ ਪਿੰਡ ਆ ਕੇ ਮਾਲਵੇ ਵਿਚ ਸਿੱਖੀ ਦਾ ਪ੍ਰਚਾਰ ਵੱਡੇ ਪੱਧਰ ਤੇ ਕੀਤਾ। ਉਨ੍ਹਾਂ ਲੋਕਾਂ ਨੂੰ ਅੰਧਵਿਸ਼ਵਾਸਾਂ ਤੇ ਕਰਮਕਾਂਡਾਂ ਤੋਂ ਲੋਕਾਂ ਨੂੰ ਦੂਰ ਕੀਤਾ ਤੇ ਨਾਮ ਸਿਮਰਨ 'ਤੇ ਸਿੱਖ ਸਿਧਾਂਤ ਉੱਪਰ ਅਮਲ ਕਰਨ 'ਤੇ ਜ਼ੋਰ ਦਿੱਤਾ।

ਉਨ੍ਹਾਂ ਨੇ ਆਪਣੇ ਸ਼ਰਧਾਲੂਆਂ ਨੂੰ ਖੰਡੇ ਬਾਟੇ ਦੀ ਪਾਹੁਲ ਦੇਣੀ ਸ਼ੁਰੂ ਕੀਤੀ। ਉਨ੍ਹਾਂ ਨੇ ਭੈਣੀ ਸਾਹਿਬ ਵਿਖੇ ਆਪਣੇ ਸਦਰ ਮੁਕਾਮ ਵਿਖੇ ਭਾਈ ਕਾਨ੍ਹ ਸਿੰਘ ਨਿਹੰਗ ਪਿੰਡ ਚੱਕ ਰਿਆਇਤ ਮਲੇਰਕੋਟਲਾ, ਭਾਈ ਲਾਭ ਸਿੰਘ ਅੰਮ੍ਰਿਤਸਰ, ਭਾਈ ਨੈਣਾ ਸਿੰਘ ਵਰ੍ਹੀਆ, ਜ਼ਿਲ੍ਹਾ ਅੰਮ੍ਰਿਤਸਰ, ਭਾਈ ਆਤਮਾ ਸਿੰਘ ਪਿੰਡ ਮੁਹਾਰ ਜਿਲ੍ਹਾ ਸਿਆਲਕੋਟ (ਹੁਣ ਪਾਕਿਸਤਾਨ) ਤੇ ਭਾਈ ਸੁੱਖ ਸਿੰਘ, ਪਿੰਡ ਦੁਰਗਾਪੁਰ, ਜ਼ਿਲ੍ਹਾ ਜਲੰਧਰ ਨੂੰ ਖੰਡੇ ਦੀ ਪਾਹੁਲ ਦੇ ਕੇ ਆਪਣੇ ਸਦਰ ਮੁਕਾਮ ਦੀ ਪ੍ਰਤੀਸ਼ਤ ਵਿਚ ਵਾਧਾ ਕੀਤਾ। ਉੱਨਵੀ ਸਦੀ ਵਿਚ ਪੰਜਾਬ ਵਿਚ ਔਰਤਾਂ ਨੂੰ ਅੰਮ੍ਰਿਤ ਛਕਾਉਣ ਰਸਮ ਬਾਰੇ ਵਾਦ ਵਿਵਾਦ ਸੀ ਪਰ ਆਪ ਜੀ ਵਲੋਂ ਮਰਦਾਂ ਅਤੇ ਔਰਤਾਂ ਦੋਵਾਂ ਨੂੰ ਖੰਡੇ ਦੀ ਪਾਹੁਲ ਦੇਣੀ ਜਾਰੀ ਰਖੀ। ਆਪ ਨੇ ਸੰਤ ਖ਼ਾਲਸੇ ਦੇ ਪੁਰਸ਼ਾਂ ਨੂੰ ਸਿਖਲਾਈ ਲਈ ਗਤਕੇ, ਘੋੜ ਸੁਆਰੀ ਅਤੇ ਹਥਿਆਰਾਂ ਦੇ ਅਭਿਆਸ ਦਾ ਪ੍ਰਬੰਧ ਵੀ ਕੀਤਾ। ਆਪ ਨੇ ਪੇਸ਼ਾਵਰ ਗਾਇਕ, ਰਾਗੀ ਨੌਕਰ ਰਖੇ ਅਤੇ ਢਾਡੀ ਜਥੇ ਤੇ ਰਾਗੀ ਜਥੇ ਵੀ ਤਿਆਰ ਕੀਤੇ। ਉਨ੍ਹਾਂ ਨੇ ਨਾਮਧਾਰੀਆਂ ਦੇ ਠਹਿਰਣ ਲਈ ਧਰਮਸ਼ਾਲਾਵਾਂ ਦੀ ਸਥਾਪਨਾ ਕੀਤੀ।

ਉਨ੍ਹਾਂ ਨੇ ਵੱਖ-ਵੱਖ ਸ਼ਹਿਰਾਂ ਦੇ ਦੌਰੇ ਵੀ ਕੀਤੇ। ਉਨ੍ਹਾਂ ਦੇ ਨਾਲ 100 ਤੋਂ 500 ਤੀਕ ਸ਼ਰਧਾਲੂ ਨਾਲ ਜਾਂਦੇ ਸਨ। ਉਨ੍ਹਾਂ ਨੇ ਅਪ੍ਰੈਲ 1881 ਵਿਚ ਹਰਦੁਆਰ ਦੀ ਯਾਤਰਾ ਉਸ ਸਮੇਂ ਕੀਤੀ ਜਦੋਂ ਉੱਥੇ ਅਰਧ ਕੁੰਭ ਚਲ ਰਿਹਾ ਸੀ। 1882 ਵਿਚ ਆਪ ਨੇ ਅੰਮ੍ਰਿਤਸਰ ਦੀ ਯਾਤਰਾ ਦੀਵਾਲੀ ਸਮੇਂ ਕੀਤੀ। ਏਹ ਜ਼ਰੂਰ ਭਾਸਦਾ ਹੈ ਕਿ ਖਾਲਸੇ ਨੂੰ ਦੁਬਾਰਾ ਸੁਰਜੀਤ ਕਰਨ ਦੇ ਕਾਰਜ ਵਿਚ ਇਸ ਦੀ ਰਾਜਨੀਤਕ ਸ਼ਕਤੀ ਨੂੰ ਬਲਵਾਨ ਕਰਨਾ ਵੀ ਉਹ ਜ਼ਰੂਰੀ ਸਮਝਦੇ ਸਨ।ਉਨ੍ਹਾਂ ਨੇ ਫੇਰ ਖਾਲਸੇ ਵਿਚ ਰਾਜਨੀਤਕ ਸੁਤੰਤ੍ਰਤਾ ਨੂੰ ਪ੍ਰਾਪਤ ਕਰਨ ਲਈ ਨਾਮਿਲਵਰਤਨ ਲਹਿਰ ਸ਼ੁਰੂ ਕੀਤੀ ਜਿਸ ਨੂੰ 50 ਸਾਲ ਪਿਛੋਂ ਕਾਂਗਰਸ ਨੇ ਪਾਸ ਕੀਤਾ। ਇਸ ਲਹਿਰ ਵਿਚ ਉਨ੍ਹਾਂ ਲੋਕਾਂ ਨੂੰ ਆਪਣੇ ਦੇਸ਼ ਦੀਆਂ ਬਣੀਆਂ ਵਸਤੂਆਂ ਵਰਤਣ, ਖੱਦਰ ਦਾ ਕਪੜਾ ਪਹਿਨਣ, ਅਦਾਲਤਾਂ ਵਿਚ ਨਾ ਜਾਣ, ਰੇਲ ਵਿਚ ਸਫ਼ਰ ਨਾ ਕਰਨ ਅਤੇ ਡਾਕਖਾਨੇ ਰਾਹੀਂ ਚਿਠੀਆਂ ਨਾ ਭੇਜਣ ਲਈ ਪ੍ਰਚਾਰ ਕੀਤਾ। ਇਸ ਦੇ ਉਲਟ ਉਨ੍ਹਾਂ ਨੇ ਆਪਣੀਆਂ ਅਦਾਲਤਾਂ ਅਤੇ ਅਪਣਾ ਡਾਕ ਦਾ ਪ੍ਰਬੰਧ ਕੀਤਾ ਜਿਸ ਨਾਲ ਉਨ੍ਹਾਂ ਦੀਆਂ ਚਿੱਠੀਆਂ ਸਰਕਾਰੀ ਚਿੱਠੀਆਂ ਨਾਲੋਂ ਛੇਤੀ ਪਹੁੰਚ ਜਾਇਆ ਕਰਦੀਆਂ ਸਨ।


ਡਾ. ਚਰਨਜੀਤ ਸਿੰਘ ਗੁਮਟਾਲਾ
91-94175-33060

ਉਹ ਹਿੰਸਾ ਦੇ ਵਿਰੁੱਧ ਸਨ ਤੇ ਚਾਹੁੰਦੇ ਸਨ ਕਿ ਸਾਨੂੰ ਦੂਸਰਿਆਂ ਦੇ ਜੀਵਨ ਦਾ ਪੂਰੀ ਤਰਾਂ ਲਿਹਾਜ਼ ਰਖਣਾ ਚਾਹੀਦਾ। ਉਨ੍ਹਾਂ ਦੇ ਸਿੱਖ ਵਧੇਰੇ ਜੋਸ਼ ਵਾਲੇ ਸਨ। ਉਹ ਆਪਣੇ ਮਨ ਨੂੰ ਵੱਸ ਵਿਚ ਨਾ ਰਖ ਸਕੇ। ਪਰ ਬਾਬਾ ਜੀ ਦੇ ਸਮਝਾਉਣ ਦੇ ਬਾਵਜੂਦ ਉਹ ਹਿੰਸਾ ਤੋਂ ਨਾ ਟਲੇ। ਮਹਾਰਾਜਾ ਰਣਜੀਤ ਸਿੰਘ ਨੇ ਅੰਗਰੇਜਾਂ ਨੂੰ ਹਦਾਇਤ ਕੀਤੀ ਸੀ ਕਿ ਜਦੋਂ ਵੀ ਤੁਹਾਡੀ ਫ਼ੌਜ ਮੇਰੇ ਰਾਜ ਵਿੱਚੋਂ ਲੰਘੇ ਤਾਂ ਗਊ-ਹੱਤਿਆ ਨਹੀਂ ਕਰਨੀ। ਪਰ ਜਦ ਪੰਜਾਬ 'ਤੇ ਉਨ੍ਹਾਂ ਦਾ ਕਬਜਾ ਹੋ ਗਿਆ ਤਾਂ ਉਨ੍ਹਾਂ ਨੇ ਇਸ ਹਦਾਇਤ ਦੇ ਵਿਰੁਧ ਜਾਣ-ਬੁਝ ਕੇ ਅੰਮ੍ਰਿਤਸਰ ਵਿਚ ਬੁਚੜ੍ਹਖਾਨੇ ਖੋਲ ਕੇ ਗਊ-ਹੱਤਿਆ ਸ਼ੁਰੂ ਕਰ ਦਿੱਤੀ।ਨਾਮਧਾਰੀ ਗੁਰੂ ਚੌਂਕ ਘੰਟਾ ਘਰ, ਦਰਬਾਰ ਸਾਹਿਬ, ਨੇੜੇ ਬੁੱਚੜਖਾਣਾ ਖੋਲ੍ਹੇ ਜਾਣ ਤੇ ਕਾਫੀ ਪਰੇਸ਼ਾਨ ਸਨ। ਨਿਧਾਨ ਸਿੰਘ ਆਲਮ ਅਨੁਸਾਰ ਇਹ ਬੁੱਚੜਖਾਣਾ ਇਥੋਂ ਹਟਾਉਣ ਲਈ ਦਸ ਨਾਮਧਾਰੀ ਮਰਜੀਵੜਿਆਂ ਦਾ ਇੱਕ ਜੱਥਾ ਤਿਆਰ ਕੀਤਾ ਗਿਆ। ਜੱਥਾ ਅੰਮ੍ਰਿਤਸਰ ਵੱਲ ਨੂੰ ਤੁਰ ਪਿਆ ਅਤੇ ਲਾਹੌਰੀ ਦਰਵਾਜ਼ੇ ਨੇੜੇ ਬੁੱਚੜਖਾਣਾ ਵੇਖ ਕੇ ਦੁਖੀ ਹੋਇਆ। ਪਰ ਜਦੋਂ ਉਨ੍ਹਾਂ ਦਰਬਾਰ ਸਾਹਿਬ ਦੇ ਲਾਗੇ ਬੁੱਚੜਖਾਣਾ ਵੇਖਿਆ ਤਾਂ ਉਹ ਆਪਣੀਆਂ ਭਾਵਨਾਵਾਂ 'ਤੇ ਕਾਬੂ ਨਾ ਰੱਖ ਸਕੇ ਅਤੇ ਉਨ੍ਹਾਂ ਮੁਸਲਮਾਨ ਬੁੱਚੜਾਂ ਨੂੰ ਮਾਰ-ਮੁਕਾਉਣ ਦਾ ਨਿਸ਼ਚਾ ਕਰ ਲਿਆ। ਉਨ੍ਹਾਂ ਮਿਸਤਰੀ ਲਹਿਣਾ ਸਿੰਘ ਦੇ ਘਰ ਬੈਠ ਕੇ ਇਕ ਯੋਜਨਾ ਬਣਾਈ ਅਤੇ ਅੰਮ੍ਰਿਤਸਰ ਦੀ ਪਵਿੱਤਰ ਨਗਰੀ ਵਿਚ ਗਊ-ਹੱਤਿਆ ਬੰਦ ਕਰਾਉਣ ਦਾ ਪ੍ਰਣ ਕਰ ਲਿਆ। 14 ਜੂਨ ਦੀ ਰਾਤ ਨੂੰ ਕੋਈ ਅੱਠ ਨਾਮਧਾਰੀ ਸਿੱਖਾਂ ਨੇ ਬੁੱਚੜਖਾਣੇ ਅੰਦਰ ਬੁੱਚੜਾਂ 'ਤੇ ਹਮਲਾ ਕੀਤਾ। ਤਿੰਨ ਬੁੱਚੜ ਮੌਕੇ 'ਤੇ ਹੀ ਮਾਰੇ ਗਏ ਅਤੇ ਤਿੰਨ ਬੁਰੀ ਤਰ੍ਹਾਂ ਨਾਲ ਜ਼ਖ਼ਮੀ ਹੋਏ। ਸਥਾਨਕ ਪੁਲਿਸ ਅਫ਼ਸਰ ਨੇ ਇਨ੍ਹਾਂ ਕਤਲਾਂ ਲਈ ਸ਼ਹਿਰ ਦੇ ਬਾਰਾਂ ਹਿੰਦੂ ਅਤੇ ਸਿੱਖ ਵਸਨੀਕ ਗ੍ਰਿਫ਼ਤਾਰ ਕਰ ਲਏ ਅਤੇ ਉਨ੍ਹਾਂ ਖ਼ਿਲਾਫ਼ ਅਦਾਲਤ ਵਿਚ ਮੁਕੱਦਮਾ ਦਾਇਰ ਕਰ ਦਿੱਤਾ। ਪੁਲਿਸ ਨੇ ਉਨ੍ਹਾਂ ਤੋਂ ਜੁਰਮ ਕਬੂਲ ਕਰ-ਾਉਣ ਲਈ ਉਨ੍ਹਾਂ ਨੂੰ ਤਸੀਹੇ ਦਿੱਤੇ। ਡਿਪਟੀ ਕਮਿਸ਼ਨਰ ਨੇ ਮੁਲਜ਼ਿਮਾਂ ਨੂੰ ਸੈਸ਼ਨ ਸਪੁਰਦ ਕਰ ਦਿੱਤਾ। ਜਦੋਂ ਨਾਮਧਾਰੀ ਗੁਰੂ ਨੂੰ ਪਤਾ ਲੱਗਾ ਕਿ ਬੇਦੋਸ਼ੇ ਲੋਕਾਂ ਨੂੰ ਸਜ਼ਾ ਹੋਣ ਜਾ ਰਹੀ ਹੈ ਤਾਂ ਉਨ੍ਹਾਂ ਦੋਸ਼ੀਆਂ (ਨਾਮਧਾਰੀ ਸਿੱਖਾਂ) ਨੂੰ ਹੁਕਮ ਦਿੱਤਾ ਕਿ ਉਹ ਮੈਜਿਸਟ੍ਰੇਟ ਸਾਮ੍ਹਣੇ ਪੇਸ਼ ਹੋਣ ਅਤੇ ਆਪਣਾ ਜੁਰਮ ਕਬੂਲ ਕਰਣ। ਆਪਣੇ ਹੀ ਇਕਬਾਲੀਆ ਬਿਆਨ 'ਤੇ ਚਾਰ ਨਾਮਧਾਰੀ ਸਿੱਖਾਂ ਨੇ 15 ਸਤੰਬਰ, 1871 ਨੂੰ ਫਾਂਸੀ ਦੇ ਰੁੱਸੇ ਚੁੰਮ ਲਏ। ਇਸ ਘਟਨਾ ਵਿਚ ਨਾਮਧਾਰੀ ਗੁਰੂ ਵੱਲੋਂ ਦਖ਼ਲ ਦੇ ਕੇ ਆਪਣੇ ਸ਼ਰਧਾਲੂਆਂ ਨੂੰ ਜੁਰਮ ਕਬੂਲ ਕਰਨ ਲਈ ਆਖਣਾ ਉਨ੍ਹਾਂ ਦੀ ਨੈਤਿਕ ਪ੍ਰਤੀਬੱਧਤਾ ਦਾ ਪਤਾ ਦਿੰਦਾ ਹੈ। ਇਨ੍ਹਾਂ ਸ਼ਹੀਦਾਂ ਦੀ ਯਾਦਗਾਰ ਅੰਮਿਤਸਰ ਰਾਮ ਬਾਗ਼ ਜੋ ਕਿ ਮਹਾਰਾਜਾ ਰਣਜੀਤ ਸਿੰਘ ਦੀ ਗਰਮੀਆਂ ਦੀ ਰਾਜਧਾਨੀ ਸੀ ਦੇ ਸਾਹਮਣੇ ਗੁਰੁ ਤੇਗ਼ ਬਹਾਦਰ ਹਸਪਤਾਲ ਜਿਸ ਨੂੰ ਕਿ ਉਸ ਸਮੇਂ ਵਿਕਟੋਰੀਆ ਜੁਬਲੀ ਹਸਪਤਾਲ ਕਿਹਾ ਜਾਂਦਾ ਸੀ ਵਿਚ ਬਣੀ ਹੈ। ਉਹ ਦਰਖ਼ਤ ਵੀ ਕਾਇਮ ਹੈ , ਜਿਸ ਨਾਲ ਇਨ੍ਹਾਂ ਜੋਧਿਆਂ ਨੂੰ ਫ਼ਾਂਸੀ ਦਿੱਤੀ ਗਈ ਸੀ। ਇਸ ਯਾਦਗਾਰ ਦੀ ਸਾਂਭ ਸੰਭਾਲ ਨਾਮਧਾਰੀਆਂ ਵਲੋਂ ਕੀਤੀ ਜਾ ਰਹੀ ਹੈ।

ਇਸੇ ਤਰ੍ਹਾਂ ਦਾ ਬੁੱਚੜਾਂ ਦਾ ਕਤਲ ਨਾਮਧਾਰੀ ਸਿੱਖਾਂ ਨੇ 15 ਜੁਲਾਈ, 1871 ਨੂੰ ਲੁਧਿਆਣਾ ਜ਼ਿਲ੍ਹੇ ਦੇ ਰਾਏਕੋਟ ਵਿਚ ਕੀਤਾ। ਇਨ੍ਹਾਂ ਬੁੱਚੜਾਂ ਵਿਚੋਂ ਚਾਰ ਮੌਕੇ 'ਤੇ ਮਾਰੇ ਗਏ ਅਤੇ ਸੱਤ ਬੁਰੀ ਤਰ੍ਹਾਂ ਨਾਲ ਜ਼ਖ਼ਮੀ ਹੋਏ। ਇਸ ਮਾਮਲੇ ਵਿਚ ਨਾਭਾ ਅਤੇ ਪਟਿਆਲਾ ਦੇ ਮਹਾਰਾਜਿਆਂ ਦੀ ਮਦਦ ਨਾਲ ਸੱਤ ਦੋਸ਼ੀ ਗ੍ਰਿਫ਼ਤਾਰ ਕੀਤੇ ਗਏ, ਪੰਜ ਨਾਭੇ ਤੋਂ ਅਤੇ ਦੋ ਪਟਿਆਲੇ ਤੋਂ। ਉਨ੍ਹਾਂ ਨੂੰ ਬੱਸੀਆਂ ਪਿੰਡ ਵਿਖੇ ਮੈਜਿਸਟ੍ਰੇਟ ਸਾਮ੍ਹਣੇ ਪੇਸ਼ ਕੀਤਾ ਗਿਆ। ਪੁਲਿਸ ਨੇ ਗੁਰੂ ਰਾਮ ਸਿੰਘ ਨੂੰ ਵੀ ਫੁਸਾਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ 'ਤੇ ਮੁਕੱਦਮਾ ਚਲਾਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਦੇ ਨਾਂ ਸੰਮਨ ਜਾਰੀ ਕਰਕੇ ਬੱਸੀਆਂ ਵਿਖੇ ਮੈਜਿਸਟ੍ਰੇਟ ਸਾਮ੍ਹਣੇ ਪੇਸ਼ ਹੋਣ ਲਈ ਆਖਿਆ ਗਿਆ ਅਤੇ ਉਹ ਪੇਸ਼ ਹੋਏ।ਪਰ ਸਰਕਾਰ ਨੂੰ ਸਫ਼ਲਤਾ ਨਾ ਮਿਲੀ। ਜਿੱਥੋਂ ਤੀਕ ਦੋਸ਼ੀਆਂ ਦਾ ਸਬੰਧ ਹੈ, ਉਨ੍ਹਾਂ ਵਿਚੋਂ ਤਿੰਨ ਨੂੰ 5 ਅਗਸਤ, 1871 ਨੂੰ ਲੋਕਾਂ ਦੇ ਵੱਡੇ ਇਕੱਠ ਦੀ ਮੌਜੂਦਗੀ ਵਿਚ ਫਾਂਸੀ ਦੇ ਦਿੱਤੀ ਗਈ। ਇਸ ਮਾਮਲੇ ਦੇ ਦੋ ਹੋਰ ਦੋਸ਼ੀਆਂ, ਗਿਆਨੀ ਰਤਨ ਸਿੰਘ ਅਤੇ ਰਤਨ ਸਿੰਘ ਨਾਈਵਾਲਾ ਨੂੰ 26 ਨਵੰਬਰ, 1871 ਨੂੰ ਲੁਧਿਆਣਾ ਜੇਲ੍ਹ ਦੇ ਬਾਹਰ ਸੂਲੀ ਚੜ੍ਹਾ ਦਿੱਤਾ ਗਿਆ।

ਅਗਲੀ ਘਟਨਾ ਵਿਚ ਕੂਕਿਆਂ ਨੇ 13 ਜਨਵਰੀ 1872 ਨੂੰ ਲੁਧਿਆਣਾ ਜ਼ਿਲ੍ਹੇ ਦੇ ਤੇਜਹੀਨ ਕਿਲ੍ਹਾ ਮਲੌਦ 'ਤੇ ਹਮਲਾ ਕੀਤਾ ਅਤੇ ਫਿਰ ਆਪਣੀ ਵਧੀ ਹੋਈ ਸ਼ਕਤੀ ਸਹਿਤ ਮਾਲੇਰਕੋਟਲਾ ਸ਼ਹਿਰ ਅੰਦਰ ਦਾਖ਼ਿਲ ਹੋਣ ਦੀ ਕੋਸ਼ਿਸ਼ ਕੀਤੀ। ਲੜ੍ਹਾਈ ਵਿਚ ਉਨ੍ਹਾਂ ਨੁਕਸਾਨ ਉਠਾਇਆ। ਦੋ ਕੂਕੇ ਮਾਰੇ ਗਏ, ਚਾਰ ਜ਼ਖ਼ਮੀ ਹੋਏ ਪਰ ਉਹ ਤਿੰਨ ਤਲਵਾਰਾਂ, ਇਕ ਦੁਨਾਲੀ ਬੰਦੂਕ, ਦੋ ਘੋੜੇ ਅਤੇ ਇਕ ਘੋੜੀ ਹਾਸਿਲ ਕਰਨ ਵਿਚ ਕਾਮਯਾਬ ਰਹੇ। ਆਪਣੇ ਉਦੇਸ਼ ਵਿਚ ਅਸਫਲ ਹੋ ਕੇ ਇਹ ਕੂਕੇ ਪਟਿਆਲੇ ਦੀ ਸੀਮਾ ਅੰਦਰ ਜਾ ਵੜੇ। ਰੂੜ ਪਿੰਡ ਤੋਂ ਦੋ ਔਰਤਾਂ ਸਮੇਤ 68 ਕੂਕੇ ਫੜ ਲਏ ਗਏ। ਉਨ੍ਹਾਂ ਵਿਚੋਂ 49 ਨੂੰ, ਬਿਨਾ ਮੁਕੱਦਮਾ ਚਲਾਇਆ ਹੀ, ਤੋਪਾਂ ਨਾਲ ਉਡਾ ਦਿੱਤਾ। ਬਦਲਾਖੋਰੀ ਦੀ ਇਸ ਭਾਵਨਾ ਨਾਲ ਅੰਗਰੇਜ ਅਫ਼ਸਰ ਕੌਵਨ ਨੇ ਕੂਕੇ ਕੈਦੀਆਂ ਦਾ ਆਖਰੀ ਪੂਰ ਤੋਪਾਂ ਨਾਲ ਉਡਾ ਦਿੱਤਾ। ਉਸ ਦੇ ਸ਼ਿਕਾਰਾਂ ਵਿਚ ਇੱਕ ਬੱਚਾ ਵੀ ਸੀ, ਜਿਸ ਨੇ ਉਸ ਉੱਪਰ ਵਹਿਸ਼ੀ ਹਮਲਾ ਕੀਤਾ ਪਰ ਉਸ ਦੇ ਮੌਕੇ 'ਤੇ ਹੀ ਟੋਟੇ ਕਰ ਦਿੱਤੇ ਗਏ। ਕੌਵਨ ਨੇ ਬੱਚੇ ਨੂੰ ਸਮਝਾਇਆ ਗਿਆ ਕਿ ਉਹ ਅੰਗਰੇਜ਼ਾਂ ਦੀ ਸਰਦਾਰੀ ਕਬੂਲ ਕਰ ਲਵੇ ਪਰ ਉਸ ਨੇ ਆਪਣਾ ਧਾਰਮਿਕ ਕਾਰਜ ਤਿਆਗਣ ਤੋਂ ਇਨਕਾਰ ਕਰ ਦਿੱਤਾ। ਬਿਨਾਂ ਮੁਕੱਦਮਾ ਚਲਾਇਆਂ 1872 ਵਿਚ ਨਾਮਧਾਰੀ ਗੁਰੂ ਅਤੇ ਉਨ੍ਹਾਂ ਦੇ ਸੂਬਿਆਂ ਨੂੰ ਦੇਸ਼ ਨਿਕਾਲਾ ਦੇ ਕੇ ਰੰਗੂਨ ਜਿਸ ਨੂੰ ਹੁਣ ਮਾਯਾਮਾਰ ਕਿਹਾ ਜਾਂਦਾ ਹੈ ਭੇਜ ਦਿੱਤਾ, ਜਿੱਥੇ ਉਹ 14 ਸਾਲ ਬਤੌਰ ਸਰਕਾਰੀ ਕੈਦੀ ਰਹੇ। ਉਨ੍ਹਾਂ ਦੇ ਉਪਸ਼ਕਾਂ ਦਾ ਮੰਨਣਾ ਹੈ ਕਿ ਉਹ ਅਜੇ ਵੀ ਜਿੰਦਾ ਹਨ ਤੇ ਉਹ ਇਕ ਦਿਨ ਜਰੂਰ ਆ ਕੇ ਸਾਡੀ ਅਗਵਾਈ ਕਰਨਗੇ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# 24 ਫਰਵਰੀ ਲਈ ਸ਼੍ਰੀ ਗੁਰੂ ਰਵਿਦਾਸ ਜੀ ਦੇ ਪ੍ਰਗਟ ਉਤਸਵ ਸਬੰਧੀ ਵਿਸ਼ੇਸ਼



ਕੁਲਦੀਪ ਚੰਦ
91-9417563054

ਸਮਾਜਿਕ ਕੁਰੀਤੀਆਂ ਦਾ ਵਿਰੋਧ ਕਰਨ ਲਈ ਦੁਨੀਆਂ ਵਿੱਚ ਸਮੇਂ ਸਮੇਂ ਤੇ ਮਨੁੱਖਤਾ ਦੇ ਰਹਿਵਰਾਂ ਨੇ ਜਨਮ ਲਿਆ ਹੈ ਇਨ੍ਹਾਂ ਵਿੱਚ ਗੁਰੂ ਰਵਿਦਾਸ ਦਾ ਨਾਮ ਵੀ ਸ਼ਾਮਿਲ ਹੈ ਜਿਨ੍ਹਾਂ ਨੇ ਉਸ ਵੇਲੇ ਫੈਲੀ ਊਚ ਨੀਚ, ਜਾਤ-ਪਾਤ, ਪਖੰਡਵਾਦ, ਧਾਰਮਿਕ ਕੱਟੜਤਾ ਆਦਿ ਖਿਲਾਫ ਅਵਾਜ਼ ਬੁਲੰਦ ਕੀਤੀ। ਉਸ ਵੇਲੇ ਪ੍ਰਚਲਿਤ ਕੁਪ੍ਰਥਾਵਾਂ ਅਨੁਸਾਰ ਜਾਤਿ ਪ੍ਰਥਾ ਦੇ ਢਾਂਚੇ ਵਿੱਚ ਚੋਥਾ ਵਰਣ ਮੰਨੇ ਜਾਂਦੇ ਸ਼ੂਦਰਾਂ ਨੂੰ ਕਿਸੇ ਵੀ ਤਰਾਂ ਦੇ ਅਧਿਕਾਰ ਪ੍ਰਾਪਤ ਨਹੀਂ ਸਨ ਅਤੇ ਉਨ੍ਹਾਂ ਨਾਲ ਜਾਨਵਰਾਂ ਤੋਂ ਵੀ ਮਾੜ੍ਹਾ ਸਲੂਕ ਕੀਤਾ ਜਾਂਦਾ ਸੀ। ਕੁੱਝ ਅਖੋਤੀ ਵਿਦਵਾਨ ਲੋਕ ਵਿਆਖਿਆ ਕਰਦੇ ਸਨ ਕਿ ਸ਼ੂਦਰਾਂ ਨੂੰ ਨਾਂ ਵੇਦ ਪਾਠ ਪੜ੍ਹਣ ਨਾਂ ਹੀ ਸੁਣਨ ਦੇਣਾ ਚਾਹੀਦਾ ਹੈ। ਕਿਸੇ ਵੀ ਤਰਾਂ ਦਾ ਧਾਰਮਿਕ ਪਾਠ ਕਰਨ ਵਾਲੇ ਸ਼ੂਦਰਾਂ ਦੀ ਜੀਭ ਕੱਟਣ ਅਤੇ ਵੇਦ ਪਾਠ ਸੁਣਨ ਵਾਲੇ ਸ਼ੂਦਰਾਂ ਦੇ ਕੰਨਾ ਵਿੱਚ ਸਿੱਕਾ ਪਿਘਲਾਕੇ ਪਾਣ ਦੇ ਹੁਕਮ ਲਾਗੂ ਸਨ। ਕਈ ਅਜਿਹੀਆਂ ਘਟਨਾਵਾਂ ਦਾ ਵਰਣਨ ਆਂਦਾ ਹੈ ਜਿਨ੍ਹਾਂ ਅਨੁਸਾਰ ਮੰਨੂਵਾਦੀ ਕੁਪ੍ਰਥਾ ਵਿੱਚ ਮੰਨੇ ਜਾਂਦੇ ਚੋਥਾ ਵਰਣ ਸ਼ੂਦਰ ਵਰਗ ਨਾਲ ਸਬੰਧਿਤ ਵਿਅਕਤੀਆਂ ਨੂੰ ਅਜਿਹੇ ਅਧਿਕਾਰਾਂ ਤੋਂ ਬਾਂਝਾਂ ਰੱਖਿਆ ਗਿਆ ਅਤੇ ਅਜਿਹੇ ਅਧਿਕਾਰਾਂ ਦੀ ਵਰਤੋਂ ਕਰਨ ਵਾਲੇ ਵਿਅਕਤੀਆਂ ਨੂੰ ਗੈਰ ਮਨੁੱਖੀ ਸਜਾਵਾਂ ਦਿੱਤੀਆਂ ਗਈਆਂ। ਭਾਰਤ ਦੇ ਮੋਜੂਦਾ ਉੱਤਰ ਪ੍ਰਦੇਸ਼ ਦਾ ਬਨਾਰਸ ਸ਼ਹਿਰ ਇਸ ਮੰਨੂਵਾਦੀ ਕੁਪ੍ਰਥਾ ਦਾ ਕੇਂਦਰ ਸੀ ਅਤੇ ਇੱਥੋਂ ਹੀ ਇਸ ਖਿਲਾਫ ਮੁਹਿੰਮ ਸੁਰੂ ਹੋਈ ਜਿਸ ਵਿੱਚ ਸਤਿਗੁਰੂ ਕਬੀਰ ਅਤੇ ਗੁਰੂ ਰਵਿਦਾਸ ਦੀ ਮੁੱਖ ਭੂਮਿਕਾ ਰਹੀ ਹੈ। ਗੁਰੂ ਰਵਿਦਾਸ ਦੇ ਜਨਮ ਦਿਨ, ਜਨਮ ਸਥਾਨ ਅਤੇ ਜੋਤੀ ਜੋਤ ਸਮਾਉਣ ਬਾਰੇ ਵੱਖ ਵੱਖ ਵਿਦਵਾਨਾਂ ਦੇ ਵੱਖ ਵੱਖ ਵਿਚਾਰ ਹਨ। ਬਹੁਤੇ ਵਿਦਵਾਨਾਂ ਅਨੁਸਾਰ ਆਪ ਦਾ ਜਨਮ 1377 ਇਸਵੀ 1433 ਸੰਮਤ ਬਿਕਰਮੀ ਮਾਘ ਪੂਰਣਿਮਾ ਨੂੰ ਪਿਤਾ ਸੰਤੋਖ ਦਾਸ ਤੇ ਮਾਤਾ ਕਲਸਾ ਦੇਵੀ ਦੇ ਘਰ ਬਨਾਰਸ (ਵਾਰਾਣਸੀ) ਦੀ ਬਸਤੀ 'ਸੀਰ ਗੋਵਰਧਨਪੁਰ' ਮੋਜੂਦਾ ਉੱਤਰ ਪ੍ਰਦੇਸ਼ ਵਿੱਚ ਹੋਇਆ। ਆਪ ਦੇ ਦਾਦਾ ਦਾ ਨਾਮ ਕਾਲੂ ਅਤੇ ਦਾਦੀ ਦਾ ਨਾਮ ਲਖਪਤੀ ਸੀ। ਗੁਰੂ ਰਵਿਦਾਸ ਚਮਾਰ ਜਾਤ ਨਾਲ ਸਬੰਧ ਰੱਖਦੇ ਸਨ ਜੋਕਿ ਅਛੂਤ ਮੰਨੀ ਜਾਂਦੀ ਸੀ। ਆਪ ਨੂੰ ਵੱਖ ਵੱਖ ਨਾਵਾਂ ਰਵਿਦਾਸ, ਰੈਦਾਸ, ਰਾਇਦਾਸ, ਰੁਹਿਦਾਸ ਆਦਿ ਨਾਲ ਸੰਬੋਧਨ ਕੀਤਾ ਜਾਂਦਾ ਹੈ। ਕੁੱਝ ਲੋਕ ਗੁਰੂ ਰਵਿਦਾਸ ਨੂੰ ਸੰਤ, ਭਗਤ ਆਦਿ ਨਾਲ ਸੰਬੋਧਨ ਕਰਦੇ ਹਨ। ਗੁਰੂ ਰਵਿਦਾਸ ਦੀਆਂ ਵੱਖ ਵੱਖ ਫੋਟੋਆਂ ਅਤੇ ਸਰੂਪਾਂ ਜਿਨ੍ਹਾਂ ਵਿੱਚ ਕਈਆਂ ਵਿੱਚ ਤਿਲਕਧਾਰੀ, ਕਈਆਂ ਵਿੱਚ ਸਿਰ ਢੱਕਿਆ ਹੋਇਆ ਹੈ, ਕਈਆਂ ਵਿੱਚ ਆਪ ਦੇ ਬਰਾਬਰ ਅਤੇ ਨਾਲ ਹੋਰ ਕਈ ਸਮਾਜ ਸੁਧਾਰਕਾਂ ਦੀਆਂ ਫੋਟੋਆਂ ਜੋੜੀਆਂ ਗਈਆਂ ਹਨ। ਗੁਰੂ ਰਵਿਦਾਸ ਨੇ ਆਪਣੇ ਪਿੱਤਰੀ ਅਰਥਾਤ ਬਜ਼ੁਰਗਾਂ ਵਾਲੇ ਕਿੱਤੇ ਨੂੰ ਅਪਣਾਇਆ। ਆਪ ਨੇ ਆਪਣੀ ਬਾਣੀ ਵਿੱਚ ਇਸ ਸਬੰਧੀ ਜ਼ਿਕਰ ਕੀਤਾ ਹੈ:

ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ
ਨਿਤਹਿ ਬਾਨਾਰਸੀ ਆਸ ਪਾਸਾ।।
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ
ਤੇਰੇ ਨਾਮ ਸਰਣਾਇ ਰਵਿਦਾਸ ਦਾਸਾ।।

ਆਪ ਹੱਥੀ ਕਿਰਤ ਕਰਦੇ ਅਤੇ ਲੋੜਵੰਦ ਲੋਕਾਂ ਦੀ ਮੱਦਦ ਕਰਦੇ ਅਤੇ ਰੱਬ ਦੀ ਭਗਤੀ ਕਰਦੇ। ਇਸ ਦੀ ਭਾਈ ਗੁਰਦਾਸ ਜੀ ਵੀ ਪ੍ਰੋੜ੍ਹਤਾ ਕਰਦੇ ਹਨ:

ਜਨੁ ਰਵਿਦਾਸੁ ਚਮਾਰੁ ਹੋਇ ਚਹੁ ਵਰਨਾ ਵਿਚਿ ਕਰਿ ਵਡਿਆਈ।

ਆਪ ਨੇ ਅਪਣੇ ਸਮਕਾਲੀ ਸੰਤ ਮਹਾਂਪੁਰਖਾਂ ਬਾਰੇ ਵੀ ਅਪਣੀ ਬਾਣੀ ਵਿੱਚ ਡੂੰਘਾ ਵਿਚਾਰ ਵਟਾਂਦਰਾ ਕੀਤਾ ਹੈ:

ਨਾਮਦੇਵ, ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ।।
ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ।।

ਗੁਰੂ ਰਵਿਦਾਸ ਅਨੁਸਾਰ ਪ੍ਰਮਾਤਮਾ ਕੋਈ ਰਹੱਸ ਨਹੀਂ ਹੈ ਸਗੋਂ ਪ੍ਰਮਾਤਮਾ ਤਾਂ ਹਰ ਕਣ ਵਿੱਚ ਮੋਜੂਦ ਹੈ। ਆਪ ਨੇ ਪਰਮਾਤਮਾ ਵਿੱਚ ਆਪਣੀ ਹੋਂਦ ਦਾ ਵਰਣਨ ਕਰਦੇ ਹੋਏ ਕਿਹਾ ਹੈ:

ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ।।
ਕਨਕ ਕਟਿਕ ਜਲ ਤਰੰਗ ਜੈਸਾ।।

ਆਪ ਸਮਾਜ ਵਿੱਚੋਂ ਸ਼ੋਸ਼ਣ, ਛੂਆਛਾਤ, ਪਖੰਡਵਾਦ ਦਾ ਖਾਤਮਾ ਕਰਕੇ ਬਰਾਬਰਤਾ ਵਾਲਾ ਸਮਾਜ ਕਾਇਮ ਕਰਨਾ ਚਾਹੁੰਦੇ ਸਨ। ਆਪ ਨੇ ਆਪਣੀ ਬਾਣੀ ਅਤੇ ਪ੍ਰਵਚਨਾਂ ਦੁਆਰਾ ਪਖੰਡਵਾਦ ਅਤੇ ਊਚ ਨੀਚ ਦੇ ਭੇਦਭਾਵ ਨੂੰ ਦੂਰ ਕਰਨ ਲਈ ਸੁਨੇਹਾ ਦਿੱਤਾ ਹੈ। ਆਪ ਸ਼੍ਰੋਮਣੀ ਵਿਦਵਾਨਾਂ, ਭਗਤਾਂ, ਪੀਰਾਂ-ਪੈਗੰਬਰਾਂ, ਰਿਸ਼ੀਮੁਨੀਆਂ ਵਿੱਚ ਇੱਕ ਉੱਚਕੋਟੀ ਦੀ ਸ਼ਖ-ਸੀਅਤ ਸਨ ਅਤੇ ਆਪ ਦੀ ਬਾਣੀ (40 ਸ਼ਬਦਾਂ ਅਤੇ 01 ਸ਼ਲੋਕ) ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸਮੇਂ ਸ਼ਾਮਿਲ ਕੀਤਾ ਗਿਆ। ਆਪ ਨੇ ਆਪਣੀਆਂ ਕਵਿਤਾਵਾਂ ਲਈ ਬ੍ਰਜ ਭਾਸ਼ਾ ਦੀ ਵਰਤੋਂ ਕੀਤੀ ਹੈ। ਇਸਦੇ ਨਾਲ ਹੀ ਅਵਧੀ, ਰਾਜਸਥਾਨੀ, ਖੜੀ ਬੋਲੀ ਅਤੇ ਰੇਖਤਾ ਅਰਥਾਤ ਉਰਦੂ-ਫ਼ਾਰਸੀ ਦੇ ਸ਼ਬਦਾਂ ਦਾ ਮਿਸ਼ਰਣ ਵੀ ਹੈ। ਇਸ ਤੋਂ ਇਲਾਵਾ "ਰੈਦਾਸ ਜੀ ਕੀ ਬਾਣੀ" ਨਾਮ ਦੀ ਇੱਕ ਹੱਥ ਲਿਖਤ ਕਿਤਾਬ ਨਾਗਰੀ ਪ੍ਰਚਾਰਿਣੀ ਸਭਾ ਕੋਲ ਮੌਜੂਦ ਹੈ। ਭਾਸ਼ਾ ਵਿਭਾਗ ਪੰਜਾਬ ਨੇ ਵੀ ਇਹਨਾਂ ਦੀਆਂ ਰਚਨਾਵਾਂ ਨੂੰ "ਬਾਣੀ ਸਤਿਗੁਰੂ ਰਵਿਦਾਸ ਜੀ" ਸਿਰਲੇਖ ਅਧੀਨ ਪਬਲਿਸ਼ ਕੀਤਾ। ਗੁਰੂ ਰਵਿਦਾਸ ਦੇ ਭਗਤ ਪੀਪਾ ਭਗਤ ਦੀ ਬਾਣੀ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਅਗਿਆਨਤਾ ਅਤੇ ਗਰੀਬੀ ਖਤਮ ਕਰਨ ਲਈ ਆਪ ਨੇ ਸਭ ਨੂੰ ਗਿਆਨਵਾਨ ਹੋਣ ਲਈ ਪ੍ਰੇਰਿਆ ਹੈ:



ਮਾਧੋ ਅਬਿਦਿਆ ਹਿਤ ਕੀਨ।।
ਬਿਬੇਕ ਦੀਪ ਮਲੀਨ।।

ਆਪ ਨੇ ਸਮਾਜ ਨੂੰ ਵਿਦਿਆ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ ਹੈ :

ਪੜੀਐ ਗੁਨੀਐ ਨਾਮੁ ਸਭੁ ਸੁਨੀਐ, ਅਨਭਉ ਭਾਉ ਨ ਦਰਸੈ।।

ਆਪ ਨੇ ਇਕੱਠੇ ਹੋਕੇ ਮਿਲਕੇ ਰਹਿਣ ਲਈ ਪ੍ਰੇਰਿਤ ਕੀਤਾ ਹੈ:

ਸਤ ਸੰਗਤਿ ਮਿਲਿ ਰਹੀਐ ਮਾਧਉ, ਜੈਸੇ ਮਧੁਪ ਮਖੀਰਾ ।।

ਸਤਿਗੁਰੂ ਕਬੀਰ, ਰਾਮਾਨੰਦ ਜੀ, ਗੁਰੂ ਨਾਨਕਦੇਵ, ਭਗਤ ਪੀਪਾ, ਭਗਤ ਸੈਣ, ਭਗਤ ਧੰਨਾ, ਭਗਤ ਭੀਖਨ, ਭਗਤ ਬੇਨੀ ਆਪ ਦੇ ਸਮਕਾਲੀ ਸੰਤ ਸਨ। ਆਪ ਦਾ ਗੁਰੂ ਨਾਨਕ ਦੇਵ ਜੀ ਨਾਲ ਚੂਹੜਕਾਣਾ ਵਿਖੇ ਸੱਚਾ ਸੌਦਾ ਵੇਲੇ, ਕਾਲੀ ਬੇਈਂ ਸੁਲਤਾਨਪੁਰ ਲੋਧੀ, ਗੋਪਾਲਦਾਸ ਦੀ ਸਰਾਂ ਬਨਾਰਸ ਵਿਖੇ ਜਿੱਥੇ ਅੱਜਕਲ ਗੁਰਦੁਆਰਾ ਗੁਰੂ ਕਾ ਬਾਗ਼ ਹੈ ਵਿਖੇ ਮਿਲਾਪ ਹੋਇਆ ਸੀ। ਗੁਰੂ ਰਵਿਦਾਸ ਦੇ ਸਮੇਂ ਦਾ ਇਮਲੀ ਦਾ ਦਰੱਖਤ ਕਾਂਸ਼ੀ ਵਾਰਾਣਸੀ ਵਿਖੇ ਹੁਣ ਵੀ ਮੌਜੂਦ ਹੈ। ਗੁਰੂ ਰਵਿਦਾਸ ਦੇ ਨਾਮ ਤੇ ਅਲੋਰਾ, ਹੈਦਰਾਬਾਦ, ਜੂਨਾਗੜ, ਬਨਾਰਸ ਦੇ ਕੋਲ ਮੰਢੇਰ ਵਿਖੇ ਪ੍ਰਾਚੀਨ ਕੁੰਡ ਸਰੋਵਰ ਬਣੇ ਹੋਏ ਹਨ। ਆਪ ਕਥਨੀ ਅਤੇ ਕਰਨੀ ਦੇ ਧਨੀ ਸਨ। ਆਪ ਨੇ ਜਿਹੜਾ ਉਪਦੇਸ਼ ਲੋਕਾਂ ਨੂੰ ਦਿੱਤਾ ਹੈ ਪਹਿਲਾਂ ਉਸਤੇ ਆਪ ਅਮਲ ਕੀਤਾ। ਆਪ ਨੇ ਇਹ ਸਪੱਸ਼ਟ ਕਿਹਾ ਕਿ ਭਗਵਾਨ, ਪਰਮਾਤਮਾ, ਇਸ਼ਵਰ, ਅੱਲ੍ਹਾ, ਖ਼ੁਦਾ, ਰਹੀਮ ਆਦਿ ਸਭ ਇੱਕੋਂ ਇਲਾਹੀ ਸ਼ਕਤੀ ਦੇ ਅੱਡ-ਅੱਡ ਨਾਂ ਹਨ ਜਿਸਨੇ ਇਸ ਬ੍ਰਹਿਮੰਡ ਦੀ ਸਿਰਜਣਾ ਕੀਤੀ ਹੈ। ਉਸ ਵੇਲੇ ਜਾਤ ਦੇ ਹੰਕਾਰੀ ਅਖੌਤੀ ਲੋਕਾਂ ਨੇ ਆਪ ਦੇ ਮਿਸ਼ਨ-ਪ੍ਰਚਾਰ ਵਿੱਚ ਰੁਕਾਵਟਾਂ ਪਾਈਆਂ ਪਰ ਹਰ ਵਾਰ ਆਪ ਦੀ ਜਿੱਤ ਹੋਈ। ਆਪ ਨੇ ਸਮਾਜ ਵਿੱਚ ਫੈਲੇ ਜਾਤ-ਪਾਤ ਦੇ ਅੰਧ ਵਿਸ਼ਵਾਸ਼ਾਂ ਨੂੰ ਤੋੜਕੇ ਇੱਕ ਮਹਾਨ ਸਮਾਜ ਸੁਧਾਰਕ ਦਾ ਕੰਮ ਕੀਤਾ ਅਤੇ ਇਸ ਤਰਾਂ ਦੇ ਰਾਜ ਦੀ ਕਲਪਨਾ ਕੀਤੀ ਹੈ:

ਐਸਾ ਚਾਹੁੰ ਰਾਜ ਮੈਂ ਜਹਾਂ ਮਿਲੇ ਸਭਨ ਕੋ ਅੰਨ,
ਛੋਟ-ਬੜੇ ਸਭ ਸਮ ਵਸੇ ਰਵਿਦਾਸ ਰਹੇ ਪ੍ਰਸੰਨ।

ਸਤਿਗੁਰੂ ਕਬੀਰ ਨੇ ਵੀ ਅਪਣੀ ਬਾਣੀ ਵਿੱਚ ਕਿਹਾ ਹੈ ਕਿ ਗੁਰੂ ਰਵਿਦਾਸ ਹਰੀ ਤੋਂ ਇਲਾਵਾ ਕਿਸੇ ਹੋਰ ਵਿੱਚ ਸ਼ਰਧਾ ਨਹੀਂ ਰੱਖਦੇ ਸਨ:

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ।।
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ।।

ਗੁਰੂ ਅਰਜਨ ਦੇਵ ਜੀ ਨੇ ਵੀ ਸਪੱਸ਼ਟ ਲਿਖਿਆ ਹੈ ਕਿ ਗੁਰੂ ਰਵਿਦਾਸ ਦਾ ਕੋਈ ਵੀ ਦੇਹਧਾਰੀ ਗੁਰੂ ਨਹੀਂ ਸੀ ਅਤੇ ਪ੍ਰਮਾਤਮਾ ਦੀ ਪ੍ਰਾਪਤੀ ਸਤਿਸੰਗ ਵਿੱਚੋਂ ਹੀ ਕੀਤੀ ਹੈ:

ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨੀ ਤਿਆਗੀ ਮਾਇਆ।।
ਪਰਗਟੁ ਹੋਆ ਸਾਧਿਸੰਗ ਹਰਿ ਦਰਸਨੁ ਪਾਇਆ।।

ਆਪ ਨੇ ਕਾਲਪਨਿਕ ਦੇਵੀ ਦੇਵਤਿਆਂ ਦਾ ਵੀ ਖੁੱਲਕੇ ਵਿਰੋਧ ਕੀਤਾ ਹੈ ਅਤੇ ਕਿਹਾ ਕਿ ਇਹ ਤਾਂ ਰੱਬ ਦਾ ਨਾਮ ਜਪਣ ਵਾਲੇ ਭਗਤਾਂ ਤੋਂ ਵੀ ਨੀਂਵੇ ਹਨ :

ਹਰਿ ਜਪਤ ਤੇਊ ਜਨਾ ਪਦਮ ਕਵਲਾਸ ਪਤਿ
ਤਾਸ ਸਮ ਤੁਲਿ ਨਹੀਂ ਆਨਿ ਕੋਊ।।

ਆਪ ਅਨੁਸਾਰ ਮੂਰਤੀ ਪੂਜਾ ਵਰਗੇ ਫਜੂਲ ਦੇ ਕਰਮ ਕਾਂਡਾਂ ਦਾ ਭਗਤੀ ਵਿੱਚ ਕੋਈ ਸਥਾਨ ਨਹੀਂ ਹੈ ਅਤੇ ਆਪ ਨੇ ਭਗਤੀ ਦੀ ਅਸਲ ਵਿਧੀ ਆਤਮ ਸਮਰਪਣ ਨੂੰ ਹੀ ਕਿਹਾ ਹੈ:

ਤਨੁ ਮਨੁ ਅਰਪਉ ਪੂਜ ਚਰਾਵਊ।।
ਗੁਰ ਪਰਸਾਦਿ ਨਿਰੰਜਨੁ ਪਾਵਉ।।

ਆਪ ਦੀ ਸ਼ਾਦੀ ਮਿਰਜ਼ਾਪੁਰ ਵਿੱਚ ਰਹਿਣ ਵਾਲੀ ਮਾਤਾ ਲੋਨਾ ਨਾਲ ਕੀਤੀ ਗਈ ਅਤੇ ਆਪ ਦੇ ਘਰ ਇੱਕ ਪੁੱਤਰ ਵਿਜੈ ਦਾਸ ਨੇ ਜਨਮ ਲਿਆ। ਆਪ ਨੇ ਸਮਾਜ ਵਿੱਚ ਫੈਲੀਆਂ ਕੁਰੀਤੀਆਂ ਨੂੰ ਦੂਰ ਕਰਨ ਅਤੇ ਇਸ ਸਬੰਧੀ ਪ੍ਰਚਾਰ ਕਰਨ ਲਈ ਲੱਗਭੱਗ ਸੱਠ ਹਜਾਰ ਕਿਲੋਮੀਟਰ ਪੈਦਲ ਯਾਤਰਾ ਕੀਤੀ ਅਤੇ ਛੇ ਉਦਾਸੀਆਂ ਕੀਤੀਆਂ ਸਨ। ਇਨ੍ਹਾਂ ਉਦਾਸੀਆਂ ਵਿੱਚ ਆਪ ਨਾਲ ਉਸ ਸਮੇਂ ਦੇ ਹੋਰ ਸੰਤ ਵੀ ਸ਼ਾਮਿਲ ਸਨ। ਆਪ ਨੇ ਪੰਜਾਬ, ਰਾਜਾਸਥਾਨ, ਗੁਜਰਾਤ, ਮਹਾਂਰਾਸ਼ਟਰ, ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼, ਉਤਰਾਖੰਡ, ਦਿੱਲੀ, ਤਾਮਿਲਨਾਡੂ, ਅਸਾਮ, ਕਰਨਾਟਕਾ, ਜੰਮੂ ਕਸ਼ਮੀਰ, ਆਂਧਰਾ ਪ੍ਰਦੇਸ਼ ਆਦਿ ਸਥਾਨਾਂ ਤੇ ਜਾਕੇ ਸਤਿਸੰਗ ਕੀਤੇ। ਗੁਰੂ ਰਵਿਦਾਸ ਅਤੇ ਸਤਿਗੁਰੂ ਕਬੀਰ ਨੇ ਇਕੱਠਿਆਂ ਬਨਾਰਸ ਤੋਂ ਪਹਿਲੀ ਯਾਤਰਾ ਸ਼ੁਰੂ ਕੀਤੀ। ਇਹਨਾਂ ਦੋਵਾਂ ਦੇ ਨਾਲ ਗੁਰੂ ਰਵਿਦਾਸ ਦੇ ਪੁੱਤਰ ਵਿਜੈ ਦਾਸ ਵੀ ਸਨ ਅਤੇ ਆਪ ਪਹਿਲੀ ਉਦਾਸੀ ਦੌਰਾਨ ਨਾਗਪੁਰ, ਭਾਗਲਪੁਰ, ਮਾਧੋਪੁਰ, ਚੰਦੋਸੀ, ਰਾਣੀ ਪੁਰੀ, ਨਾਰਾਇਣਗੜ੍ਹ, ਬੀਜਾਪੁਰ, ਭੋਪਾਲ, ਬਹਾਵਲਪੁਰ, ਕੋਟਾ, ਝਾਂਸੀ, ਉਦੇਪੁਰ, ਜੋਧਪੁਰ, ਅਜਮੇਰ, ਅਮਰਕੋਟ, ਅਯੁਧਿਆ, ਹੈਦਰਾਬਾਦ, ਕਾਠੀਆਵਾੜ, ਬੰਬਈ, ਕਰਾਚੀ, ਜੈਸਲਮੇਰ, ਚਿਤੌੜ, ਕੋਹਾਟ, ਖ਼ੈਬਰ ਦੱਰਾ, ਜਲਾਲਾਬਾਦ, ਸ਼੍ਰੀਨਗਰ, ਡਲਹੌਜੀ, ਗੋਰਖਪੁਰ ਆਦਿ ਸਥਾਨਾਂ ਤੇ ਗਏ। ਦੂਜੀ ਉਦਾਸੀ ਦੌਰਾਨ ਆਪ ਗੋਰਖਪੁਰ, ਪ੍ਰਤਾਪਗੜ, ਸ਼ਾਹਜਹਾਂਪੁਰ ਆਦਿ ਸਥਾਨਾਂ ਤੇ ਗਏ। ਤੀਜੀ ਉਦਾਸੀ ਦੌਰਾਨ ਆਪ ਹਿਮਾਚਲ ਪ੍ਰਦੇਸ਼ ਦੇ ਵੱਖ ਵੱਖ ਸਥਾਨਾਂ ਤੇ ਗਏ। ਚੋਥੀ ਉਦਾਸੀ ਦੌਰਾਨ ਆਪ ਵੱਖ ਵੱਖ ਤੀਰਥ ਸਥਾਨਾਂ ਹਰਿਦੁਆਰ, ਗੋਦਾਵਰੀ, ਕੁਰਕੁਸ਼ੇਤਰ, ਤਰਿਵੈਣੀ ਆਦਿ ਸਥਾਨਾਂ ਤੇ ਜਾਕੇ ਸੰਤ, ਸਾਧੂਆਂ, ਭਗਤਾਂ, ਨਾਥਾਂ, ਸਿੱਧਾਂ ਨਾਲ ਵਿਚਾਰ ਵਟਾਂਦਰੇ ਕੀਤੇ। ਪੰਜਵੀ ਉਦਾਸੀ ਆਪ ਨੇ ਗਾਜੀਪੁਰ ਦੀ ਕੀਤੀ। ਆਪ ਗਾਜ਼ੀਪੁਰ ਦੇ ਰਾਜਾ ਰੂਪ ਪਰਤਾਪ (ਚੰਦਰ ਪਰਤਾਪ) ਦੇ ਸੱਦੇ ਉੱਤੇ ਆਪਣੇ ਸੇਵਕਾਂ ਨਾਲ ਗਾਜ਼ੀਪੁਰ ਪਹੁੰਚੇ। ਛੇਵੀਂ ਉਦਾਸੀ ਆਪ ਨੇ ਪੰਜਾਬ ਦੀ ਕੀਤੀ। ਆਪ ਪੰਜਾਬ ਵਿੱਚ ਚੂਹੜਕਾਣਾ, ਸੁਲਤਾਨਪੁਰ ਲੋਧੀ ਅਤੇ ਖੁਰਾਲਗੜ੍ਹ ਵਿਖੇ ਆਏ। ਆਪ ਗੁਰੂ ਨਾਨਕ ਦੇਵ ਜੀ ਤੋਂ ਉਮਰ ਵਿੱਚ ਵੱਡੇ ਸਨ। ਵਿਦਵਾਨਾਂ ਅਨੁਸਾਰ ਉਨ੍ਹਾਂ ਦੀਆਂ ਆਪਸ ਵਿੱਚ ਤਿੰਨ ਮੁਲਾਕਾਤਾਂ ਹੋਈਆਂ ਪਹਿਲੀ ਗੋਸ਼ਟੀ ਚੂਹੜਖਾਨਾ (ਨਨਕਾਣਾ ਸਾਹਿਬ) ਵਿਖੇ ਹੋਈ। ਦੂਜੀ ਮੁਲਾਕਾਤ ਅਤੇ ਗੋਸ਼ਟੀ ਸੁਲਤਾਨਪੁਰ ਵਿੱਚ ਉਸ ਸਮੇਂ ਹੋਈ ਜਦੋਂ ਗੁਰੂ ਰਵਿਦਾਸ ਆਪਣੇ ਹੋਰ ਸੰਤ ਸਾਥੀਆਂ ਨਾਲ ਉੱਤਰੀ ਭਾਰਤ ਦਾ ਦੌਰਾ ਕਰਦੇ ਦੁਬਾਰਾ ਪੰਜਾਬ ਆਏ ਸਨ। ਤੀਜੀ ਗੋਸ਼ਟੀ ਕਾਸ਼ੀ ਵਿੱਚ ਗੋਪਾਲਦਾਸ ਦੀ ਬਗੀਚੀ ਜਿੱਥੇ ਹੁਣ 'ਗੁਰੂ ਕਾ ਬਾਗ' ਗੁਰਦੁਆਰਾ ਹੈ ਵਿੱਚ ਹੋਈ। ਆਪ ਲੁਧਿਆਣਾ ਹੁੰਦੇ ਹੋਏ ਪਿੰਡ ਚੱਕ ਹਕੀਮ ਪਹੁੰਚੇ ਅਤੇ ਜਲੰਧਰ, ਸੁਲਤਾਨਪੁਰ ਲੋਧੀ, ਕਪੂਰਥਲਾ, ਮੁਲਤਾਨ, ਸ਼੍ਰੀ ਖੁਰਾਲਗੜ੍ਹ ਸਾਹਿਬ ਆਦਿ ਸਥਾਨਾਂ ਤੇ ਗਏ। ਇਤਿਹਾਸਕ ਧਰਮ ਅਸਥਾਨ ਸ਼੍ਰੀ ਖੁਰਾਲਗੜ੍ਹ ਸਾਹਿਬ ਤਹਿਸੀਲ ਗੜ੍ਹਸ਼ੰਕਰ, ਜ਼ਿਲਾ ਹੁਸ਼ਿਆਰਪੁਰ ਦੀ ਧਰਤੀ ਗੁਰੂ ਰਵਿਦਾਸ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ। ਇਤਿਹਾਸਕਾਰਾਂ ਅਨੁਸਾਰ ਗੁਰੂ ਰਵਿਦਾਸ ਸੀਰ ਗੋਵਰਧਨਪੁਰ ਬਨਾਰਸ ਉੱਤਰ ਪ੍ਰਦੇਸ਼ ਤੋਂ ਪੈਦਲ ਲੁਧਿਆਣਾ ਹੁੰਦੇ ਹੋਏ ਸਾਲ 1515 ਵਿੱਚ ਇਸ ਅਸਥਾਨ ਤੇ ਆਏ ਸਨ। ਇਸ ਅਸਥਾਨ ਤੇ ਪਹੁੰਚਣ ਸਮੇਂ ਉਨ੍ਹਾਂ ਦੀਆਂ ਸੇਵਿਕਾਵਾਂ ਮੀਰਾ ਬਾਈ, ਝਾਲਾਂ ਬਾਈ ਅਤੇ ਭਾਨਵਤੀ ਵੀ ਨਾਲ ਸਨ। ਆਪ ਇਸ ਸਥਾਨ ਤੇ ਲੱਗਭੱਗ 4 ਸਾਲ 2 ਮਹੀਨੇ 11 ਦਿਨ ਠਹਿਰੇ। ਇਸ ਸਮੇਂ ਉਹ ਖੁਦ ਪ੍ਰਭੂ ਦਾ ਨਾਮ ਸਿਮਰਨ ਕਰਦੇ ਅਤੇ ਲੋਕਾਂ ਨੂੰ ਨਾਮ ਸਿਮਰਨ ਦੀ ਬਖਸ਼ਿਸ਼ ਕਰਦੇ ਰਹੇ। ਇਸ ਸਮੇਂ ਇਲਾਕੇ ਦੇ ਕਈ ਵਿਅਕਤੀ ਆਪ ਦੇ ਸੇਵਕ ਬਣ ਗਏ। ਆਪ ਦੀ ਮਹਿਮਾ ਨੂੰ ਵਧਦਿਆਂ ਵੇਖ ਕੇ ਉਸ ਸਮੇਂ ਦਾ ਰਾਜਾ ਬੈਨ ਸਿੰਘ ਈਰਖਾ ਕਰਨ ਲੱਗ ਪਿਆ। ਰਾਜੇ ਨੇ ਆਪ ਨੂੰ ਖਰਾਸ (ਚੱਕੀ) ਚਲਾਉਣ ਦੀ ਸ਼ਜਾ ਦਿੱਤੀ। ਆਪ ਅੰਤਰ ਧਿਆਨ ਹੋ ਕੇ ਪ੍ਰਭੂ ਭਗਤੀ ਵਿਚ ਲੀਨ ਹੋ ਗਏ ਅਤੇ ਖਰਾਸ (ਚੱਕੀ) ਆਪਣੇ ਆਪ ਚੱਲਣ ਲੱਗ ਪਈ। ਇਸ ਚਮਤਕਾਰ ਨੂੰ ਵੇਖ ਕੇ ਸਭ ਹੈਰਾਨ ਹੋ ਗਏ। ਰਾਜਾ ਇਸ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਆਪ ਦੇ ਚਰਨੀਂ ਪੈ ਗਿਆ। ਇਸ ਤਰ੍ਹਾਂ ਉਸਨੇ ਆਪਣੀ ਭੁੱਲ ਬਖਸ਼ਾਈ। ਇਸ ਤੋਂ ਬਾਅਦ ਰਾਜਾ ਅਤੇ ਇਲਾਕੇ ਦੀ ਜਨਤਾ ਨੇ ਆਪ ਕੋਲ ਇਸ ਇਲਾਕੇ ਵਿੱਚ ਪਾਣੀ ਦੀ ਘਾਟ ਦੂਰ ਕਰਨ ਲਈ ਬੇਨਤੀ ਕੀਤੀ। ਆਪ ਸੰਗਤ ਨੂੰ ਨਾਲ ਲੈ ਕੇ ਇੱਥੋਂ ਲੱਗਭੱਗ 3 ਮੀਲ ਦੂਰ ਡੂੰਘੀ ਖੱਡ ਵਿਚ ਜਾ ਕੇ ਸੱਜੇ ਪੈਰ ਦੇ ਅੰਗੂਠੇ ਨਾਲ ਭਾਰੀ ਪੱਥਰ ਹਟਾ ਕੇ ਪਾਣੀ ਦਾ ਚਸ਼ਮਾ ਵਗਾ ਦਿੱਤਾ ਜਿਸ ਨੂੰ ਚਰਨ ਛੋਹ ਗੰਗਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇੱਥੇ ਪਵਿੱਤਰ ਜਲ 24 ਘੰਟੇ ਚਲਦਾ ਰਹਿੰਦਾ ਹੈ। ਇਸ ਜਲ ਦੀ ਖਾਸ ਗੱਲ ਇਹ ਹੈ ਕਿ ਇਹ ਸਿਰਫ 200 ਮੀਟਰ ਦੇ ਅੰਦਰ ਹੀ ਧਰਤੀ ਵਿਚੋਂ ਨਿਕਲਦਾ ਹੈ ਅਤੇ ਇਸੇ ਹੀ ਥਾਂ ਰਹਿ ਜਾਂਦਾ ਹੈ। ਇਸ ਦੇ ਆਸ-ਪਾਸ ਦੇ ਖੇਤਰ ਵਿੱਚ ਧਰਤੀ ਵਿੱਚ ਪਾਣੀ ਬਹੁਤ ਜ਼ਿਆਦਾ ਡੂੰਘਾਈ ਵਿਚ ਮਿਲਦਾ ਹੈ। ਆਪ ਨੇ ਆਪਣੇ ਸੰਘਰਸ਼ਮਈ ਜੀਵਨ ਦੁਆਰਾ ਸੁੱਤੇ ਹੋਏ ਸਮਾਜ ਨੂੰ ਜਗਾਇਆ। ਉਸ ਸਮੇਂ ਦੇ ਕਈ ਰਾਜਿਆਂ ਨੇ ਆਪ ਨੂੰ ਆਪਣਾ ਰਾਜਗੁਰੂ ਬਣਾਇਆ ਉਨ੍ਹਾਂ ਵਿੱਚ ਰਾਣਾ ਕੁੰਭਾ, ਰਾਜਾ ਨਾਗਰਮਲ, ਰਾਜਾ ਪੀਪਾ, ਰਾਜਾ ਬਹਾਦਰ ਸ਼ਾਹ, ਰਾਜਾ ਸਿਕੰਦਰ ਲੋਧੀ, ਪੰਡਿਤ ਸ਼ਰਧਾ ਰਾਮ, ਰਾਜਾ ਬੈਨ ਸਿੰਘ, ਰਾਮ ਲਾਲ, ਰਾਜਾ ਚੰਦਰਹਾਂਸ, ਪੰਡਿਤ ਗੰਗਾ ਰਾਮ, ਰਾਜਾ ਚੰਦਰ ਪ੍ਰਤਾਪ, ਰਾਉ ਦੂਦਾ, ਹਰਦੇਵ ਸਿੰਘ ਨਾਗਰ, ਵੀਰ ਸਿੰਘ ਬਘੇਲਾ, ਰਾਣਾ ਸਾਂਗਾ, ਬੀਬੀ ਭਾਨਮਤੀ, ਰਾਣੀ ਝਾਲੀ, ਮੀਰਾ ਬਾਈ ਆਦਿ ਪ੍ਰਸਿੱਧ ਹਨ। ਆਪ ਦੇ ਵਿਚਾਰਾਂ ਤੋਂ ਅਣਗਿਣਤ ਲੋਕ ਪ੍ਰਭਾਵਿਤ ਹੋਏ। ਬਾਬਰ ਜੋਕਿ ਮੁਗਲ ਸਮਰਾਜ ਦਾ ਪਹਿਲਾ ਸ਼ਾਸਕ ਸੀ ਅਤੇ 1526 ਵਿੱਚ ਪਾਨੀਪਤ ਦੀ ਲੜਾਈ ਜਿੱਤਕੇ ਦਿੱਲੀ ਤੇ ਕੱਬਜਾ ਕੀਤਾ ਸੀ ਗੁਰੂ ਜੀ ਦੇ ਅਧਿਆਤਮਕ ਵਿਚਾਰਾਂ ਤੋਂ ਬਹੁਤ ਹੀ ਪ੍ਰਭਾਵਿਤ ਹੋਇਆ। ਬਾਬਰ ਹਮਾਂਉ ਨਾਲ ਗੁਰੂ ਜੀ ਕੋਲ ਗਿਆ ਤਾਂ ਗੁਰੂ ਜੀ ਨੇ ਉਸ ਵਲੋਂ ਕੀਤੇ ਜਾ ਰਹੇ ਅੱਤਿਆਚਾਰਾਂ ਲਈ ਬਾਬਰ ਨੂੰ ਸਮਝਾਇਆ ਅਤੇ ਚੰਗੇ ਸਮਾਜਿਕ ਕਾਰਜ ਕਰਨ ਲਈ ਕਿਹਾ। ਬਾਬਰ ਗੁਰੂ ਜੀ ਤੋਂ ਪ੍ਰਭਾਵਿਤ ਹੋਇਆ। ਸੁਲਤਾਨ ਸਿਕੰਦਰ ਲੋਧੀ ਵੀ ਆਪ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋਇਆ ਅਤੇ ਆਪ ਨੂੰ ਦਿੱਲੀ ਦੇ ਤੁਗਲਕਾਬਾਦ ਵਿੱਚ ਜਗ੍ਹਾ ਦਿੱਤੀ। ਬੇਗਮਪੁਰਾ ਸ਼ਹਿਰ ਗੁਰੂ ਰਵਿਦਾਸ ਜੀ ਦੇ ਆਪਣੇ ਸ਼ਬਦਾਂ ਵਿੱਚ ਇਕ ਐਸਾ ਸਥਾਨ ਹੈ, ਜਿੱਥੇ ਮਾਨਵਤਾ ਦੀ ਪੂਰੀ ਸੁਤੰਤਰਤਾ ਹੈ। ਆਪ ਨੇ ਇੱਕ ਅਜਿਹੇ ਦੇਸ਼ ਦੀ ਕਲਪਨਾ ਕੀਤੀ ਹੈ ਜਿੱਥੇ ਕਿਸੇ ਨੂੰ ਕੋਈ ਵੀ ਗਮ ਨਾ ਹੋਵੇ।

ਬੇਗਮ ਪੁਰਾ ਸਹਰ ਕੋ ਨਾਉ।।
ਦੂਖੁ ਅੰਦੋਹੁ ਨਹੀਂ ਤਿਹਿ ਠਾਉ।।
ਨਾ ਤਸਵੀਸ ਖਿਰਾਜੁ ਨਾ ਮਾਲੁ।।
ਖਉਫੁ ਨ ਖਤਾ ਨ ਤਰਸੁ ਜਵਾਲੁ।।੧।।
ਅਬ ਮੋਹਿ ਖੂਬ ਵਤਨ ਗਹ ਪਾਈ।।
ਉਹਾਂ ਖੈਰਿ ਸਦਾ ਮੇਰੇ ਭਾਈ।। ਰਹਾਉ।।
ਕਾਇਮੁ ਦਾਇਮੁ ਸਦਾ ਪਾਤਿਸਾਹੀ।।
ਦੋਮ ਨ ਸੇਮ ਏਕ ਸੋ ਆਹੀ।।
ਆਬਾਦਾਨੁ ਸਦਾ ਮਸਹੂਰ।।
ਉਹਾਂ ਗਨੀ ਬਸਹਿ ਮਾਮੂਰ।।੨।।
ਤਿਉ ਤਿਉ ਸੈਲ ਕਰਹਿ ਜਿਉ ਭਾਵੈ।।
ਮਹਰਮ ਮਹਲ ਨ ਕੋ ਅਟਕਾਵੈ।।
ਕਹਿ ਰਵਿਦਾਸ ਖਲਾਸੁ ਚਮਾਰਾ।।
ਜੋ ਹਮ ਸਹਰੀ ਸੋ ਮੀਤੁ ਹਮਾਰਾ।।੩।।

ਆਪ ਨੇ ਹਰ ਪ੍ਰਕਾਰ ਦੀ ਗੁਲਾਮੀ ਦੀ ਨਿੰਦਾ ਕੀਤੀ ਅਤੇ ਡੱਟਵਾਂ ਵਿਰੋਧ ਕੀਤਾ:-

ਪਰਾਧੀਨਤਾ ਪਾਪ ਹੈ ਜਾਨ ਲੇਹੁ ਰੇ ਮੀਤ।

(ਬਾਕੀ ਅਗਲੇ ਸਫੇ 'ਤੇ)

# 76 ਸਾਲ ਬਾਅਦ ਪਿੰਡ ਪਰਤੀ ਬੇਬੇ ਕਸ਼ਮੀਰ ਕੌਰ

## ਆਪਣੇ ਘਰ ਪਰਦੇਸੀਆਂ ਵਾਂਗੂੰ ਪਰਤਣ ਦਾ ਅਹਿਸਾਸ ਕਿਉਂ ਹੈ। ਮੈਂ ਸੰਤਾਲੀ ਮਗਰੋਂ ਜੰਮਿਆ, ਮੇਰੇ ਪਿੰਡੇ ਲਾਸ ਕਿਉਂ ਹੈ?







ਮਨਜੋਤ ਸੰਧੂ ਆਪਣੀ 95 ਵਰ੍ਹਿਆਂ ਦੀ ਦਾਦੀ ਨੂੰ ਇਸ ਦਾ 1947 ਤੋਂ ਪਹਿਲੇ ਵਾਲਾ ਪਿੰਡ ਵਿਖਾਉਣ ਲੈ ਕੇ ਆਇਆ ਪਾਕਿਸਤਾਨ। ਕੁੱਝ ਦਿਨ ਪਹਿਲੇ ਕੈਨੇਡਾ ਵਸਦੇ ਮਨਜੋਤ ਸੰਧੂ ਵੀਰ ਦੀ ਕਾਲ਼ ਆਈ ਕਿ ਮੈਂ ਆਪਣੇ ਪਰਿਵਾਰ ਨਾਲ਼ ਪਾਕਿਸਤਾਨ ਆਉਣਾ ਏ ਤੇ ਮੇਰੀ ਦਿਲ ਦੀ ਇਕੋ ਰੀਝ ਏ ਕਿ ਮੈਂ ਆਪਣੀ ਦਾਦੀ ਨੂੰ 47 ਵਾਲਾ ਪਿੰਡ ਵਿਖਾ ਦਿਆਂ ਤੇ ਅੱਜ 16 ਫ਼ਰਵਰੀ ਦੇ ਦਿਨ ਮਨਜੋਤ ਸੰਧੂ ਬੇਬੇ ਬਾਪੂ ਤੇ ਦਾਦੀ ਨੂੰ ਨਾਲ਼ ਲੈਕੇ ਵਾਹਗਾ ਬਾਰਡਰ ਦੇ ਰਸਤੇ ਲਾਹੌਰ ਪਹੁੰਚੇ। ਪਾਕਿਸਤਾਨ ਅੱਪੜਣ 'ਤੇ ਸਾਰੇ ਪਰਵਾਰ ਅਸੀਂ ਜੀ ਆਇਆਂ ਨੂੰ ਆਖਿਆ।

ਮਨਜੋਤ ਦੀ ਦਾਦੀ ਦਾ ਨਾਮ ਕਸ਼ਮੀਰ ਕੌਰ ਤੇ ਜਨਮ ਗਿੱਲ ਪ੍ਰਵਾਰ ਦੇ ਘਰ ਹੋਇਆ ਜੋ ਪਿੰਡ ਚੱਕ 319 ਦੇ ਨੰਬਰਦਾਰ ਵੀ ਸਨ। ਇਹ ਪਿੰਡ ਉਸ ਵੇਲੇ ਟੋਬਾ ਟੇਕ ਸਿੰਘ ਲਾਇਲਪੁਰ 'ਚ ਸੀ। ਬੇਬੇ ਕਸ਼ਮੀਰ ਕੌਰ ਦੱਸਦੀ ਏ ਕਿ ਜਦ 1947 ਵਾਪਰਿਆ ਮੇਰੀ ਉਮਰ 19 ਸਾਲ ਸੀ ਤੇ ਮੇਰਾ ਮੁਕਲਾਵਾ ਆਇਆਂ ਨੂੰ ਇਕ ਦਿਨ ਹੋਇਆ ਸੀ ਤੇ ਉਜਾੜੇ ਪੈ ਗਏ। ਸਾਨੂੰ ਅਪਣਾ ਘਰ ਬਾਰ ਛੱਡ ਕੇ ਚੜ੍ਹਦੇ ਪੰਜਾਬ ਜਾਣਾ ਪਿਆ ਤੇ ਮੇਰੇ ਦਾਜ ਵਾਲਾ ਸਾਰਾ ਸਮਾਨ ਵੀ ਇਥੇ ਰਹਿ ਗਿਆ, ਜੋ ਮੇਰੇ ਵਿਆਹ ਤੇ ਮੈਨੂੰ ਮੇਰੀ ਬੇਬੇ ਬਾਪੂ ਨੇ ਬਹੁਤ ਰੀਝਾਂ ਨਾਲ਼ ਬਣਵਾ ਕੇ ਦਿੱਤਾ ਸੀ।

ਕਿੰਨਾ ਚਾਅ ਹੁੰਦਾ ਆਪਣੇ ਦਾਜ ਦਾ ਕੁੜੀਆਂ ਨੂੰ, ਅੱਜ ਵੀ ਬੇਬੇ ਕਸ਼ਮੀਰ ਕੌਰ ਇਸ ਦਿਨ ਨੂੰ ਯਾਦ ਕਰਦੀ ਏ। ਕਸ਼ਮੀਰ ਕੌਰ ਦਾ ਵਿਆਹ ਸੰਧੂ ਪਰਵਾਰ 'ਚ ਹੋਇਆ ਤੇ ਬੇਬੇ ਦੇ ਸਹੁਰਿਆਂ ਦਾ ਪਿੰਡ ਕੈਰੋਂ ਸੀ ਜੋ 319 ਚੱਕ ਦੇ ਨੇੜੇ- ਤੇੜੇ ਦੱਸਦੇ ਨੇ।

ਕਸ਼ਮੀਰ ਕੌਰ ਦਾ ਪਰਵਾਰ ਅੱਜਕਲ੍ਹ ਚੰਡੀਗੜ੍ਹ ਵੱਸਦਾ ਏ। ਨਾਲ ਅਏ ਪੁੱਤਰ ਉਂਕਾਰ ਸਿੰਘ ਅਤੇ ਪੋਤਰਾ ਮਨਜੋਤ ਸਿੰਘ ਦੱਸਦੇ ਨੇ ਕਿ ਬੇਬੇ 1947 ਤੋਂ ਬਾਅਦ ਇਕ ਦਿਨ ਵੀ 19 ਚੱਕ ਨੂੰ ਨਾ ਭੁਲਾ ਸਕੀ ਤੇ ਜਦ ਵੀ ਪਾਕਿਸਤਾਨ ਦੀ ਗੱਲ ਕਰਨੀ ਤੇ ਬੇਬੇ ਆਖਣਾ ਸਾਡੇ ਓਥੇ ਦੋ ਮੁਰੱਬੇ ਸੀ ਜ਼ਮੀਨ ਦੇ ਤੇ ਪੰਜ ਗੱਡੀਆਂ ਦੀਆਂ ਜੋਗਾਂ ਸੀ । ਮਨਜੋਤ ਨਿੱਕਾ ਹੁੰਦਾ ਈ ਆਪਣੀ ਦਾਦੀ ਕੋਲੋਂ ਪਿੰਡ ਦੀਆਂ ਗੱਲਾਂ ਸੁਣਦਾ ਹੁੰਦਾ ਤੇ ਗੱਲਾਂ ਸੁਣ-ਸੁਣ ਕੇ ਮਨਜੋਤ ਮਨ ਬਣਾ ਲਿਆ ਕੇ ਬੇਬੇ ਨੂੰ ਪਾਕਿਸਤਾਨ ਵਾਲੇ ਪਿੰਡ ਜ਼ਰੂਰ ਲੈ ਕੇ ਜਾਣਾ ਤੇ ਜਦ ਮਨਜੋਤ ਸਿੰਘ ਬੇਬੇ ਦੇ ਵੀਜ਼ੇ ਲਈ ਦੋ ਸਾਲ ਪਹਿਲੇ ਪਾਕਿਸਤਾਨੀ ਐਂਬੈਸੀ ਗਿਆ ਤੇ ਕੁੱਝ ਕਾਰਨਾਂ ਕਰ ਕੇ ਵੀਜ਼ਾ ਨਾ ਲੱਗਾ ਪਰ ਏਸ ਸਾਲ ਪਾਕਿਸਤਾਨੀ ਐਂਬੈਸੀ ਵੱਲੋਂ ਮਨਜੋਤ ਤੇ ਬੇਬੇ ਦੀ ਦਿਲੀ ਖ਼ਵਾਹਿਸ਼ ਨੂੰ ਪੂਰਾ ਕਰਦੇ ਵੀਜ਼ਾ ਦੇ ਦਿੱਤਾ ਗਿਆ ਤੇ ਖੁਸ਼ੀ ਖੁਸ਼ੀ ਸਾਰਾ ਪਰਿਵਾਰ ਬੇਬੇ ਦਾ ਘਰ ਵੇਖਣ ਪਾਕਿਸਤਾਨ ਵੱਲ ਤੁਰ ਪਏ।

ਮਨਜੋਤ ਦੀ ਮਾਂ ਜੀ ਦੱਸਦੇ ਕਿ ਪਾਕਿਸਤਾਨ ਆਉਣ ਦਾ ਪ੍ਰੋਗਰਾਮ ਬਣਿਆ ਤੇ ਦੋ ਦਿਨ ਪਹਿਲੇ ਤਬੀਅਤ ਕੁੱਝ ਠੀਕ ਨਾ ਰਹੀ ਤੇ ਡਾਕਟਰ ਕੋਲ਼ ਲੈ ਗਏ। ਡਾਕਟਰ ਨੂੰ ਬੇਬੇ ਆਖਿਆ "ਡਾਕਟਰ ਮੇਰੀ ਤਬੀਅਤ ਏਨੀ ਚੰਗੀ ਕਰਦੇ ਕਿ ਮੈਂ ਅਪਣਾ ਪਾਕਿਸਤਾਨ ਵਾਲਾ ਪਿੰਡ ਵੇਖ ਆਵਾਂ।"

ਜਦ ਬੇਬੇ ਕਸ਼ਮੀਰ ਕੌਰ ਨਾਲ਼ ਗੱਲਾਂ ਕਰਦੇ ਮੈਂ ਅਖਿਆ- ਬੀਬੀ ਅਸੀਂ ਵੀ ਗਿੱਲ ਆਂ ਤੇ ਕਹਿੰਦੇ ਤੂੰ ਤੇ ਸਾਡਾ ਅਪਣਾ ਮੁੰਡਾ ਹੋਇਆ ਫਿਰ। ਜਾਣ ਲੱਗੇ ਮੈਂ ਅਖਿਆ ਬੀਬੀ ਸਾਡੇ ਕੋਲ਼ ਰਹਿ ਜਾਓ, ਹੁਣ ਨਹੀਂ ਜਾਣ ਦੇਣਾ ਅਸੀਂ, ਬੀਬੀ ਹੱਸਦੇ ਹੱਸਦੇ ਆਖਦੀ, "ਪੁੱਤ, ਇਸ ਉਮਰ 'ਚ ਮੈਨੂੰ ਫਿਰ ਸੰਭਾਲਣਾ ਪਾਵੇਗਾ। ਤੁਸੀ ਮੇਰੇ ਪੁੱਤ ਓ, ਤੁਹਾਨੂੰ ਮਹਾਰਾਜ ਲੰਬੀ ਉਮਰ ਬਖ਼ਸ਼ੇ , ਚੜ੍ਹਦੀ ਕਲਾਂ 'ਚ ਰਹੋ। ਦੁਆਵਾਂ ਦਿੰਦੇ ਦਿੰਦੇ ਨਨਕਾਣਾ ਸਾਹਿਬ ਦੇ ਦਰਸ਼ਨ ਲਈ ਚਲੇ ਗਏ। ਦਿਲ ਭਰ ਆਉਂਦਾ ਜਦ ਵੀ 1947 ਦੀਆਂ ਗੱਲਾਂ ਵੱਡਿਆਂ ਕੋਲੋਂ ਸੁਣਦੇ ਆਂ।

ਅੱਜ ਲੋੜ ਏਸ ਗੱਲ ਦੀ ਏ ਕਿ ਜੋ ਬਜ਼ੁਰਗ ਜਿਉਂਦੇ ਨੇ ਉਨ੍ਹਾਂ ਦੇ ਚਿਹਰਿਆਂ ਤੇ ਖੁਸ਼ੀ ਲਿਆਉਣ ਲਈ ਉਨ੍ਹਾਂ ਦੀ ਜੰਮਣ ਭੋਈਂ ਵੇਖਣ ਦੀ ਖੁੱਲ ਦੇ ਕੇ ਉਨ੍ਹਾਂ ਨੂੰ ਹੋਰ ਜਿਊਣ ਜੋਗਾ ਕਰ ਦਿੱਤਾ ਜਾਵੇ।

**ਰਿਪੋਰਟ ਅਤੇ ਤਸਵੀਰਾਂ- ਅੰਜੁਮ ਗਿੱਲ**

# 24 ਫਰਵਰੀ ਲਈ ਸ਼੍ਰੀ ਗੁਰੂ ਰਵਿਦਾਸ ਜੀ ਦੇ ਪ੍ਰਗਟ ਉਤਸਵ ਸਬੰਧੀ ਵਿਸ਼ੇਸ਼

**(ਸਫਾ 23 ਦੀ ਬਾਕੀ)**

ਰਵਿਦਾਸ ਦਾਸ ਪ੍ਰਾਧੀਨ ਸੋਂ ਕੌਣ ਕਰੈ ਹੈ ਪ੍ਰੀਤ।
ਪ੍ਰਾਧੀਨ ਕੋ ਦੀਨ ਕਿਆ ਪਰਾਧੀਨ ਬੇਦੀਨ।
ਰਵਿਦਾਸ ਦਾਸ ਪਰਾਧੀਨ ਕੋ ਸਭਹੀ ਸਮਝੇ ਹੀਨ।
ਰਵਿਦਾਸ ਮਨੁੱਖ ਕਰਿ ਵਸਨ ਕੂੰ ਸੁਖਕਰ ਹੈਂ ਦੂਈ ਠਾਂਵ।
ਇੱਕ ਸੁੱਖ ਹੈ ਸਵਰਾਜ ਮੰਹਿ ਦੂਸਰ ਮਰਘਟ ਗਾਂਵ।

ਆਪ ਨੇ ਉਸ ਵੇਲੇ ਫੈਲੀ ਮੰਨੂਵਾਦੀ ਪ੍ਰਥਾ ਜਿਸ ਵਿੱਚ ਸਿਰਫ ਜਾਤ ਦੇ ਅਧਾਰ ਤੇ ਇੱਕ ਬ੍ਰਾਹਮਣ ਨੂੰ ਸਭਤੋਂ ਵੱਧ ਪੂਜਨੀਕ ਅਤੇ ਸਨਮਾਨਯੋਗ ਮੰਨਿਆ ਜਾਂਦਾ ਸੀ ਦਾ ਵੀ ਕਰੜ੍ਹਾ ਵਿਰੋਧ ਕੀਤਾ:

ਬ੍ਰਾਹਮਣ ਮਤ ਪੂਜੀਏ ਜੋ ਹੋਵੈ ਗੁਣਹੀਨ।।
ਪੂਜੀਏ ਚਰਣ ਚੰਡਾਲ ਕੇ ਜੋ ਹੋਵੈ ਗੁਣ ਪ੍ਰਵੀਨ।।

ਆਪ ਨੂੰ ਅਛੂਤ ਵਰਗ ਅਤੇ ਨੀਂਵੀਂ ਜਾਤ ਨਾਲ ਸਬੰਧਿਤ ਹੋਣ ਤੇ ਕੋਈ ਵੀ ਦੁੱਖ ਅਤੇ ਹੀਣ ਭਾਵਨਾ ਨਹੀਂ ਸੀ ਅਤੇ ਆਪ ਨੇ ਸਪੱਸ਼ਟ ਕਿਹਾ ਹੈ:

ਰਾਜਾ ਰਾਮ ਕੀ ਸੇਵ ਨ ਕੀਨੀ ਕਹਿ ਰਵਿਦਾਸ ਚਮਾਰਾ।।

ਆਪ ਨੇ ਅੰਧਵਿਸ਼ਵਾਸ਼ ਦਾ ਵੀ ਡਟਕੇ ਵਿਰੋਧ ਕੀਤਾ ਹੈ ਅਤੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਹੈ:-

ਜਹਾਂ ਅੰਧ ਵਿਸ਼ਵਾਸ ਹੈ, ਸਚਿ ਪਰਖ ਤਹਿ ਨਾਹੀ।
ਰਵਿਦਾਸ ਸਚਿ ਸੋਈ ਜਾਨਿ, ਜੋ ਅਨੁਭਵ ਹੋਵਿ ਮਨ ਮਾਹ।

ਇੱਕ ਵਾਰ ਗੁਰੂ ਜੀ ਦੇ ਕੁੱਝ ਪੈਰੋਕਾਰਾਂ ਨੇ ਪਵਿੱਤਰ ਗੰਗਾ ਨਦੀ ਵਿੱਚ ਇਸ਼ਨਾਨ ਕਰਨ ਲਈ ਕਿਹਾ ਤਾਂ ਆਪ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਉਸਨੇ ਆਪਣੇ ਇੱਕ ਗਾਹਕ ਨੂੰ ਜੁੱਤੀ ਦੇਣ ਦਾ ਵਾਅਦਾ ਕੀਤਾ ਸੀ ਇਸ ਲਈ ਹੁਣ ਇਹ ਉਸਦੀ ਮੁੱਖ ਜ਼ਿੰਮੇਵਾਰੀ ਹੈ। ਰਵਿਦਾਸ ਜੀ ਦੇ ਇੱਕ ਪੈਰੋਕਾਰ ਨੇ ਉਹਨਾਂ ਨੂੰ ਦੁਬਾਰਾ ਬੇਨਤੀ ਕੀਤੀ ਤਾਂ ਉਹਨਾਂ ਕਿਹਾ ਕਿ ਉਹਨਾਂ ਦਾ ਮੰਨਣਾ ਹੈ ਕਿ 'ਮਨ ਚੰਗਾ, ਤੋ ਕਠੋਟੀ ਮੇਂ ਗੰਗਾ' ਭਾਵ ਸ਼ਰੀਰ ਨੂੰ ਪਵਿੱਤਰ ਨਦੀ ਵਿੱਚ ਇਸ਼ਨਾਨ ਕਰਨ ਦੀ ਨਹੀਂ ਆਤਮਾ ਨੂੰ ਸ਼ੁੱਧ ਕਰਨ ਦੀ ਲੋੜ ਹੈ। ਜੇਕਰ ਸਾਡੀ ਆਤਮਾ ਸ਼ੁੱਧ ਹੈ ਤਾਂ ਅਸੀਂ ਘਰ ਵਿੱਚ ਇਸ਼ਨਾਨ ਕਰਕੇ ਵੀ ਪੂਰੀ ਤਰ੍ਹਾਂ ਪਵਿੱਤਰ ਹੋ ਸਕਦੇ ਹਾਂ। ਉਨ੍ਹਾਂ ਨੇ ਲੋਕਾਂ ਨੂੰ ਇਹ ਸੰਦੇਸ਼ ਦਿੱਤਾ ਕਿ ਰੱਬ ਨੇ ਮਨੁੱਖ ਨੂੰ ਬਣਾਇਆ ਹੈ ਨਾ ਕਿ ਮਨੁੱਖ ਨੇ ਰੱਬ ਨੂੰ ਬਣਾਇਆ ਹੈ ਭਾਵ ਇਸ ਧਰਤੀ ਤੇ ਹਰ ਕੋਈ ਰੱਬ ਦੁਆਰਾ ਬਣਾਇਆ ਗਿਆ ਹੈ ਅਤੇ ਸਾਰਿਆਂ ਦੇ ਬਰਾਬਰ ਅਧਿਕਾਰ ਹਨ। ਆਪ ਨੇ ਲੋਕਾਂ ਨੂੰ ਸਰਬ ਸਾਂਝੀਵਾਲਤਾ ਅਤੇ ਸਹਿਣਸ਼ੀਲਤਾ ਦਾ ਗਿਆਨ ਦਿੱਤਾ। ਆਪ ਨੇ ਇਸ ਸੰਸਾਰ ਦੀ ਤੁਲਨਾ ਕਸੁੰਭੇ ਦੇ ਫੁੱਲ ਨਾਲ ਕੀਤੀ ਅਤੇ ਕਿਹਾ:

ਜੈਸਾ ਰੰਗ ਕਸੁੰਭ ਕਾ ਤੈਸਾ ਇਹੁ ਸੰਸਾਰੁ।।
ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ।।

ਆਪ ਨੇ ਸਭ ਨੂੰ ਮਿਲਕੇ ਇਕੱਠੇ ਰਹਿਣ ਲਈ ਕਿਹਾ ਹੈ:

ਸਤ ਸੰਗਤਿ ਮਿਲਿ ਰਹੀਐ ਮਾਧਉ, ਜੈਸੇ ਮਧੁਪ ਮਖੀਰਾ।।

ਆਪ ਨੇ ਬਾਣੀ ਰਾਹੀਂ ਜਾਗਰੂਕ ਕਰਕੇ ਸਦੀਆਂ ਤੋਂ ਲਤਾੜੇ ਲੋਕਾਂ ਨੂੰ ਸਮਾਜ ਦਾ ਪੁਨਰ ਨਿਰਮਾਣ ਕਰਕੇ ਸਮੁੱਚੀ ਮਾਨਵਤਾ ਲਈ ਬਰਾਬਰਤਾ, ਸੁਤੰਤਰਤਾ, ਆਪਸੀ ਏਕਤਾ, ਪਿਆਰ ਦੀ ਭਾਵਨਾ ਪੈਦਾ ਕਰਨ ਦਾ ਸੁਨੇਹਾ ਦਿਤਾ। ਆਪ ਨੇ ਸਮਾਜਿਕ, ਰਾਜਨੀਤਿਕ, ਧਾਰਮਿਕ, ਆਰਥਿਕ ਗੁਲਾਮੀ ਵਿਰੁੱਧ ਅਵਾਜ਼ ਬੁਲੰਦ ਕੀਤੀ। ਆਪ ਨੇ ਅੰਧ ਵਿਸ਼ਵਾਸ਼ਾਂ ਅਤੇ ਪਾਖੰਡਾਂ ਦੀ ਸੱਖਤ ਆਲੋਚਨਾ ਕੀਤੀ ਅਤੇ ਅਖੌਤੀ ਕਰਮਕਾਂਡਾਂ ਦਾ ਵਿਰੋਧ ਕੀਤਾ। ਆਪ ਨੇ ਮਹਿਲਾਵਾਂ ਨਾਲ ਹੋਏ ਵਿਤਕਰੇ ਅਤੇ ਹੱਕਾਂ ਤੋਂ ਬਾਂਝੇ ਰੱਖਣ ਦਾ ਵਿਰੋਧ ਕੀਤਾ ਅਤੇ ਉਨ੍ਹਾਂ ਲਈ ਬੰਦ ਪਏ ਧਰਮ ਦੇ ਦਰਵਾਜ਼ੇ ਖੋਲੇ। ਆਪ ਨੇ ਆਰਤੀ ਦੁਆਰਾ ਧਾਰਮਿਕ ਆਡੰਬਰ ਅਤੇ ਪਖੰਡਾਂ ਦਾ ਸੱਖਤ ਵਿਰੋਧ ਕੀਤਾ। ਗੁਰੂ ਰਵਿਦਾਸ ਵਲੋਂ ਲਿਖੇ ਨਾਮ ਤੇਰੋ ਆਰਤੀ ਕਰਮ-ਕਾਂਡਾਂ ਦਾ ਖੰਡਨ ਕਰਦਾ ਹੈ, ਨਾਮ ਤੋਂ ਬਿਨਾ ਸਾਰੇ ਪੂਜਾ ਪਾਠ ਦੀਆਂ ਸਮਗਰੀਆਂ ਆਦਿ ਨੂੰ ਝੂਠ ਦਰਸਾਉਦਾ ਹੈ, ਮੂਰਤੀ ਪੂਜਾ ਕਰਨ ਅਤੇ ਮੂਰਤੀਆਂ ਨੂੰ ਭੋਗ ਲਗਵਾਉਣ ਤੋਂ ਵਰਜਦਾ ਹੈ, ਨਾਮ ਤੋਂ ਬਿਨਾਂ ਹੋਰ ਜਿਹੜੀਆਂ ਵਸਤਾਂ ਦੇ ਨਾਮ ਇਸ ਸ਼ਬਦ ਵਿੱਚ ਆਏ ਹਨ ਉਨ੍ਹਾਂ ਸਾਰੀਆਂ ਵਸਤਾਂ ਤੇ ਕਰਮ ਕਾਂਡਾ ਨੂੰ ਛੱਡਣ ਲਈ ਕਿਹਾ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਰਾਮ ਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਕਈ ਭੱਟਾਂ ਅਤੇ ਭਗਤਾਂ ਨੇ ਵੀ ਗੁਰੂ ਆਪ ਦੀ ਉਪਮਾ ਕੀਤੀ ਹੈ। ਆਪ ਦੇ ਅੰਤਿਮ ਸਮੇਂ ਬਾਰੇ ਕੋਈ ਠੋਸ ਪ੍ਰਮਾਣਿਕ ਜਾਣਕਾਰੀ ਨਹੀਂ ਮਿਲਦੀ ਹੈ।

ਬਹੁਤੇ ਇਤਿਹਾਸਕਾਰਾਂ ਅਨੁਸਾਰ ਆਪ ਲੱਗਭੱਗ 151 ਸਾਲ ਦੀ ਆਯੂ ਭੋਗਕੇ 1528 ਇਸਵੀ ਨੂੰ ਜੋਤੀ ਜੋਤ ਸਮਾ ਗਏ। ਚਿਤੌੜਗੜ੍ਹ ਵਿੱਚ ਮੀਰਾਂ ਬਾਈ ਦੇ ਮੰਦਿਰ ਦੇ ਬਾਹਰ ਬਣੀ ਛੱਤਰੀ ਹੇਠਾਂ ਆਪ ਦੇ ਚਰਨ ਕਮਲਾਂ ਦੇ ਨਿਸ਼ਾਨ ਮੌਜੂਦ ਹਨ। ਵੱਖ ਵੱਖ ਇਤਿਹਾਸਕਾਰਾਂ ਅਤੇ ਬੁੱਧੀਜੀਵੀਆਂ ਵਲੋਂ ਗੁਰੂ ਰਵਿਦਾਸ ਨਾਲ ਜੁੜ੍ਹੇ ਧਾਰਮਿਕ ਸਥਾਨਾਂ ਦੀ ਖੋਜ ਕਰਕੇ ਉਨ੍ਹਾਂ ਨੂੰ ਵਿਕਸਿਤ ਕੀਤਾ ਜਾ ਰਿਹਾ ਹੈ। ਦੇਸ਼ ਵਿਦੇਸ਼ ਵਿੱਚ ਵੱਖ ਵੱਖ ਥਾਵਾਂ ਤੇ ਗੁਰੂ ਰਵਿਦਾਸ ਸਬੰਧੀ ਧਾਰਮਿਕ ਸਥਾਨ ਉਸਾਰੇ ਗਏ ਹਨ। ਵੱਖ ਵੱਖ ਸੰਗਠਨਾਂ ਵਲੋਂ ਗੁਰੂ ਰਵਿਦਾਸ ਬਾਰੇ ਕਿਤਾਬਾਂ ਲਿਖੀਆਂ ਗਈਆਂ ਹਨ। ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂ ਵਾਰਾਨਸੀ ਵਿੱਚ ਗੁਰੂ ਰਵਿਦਾਸ ਜੀ ਦੇ ਪ੍ਰਗਟ ਉਤਸਵ ਤੇ ਪਹੁੰਚਦੇ ਹਨ। ਇਸ ਸਬੰਧੀ ਡੇਰਾ ਸੱਚਖੰਡ ਬੱਲਾਂ ਦੇ ਪ੍ਰਬੰਧਕਾਂ ਦੀ ਅਗਵਾਈ ਵਿੱਚ ਪੰਜਾਬ ਦੇ ਜਲੰਧਰ ਸ਼ਹਿਰ ਤੋਂ ਵਾਰਾਨਸੀ ਲਈ ਵਿਸ਼ੇਸ਼ ਰੇਲ ਗੱਡੀਆਂ ਚੱਲਦੀਆਂ ਹਨ ਅਤੇ ਵੱਡੀ ਗਿਣਤੀ ਵਿੱਚ ਲੋਕ ਵਾਰਾਨਸੀ ਜਾਂਦੇ ਹਨ। ਸਰਕਾਰ ਵਲੋਂ ਸਮੇਂ ਸਮੇਂ ਤੇ ਵਾਰਾਨਸੀ ਵਿੱਚ ਗੁਰੂ ਰਵਿਦਾਸ ਦੀ ਯਾਦ ਵਿੱਚ ਕਈ ਪ੍ਰੋਜੈਕਟ ਬਣਾਏ ਗਏ ਹਨ। ਵਾਰਾਨਸੀ ਵਿੱਚ ਗੁਰੂ ਰਵਿਦਾਸ ਦਾ ਇੱਕ ਵਿਸ਼ਾਲ ਮੰਦਰ ਹੈ ਜਿੱਥੇ ਹਰ ਸਾਲ ਲੱਖਾਂ ਲੋਕ ਵੱਖ ਵੱਖ ਥਾਵਾਂ ਤੋਂ ਪਹੁੰਚਦੇ ਹਨ। ਵਾਰਾਨਸੀ ਵਿੱਚ ਸ਼੍ਰੀ ਗੁਰੂ ਰਵਿਦਾਸ ਪਾਰਕ ਹੈ ਜੋ ਕਿ ਉਨ੍ਹਾਂ ਦੀ ਯਾਦ ਵਿੱਚ ਬਣਾਇਆ ਗਿਆ ਹੈ ਜਿਸਦਾ ਨਾਮ "ਗੁਰੂ ਰਵਿਦਾਸ ਮੈਮੋਰੀਅਲ ਐਂਡ ਪਾਰਕ'' ਰੱਖਿਆ ਗਿਆ ਹੈ।

ਸਰਕਾਰ ਦੁਆਰਾ ਗੰਗਾ ਨਦੀ ਦੇ ਕਿਨਾਰੇ ਵਾਰਾਣਸੀ ਦੇ ਪਾਰਕ ਦੇ ਨਾਲ ਬਣੇ ਘਾਟ ਦਾ ਨਾਮ ਉਨ੍ਹਾਂ ਦੇ ਨਾਮ ਤੇ ਗੁਰੂ ਰਵਿਦਾਸ ਘਾਟ ਰੱਖਿਆ ਗਿਆ ਹੈ। ਗਿਆਨਪੁਰ ਜ਼ਿਲ੍ਹੇ ਦੇ ਨੇੜੇ ਨਗਰ ਜਿਸਦਾ ਪਹਿਲਾਂ ਨਾਮ ਭਦੋਹੀ ਸੀ ਹੁਣ ਇਸਦਾ ਨਾਮ ਸੰਤ ਰਵਿਦਾਸ ਨਗਰ ਰੱਖਿਆ ਗਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੱਧ ਪ੍ਰਦੇਸ਼ ਦੇ ਸਾਗਰ ਜ਼ਿਲ੍ਹੇ ਦੇ ਪਿੰਡ ਬਡਤੁਮਾ ਵਿੱਚ 100 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਨਾਲ ਬਣਨ ਵਾਲੀ ਗੁਰੂ ਰਵਿਦਾਸ ਜੀ ਦੀ ਯਾਦਗਾਰ ਦਾ ਨੀਂਹ ਪੱਥਰ ਰੱਖਿਆ ਹੈ। ਉਨ੍ਹਾਂ ਕਿਹਾ ਇਹ ਸਮਾਰਕ 'ਸਮਰਸਤਾ' ਦੀ ਭਾਵਨਾ ਨਾਲ ਭਰਪੂਰ ਹੈ ਕਿਉਂਕਿ ਇਸ ਵਿੱਚ 20000 ਤੋਂ ਵੱਧ ਪਿੰਡਾਂ ਦੀ ਮਿੱਟੀ ਅਤੇ 300 ਦਰਿਆਵਾਂ ਦੇ ਪਾਣੀ ਦੀ ਵਰਤੋਂ ਕੀਤੀ ਗਈ ਹੈ। ਮੱਧ ਪ੍ਰਦੇਸ਼ ਦੇ ਪਰਿਵਾਰਾਂ ਨੇ 'ਸਮਰਾਸਤ ਭੋਜ' ਲਈ ਅਨਾਜ ਭੇਜਿਆ ਹੈ ਅਤੇ ਪੰਜ ਯਾਤਰਾਵਾਂ ਵੀ ਇੱਥੇ ਸਮਾਪਤ ਹੋਈਆਂ। ਇਹ ਯਾਤਰਾਵਾਂ ਸਮਾਜਿਕ ਸਦਭਾਵਨਾ ਦੇ ਨਵੇਂ ਯੁੱਗ ਦੀ ਨਿਸ਼ਾਨਦੇਹੀ ਕਰਦੀਆਂ ਹਨ।'' ਇਹ ਮੰਦਰ 10000 ਵਰਗ ਫੁੱਟ ਵਿੱਚ ਨਗਰ ਸ਼ੈਲੀ ਵਿੱਚ ਬਣਾਇਆ ਜਾਵੇਗਾ ਅਤੇ ਇੱਕ ਅਜਾਇਬ ਘਰ ਵੀ ਬਣਾਇਆ ਜਾਵੇਗਾ। ਭੋਪਾਲ ਦੇ ਗੋਵਿੰਦਪੁਰਾ ਵਿਖੇ ਇੱਥੇ ਬਣਾਏ ਜਾ ਰਹੇ ਗਲੋਬਲ ਸਕਿੱਲ ਪਾਰਕ ਨੂੰ ਗੁਰੂ ਰਵਿਦਾਸ ਦੇ ਨਾਂ ਤੇ ਰੱਖਿਆ ਗਿਆ ਹੈ।

ਪੰਜਾਬ ਸਰਕਾਰ ਵਲੋਂ ਗੁਰੂ ਰਵਿਦਾਸ ਦੇ ਨਾਮ ਤੇ ਆਯੂਰਵੈਦ ਯੁਨੀਵਰਸਿਟੀ ਬਣਾਈ ਗਈ ਹੈ, ਵੱਖ ਵੱਖ ਯੂਨੀਵਰਸਿਟੀਆਂ ਵਿੱਚ ਚੇਅਰਾਂ ਸਥਾਪਿਤ ਕੀਤੀਆਂ ਗਈਆਂ ਹਨ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸਰਦਾਰ ਰਨਜੀਤ ਸਿੰਘ ਚੰਨੀ ਨੇ ਡੇਰਾ ਸੱਚਖੰਡ ਬੱਲਾਂ ਜਲੰਧਰ ਵਿਖੇ ਸਤਿਗੁਰੂ ਰਵਿਦਾਸ ਬਾਣੀ ਅਧਿਐਨ ਕੇਂਦਰ ਲਈ 25 ਕਰੋੜ ਦੀ ਗਰਾਂਟ ਦਿਤੀ ਸੀ ਜੋ ਚੋਣ ਜਾਬਤਾ ਲੱਗਣ ਕਾਰਨ ਰੱਦ ਹੋ ਗਈ ਅਤੇ ਸਰਕਾਰ ਬਦਲਣ ਤੋਂ ਬਾਦ ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 25 ਮਾਰਚ 2023 ਨੂੰ ਇਹ ਗਰਾਂਟ ਦਾ ਚੈੱਕ ਇਸ ਡੇਰਾ ਮੁੱਖੀ ਨੂੰ ਦਿਤਾ ਸੀ ਪਰੰਤੂ ਅਜੇ ਤੱਕ ਇਸ ਵਿੱਚੋਂ ਵੀ ਕੋਈ ਖਰਚਾ ਨਹੀਂ ਹੋਇਆ ਹੈ। ਦੇਸ਼ ਦੇ ਨਾਲ-ਨਾਲ ਵਿਦੇਸ਼ਾਂ ਵਿਚ ਵੀ ਉਨ੍ਹਾਂ ਦੇ ਨਾਮ ਤੇ ਕਈ ਸਮਾਰਕ ਬਣਾਏ ਗਏ ਹਨ। ਪੰਜਾਬ ਸਰਕਾਰ ਵਲੋਂ ਸ਼੍ਰੀ ਗੁਰੂ ਰਵਿਦਾਸ ਦੀ ਚਰਨ ਛੋਹ ਪ੍ਰਾਪਤ ਧਰਤੀ ਪਿੰਡ ਖੁਰਾਲੀ ਦਾ ਨਾਮ ਸ਼੍ਰੀ ਖੁਰਾਲਗੜ੍ਹ ਸਾਹਿਬ ਰੱਖਿਆ ਗਿਆ ਹੈ ਅਤੇ ਯਾਦਗਾਰ ਸਥਾਪਿਤ ਕਰਨ ਲਈ ਸਾਲ 2016 ਵਿੱਚ 16 ਏਕੜ ਜਮੀਨ ਵਿੱਚ ਲੱਗਭੱਗ 110 ਕਰੋੜ੍ਹ ਦਾ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ ਜਿਸ ਵਿੱਚ 151 ਫੁੱਟ ਉੱਚਾ ਮਿਨਾਰ ਏ ਬੇਗਮਪੁਰਾ ਬਣਾਇਆ ਜਾਵੇਗਾ ਜਿਸਨੂੰ ਜੂਨ 2021 ਤੱਕ ਮੁਕੰਮਲ ਕਰਨ ਦਾ ਟੀਚਾ ਰੱਖਿਆ ਗਿਆ ਸੀ ਜੋਕਿ ਅਜੇ ਤੱਕ ਵੀ ਪੂਰਾ ਨਹੀਂ ਹੋ ਸਕਿਆ ਹੈ। ਦੇਸ਼ ਦੀ ਰਾਜਧਾਨੀ ਦਿੱਲੀ ਦੇ ਤੁਗਲਕਾਬਾਦ ਵਿੱਚ ਬਣੇ ਸ਼੍ਰੀ ਗੁਰੂ ਰਵਿਦਾਸ ਦੇ ਇਤਿਹਾਸਿਕ ਮੰਦਿਰ ਨੂੰ ਸਰਕਾਰ ਵਲੋਂ ਢਾਹਿਆ ਗਿਆ ਹੈ ਅਤੇ ਜਦੋਂ ਦੇਸ਼ ਵਿਦੇਸ਼ ਦੇ ਲੋਕਾਂ ਨੇ ਇਸ ਸਬੰਧੀ ਰੋਸ ਪ੍ਰਦਰਸ਼ਨ ਕੀਤਾ ਤਾਂ ਸਰਕਾਰ ਨੇ 2019 ਵਿੱਚ 400 ਵਰਗ ਮੀਟਰ ਜਗ੍ਹਾ ਅਲਾਟ ਕੀਤੀ ਸੀ। ਹੁਣ ਦਿੱਲੀ ਡਿਵੈਲਪਮੈਂਟ ਅਥਾਰਟੀ ਵਲੋਂ ਮਿਤੀ 27 ਅਕਤੂਬਰ 2021 ਨੂੰ ਭੇਜੇ ਗਏ ਇੱਕ ਪੱਤਰ ਅਨੁਸਾਰ ਇਸ ਜਗ੍ਹਾ ਦੀ 30 ਸਾਲ ਲਈ ਲੀਜ ਦੇ 43366765/- ਰੁਪਏ ਦੀ ਮੰਗ ਕੀਤੀ ਗਈ। ਸਾਲ 2022 ਵਿੱਚ ਪੰਜਾਬ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਦੀਆਂ ਚੋਣਾਂ ਲਈ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਉਤਸਵ ਨੂੰ ਵੇਖਦੇ ਹੋਏ ਚੋਣਾਂ ਦੀ ਮਿਤੀ ਬਦਲਕੇ 20 ਫਰਵਰੀ ਰੱਖੀ ਗਈ ਸੀ। ਸਮੁੱਚੇ ਵਿਸ਼ਵ ਵਿੱਚ ਭਾਈਚਾਰਕ ਸਾਂਝ ਅਤੇ ਸ਼ਾਂਤੀ ਦੀ ਸਥਾਪਨਾ ਦੇ ਨਾਲ-ਨਾਲ ਗੁਰੂ ਰਵਿਦਾਸ ਦਾ ਪ੍ਰਕਾਸ਼ ਉਤਸਵ ਉਨ੍ਹਾਂ ਦੇ ਪੈਰੋਕਾਰਾਂ ਨੂੰ ਦਿੱਤੀਆਂ ਮਹਾਨ ਸਿੱਖਿਆਵਾਂ ਨੂੰ ਯਾਦ ਕਰਨ ਲਈ ਮਨਾਇਆ ਜਾਂਦਾ ਹੈ ਪਰੰਤੂ ਗੰਭੀਰ ਚਿੰਤਾ ਦੀ ਗੱਲ ਹੈ ਕਿ ਬਹੁਤੇ ਲੋਕ ਗੁਰੂ ਰਵਿਦਾਸ ਦੀ ਵਿਚਾਧਾਰਾ ਅਤੇ ਉਦੇਸ਼ ਨੂੰ ਭੁਲਾਕੇ ਆਡੰਬਰਵਾਦ ਅਤੇ ਪਾਖੰਡ ਨੂੰ ਹੀ ਅਪਣਾ ਰਹੇ ਹਨ। ਗੁਰੂ ਰਵਿਦਾਸ ਦਾ ਪ੍ਰਗਟ ਉਤਸੱਵ ਮਨਾਉਣ ਦਾ ਅਸਲੀ ਮੰਤਵ ਪੂਰਾ ਕਰਨ ਲਈ ਉਨ੍ਹਾਂ ਵਲੋਂ ਦਿੱਤੀਆਂ ਸਿੱਖਿਆਵਾਂ ਨੂੰ ਅਪਣਾਕੇ ਸਮਾਜ ਵਿੱਚੋਂ ਪਖੰਡਵਾਦ ਦੂਰ ਕਰਕੇ ਬਰਾਬਰਤਾ ਵਾਲਾ ਸਮਾਜ ਉਸਾਰਨਾ ਚਾਹੀਦਾ ਹੈ ਤਾਂ ਜੋ ਬੇਗਮਪੁਰਾ ਦਾ ਸੁਪਨਾ ਪੂਰਾ ਹੋ ਸਕੇ।

# 21 ਫਰਵਰੀ ਲਈ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਸਬੰਧੀ ਵਿਸ਼ੇਸ਼



ਕੁਲਦੀਪ ਚੰਦ
91-9417563054

ਭਾਸ਼ਾ ਮਨੁੱਖ ਲਈ ਸਭ ਤੋਂ ਵੱਡਾ ਵਰਦਾਨ ਹੈ ਜੋ ਵਿਚਾਰਾਂ ਦੇ ਆਦਾਨ ਪ੍ਰਦਾਨ ਰਾਹੀਂ ਇਕ ਸੰਪਰਕ ਸੂਤਰ ਵਿਚ ਪਿਰੋਣ ਦੀ ਸਮਰੱਥਾ ਰਖਦੀ ਹੈ। ਹਰ ਸਮਾਜ ਦੇ ਵਿਕਾਸ ਵਿੱਚ ਮਾਂ ਬੋਲੀ ਅਤੇ ਮਾਤ ਭਾਸ਼ਾ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਮਾਤ ਭਾਸ਼ਾ ਕਿਸੇ ਵੀ ਵਿਅਕਤੀ ਦੀ ਪਹਿਚਾਣ ਦੀ ਪਹਿਲੀ ਨਿਸ਼ਾਨੀ ਹੁੰਦੀ ਹੈ ਅਤੇ ਉਹ ਭਾਸ਼ਾ ਹੁੰਦੀ ਹੈ ਜਿਸ ਵਿੱਚ ਉਸ ਸਮਾਜ ਦੇ ਲੋਕ ਅਪਣੀ ਗੱਲ ਬਾਤ ਇੱਕ ਦੂਜੇ ਨੂੰ ਚੰਗੀ ਤਰਾਂ ਅਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਦੱਸ ਅਤੇ ਸਮਝਾ ਸਕਦੇ ਹਨ। ਵਿਸ਼ਵ ਪੱਧਰ ਤੇ ਲੱਗਭੱਗ 40 ਫੀਸਦੀ ਆਬਾਦੀ ਨੂੰ ਉਸ ਭਾਸ਼ਾ ਦੀ ਸਿੱਖਿਆ ਤੱਕ ਪਹੁੰਚ ਨਹੀਂ ਹੈ ਜੋ ਉਹ ਬੋਲਦੇ ਜਾਂ ਸਮਝਦੇ ਹਨ ਫਿਰ ਵੀ ਬਹੁ-ਭਾਸ਼ਾਈ ਸਿੱਖਿਆ ਵਿੱਚ ਇਸਦੀ ਮਹੱਤਤਾ ਦੀ ਵੱਧਦੀ ਸਮਝ ਖਾਸ ਤੌਰ ਤੇ ਸ਼ੁਰੂਆਤੀ ਸਕੂਲ ਵਿੱਚ ਅਤੇ ਜਨਤਕ ਜੀਵਨ ਵਿੱਚ ਇਸਦੇ ਵਿਕਾਸ ਲਈ ਵਧੇਰੇ ਬਚਨਵੱਧਤਾ ਨਾਲ ਤਰੱਕੀ ਕੀਤੀ ਜਾ ਰਹੀ ਹੈ। ਕਈ ਵਾਰ ਮਾਤ ਭਾਸ਼ਾ ਨੂੰ ਖਤਮ ਕਰਨ ਲਈ ਹੁੰਦੇ ਹਮਲੇ ਵੀ ਚਰਚਾ ਵਿੱਚ ਰਹਿੰਦੇ ਹਨ। ਇਸਦੀ ਉਦਾਹਰਣ ਹੈ ਕਿ 1947 ਵਿੱਚ ਭਾਰਤ ਦੀ ਵੰਡ ਹੋਣ ਤੋਂ ਬਾਦ ਪਾਕਿਸਤਾਨ ਨੇ ਪੂਰਬੀ ਪਾਕਿਸਤਾਨ ਹੁਣ ਬੰਗਲਾ ਦੇਸ਼ ਵਿੱਚ ਵੀ ਬਾਕੀ ਭਾਸ਼ਾਵਾਂ ਨੂੰ ਅਣਗੋਲਿਆਂ ਕਰਕੇ ਰਾਸ਼ਟਰੀ ਭਾਸ਼ਾ ਉਰਦੂ ਨੂੰ ਹੀ ਸੱਖਤੀ ਨਾਲ ਲਾਗੂ ਕਰ ਦਿੱਤਾ ਜਦਕਿ ਉਸ ਇਲਾਕੇ ਦੇ ਬਹੁਤੇ ਲੋਕ ਬੰਗਾਲੀ ਭਾਸ਼ਾ ਨੂੰ ਹੀ ਤਰਜੀਹ ਦਿੰਦੇ ਸਨ। ਸਾਲ 1952 ਵਿੱਚ ਸਰਕਾਰ ਨੇ ਜਦੋਂ ਬਾਕੀ ਭਾਸ਼ਾਵਾਂ ਤੇ ਪਾਬੰਦੀ ਲਗਾ ਦਿੱਤੀ ਤਾਂ ਢਾਕਾ ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਇਲਾਕੇ ਦੇ ਲੋਕਾਂ ਨੇ ਅੰਦੋਲਨ ਸ਼ੁਰੂ ਕਰ ਦਿੱਤਾ ਜਿਸਨੂੰ ਰੋਕਣ ਲਈ ਪੁਲਿਸ ਨੇ ਗੋਲੀ ਚਲਾਈ ਜਿਸ ਵਿੱਚ ਕਈ ਵਿਅਕਤੀ ਮਾਰੇ ਗਏ। ਅਪਣੀ ਮਾਤ ਭਾਸ਼ਾ ਦੇ ਹੱਕ ਲਈ ਲੜਦੇ ਸ਼ਹੀਦਾਂ ਦੀ ਯਾਦਗਾਰ ਵਿੱਚ ਇਸ ਦਿਨ ਨੂੰ ਵਿਸ਼ੇਸ਼ ਤੋਰ ਤੇ ਯਾਦ ਕੀਤਾ ਜਾਂਦਾ ਹੈ। ਮਾਤ ਭਾਸ਼ਾ ਦੀ ਮਹੱਤਤਾ ਨੂੰ ਸਮਝਦੇ ਹੋਏ ਯੂਨੈਸਕੋ ਮਹਾਂਸਭਾ ਨੇ 1999 ਵਿੱਚ ਇੱਕ ਮਤਾ ਪਾਸ ਕਰਕੇ ਹਰ ਸਾਲ 21 ਫਰਵਰੀ ਦਾ ਦਿਨ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਦੇ ਤੋਰ ਤੇ ਮਨਾਉਣ ਦਾ ਫੈਸਲਾ ਕੀਤਾ। ਇਸ ਦਿਨ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ। ਬਹੁ-ਭਾਸ਼ਾਈ ਅਤੇ ਬਹੁ-ਸੱਭਿਆਚਾਰਕ ਸਮਾਜ ਆਪਣੀਆਂ ਭਾਸ਼ਾਵਾਂ ਰਾਹੀਂ ਮੌਜੂਦ ਹਨ ਜੋ ਰਵਾਇਤੀ ਗਿਆਨ ਅਤੇ ਸਭਿਆਚਾਰਾਂ ਨੂੰ ਟਿਕਾਊ ਤਰੀਕੇ ਨਾਲ ਸੁਰੱਖਿਅਤ ਰੱਖਦੇ ਹਨ। ਭਾਸ਼ਾਈ ਵਿਭਿੰਨਤਾ ਵਧਦੀ ਜਾ ਰਹੀ ਹੈ ਕਿਉਂਕਿ ਕਈ ਭਾਸ਼ਾਵਾਂ ਅਲੋਪ ਹੋ ਰਹੀਆਂ ਹਨ। ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ 2024 ਦਾ ਮੁੱਖ ਥੀਮ "ਬਹੁ-ਭਾਸ਼ੀ ਸਿੱਖਿਆ ਅੰਤਰ-ਪੀੜ੍ਹੀ ਸਿੱਖਿਆ ਦਾ ਇੱਕ ਥੰਮ" ਹੈ। ਲੱਗਭੱਗ 250 ਮਿਲੀਅਨ ਬੱਚੇ ਅਤੇ ਨੌਜਵਾਨ ਅਜੇ ਵੀ ਸਕੂਲ ਨਹੀਂ ਜਾਂਦੇ ਹਨ ਅਤੇ ਲੱਗਭੱਗ 763 ਮਿਲੀਅਨ ਬਾਲਗ ਬੁਨਿਆਦੀ ਸਾਖਰਤਾ ਵਿੱਚ ਮੁਹਾਰਤ ਨਹੀਂ ਰੱਖਦੇ ਹਨ। ਯੂਨੈਸਕੋ ਦੁਆਰਾ ਇਸ ਸਾਲ 21 ਫਰਵਰੀ ਨੂੰ ਆਯੋਜਿਤ ਕੀਤੇ ਜਾਣ ਵਾਲੇ ਸਮਾਗਮ ਵਿੱਚ ਗੁਣਵੱਤਾ ਸਿੱਖਣ ਦੇ ਇੱਕ ਮੁੱਖ ਹਿੱਸੇ ਵਜੋਂ ਬਹੁ-ਭਾਸ਼ਾਈ ਸਿੱਖਿਆ ਤੇ ਵਿਚਾਰ-ਵਟਾਂਦਰੇ ਸ਼ਾਮਲ ਹੋਣਗੇ। ਯੂਨੈਸਕੋ ਦਾ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਦਾ ਜਸ਼ਨ ਟਿਕਾਊ ਵਿਕਾਸ ਟੀਚਾ 4 ਦੀ ਪ੍ਰਾਪਤੀ ਲਈ ਇੱਕ ਥੰਮ ਵਜੋਂ ਬਹੁ-ਭਾਸ਼ਾਈ ਸਿੱਖਿਆ ਨੀਤੀਆਂ ਅਤੇ ਅਭਿਆਸਾਂ ਨੂੰ ਲਾਗੂ ਕਰਨ ਦੀ ਮਹੱਤਤਾ ਨੂੰ ਉਜਾਗਰ ਕਰੇਗਾ। ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਨੇ 2022 ਤੋਂ 2032 ਦੇ ਦਹਾਕੇ ਨੂੰ ਸਵਦੇਸ਼ੀ ਭਾਸ਼ਾਵਾਂ ਦੇ ਅੰਤਰਰਾਸ਼ਟਰੀ ਦਹਾਕੇ ਵਜੋਂ ਘੋਸ਼ਿਤ ਕੀਤਾ ਹੈ। ਮਾਤ-ਭਾਸ਼ਾ ਤੇ ਆਧਾਰਿਤ ਬਹੁ-ਭਾਸ਼ਾਈ ਸਿੱਖਿਆ ਗੈਰ-ਪ੍ਰਭਾਸ਼ਿਤ ਭਾਸ਼ਾਵਾਂ, ਘੱਟ-ਗਿਣਤੀ ਸਮੂਹਾਂ ਦੀਆਂ ਭਾਸ਼ਾਵਾਂ ਅਤੇ ਸਵਦੇਸ਼ੀ ਭਾਸ਼ਾਵਾਂ ਬੋਲਣ ਵਾਲੇ ਆਬਾਦੀ ਸਮੂਹਾਂ ਲਈ ਸਿੱਖਣ ਵਿੱਚ ਪਹੁੰਚ ਅਤੇ ਸ਼ਾਮਲ ਕਰਨ ਦੀ ਸਹੂਲਤ ਦਿੰਦੀ ਹੈ। ਇਸ ਦਿਨ ਦਾ ਵਿਸੇਸ ਮੰਤਬ ਸਿੱਖਿਆ ਨੂੰ ਬਹੁ-ਭਾਸ਼ਾਈ ਸੰਦਰਭਾਂ ਵਿੱਚ ਬਦਲਣ ਦੀ ਲੋੜ ਵਜੋਂ ਬਹੁ-ਭਾਸ਼ਾਈ ਸਿੱਖਿਆ ਨੂੰ ਵਧਾਉਣਾ, ਤੇਜ਼ੀ ਨਾਲ ਬਦਲ ਰਹੀ ਬਹੁ-ਭਾਸ਼ਾਈ ਸਿੱਖਿਆ ਅਤੇ ਬਹੁ-ਭਾਸ਼ਾਈਵਾਦ ਦੁਆਰਾ ਸਿੱਖਣ ਦਾ ਸਮਰਥਨ ਕਰਨਾ, ਵਿਸ਼ਵ ਦੇ ਸੰਦਰਭ ਵਿੱਚ ਅਤੇ ਸੰਕਟ ਦੀਆਂ ਸਥਿਤੀਆਂ ਵਿੱਚ ਅਲੋਪ ਹੋ ਰਹੀਆਂ ਭਾਸ਼ਾਵਾਂ ਨੂੰ ਮੁੜ ਸੁਰਜੀਤ ਕਰਨ ਲਈ ਯੋਗਦਾਨ ਪਾਉਣਾ ਹੈ। ਯੂਨੈਸਕੋ ਮਾਤ-ਭਾਸ਼ਾ ਜਾਂ ਪਹਿਲੀ ਭਾਸ਼ਾ ਤੇ ਆਧਾਰਿਤ ਬਹੁ-ਭਾਸ਼ਾਈ ਸਿੱਖਿਆ ਨੂੰ ਉਤਸ਼ਾਹਿਤ ਕਰਦਾ ਹੈ। ਇਹ ਸਿੱਖਿਆ ਉਸ ਭਾਸ਼ਾ ਵਿੱਚ ਸ਼ੁਰੂ ਹੁੰਦੀ ਹੈ ਜਿਸ ਵਿੱਚ ਸਿਖਿਆਰਥੀ ਸਭ ਤੋਂ ਵੱਧ ਮੁਹਾਰਤ ਹਾਸਲ ਕਰਦਾ ਹੈ ਅਤੇ ਫਿਰ ਹੌਲੀ-ਹੌਲੀ ਹੋਰ ਭਾਸ਼ਾਵਾਂ ਨੂੰ ਸਮਝਦਾ ਹੈ। ਇਹ ਪਹੁੰਚ ਉਹਨਾਂ ਸਿਖਿਆਰਥੀਆਂ ਨੂੰ ਵਿਸ਼ੇਸ ਤੋਰ ਤੇ ਸਮਰੱਥ ਬਣਾਉਂਦੀ ਹੈ ਜਿਨ੍ਹਾਂ ਦੀ ਮਾਤ ਭਾਸ਼ਾ ਪੜ੍ਹਾਈ ਦੀ ਭਾਸ਼ਾ ਤੋਂ ਵੱਖਰੀ ਹੈ ਤਾਂ ਜੋ ਘਰ ਅਤੇ ਸਕੂਲ ਵਿਚਕਾਰ ਵੱਧ ਰਹੇ ਪਾੜੇ ਨੂੰ ਪੂਰਾ ਕੀਤਾ ਜਾ ਸਕੇ, ਸਕੂਲ ਦੇ ਮਾਹੌਲ ਨੂੰ ਇੱਕ ਜਾਣੀ-ਪਛਾਣੀ ਭਾਸ਼ਾ ਵਿੱਚ ਖੋਜਿਆ ਜਾ ਸਕੇ ਅਤੇ ਬਿਹਤਰ ਢੰਗ ਨਾਲ ਸਿੱਖਿਆ ਜਾ ਸਕੇ। ਯੂਨੈਸਕੋ ਦਾ ਮੰਨਣਾ ਹੈ ਕਿ ਸਿੱਖਿਆ ਪਹਿਲੀ ਭਾਸ਼ਾ ਜਾਂ ਮਾਤ ਭਾਸ਼ਾ ਦੇ ਅਧਾਰ ਤੇ ਬਚਪਨ ਤੋਂ ਹੀ ਸ਼ੁਰੂ ਕਰਨੀ ਲਾਜ਼ਮੀ ਹੈ ਕਿਉਂਕਿ ਇਹ ਬਚਪਨ ਦੀ ਸੰਭਾਲ ਅਤੇ ਸਿੱਖਿਆ ਦੀ ਬੁਨਿਆਦ ਹੈ। ਵਿਸ਼ਵ ਵਿੱਚ ਲੱਗਭੱਗ 7000 ਭਾਸ਼ਾਵਾਂ ਹਨ ਜਿਨ੍ਹਾਂ ਵਿੱਚੋਂ ਅੱਧੀਆ ਤੇ ਖਤਮ ਹੋਣ ਦਾ ਖਤਰਾ ਮੰਡਰਾ ਰਿਹਾ ਹੈ। ਇਸਦਾ ਮੁੱਖ ਕਾਰਨ ਹੈ ਕਿ ਜਨਤਕ ਖੇਤਰ ਅਤੇ ਸਿੱਖਿਆ ਪ੍ਰਣਾਲੀ ਦੇ ਖੇਤਰ ਵਿੱਚ ਸਿਰਫ ਗਿਣਤੀ ਦੀਆਂ ਭਾਸ਼ਾਵਾਂ ਨੂੰ ਹੀ ਵਰਤਿਆ ਜਾਂਦਾ ਹੈ ਅਤੇ ਮੌਜੂਦਾ ਡਿਜਟਿਲ ਯੁੱਗ ਵਿੱਚ ਇਨ੍ਹਾਂ ਦੀ ਗਿਣਤੀ ਹੋਰ ਵੀ ਘੱਟ ਗਈ ਹੈ। ਪੰਜਾਬੀ ਭਾਸ਼ਾ ਜੋਕਿ ਸਦੀਆਂ ਪੁਰਾਣੀ ਹੈ ਦੀ ਵਰਤੋਂ ਸਿਰਫ ਪੰਜਾਬ ਅਤੇ ਭਾਰਤ ਵਿੱਚ ਹੀ ਨਹੀਂ ਸਗੋਂ ਦੁਨੀਆਂ ਦੇ ਵੱਖ ਵੱਖ ਹਿੱਸਿਆਂ ਵਿੱਚ ਮਾਣ ਸਤਿਕਾਰ ਨਾਲ ਕੀਤੀ ਜਾਂਦੀ ਹੈ। ਦੇਸ਼ ਨੂੰ ਆਜ਼ਾਦੀ ਮਿਲਣ ਤੱਕ ਪੰਜਾਬੀ ਭਾਸ਼ਾ ਦੀ ਸਰਕਾਰੇ ਦਰਬਾਰੇ ਕੋਈ ਪੁੱਛ ਨਾ ਹੋਣ ਕਾਰਨ ਪੰਜਾਬੀ ਭਾਸ਼ਾ ਫ਼ਾਰਸੀ ਅਤੇ ਹੋਰ ਭਾਸ਼ਾਵਾਂ ਹੇਠ ਵਿਚਰਦੀ ਰਹੀ ਅਜਿਹੇ ਸੰਕਟਕਾਲੀ ਸਮੇਂ ਪੰਜਾਬੀ ਭਾਸ਼ਾ ਵਿੱਚ ਸਾਹਿਤ ਸਿਰਜਣਾ ਕੀਤੀ ਗਈ। ਆਜ਼ਾਦੀ ਤੋਂ ਬਾਦ ਪੰਜਾਬੀ ਭਾਸ਼ਾ ਨੂੰ ਸੰਵਿਧਾਨਕ ਦਰਜਾ ਮਿਲਣ ਕਰਕੇ ਇਸ ਦੇ ਵਿਕਾਸ ਦਾ ਰਾਹ ਪੱਧਰਾ ਹੋਇਆ ਹੈ। ਪੰਜਾਬੀ ਭਾਸ਼ਾ ਨੂੰ ਲੱਗਭੱਗ 8.8 ਕਰੋੜ ਲੋਕ ਵਰਤਦੇ ਹਨ ਅਤੇ ਪੂਰੇ ਸੰਸਾਰ ਵਿੱਚ ਵਰਤੀਆਂ ਜਾਣ ਵਾਲੀਆਂ ਭਾਸ਼ਾਵਾਂ ਵਿੱਚ ਇਹ 10ਵੇਂ ਨੰਬਰ ਤੇ ਹੈ। ਸਾਡੇ ਗੁਆਂਢੀ ਦੇਸ਼ ਪਾਕਿਸਤਾਨ ਵਿੱਚ ਲੱਗਭੱਗ 60 ਫੀਸਦੀ ਅਤੇ ਭਾਰਤ ਵਿੱਚ ਲੱਗਭੱਗ 2.7 ਫਿਸਦੀ ਲੋਕ ਪੰਜਾਬੀ ਭਾਸ਼ਾ ਦੀ ਹੀ ਵਰਤੋਂ ਕਰਦੇ ਹਨ। ਇਹ ਭਾਰਤੀ ਅਤੇ ਪਾਕਿਸਤਾਨੀ ਪੰਜਾਬ ਸੂਬੇ ਦੀ ਸਰਕਾਰੀ ਭਾਸ਼ਾ ਹੈ ਅਤੇ ਭਾਰਤ ਦੇ ਹੀ ਕਈ ਹੋਰ ਰਾਜਾਂ ਵਿੱਚ ਦੂਜੀ ਅਤੇ ਤੀਜੀ ਭਾਸ਼ਾ ਦਾ ਦਰਜਾ ਹਾਸਲ ਹੈ। ਪੰਜਾਬ ਸੂਬਾ ਜਿਸਦੀ ਸਥਾਪਨਾ ਹੀ ਪੰਜਾਬੀ ਭਾਸ਼ਾ ਦੇ ਨਾਮ ਤੇ ਹੋਈ ਹੈ ਵਿੱਚ ਇਹ ਭਾਸ਼ਾ ਅਜੇ ਵੀ ਬਣਦਾ ਮਾਣ ਸਤਿਕਾਰ ਪ੍ਰਾਪਤ ਨਾ ਕਰ ਸਕੀ। ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿੱਚ ਲੋਕਾਂ ਦੇ ਸੰਘਰਸ਼ ਤੋਂ ਬਾਦ ਅਜੇ ਤੱਕ ਵੀ ਪੰਜਾਬੀ ਭਾਸ਼ਾ ਨੂੰ ਸਰਕਾਰੀ ਭਾਸ਼ਾ ਦਾ ਪੂਰਾ ਦਰਜਾ ਹਾਸਲ ਨਹੀਂ ਹੋਇਆ ਹੈ। ਪੰਜਾਬ ਵਿੱਚ ਪੰਜਾਬੀ ਨੂੰ ਪ੍ਰਫੁਲਿਤ ਕਰਨ ਲਈ ਪੰਜਾਬੀ ਭਾਸ਼ਾ ਦਾ ਦਫਤਰੀ ਆਰੰਭ ਰਿਆਸਤ ਪਟਿਆਲਾ ਵਿੱਚ 01 ਜਨਵਰੀ 1948 ਨੂੰ ਹੋਇਆ ਜਦੋਂ ਸਿੱਖਿਆ ਵਿਭਾਗ ਵਿੱਚ ਪੰਜਾਬੀ ਭਾਸ਼ਾ ਦਾ ਸੈਕਸ਼ਨ ਬਣਾਇਆ ਗਿਆ ਜੋਕਿ ਮਗਰੋਂ ਪੰਜਾਬੀ ਵਿਭਾਗ ਹੀ ਬਣ ਗਿਆ। ਪੰਜਾਬੀ ਭਾਸ਼ਾ ਤੇ ਸਾਹਿਤ ਦਾ ਕੇਂਦਰ ਪਟਿਆਲਾ ਬਣਿਆ ਅਤੇ ਪਹਿਲੀ ਲੇਖਕ ਕਾਨਫਰੰਸ ਨੇ ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਸਬੰਧੀ ਵਿਚਾਰਾਂ ਕੀਤੀਆਂ। ਪੈਪਸੂ ਸਰਕਾਰ ਦਾ ਪਹਿਲਾ ਬਜ਼ਟ ਜੋਕਿ 13 ਅਪ੍ਰੈਲ 1949 ਨੂੰ ਤਿਆਰ ਹੋਇਆ ਸੀ ਪੰਜਾਬੀ ਵਿੱਚ ਹੀ ਤਿਆਰ ਕੀਤਾ ਗਿਆ ਸੀ। ਪੰਜਾਬ ਰਾਜ ਪੁਨਰਗਠਨ ਤੋਂ ਬਾਦ ਪੰਜਾਬ ਰਾਜ ਭਾਸ਼ਾ ਐਕਟ 1967 ਵਿੱਚ ਬਣਾਇਆ ਗਿਆ ਜਿਸ ਅਨੁਸਾਰ ਪੰਜਾਬ ਸਰਕਾਰ ਦੇ ਸਾਰੇ ਦਫ਼ਤਰਾ ਵਿੱਚ ਪੰਜਾਬੀ ਵਿੱਚ ਕੰਮ ਕਰਨਾ ਜਰੂਰੀ ਹੈ। 05 ਨਵੰਬਰ 2008 ਨੂੰ ਇਸ ਐਕਟ ਵਿੱਚ ਸੋਧ ਕੀਤੀ ਗਈ ਜਿਸ ਅਨੁਸਾਰ ਸਾਰੇ ਦਫ਼ਤਰਾਂ, ਸਰਕਾਰੀ ਖੇਤਰ ਦੇ ਅਦਾਰਿਆਂ, ਬੋਰਡਾਂ, ਬਾਡੀਜ਼ ਅਤੇ ਰਾਜ ਦੇ ਸਕੂਲਾਂ, ਕਾਲਜ਼ਾਂ ਅਤੇ ਯੂਨੀਵਰਸਿਟੀਆਂ ਦੇ ਦਫ਼ਤਰਾਂ ਵਿੱਚ ਸਾਰਾ ਕੰਮਕਾਜ ਪੰਜਾਬੀ ਵਿੱਚ ਕਰਨਾ ਜਰੂਰੀ ਹੈ। ਸਰਕਾਰ ਵਲੋਂ ਜਾਰੀ ਹਦਾਇਤਾਂ ਅਨੁਸਾਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤਹਿਤ ਸਾਰੀਆਂ ਦਿਵਾਨੀ ਅਤੇ ਫੌਜਦਾਰੀ ਅਦਾਲਤਾਂ, ਸਾਰੀਆਂ ਮਾਲੀ ਅਦਾਲਤਾਂ ਅਤੇ ਕਿਰਾਇਆ ਟਿਬਿਊਨਲਾਂ ਜਾਂ ਪੰਜਾਬ ਸਰਕਾਰ ਵਲੋਂ ਗਠਿਤ ਕੀਤੀਆਂ ਹੋਰ ਸਾਰੀਆਂ ਅਦਾਲਤਾਂ ਜਾਂ ਟਿਬਿਊਨਲਾਂ ਵਿੱਚ ਕੰਮ ਪੰਜਾਬੀ ਭਾਸ਼ਾ ਵਿੱਚ ਕੀਤਾ ਜਾਵੇਗਾ। ਨਵੰਬਰ 2021 ਵਿੱਚ ਪੰਜਾਬ ਦਫਤਰੀ ਭਾਸ਼ਾ ਐਕਟ ਸੋਧ ਬਿਲ 2021 ਪਾਸ ਕੀਤਾ ਗਿਆ ਹੈ ਅਤੇ ਪੰਜਾਬ ਵਿੱਚ ਪਹਿਲੀ ਤੋਂ ਦਸਵੀਂ ਜਮਾਤ ਤੱਕ ਪੰਜਾਬੀ ਪੜ੍ਹਾਉਣਾ ਲਾਜਮੀ ਕੀਤਾ ਗਿਆ ਹੈ ਅਤੇ ਅਜਿਹਾ ਨਾਂ ਕਰਨ ਵਾਲੇ ਵਿਦਿੱਅਕ ਅਦਾਰਿਆਂ ਖਿਲਾਫ ਸੱਖਤ ਕਾਰਵਾਈ ਕਰਨ ਅਤੇ ਭਾਰੀ ਜੁਰਮਾਨੇ ਲਗਾਉਣ ਦੀ ਘੋਸ਼ਣਾ ਕੀਤੀ ਗਈ ਹੈ। ਸਰਕਾਰ ਵਲੋਂ ਪੰਜਾਬ ਦੇ ਸਮੂਹ ਦੱਫਤਰਾਂ ਵਿੱਚ ਕੰਮ ਪੰਜਾਬੀ ਭਾਸ਼ਾ ਵਿੱਚ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਅਤੇ ਅਜਿਹਾ ਨਾਂ ਕਰਨ ਵਾਲੇ ਅਧਿਕਾਰੀਆਂ ਵਿਰੁੱਧ ਜੁਰਮਾਨੇ ਲਗਾਉਣ ਦੀ ਘੋਸ਼ਣਾ ਕੀਤੀ ਗਈ ਹੈ। ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ ਦੇ ਪੱਤਰ ਨੰਬਰ 6/41/19-2 ਸਿੱ.ਸੈਲ/413-423, ਮਿਤੀ 19-02-2020, ਮਿਤੀ 29.11.2021 ਅਤੇ ਮਿਤੀ 4.7.2022 ਰਾਹੀਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਨੂੰ ਮੁੜ ਦੁਹਰਾਂਉਦੇ ਹੋਏ 05 ਦਸੰਬਰ 2022 ਨੂੰ ਸਮੂਹ ਵਿਭਾਗਾਂ ਨੂੰ ਲਿਖਿਆ ਗਿਆ ਹੈ ਕਿ ਪੰਜਾਬ ਵਿੱਚ ਪੰਜਾਬੀ ਨੂੰ ਵਧੇਰੇ ਮਹੱਤਤਾ ਦੇਣ ਲਈ ਸਮੂਹ ਸਰਕਾਰੀ, ਗੈਰ ਸਰਕਾਰੀ ਅਤੇ ਪ੍ਰਾਇਵੇਟ ਅਦਾਰਿਆਂ, ਸੜ੍ਹਕਾਂ, ਨਾਮ ਪੱਟੀਆਂ, ਮੀਲ ਪੱਥਰ/ਸਾਇਨ ਬੋਰਡ ਲਿਖਣ ਸਮੇਂ ਸਭ ਤੋਂ ਉੱਪਰ ਪੰਜਾਬੀ ਭਾਸਾ ਵਿੱਚ ਹੀ ਲਿਖਿਆ ਜਾਵੇ ਅਤੇ 21 ਫਰਵਰੀ 2023 ਤੱਕ ਇਨ੍ਹਾਂ ਹੁਕਮਾਂ ਨੂੰ ਲਾਗੂ ਕੀਤਾ ਜਾਵੇ ਅਤੇ ਹੁਕਮਾਂ ਦੀ ਪਾਲਣਾ ਨਾਂ ਕਰਨ ਦੀ ਸੂਰਤ ਵਿੱਚ ਪੰਜਾਬ ਰਾਜ ਭਾਸ਼ਾ ਐਕਟ ਅਨੁਸਾਰ ਜੁਰਮਾਨਾ ਲਗਾਉਣ ਦੀ ਕਾਰਵਾਈ ਕੀਤੀ ਜਾਵੇ। ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਜਾਂ ਉਸਦੇ ਅਧੀਨ ਇਸ ਮੰਤਬ ਲਈ ਉਸ ਵੱਲੋਂ ਨਾਮਜ਼ਦ ਕੀਤੇ ਗਏ ਅਫ਼ਸਰਾਂ ਕੋਲ ਇਸ ਐਕਟ ਦੀਆਂ ਧਾਰਾਵਾਂ 3 ਅਤੇ 3-ਬੀ ਦੀ ਪਾਲਣਾ ਦਾ ਪਤਾ ਲਗਾਉਣ ਵਾਸਤੇ ਨਿਰਿਖਣ ਕਰਨ ਦਾ ਅਧਿਕਾਰ ਹੈ। ਇਸ ਐਕਟ ਦੀ ਸਮੀਖਿਆ ਅਤੇ ਅਮਲ ਨੂੰ ਯਕੀਨੀ ਬਣਾਉਣ ਲਈ ਇੱਕ ਰਾਜ ਪੱਧਰੀ ਕਮੇਟੀ ਬਣਾਈ ਗਈ ਹੈ, ਜਿਸ ਵਿੱਚ ਸਿੱਖਿਆ ਮੰਤਰੀ ਪੰਜਾਬ ਨੂੰ ਚੇਅਰਪਰਸਨ, ਡਾਇਰੈਕਟਰ ਭਾਸ਼ਾ ਵਿਭਾਗ ਨੂੰ ਕਨਵੀਨਰ ਬਣਾਇਆ ਗਿਆ ਹੈ ਅਤੇ ਇਸ ਤੋਂ ਇਲਾਵਾ ਮੀਡੀਆ ਸਲਾਹਕਾਰ/ਮੁੱਖ ਮੰਤਰੀ ਜਾਂ ਮੁੱਖ ਮੰਤਰੀ ਵੱਲੋਂ ਨਾਮਜ਼ਦ ਨੁਮਾਇੰਦਾ, ਐਡਵੋਕੇਟ ਜਨਰਲ ਪੰਜਾਬ ਜਾਂ ਉਨ੍ਹਾਂ ਦਾ ਨੁਮਾਇੰਦਾ, ਸਕੱਤਰ ਸਕੂਲ ਸਿੱਖਿਆ, ਸਕੱਤਰ ਉਚੇਰੀ ਸਿੱਖਿਆ, ਕਾਨੂੰਨੀ ਮਸ਼ੀਰ ਅਤੇ ਸਕੱਤਰ ਪੰਜਾਬ ਸਰਕਾਰ, ਰਾਜ ਸਰਕਾਰ ਵੱਲੋਂ ਨਾਮਜ਼ਦ ਸਾਹਿਤ ਸਭਾਵਾਂ ਦੇ ਦੋ ਨੁਮਾਇੰਦੇ, ਰਾਜ ਸਰਕਾਰ ਵੱਲੋਂ ਨਾਮਜ਼ਦ ਪੰਜਾਬੀ ਪ੍ਰੈਸ ਨਾਲ ਜੁੜੇ ਤਿੰਨ ਉੱਘੇ ਪ੍ਰਤੀਨਿਧ, ਰਾਜ ਸਰਕਾਰ ਵੱਲੋਂ ਨਾਮਜ਼ਦ ਚਾਰ ਜਨਤਕ ਨੁਮਾਇੰਦੇ ਆਦਿ ਨੂੰ ਮੈਂਬਰ ਬਣਾਇਆ ਗਿਆ ਹੈ। ਇਹ ਰਾਜ ਪੱਧਰੀ ਅਧਿਕਾਰਤ ਕਮੇਟੀ ਹਰ ਛੇ ਮਹੀਨਿਆਂ ਵਿੱਚ ਘੱਟੋ ਘੱਟ ਇੱਕ ਮੀਟਿੰਗ ਕਰੇਗੀ। ਇਸ ਰਾਜ ਪੱਧਰੀ ਕਮੇਟੀ ਨੂੰ ਜ਼ਿਲ੍ਹਾਂ ਪੱਧਰੀ ਕਮੇਟੀ ਨੂੰ ਨਿਰਦੇਸ਼ ਦੇਣ ਦਾ ਅਧਿਕਾਰ ਹੈ। ਹਰ ਜ਼ਿਲ੍ਹੇ ਵਿੱਚ ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਵੀ ਬਣਾਈ ਜਾਵੇਗੀ ਜਿਸ ਵਿੱਚ ਮੁੱਖ ਮੰਤਰੀ ਵੱਲੋਂ ਨਾਮਜ਼ਦ ਸਬੰਧਤ ਜ਼ਿਲ੍ਹੇ ਦੇ ਮੰਤਰੀ ਜਾਂ ਵਿਧਾਇਕ ਨੂੰ ਚੇਅਰਪਰਸਨ, ਡਿਪਟੀ ਕਮਿਸ਼ਨਰ ਨੂੰ ਵਾਇਸ ਚੇਅਰਮੈਨ ਅਤੇ ਜ਼ਿਲ੍ਹਾ ਭਾਸ਼ਾ ਅਫ਼ਸਰ ਨੂੰ ਕਨਵੀਨਰ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਜ਼ਿਲ੍ਹਾ ਸਿੱਖਿਆ ਅਫ਼ਸਰ, ਰਾਜ ਸਰਕਾਰ ਵੱਲੋਂ ਨਾਮਜ਼ਦ ਜ਼ਿਲ੍ਹੇ ਵਿੱਚੋਂ ਪੰਜਾਬੀ ਸਾਹਿਤਕਾਰਾਂ ਦੇ ਦੋ ਪ੍ਰਤੀਨਿਧ, ਰਾਜ ਸਰਕਾਰ ਵੱਲੋਂ ਨਾਮਜ਼ਦ ਪੰਜਾਬੀ ਪੱਤਰਕਾਰੀ ਦੇ ਤਿੰਨ ਨੁਮਾਇੰਦੇ, ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਰਾਜ ਸਰਕਾਰ ਵੱਲੋਂ ਨਾਮਜ਼ਦ ਦੋ ਜਨਤਕ ਨੁਮਾਇੰਦੇ, ਜ਼ਿਲ੍ਹਾ ਅਟਾਰਨੀ ਆਦਿ ਨੂੰ ਮੈਂਬਰ ਬਣਾਇਆ ਗਿਆ ਹੈ। ਇਹ ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਰਾਜ ਸਰਕਾਰ, ਸਰਕਾਰੀ ਖੇਤਰ ਦੇ ਅਦਾਰਿਆਂ, ਬੋਰਡਾਂ ਅਤੇ ਲੋਕਲ ਬਾਡੀਜ਼ ਅਤੇ ਸਕੂਲਾਂ, ਕਾਲਜ਼ਾਂ ਤੇ ਯੂਨੀਵਰਸਿਟੀਆਂ ਦੇ ਦਫ਼ਤਰਾਂ ਵਿੱਚ ਇਸ ਐਕਟ ਦੀਆਂ ਧਾਰਾਵਾਂ ਤੇ ਅਮਲ ਦੀ ਸਮੀਖਿਆਂ ਕਰੇਗੀ ਅਤੇ ਰਾਜ ਪੱਧਰੀ ਅਧਿਕਾਰਤ ਕਮੇਟੀ ਨੂੰ ਆਪਣੀ ਰਿਪੋਰਟ ਭੇਜੇਗੀ। ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਹਰ ਦੋ ਮਹੀਨਿਆਂ ਵਿੱਚ ਇੱਕ ਮੀਟਿੰਗ ਕਰੇਗੀ। ਜੇਕਰ ਕੋਈ ਅਧਿਕਾਰੀ ਜਾਂ ਕਰਮਚਾਰੀ ਇਸ ਐਕਟ ਦੀਆਂ ਧਾਰਾਵਾਂ ਜਾਂ ਇਹਨਾਂ ਤਹਿਤ ਕੀਤੇ ਨੋਟੀਫਿਕੇਸ਼ਨਾਂ ਦੀ ਵਾਰ-ਵਾਰ ਉਲੰਘਣਾ ਕਰਦਾ ਪਾਇਆ ਗਿਆ ਤਾਂ ਪੰਜਾਬ ਸਿਵਲ ਸੇਵਾਵਾਂ (ਦੰਡ ਅਤੇ ਅਪੀਲ) ਨਿਯਮ 1970 ਅਧੀਨ ਕਾਰਵਾਈ ਕੀਤੀ ਜਾ ਸਕਦੀ ਹੈ। ਵਿਭਾਗ ਦਾ ਉਦੇਸ਼ ਪੁਸਤਕ ਪ੍ਰਦਰਸ਼ਨੀਆਂ, ਸੈਮੀਨਾਰ, ਸਾਹਿਤਕ ਮੁਕਾਬਲੇ, ਪੁਸਤਕਾਂ ਅਤੇ ਹੋਰ ਸਾਹਿਤ ਨੂੰ ਇਨਾਮ ਪ੍ਰਦਾਨ ਕਰਨਾ, ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਮਾਸਿਕ ਰਸਾਲੇ ਕੱਢਣਾ, ਵਿਸ਼ਵ ਦੀਆਂ ਸਾਰੀਆਂ ਮਹੱਤਵਪੂਰਨ ਭਾਸ਼ਾਵਾਂ ਦੇ ਨਿਯਮਾਂ, ਰੂਪਾਂ ਅਤੇ ਹੋਰ ਸਰਕਾਰੀ ਸਮੱਗਰੀ ਅਤੇ ਕਲਾਸੀਕਲ ਸਾਹਿਤਕ ਰਚਨਾਵਾਂ ਦਾ ਪੰਜਾਬੀ ਵਿੱਚ ਅਨੁਵਾਦ ਕਰਨਾ, ਕਰਮਚਾਰੀਆਂ ਨੂੰ ਆਪਣੇ ਆਪ ਨੂੰ ਪੰਜਾਬੀ ਵਿੱਚ ਯੋਗ ਬਣਾਉਣ ਦੇ ਯੋਗ ਬਣਾਉਣ ਲਈ ਪੰਜਾਬੀ ਵਿੱਚ ਪ੍ਰੀਖਿਆਵਾਂ ਕਰਵਾਉਣਾ ਅਤੇ ਦਫ਼ਤਰਾਂ ਵਿੱਚ ਪੰਜਾਬੀ ਨੂੰ ਹਰਮਨ ਪਿਆਰਾ ਬਣਾਉਣ ਲਈ ਪੰਜਾਬੀ ਸ਼ਾਰਟਹੈਂਡ ਅਤੇ ਟਾਈਪਰਾਈਟਿੰਗ ਦੀ ਸਿਖਲਾਈ ਦੇਣਾ ਅਤੇ ਭਾਸ਼ਾਈ ਸਰਵੇਖਣ ਕਰਨ ਦੇ ਨਾਲ-ਨਾਲ ਜ਼ਿਲ੍ਹਾ ਪੱਧਰ ਤੇ ਨਾਮਵਰ ਕਵੀਆਂ ਅਤੇ ਲੇਖਕਾਂ ਦੀਆਂ ਜਨਮ ਵਰ੍ਹੇਗੰਢਾਂ ਮਨਾਉਣਾ ਵੀ ਹੈ। ਭਾਸ਼ਾ ਵਿਭਾਗ ਵੱਲੋਂ 15 ਸਾਹਿਤਕਾਰਾਂ-ਕਲਾਕਾਰਾਂ ਨੂੰ ਹਰ ਸਾਲ ਪੰਜਾਬੀ ਸਾਹਿਤ ਰਤਨ ਪੁਰਸਕਾਰ, ਸ਼੍ਰੋਮਣੀ ਪੰਜਾਬੀ ਸਾਹਿਤਕਾਰ ਪੁਰਸਕਾਰ, ਸ਼੍ਰੋਮਣੀ ਪੰਜਾਬੀ ਕਵੀ ਪੁਰਸਕਾਰ, ਸ਼੍ਰੋਮਣੀ ਪੰਜਾਬੀ ਆਲੋਚਕ ਪੁਰਸਕਾਰ, ਸ਼੍ਰੋਮਣੀ ਪੰਜਾਬੀ ਗਿਆਨ ਸਾਹਿਤਕਾਰ ਪੁਰਸਕਾਰ, ਸ਼੍ਰੋਮਣੀ ਪੰਜਾਬੀ ਸਾਹਿਤਕਾਰ (ਵਿਦੇਸ਼ੀ) ਪੁਰਸਕਾਰ, ਸ਼੍ਰੋਮਣੀ ਪੰਜਾਬੀ ਸਾਹਿਤਕਾਰ ਪੁਰਸਕਾਰ (ਪੰਜਾਬੋਂ ਬਾਹਰ), ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਪੁਰਸਕਾਰ, ਸ਼੍ਰੋਮਣੀ ਪੰਜਾਬੀ ਪੱਤਰਕਾਰ ਪੁਰਸਕਾਰ, ਸ਼੍ਰੋਮਣੀ ਰਾਗੀ ਪੁਰਸਕਾਰ, ਸ਼੍ਰੋਮਣੀ ਢਾਡੀ/ਕਵੀਸ਼ਰ ਪੁਰਸਕਾਰ, ਸ਼੍ਰੋਮਣੀ ਪੰਜਾਬੀ ਟੈਲੀਵੀਜ਼ਨ/ਰੇਡੀਓ/ਫ਼ਿਲਮ ਪੁਰਸਕਾਰ, ਸ਼੍ਰੋਮਣੀ ਪੰਜਾਬੀ ਨਾਟਕ/ਥਿਏਟਰ ਪੁਰਸਕਾਰ, ਸ੍ਰੋਮਣੀ ਪੰਜਾਬੀ ਗਾਇਕ/ਸੰਗੀਤਕਾਰ ਪੁਰਸਕਾਰ, ਸ਼੍ਰੋਮਣੀ ਪੰਜਾਬੀ ਸਾਹਿਤਕ ਪੁਰਸਕਾਰ ਦਿਤੇ ਜਾਂਦੇ ਹਨ ਅਤੇ ਸਰਵੋਤਮ ਪੁਸਤਕਾਂ ਦੇ ਲੇਖਕਾਂ ਅਤੇ ਵਧੀਆ ਛਪੀਆਂ ਪੁਸਤਕਾਂ ਦੇ ਪ੍ਰਕਾਸ਼ਕਾਂ ਨੂੰ ਪੁਰਸਕਾਰ ਪ੍ਰਦਾਨ ਕਰਕੇ ਸਾਹਿਤ ਸਿਰਜਣਾ ਦੇ ਖੇਤਰ ਵਿਚ ਉਤਸ਼ਾਹਿਤ ਕੀਤਾ ਜਾਂਦਾ ਹੈ। ਸਾਹਿਤਕਾਰਾਂ ਨੂੰ ਆਪਣੀਆਂ ਰਚਨਾਵਾਂ ਪ੍ਰਕ-ਾਸ਼ਿਤ ਕਰਵਾਉਣ ਅਤੇ ਪੁਸਤਕ ਛਪਵਾਉਣ ਲਈ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ। ਭਾਸ਼ਾ ਅਤੇ ਸਾਹਿਤ ਦੇ ਵਿਕਾਸ ਲਈ ਕੰਮ ਕਰਨ ਵਾਲੀਆਂ ਰਜਿਸਟਰਡ ਸਾਹਿਤ ਸਭਾਵਾਂ ਨੂੰ ਮਾਲੀ ਸਹਾਇਤਾ ਦਿਤੀ ਜਾਂਦੀ ਹੈ। ਵੱਖ-ਵੱਖ ਵਿਸ਼ਿਆਂ ਵਿੱਚ ਪੁਸਤਕ ਲਿਖਣ ਵਾਲੇ ਲੇਖਕਾਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ। ਪ੍ਰਕਾਸ਼ਕਾਂ ਨੂੰ ਉਤਸ਼ਾਹਿਤ ਕਰਨ ਲਈ ਸਨਮਾਨਿਤ ਕੀਤਾ ਜਾਂਦਾ ਹੈ। ਬੱਚਿਆਂ ਨੂੰ ਰੰਗਮੰਚ ਪ੍ਰਤੀ ਉਤਸ਼ਾਹਿਤ ਕਰਨ ਲਈ ਵਿਭਾਗ ਵੱਲੋਂ ਹਰ ਸਾਲ ਡਵੀਜ਼ਨ ਪੱਧਰ ਅਤੇ ਫਿਰ ਰਾਜ ਪੱਧਰ ਤੇ ਨਾਟਕ ਮੁਕਾਬਲੇ ਕਰਵਾਏ ਜਾਂਦੇ ਹਨ ਅਤੇ ਨਾਟਕ ਮੁਕਾਬਲਿਆਂ ਵਿੱਚ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਰਹਿਣ ਵਾਲੇ ਜੇਤੂਆਂ ਨੂੰ ਇਨਾਮ ਦਿੱਤੇ ਜਾਂਦੇ ਹਨ। ਬੱਚਿਆਂ ਵਿੱਚ ਸਾਹਿਤਕ ਰੁਚੀ ਪੈਦਾ ਕਰਨ ਲਈ ਹਰ ਸਾਲ ਪੰਜਾਬੀ ਸਾਹਿਤ ਸਿਰਜਨ/ਕਵਿਤਾ ਗਾਇਨ ਮੁਕਾਬਲੇ ਕਰਵਾਏ ਜਾਂਦੇ ਹਨ ਅਤੇ ਇਨ੍ਹਾਂ ਮੁਕਾਬਲਿਆਂ ਵਿੱਚ ਅੱਵਲ ਰਹਿਣ ਵਾਲੇ ਜੇਤੂਆਂ ਨੂੰ ਇਨਾਮ ਦਿੱਤੇ ਜਾਂਦੇ ਹਨ। ਲੋਕਾਂ ਨੂੰ ਜਾਗ੍ਰਿਤ ਕਰਨ ਲਈ ਨਾਟਕ ਮੇਲੇ ਕਰਵਾਏ ਜਾਂਦੇ ਹਨ। ਕਵੀਆਂ ਨੂੰ ਉਤਸ਼ਾਹਿਤ ਕਰਨ ਲਈ ਪਿੰਡਾਂ/ਸ਼ਹਿਰਾਂ ਅਤੇ ਜ਼ਿਲ੍ਹਾ ਪੱਧਰ ਤੇ ਕਵੀ ਦਰਬਾਰ ਕਰਵਾਏ ਜਾਂਦੇ ਹਨ। ਲੋਕਾਂ ਨੂੰ ਸਾਹਿਤ ਨਾਲ ਜੋੜਨ ਲਈ ਸਾਹਿਤਕ ਮਿਲਣੀਆਂ ਕਰਵਾਈਆਂ ਜਾਂਦੀਆਂ ਹਨ। ਭਾਸ਼ਾ ਵਿਭਾਗ ਵੱਲੋਂ ਹਰ ਸਾਲ ਨਵੰਬਰ ਵਿੱਚ ਪੰਜਾਬੀ ਸਪਤਾਹ ਮਨਾਇਆ ਜਾਂਦਾ ਹੈ ਇਸ ਵਿੱਚ ਪੰਜਾਬ ਦੇ ਸਾਰੇ ਸਰਕਾਰੀ, ਗੈਰ ਸਰਕਾਰੀ ਅਦਾਰਿਆਂ, ਸਾਹਿਤ ਸਭਾਵਾਂ, ਵਿਦਵਾਨ, ਅਧਿਆਪਕਾਂ, ਪ੍ਰਕਾਸ਼ਕਾਂ, ਪਾਠਕਾਂ, ਸਾਹਿਤਕਾਰਾਂ, ਕਲਾਕਾਰਾਂ, ਸਮਾਜ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਵਲੋਂ ਆਪੋ ਆਪਣਾ ਯੋਗਦਾਨ ਪਾਕੇ ਪੰਜਾਬੀਅਤ ਦੇ ਕਾਫ਼ਲੇ ਨੂੰ ਤਰੱਕੀ ਦੀਆਂ ਮੰਜ਼ਿਲਾਂ ਵੱਲ ਵਧਾਉਣ ਲਈ ਕੰਮ ਕੀਤਾ ਜਾਂਦਾ ਹੈ।




(ਬਾਕੀ ਅਗਲੇ ਸਫੇ 'ਤੇ)




ਆਰ ਸੋਨੀ ਦੇ ਸੰਗੀਤ ਵਿੱਚ ਗਾਇਕਾ ਅਮਨ ਕਮਾਮ ਨੇ "ਜਨਮ ਦਿਨ ਕਾਂਸ਼ੀ ਵਾਲੇ ਦਾ " ਧਾਰਮਿਕ ਟਰੈਕ ਸੰਗਤਾਂ ਲਈ ਗਾਇਆ ਹੈ। ਆਰ ਜੇ ਬੀਟਸ ਭਗਤੀ ਵੱਲੋਂ ਮਾਰਕੀਟ ਵਿੱਚ ਲਿਆਂਦੇ ਗਏ ਇਸ ਧਾਰਮਿਕ ਗੀਤ ਨੂੰ ਆਪ ਅਮਨ ਨੇ ਰਚਿਆ ਹੈ ਤੇ ਇਸ ਦਾ ਵੀਡਿਓ ਬਾਬਾ ਕਮਲ ਨੇ ਬਣਾਇਆ ਹੈ। ਪੂਰੀ ਸਾਬ ਤੇ ਮੁਨੀਸ਼ ਸ਼ਰਮਾ ਦੀ ਮਿਹਨਤ ਨਾਲ ਸਹ ਨਿਰਦੇਸ਼ਕ ਕੁਲਵੰਤ ਕਾਂਤੀ ਨੇ ਬਾਬਾ ਕਮਲ ਦੀ ਟੀਮ ਦਾ ਹਿੱਸਾ ਬਣ ਅਮਨ ਦੇ ਇਸ ਗੀਤ ਨੂੰ ਯਾਦਗਾਰ ਬਣਾਉਣ ਵਿੱਚ ਆਪਣਾ ਯੋਗਦਾਨ ਦਿੱਤਾ ਹੈ। ਰਾਜ ਔਜਲਾ ਤੇ ਪੰਮੀ ਯੂ ਐਸ ਏ ਨੇ ਅਮਨ ਨੂੰ ਇਸ ਧਾਰਮਿਕ ਟਰੈਕ ਲਈ ਹਰ ਤਰਾਂ ਨਾਲ ਉਤਸ਼ਾਹਿਤ ਕੀਤਾ ਹੈ। ਕੁਲਦੀਪ ਚੁੰਬਰ ਦੇ ਪਰਚਾਰ ਤੇ ਰਾਮ ਭੋਗ ਪੁਰੀਆ ਦੀ ਪੇਸ਼ਕਾਰੀ ਨਾਲ "ਜਨਮ ਦਿਨ ਕਾਂਸ਼ੀ ਵਾਲੇ ਦਾ" ਟਰੈਕ ਨਾਲ ਅਮਨ ਸੰਗਤਾਂ ਵਿੱਚ ਲੋਕ ਪ੍ਰਿਅ ਹੋ ਗਈ ਹੈ। ਜੈ ਗੁਰੂ ਦੇਵ ਧੰਨ ਗੁਰੂ ਦੇਵ ਆਖਦੀ ਅਮਨ ਨੇ ਕਿਹਾ ਕਿ ਭਵਿੱਖ ਵਿਚ ਵੀ ਓਹ ਅਜਿਹੇ ਟਰੈਕ ਸੰਗਤਾਂ ਸਨਮੁੱਖ ਕਰਦੀ ਰਹੇਗੀ ਤੇ ਓਹ ਆਰ ਜੇ ਭਗਤੀ ਦਾ ਧੰਨਵਾਦ ਕਰਦੀ ਹੈ ਜਿਸ ਨੇ ਸੰਗਤਾਂ ਵਿੱਚ ਓਸ ਦਾ ਨਾਮ ਬਣਾ ਦਿੱਤਾ ਹੈ।

**– ਅੰਮ੍ਰਿਤ ਪਵਾਰ**

# ਅੰਤਰਰਾਸ਼ਟਰੀ ਢਾਡੀ ਜਥਾ ਲੁਧਿਆਣਾ ਨੇ ਗਾਈ ਵਾਰ "ਮੇਰਾ ਗੁਰੂ ਰਵੀਦਾਸ" ਤੇ ਤਨੁ ਆਡੀਓ ਭਗਤੀ ਨੇ ਕੀਤੀ ਰਲੀਜ਼

ਲੁਧਿਆਣਾ ਦਾ ਹਰਮਨਪਿਆਰਾ ਢਾਡੀ ਜਥਾ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਵਾਰ ਨਾਲ ਹਾਜ਼ਰੀ ਭਰ ਸੰਗਤਾਂ ਦੀ ਤਰੀਫ ਪ੍ਰਾਪਤ ਕਰ ਰਿਹਾ ਹੈ। ਨਿਰਮਾਤਾ ਸੁਖਪਾਲ ਸਿੱਧੂ ਨੇ ਕਿਹਾ ਕਿ ਓਹਨਾਂ ਨੇ ਪੂਰੀ




ਸ਼ਰਧਾ ਨਾਲ ਗੁਰੂ ਰਵਿਦਾਸ ਜੀ ਦੀ ਮਹਿਮਾ ਵਾਲੀ ਇਹ ਵਾਰ ਰਲੀਜ਼ ਕਰ ਕਿ ਆਪਣੇ ਆਪ ਨੂੰ ਧੰਨਭਾਗ ਸਮਝਿਆ ਹੈ।ਤਨੂ ਆਡੀਓ ਵੀਡਿਓ ਵਿਚੋਂ ਇਹ ਵਾਰ ਸੰਗਤਾਂ ਤੱਕ ਪਹੁੰਚੀ ਹੈ। ਬੀਬੀ ਰਮਨਦੀਪ ਕੌਰ ਖਾਲਸਾ ਤੇ ਜਥੇਦਾਰ ਰਣਜੀਤ ਸਿੰਘ ਰਾਣਾ ਦੀਆਂ ਮੋਹਕ ਆਵਾਜ਼ਾਂ ਨੇ ਗੁਰੂ ਰਵੀਦਾਸ ਮਹਾਰਾਜ ਜੀ ਦੀ ਮਹਿਮਾ ਨੂੰ ਇਸ ਕਦਰ ਗਾਇਆ ਹੈ ਕਿ ਸੁਣ ਕਿ ਪ੍ਰਸੰਸਾ ਆਪ ਮੁਹਾਰੇ ਕਰਨੀ ਬਣਦੀ ਹੈ। ਪਟਿਆਲੇ ਵਾਲੀ ਹਰਪ੍ਰੀਤ ਕੌਰ ਖਾਲਸਾ ਤੇ ਕੰਗਣਵਾਲ ਵਾਲੀ ਬੀਬੀ ਵੀ ਵਾਰ ਨੂੰ ਆਪਣੀ ਆਪਣੀ ਆਵਾਜ਼ ਨਾਲ ਯਾਦਗਾਰ ਵਾਰ ਬਣਾ ਗਏ ਹਨ। ਕੁਲਦੀਪ ਸਿੰਘ ਦੁੱਗਲ ਨੇ ਸਤਿਗੁਰ ਰਵਿਦਾਸ ਜੀ ਮਹਾਰਾਜ ਦੀ ਉਸਤਿਤ ਨੂੰ ਲਿਖਿਆ ਹੈ। ਤਨੁ ਸਟੂਡੀਓ ਵਿੱਚੋ ਹੀ ਇਸ ਵਾਰ ਨੂੰ ਸੰਗੀਤ ਬਧ ਕੀਤਾ ਗਿਆ ਹੈ। ਸਾਰੰਗੀ ਮਾਸਟਰ ਮਨਜੀਤ ਸਿੰਘ ਦੀ ਸਾਰੰਗੀ ਵਾਰ ਦੀ ਸ਼ੋਭਾ ਕਾਯਮ ਕਰਦੀ ਨਜ਼ਰ ਆਈ ਹੈ। ਲਵੀ ਰੰਧਾਵਾ ਨੇ ਇਹ ਵਾਰ ਮਿਕਸ ਕਰ ਕਿ ਸੰਗਤਾਂ ਲਈ ਯਾਦਗਾਰ ਵਾਰ ਬਣਾਈ ਹਾ। ਲੁਧਿਆਣੇ ਵਾਲਿਆਂ ਦੇ ਢਾਡੀ ਜਥੇ ਦੇ ਨਾਲ ਤਨੁ ਆਡੀਓ ਭਗਤੀ ਦੀ ਇਸ ਯਾਦਗਾਰ ਪੇਸ਼ਕਸ਼ ਲਈ ਸੁਖਪਾਲ ਸਿੱਧੂ ਵੀ ਵਧਾਈ ਦੇ ਪਾਤਰ ਹਨ।

**– ਅੰਮ੍ਰਿਤ ਪਵਾਰ**

# ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਮਿਸ਼ਨ ਨੂੰ ਰੂਪਮਾਨ ਕਰਦਾ ਕਾਵਿ-ਸੰਗ੍ਰਹਿ "ਸੱਚ ਦੀ ਪਰਿਕ੍ਰਮਾ" ਰਿਲੀਜ਼



ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਵਿਚਾਰਧਾਰਾ ਨੂੰ ਰੂਪਮਾਨ ਕਰਦੀ ਨਵਪ੍ਰੀਤ ਦੀ ਪਲੇਠੀ ਕਾਵਿ-ਪੁਸਤਕ 'ਸੱਚ ਦੀ ਪਰਿਕ੍ਰਮਾ' ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ ਰਜਿ। ਵਲੋਂ ਪਿੰਡ ਬਿਨਪਾਲਕੇ ਵਿਖੇ ਰਿਲੀਜ਼ ਕੀਤੀ ਗਈ। ਇਸ ਸਮਾਗਮ ਦੇ ਆਯੋਜਨ ਵਿੱਚ ਪ੍ਰੋਫ਼ੈਸਰ ਮਲਕੀਤ ਜੌੜਾ ਪ੍ਰਧਾਨ ਪੰਜਾਬੀ ਸਾਹਿਤ ਸਭਾ ਭੋਗਪੁਰ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਗਿਆ। ਪੁਸਤਕ ਦੇ ਸਬੰਧ ਵਿੱਚ ਬੋਲਦਿਆਂ ਕਿਸ਼ਨ ਦਾਸ ਮਹੇ ਨੇ ਆਖਿਆ ਕਿ ਇਸ









ਪੁਸਤਕ ਵਿੱਚ ਗੁਰੂ ਰਵਿਦਾਸ ਜੀ ਦੇ ਕ੍ਰਾਂਤੀਕਾਰੀ ਫਲਸਫੇ ਨੂੰ ਬਾਖੂਬੀ ਤਰੀਕੇ ਨਾਲ ਸੰਗਤਾਂ ਦੇ ਸਨਮੁਖ ਪੇਸ਼ ਕੀਤਾ ਗਿਆ ਹੈ। ਨਰੇਸ਼ ਕੁਮਾਰ ਨੇ ਕਿਹਾ ਇਸ ਪੁਸਤਕ ਵਿੱਚ ਗੁਰੂ ਰਵਿਦਾਸ ਜੀ ਦੀ ਵੱਡੀ ਅਤੇ ਮਹਾਨ ਵਿਚਾਰਧਾਰਾ ਨੂੰ ਸੰਖੇਪ ਸ਼ਬਦਾਂ ਵਿੱਚ ਕਹਿਣ ਦਾ ਯਤਨ ਕੀਤਾ ਗਿਆ ਹੈ। ਸਟੇਜ ਸਕੱਤਰ ਦੀ ਭੂਮਿਕਾ ਨਿਭਾਉਂਦਿਆਂ ਪ੍ਰੋਫੈਸਰ ਮਲਕੀਤ ਜੌੜਾ ਨੇ ਪੁਸਤਕ ਵਿੱਚ ਆਈਆਂ ਰਚਨਾਵਾਂ ਬਾਰੇ ਆਪਣੇ ਵਿਸਥਾਰ ਪੂਰਵਕ ਵਿਚਾਰ ਦਿੱਤੇ। ਚਰਨਜੀਤ ਸਿੰਘ ਬਿਨਪਾਲਕੇ ਵੱਲੋਂ ਆਏ ਹੋਏ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਰਾਜੇਸ਼ ਕੁਮਾਰ, ਨਰਿੰਦਰ ਕੁਮਾਰ, ਸੁਰਤੀ ਲਾਲ ਮਾਧੋਪੁਰ, ਜਰਨੈਲ, ਕਰਮਜੀਤ, ਭਜਨ ਲਾਲ, ਪ੍ਰਦੀਪ ਕੁਮਾਰ, ਸੰਦੀਪ, ਰੁਪੇਸ਼, ਕਮਲ ਝਿੰਮ, ਨਰੇਸ਼ ਕੁਮਾਰ, ਹਰਪ੍ਰੀਤ, ਰਣਜੀਤ ਸਿੰਘ, ਅਮਨ, ਸਾਹਿਲ, ਬਲਜਿੰਦਰ ਅਤੇ ਹੋਰ ਮੈਂਬਰਾਂ ਨੇ ਹਾਜ਼ਰੀ ਭਰੀ। ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ ਰਜਿ. ਵੱਲੋਂ ਨਵਪ੍ਰੀਤ ਨੂੰ ਗੁਰੂ ਰਵਿਦਾਸ ਜੀ ਦੀ ਤਸਵੀਰ ਭੇਟ ਕੀਤੀ ਗਈ।

**– ਚਰਨਜੀਤ ਸਿੰਘ ਬਿਨਪਾਲਕੇ**

# "ਜੋਤ ਰੂਹਾਨੀ" ਸ਼ਬਦ ਨਾਲ ਮੁੜ ਚਰਚਾ 'ਚ ਚਰਚਿਤ ਗਾਇਕ ਪੰਮਾ ਲਧਾਣਾ

**ਰੋਮ (ਇਟਲੀ), 20 ਫਰਵਰੀ, ਟੇਕਚੰਦ ਜਗਤਪੁਰ** –ਯੂਰਪ ਚ ਪੰਜਾਬੀ ਗਾਇਕੀ ਚ ਪੰਮਾ ਲਧਾਣਾ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ। ਧਾਰਮਿਕ, ਸਮਾਜਿਕ ਅਤੇ ਸੱਭਿਆਚਾਰਕ ਗੀਤਾਂ ਨਾਲ ਪੰਜਾਬੀ ਸੰਗੀਤ ਜਗਤ ਚ ਸਰੋਤਿਆ ਵਲੋ ਉਸ ਨੂੰ ਅਥਾਹ ਪਿਆਰ ਮਿਲਿਆ।ਇਟਲੀ ਤੋ ਇਲਾਵਾ ਆਸਟਰੀਆ, ਜਰਮਨ, ਫਰਾਂਸ ਅਤੇ ਬੈਲਜੀਅਮ ਚ ਵੀ ਧਾਰਮਿਕ ਸਮਾਗਮਾਂ ਚ ਆਪਣੀ ਗਾਇਕੀ ਦੀ ਧਾਕ ਜਮਾ ਚੁੱਕਿਆ ਹੈ। ਅਨੇਕਾਂ ਮਾਣ- ਸਨਮਾਨਾਂ ਨਾਲ ਸਨਮਾਨਿਤ ਅਤੇ ਬੁਲੰਦ ਅਵਾਜ ਦੇ ਮਾਲਕ ਚਰਚਿਤ ਗਾਇਕ ਪੰਮਾ ਲਧਾਣਾ, ਜਿਸ ਦੇ ਗੀਤਾ, 'ਤਖਤ ਦਿਲੀ ਦਾ ਵਾਜਾਂ ਮਾਰਦਾ" ਏਕੇ ਦਾ ਬਿਗਲ" ਗੁਰੂ ਰਵਿਦਾਸ ਦੀਏ ਕੌਮੇ, ਹੌਸਲੇ ਬੁਲੰਦ ਰੱਖਿਓ ਅਤੇ ਅਨੇਕ ਹੋਰ ਗੀਤਾਂ ਨੂੰ ਸਰੋਤਿਆਂ ਨੇ ਰਜਵਾ ਪਿਆਰ ਦਿਤਾ।ਹੁਣ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਪੁਰਬ ਨੂੰ ਸਮਰਪਿਤ ਨਾਮਵਰ ਗੀਤਕਾਰ ਮਾਣੀ ਫਗਵਾੜੇ ਵਾਲੇ ਦੀ ਕਲਮ ਚੋਂ ਲਿਖਿਆ ਹੋਇਆ ਗੀਤ ' ਜੋਤ ਰੂਹਾਨੀ" ਗਾਇਕ ਪੰਮਾ ਲਧਾਣਾ ਲੈ ਕੇ ਸੰਗਤਾਂ ਦੇ ਰੁ- ਬਰੂ ਹੋਇਆ ਹੈ। ਸੁਰਪਰੀਤ ਮਿਊਜ਼ਿਕ ਕੰਪਨੀ ਦੇ ਬੈਨਰ ਹੇਠ ਰਿਲੀਜ ਹੋਏ ਇਸ ਗੀਤ ਨੂੰ ਨਾਮਵਰ ਸੰਗੀਤਕਾਰ ਐਮ ਕੇ ਨੇ ਸੰਗੀਤਕ ਧੁੰਨਾਂ ਨਾਲ




ਸ਼ਿੰਗਾਰਿਆ ਹੈ।ਇਸ ਗੀਤ ਦਾ ਫਿਲਮਾਂਕਣ ਸੰਗਮ ਸਟੂਡੀਓ ਨਵਲਾਰਾ ਵਲੋ ਕੀਤਾ ਗਿਆ ਹੈ। ਸ੍ਰੀ ਗੁਰੂ ਰਵਿਦਾਸ ਟੈਂਪਲ ਰੀਜੋਇਮੀਲੀਆ ਦੀ ਸਮੁੱਚੀ ਕਮੇਟੀ ਦਾ ਵੀ ਵਿਸ਼ੇਸ਼ ਉਹ ਹਮੇਸ਼ਾ ਰਿਣੀ ਰਹੇਗਾ ।

ਗਾਇਕ ਪੰਮਾ ਲਧਾਣਾ ਨੇ ਆਸ ਪ੍ਰਗਟਾਈ ਕਿ ਇਹ ਗੀਤ ਸਰੋਤਿਆਂ ਦੀ ਪਸੰਦ ਤੇ ਖਰਾ ਉਤਰੇਗਾ ਅਤੇ ਰੂਹਾਂ ਦਾ ਮੇਲ ਹੋ ਨਿਬੜੇਗਾ।

# 21 ਫਰਵਰੀ ਲਈ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਸਬੰਧੀ ਵਿਸ਼ੇਸ਼

**(ਸਫਾ 25 ਦੀ ਬਾਕੀ)**

ਪੰਜਾਬੀ ਸਪਤਾਹ ਦੌਰਾਨ ਪਟਿਆਲਾ ਵਿੱਖੇ ਅੰਤਰਰਾਜੀ ਪੱਧਰ ਦਾ ਪੁਸਤਕ ਮੇਲਾ ਵੀ ਲਗਾਇਆ ਜਾਂਦਾ ਹੈ। ਇਸ ਮੇਲੇ ਵਿੱਚ ਪੰਜਾਬ ਅਤੇ ਪੰਜਾਬ ਤੋਂ ਬਾਹਰਲੇ ਬਹੁਤ ਸਾਰੇ ਪ੍ਰਕਾਸ਼ਕ ਆ-ਪਣੀਆਂ ਪੁਸਤਕਾਂ ਦੀ ਪ੍ਰਦਰਸ਼ਨੀ ਲਗਾਉਂਦੇ ਹਨ। ਪੰਜਾਬੀ ਸਪਤਾਹ ਦੌਰਾਨ ਸਮੂਹ ਜ਼ਿਲ੍ਹਿਆਂ ਵਿੱਚ ਅਤੇ ਸਾਰੇ ਵੱਡੇ ਸ਼ਹਿਰਾਂ ਵਿੱਚ ਅਜਿਹੇ ਸਾਹਿਤਕ ਸਮਾਗਮਾਂ ਦਾ ਆਯੋਜਨ ਕੀਤਾ ਜਾਂਦਾ ਹੈ। ਵਿਭਾਗ ਵੱਲੋਂ ਹਰ ਸਾਲ ਪੰਜਾਬੀ ਸਾਹਿਤ ਦੇ ਵਿਕਾਸ ਵਿੱਚ ਪੂਰੀ ਸਰਗਰਮੀ ਨਾਲ ਕਾਰਜਸ਼ੀਲ ਸਾਹਿਤ ਸਭਾਵਾਂ ਨੂੰ ਸਮਾਗਮ ਕਰਵਾਉਣ ਲਈ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ। ਪੰਜਾਬ ਦੀ ਪਵਿਤਰ ਧਰਤੀ ਤੇ ਸਿਰਜਿਆ ਸਾਹਿਤ ਅੱਜ ਦੇ ਵਿਗਿਆਨਕ ਯੁੱਗ ਵਿਚ ਵੀ ਸਮੁੱਚੀ ਮਾਨਵਤਾ ਨੂੰ ਮਹਾਨ ਅਤੇ ਸਾਰਥਕ ਸੰਦੇਸ਼ ਦੇ ਰਿਹਾ ਹੈ। ਅੱਜ ਵੀ ਪੰਜਾਬ ਦੇ ਸਾਹਿਤਕਾਰ ਸਮਾਜ ਨੂੰ ਨਰੋਈ ਅਤੇ ਸੁਚੱਜੀ ਸੇਧ ਦੇ ਰਹੇ ਹਨ। ਭਾਸ਼ਾ ਵਿਭਾਗ ਪੰਜਾਬ ਵੱਲੋਂ ਪੁਸਤਕ ਸਭਿਆਚਾਰ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਉਪਰਾਲੇ ਕੀਤੇ ਜਾ ਰਹੇ ਹਨ। ਵਿਭਾਗ ਵਲੋਂ ਕੰਪਿਊਟਰ ਰਾਹੀਂ ਪੁਸਤਕਾਂ ਦੇ ਪ੍ਰਕਾਸ਼ਨ ਵਿਚ ਨਵੀਂ ਦਿੱਖ ਅਤੇ ਤੇਜ਼ੀ ਲਿਆਉਣ ਲਈ ਭਰਪੂਰ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿਸ ਦੇ ਸਿੱਟੇ ਵਜੋਂ ਵਿਭਾਗ ਵੱਲੋਂ ਈ ਬੁਕਸ ਤਿਆਰ ਕਰਨ ਵਿਚ ਮੋਹਰੀ ਭੂਮਿਕਾ ਨਿਭਾਈ ਜਾ ਰਹੀ ਹੈ। ਸਰਕਾਰ ਦੀਆਂ ਕੋਸ਼ਿਸ਼ਾਂ ਅਤੇ ਘੋਸ਼ਣਾਵਾਂ ਵੀ ਅਕਸਰ ਨਜਰਅੰਦਾਜ ਹੀ ਹੋ ਰਹੀਆਂ ਹਨ ਅਤੇ ਪੰਜਾਬ ਵਿੱਚ ਸਦੀਆਂ ਪੁਰਾਣੀ ਪੰਜਾਬੀ ਭਾਸ਼ਾ ਨੂੰ ਹੁਣ ਤੱਕ ਬਣਦਾ ਰੁਤੱਬਾ ਹਾਸਲ ਨਹੀਂ ਹੋਇਆ ਹੈ ਅਤੇ ਪੰਜਾਬੀ ਭਾਸ਼ਾ ਨੂੰ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਜਾ ਸਕਿਆ ਹੈ। ਪੰਜਾਬ ਰਾਜ ਭਾਸ਼ਾ ਐਕਟ ਦੀ ਉਲੰਘਣਾ ਕਰਨ ਵਾਲੇ ਨੂੰ ਸਜ਼ਾ ਵੀ ਹੋ ਸਕਦੀ ਹੈ ਪਰ ਇਹ ਐਕਟ ਵੀ ਕੇਵਲ ਕਾਗਜ਼ੀ ਹੀ ਜਾਪਦਾ ਹੈ ਅਤੇ ਹਾਲਤ ਇੱਥੋਂ ਤੱਕ ਖਸਤਾ ਹੈ ਕਿ ਪੰਜਾਬ ਦੇ ਬਹੁਤੇ ਵਿਭਾਗ ਅਜੇ ਵੀ ਪੰਜਾਬੀ ਭਾਸ਼ਾ ਨੂੰ ਤਰਜੀਹ ਨਹੀਂ ਦਿੰਦੇ ਹਨ, ਬਹੁਤੀਆਂ ਰਾਜਸੀ ਪਾਰਟੀਆਂ ਨੇ ਆਪਣੇ ਚੋਣ ਮੈਨੀਫੈਸਟੋ ਤੱਕ ਵੀ ਪੰਜਾਬੀ ਵਿੱਚ ਨਹੀਂ ਬਣਾਏ ਹਨ, ਬਹੁਤੇ ਪੰਜਾਬੀ ਮੰਤਰੀ ਤਾਂ ਵਿਧਾਨ ਸਭਾ, ਲੋਕ ਸਭਾ, ਰਾਜ ਸਭਾ ਵਿੱਚ ਅਪਣੀ ਸਹੁੰ ਵੀ ਪੰਜਾਬੀ ਵਿੱਚ ਨਹੀਂ ਚੁੱਕਦੇ ਹਨ। ਬਹੁਤੇ ਮੰਤਰੀਆਂ, ਵਿਧਾਇਕਾਂ, ਸਰਕਾਰੀ ਅਫਸਰਾਂ ਦੇ ਬੱਚੇ ਮਹਿੰਗੇ ਅੰਗਰੇਜ਼ੀ ਸਕੂਲਾਂ ਵਿੱਚ ਪੜ੍ਹਦੇ ਹਨ ਜਿੱਥੇ ਕਿ ਪੰਜਾਬੀ ਭਾਸ਼ਾ ਦਾ ਨਾਮੋ ਨਿਸ਼ਾਨ ਤੱਕ ਨਹੀਂ ਹੁੰਦਾ। ਪਿਛਲੇ ਸਮੇਂ ਵਿੱਚ ਹੈਰਾਨੀਜਨਕ ਅੰਕੜੇ ਸਾਹਮਣੇ ਆਏ ਹਨ ਕਿ ਪੰਜਾਬ ਵਿੱਚ ਬਹੁਤੇ ਅਧਿਕਾਰੀ ਦੂਜੇ ਰਾਜਾਂ ਦੇ ਹੀ ਕੰਮ ਕਰ ਰਹੇ ਹਨ ਜੋਕਿ ਪੰਜਾਬੀ ਭਾਸ਼ਾ ਨੂੰ ਕਦੇ ਵੀ ਪਹਿਲ ਨਹੀਂ ਦਿੰਦੇ ਹਨ।

ਪੰਜਾਬ ਵਿੱਚ ਕੌਮੀ ਮਾਰਗਾਂ ਤੇ ਲੱਗੇ ਸਾਈਨ ਬੋਰਡਾਂ ਤੇ ਪੰਜਾਬੀ ਨੂੰ ਤਰਜੀਹ ਨਾ ਮਿਲਣਾ ਭਾਸ਼ਾ ਵਿਭਾਗ ਦੀ ਅਣਗਹਿਲੀ ਦੀ ਕਹਾਣੀ ਬਿਆਨ ਕਰਦਾ ਹੈ। ਹਾਲਾਤ ਇੱਥੋ ਤੱਕ ਮਾੜੇ ਹਨ ਕਿ ਪੰਜਾਬ ਵਿੱਚ ਲੱਗੇ ਹੋਏ ਬਹੁਤੇ ਸਰਕਾਰੀ ਅਤੇ ਗੈਰ ਸਰਕਾਰੀ ਬੋਰਡ ਵੀ ਪੰਜਾਬੀ ਵਿੱਚ ਨਹੀਂ ਹਨ ਅਤੇ ਜਦੋਂ ਕੁੱਝ ਵਿਅਕਤੀਆਂ ਅਤੇ ਸੰਸਥਾਵਾਂ ਨੇ ਅਪਣੇ ਪੱਧਰ ਤੇ ਕਾਰਵਾਈ ਸ਼ੁਰੂ ਕੀਤੀ ਤਾਂ ਸਰਕਾਰ ਨੇ ਉਲੱਟ ਅਜਿਹੇ ਵਿਅਕਤੀਆਂ ਖਿਲਾਫ ਹੀ ਕਨੂੰਨੀ ਕਾਰਵਾਈ ਕਰ ਦਿੱਤੀ। ਪੰਜਾਬੀ ਨੂੰ ਪ੍ਰਫੁੱਲਤ ਕਰਨ ਦੇ ਉਦੇਸ਼ ਨਾਲ ਭਾਸ਼ਾ ਵਿਭਾਗ ਸਟਾਫ਼ ਦੀ ਘਾਟ ਨਾਲ ਜੂਝ ਰਿਹਾ ਹੈ ਜਿਸਤੋਂ ਸਰਕਾਰ ਦੀ ਪੰਜਾਬੀ ਭਾਸ਼ਾ ਨੂੰ ਵਿਕਸਿਤ ਕਰਨ ਦੇ ਦਾਅਵਿਆਂ ਦੀ ਪੋਲ ਖੁੱਲਦੀ ਹੈ। ਅਪਣੀ ਮਾਤ ਭਾਸ਼ਾ ਪੰਜਾਬੀ ਨੂੰ ਬਚਾਉਣ ਲਈ ਸਰਕਾਰ ਦੇ ਨਾਲ ਨਾਲ ਸਮਾਜਿਕ, ਰਾਜਨੀਤਿਕ, ਧਾਰਮਿਕ ਆਗੂਆਂ ਨੂੰ ਵੀ ਅੱਗੇ ਆਣਾ ਪਵੇਗਾ ਨਹੀ ਤਾਂ ਇਸ ਦਿਨ ਹੋਣ ਵਾਲੇ ਸਮਾਗਮਾਂ ਦੀ ਕੋਈ ਵਿਸ਼ੇਸ਼ ਮਹੱਤਤਾ ਨਹੀਂ ਰਹੇਗੀ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com



## 24 ਫਰਵਰੀ ਜਨਮ ਦਿਵਸ 'ਤੇ ਵਿਸ਼ੇਸ਼

# ਮੌਲਿਕ ਚਿੰਤਕ ਗੁਰੂ ਰਵਿਦਾਸ ਜੀ

ਭਾਰਤੀ ਦਰਸ਼ਨ ਬਾਰੇ ਸਭ ਤੋਂ ਪਹਿਲਾਂ ਅਹਿਮ ਤੱਥ, ਜੇ ਬਹੁਤਾ ਨਹੀਂ ਤਾਂ ਪਿਛਲੇ ਪੱਚੀ ਕੁ ਸੌ ਸਾਲਾਂ ਤੋਂ ਫ਼ਲਸਫ਼ੇ ਦੇ ਖੇਤਰ 'ਚ ਲਗਾਤਾਰ ਜਾਰੀ ਰਹੀਆਂ ਸਰਗਰਮੀਆਂ ਦੇ ਸਿੱਟੇ ਵਜੋਂ, ਇਸ ਦੇ ਆਮ ਖਜ਼ਾਨੇ ਵਿੱਚ ਜਮਾਂ ਹੋਏ ਬੇਥਾਹ ਫ਼ਲਸਫ਼ਾਨਾਂ ਤੱਤਾਂ ਦਾ ਮੌਜੂਦ ਹੋਣਾ ਹੈ। ਇਸ ਸਰਗਰਮੀ ਦੀ ਉਘੜਵੀ ਸ਼ੁਰੂਆਤ ਦੀ ਪੈੜ ਉਪਨਿਸ਼ਦਾਂ ਦੇ ਵੇਲੇ ਤੋਂ ਲੱਭੀ ਜਾ ਸਕਦੀ ਹੈ। ਇਸ ਕਾਰਨ ਮਨੌਤ ਇਹੀ ਹੈ, 'ਕਿ ਜਿਹਨਾਂ ਚਿੰਤਕ ਦੇ ਵਿਚਾਰ ਇਨ੍ਹਾਂ ਉਪ ਨਿਸ਼ਦਾਂ ਵਿੱਚ ਦਰਜ ਹਨ, ਉਹ ਇਸ ਤੋਂ ਵੀ ਪਹਿਲਾ ਦੇ ਸਮਿਆਂ 'ਚ ਹੋਏ ਹਨ। ਇਸ ਕਰਕੇ ਉਪਨਿਸ਼ਦਿਕ, ਫ਼ਲਸਫ਼ੇ ਵਜੋਂ ਜਾਣੇ ਜਾਂਦੇ ਹਨ ਵਿਚਾਰਾਂ ਦਾ ਆਪਣਾ ਇਕ ਆਦਿ ਇਤਿਹਾਸ ਹੈ। ਇੰਝ ਅਸੀਂ ਦੇਖਾਂਗੇ ਕਿ ਭਾਰਤੀ ਫ਼ਲਸਫ਼ੇ ਬਾਰੇ ਸਮਝ ਬਣਾਉਣ ਲਈ ਇਸ ਤੱਥ ਦੀ ਮਹੱਤਤਾ ਨੂੰ ਅਣਗੌਲਿਆਂ ਨਹੀਂ ਕੀਤਾ ਜਾਣਾ ਚਾਹੀਦਾ। ਭਾਰਤੀ ਫ਼ਲਸਫ਼ੇ ਦੇ ਇਤਿਹਾਸਕਾਰ ਐਸ।ਐਨ। ਦਾਸ ਗੁਪਤਾ ਮੁਤਾਬਿਕ ਚਰਕ ਸੰਹਿਤਾਂ ਤੋਂ ਬਹੁਤ ਪਹਿਲਾ ਦੇ ਸਮਿਆਂ ਵਾਲੇ ਸਾਹਿਤ ਵਿੱਚ ਸਾਨੂੰ ਬਹਿਸ, ਭੇੜ, ਦਲੀਲ-ਬਾਜ਼ੀ ਜਾਂ ਵਿਚਾਰ ਚਰਚਾ ਦਾ ਜ਼ਿਕਰ ਮਿਲਦਾ ਹੈ।ਇਸ ਕਰਕੇ ਪਹਿਲੀ ਵਾਰ ਇਸ ਦਾ ਜਿਕਰ, ਬੱਝਵੇ ਸਰੂਪ ਵਿੱਚ ਚਰਕ ਸੰਹਿਤਾ ਵਿੱਚ ਹੀ ਮਿਲਦਾ ਹੈ। ਰਿਵਾਇਤੀ ਭਾਰਤੀ ਚਿੰਤਨ ਵਿੱਚ ਜੋ ਕੁਝ ਵੀ ਉਸਾਰੂ ਹੈ, ਉਸ ਨੂੰ ਦੇਸ਼ ਦੇ ਕਿਰਤੀ ਲੋਕਾਂ (ਦੱਬੇ-ਕੁਚਲੇ) ਦੀ ਮੁਕਤੀ ਲਈ ਭਗਤੀ ਲਹਿਰ ਵੇਲੇ ਸੰਤ ਨਾਮਦੇਵ, ਸੰਤ ਕਬੀਰ ਜੀ, ਗੁਰੂ ਰਵਿਦਾਸ ਜੀ, ਗੁਰੂ ਨਾਨਕ ਦੇਵ ਜੀ ਆਦਿ ਚਿੰਤਕਾਂ ਨੇ ਲੋਕਾਂ ਅੰਦਰ ਇਕ ਧਾਰਮਿਕ ਜੋਸ਼ ਭਰਨ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਨੇ ਮਨੁੱਖੀ ਰਿਸ਼ਤਿਆਂ ਸਮੇਤ ਕੁਦਰਤ ਨੂੰ ਸਮਝਣ ਤੇ ਇਸ ਉਪਰ ਮੁਹਾਰਤ ਹਾਸਲ ਕਰਕੇ ਉਠਾਇਆ ਹਰ ਕਦਮ ਕਿਰਤੀ ਲੋਕ ਲਈ ਕੀਮਤੀ ਸੀ।



ਜਗਦੀਸ਼ ਚੋਹਕਾ
91-92179-97445
001-403-285-4208

ਗੁਰੂ ਰਵਿਦਾਸ ਜੀ ਦੇ ਫ਼ਲਸਫ਼ੇ ਨੂੰ ਸਮਝਣ ਲਈ ਉਨ੍ਹਾਂ ਦੇ ਇਕ ਪਦ ਪ੍ਰਤੀ ਸਮਝ ਬਣਾ ਕੇ ਉਨ੍ਹਾਂ ਦੇ ਸਿਧਾਂਤਕ ਵਿਚਾਰਾਂ ਰਾਹੀਂ ਮਨੁੱਖਤਾ ਨੂੰ ਵੀ ਸਮਝ ਸਕਦੇ ਹਾਂ। ਜੋ ਅੱਗੇ ਸਮਾਜ ਅੰਦਰ ਦਲਿਤ ਚੇਤਨਾ ਲਈ ਹਲੂਣਾ ਦਿੰਦਾ ਹੈ।

ਰੇ ਚਿਤ ਚੇਤ ਅਚੇਤ ॥
ਕਾਹੇ ਨ ਬਾਲਮੀਕਹਿ ਦੇਖਾ॥
ਕਿਸੁ ਜਾਤਿ ਤੇ ਕਿਹ ਪਦਹਿ ਆਮਰਿਓ ਰਾਮ ਭਗਤਿ ਬਿਸੇਖ॥

ਇਸ ਲਈ ਸਾਨੂੰ ਗੁਰੂ ਰਵਿਦਾਸ ਜੀ ਨੇ 13-ਵੀਂ ਸਦੀ ਦੇ 7-ਵੇਂ ਦਹਾਕੇ ਦੇ ਅੰਤ 'ਚ ਹੀ ਮਨੁੱਖੀ ਰਿਸ਼ਤਿਆਂ ਸਬੰਧੀ ਜਾਣੂ ਕਰਾ ਦਿੱਤਾ ਸੀ। ਇਸ ਲਈ ਅੱਜ ਸਾਨੂੰ ਦਲਿਤ ਚੇਤਨਾਂ ਨੂੰ ਸਮਾਜਿਕ ਚੇਤਨਾਂ ਦੇ ਸੰਦਰਭ ਅੰਦਰ ਦੇਖਣਾ ਪਏਗਾ ਤਾਂ ਕਿ ਇਸ ਲੋਟੂ ਸਮਾਜ ਅੰਦਰ ਅਖੌਤੀ ਸ਼ੂਦਰ ਸਮਾਜ ਕਿਵੇਂ ਆਪਣੇ ਮਨੁੱਖੀ ਹੱਕ ਦੀ ਪ੍ਰਾਪਤੀ ਲਈ ਕਿਰਤੀ ਸੰਘਰਸ਼ ਵਜੋ ਜਾਗਰੂਕ ਹੋ ਕੇ ਉਸ ਨੂੰ ਮੁਕਤੀ ਕਿਵੇਂ ਮਿਲ ਸਕਦੀ ਹੈ ? ਮੱਧਕਾਲ ਅੰਦਰ ਸ਼ੁਰੂ ਹੋਈ ਭਗਤੀ ਲਹਿਰ ਦੇ ਭਾਰਤੀ ਫ਼ਲਸਫ਼ੇ ਦੇ ਪ੍ਰਭਾਵਾਂ ਅੰਦਰ ਗੁਰੂ ਰਵਿਦਾਸ ਜੀ ਪਹਿਲੇ ਅਜਿਹੇ ਸਮਾਜਿਕ ਚਿੰਤਕ ਸਨ ਜਿੰਨਾਂ ਨੇ ਸਮਾਜ ਅੰਦਰ ਪਸਰੀਆਂ ਸਮਾਜਕ, ਆਰਥਿਕ ਅਤੇ ਸੱਭਿਆਚਾਰਕ ਖੇਤਰ ਅੰਦਰ ਬੇਨੇਮੀਆਂ, ਜਾਤ-ਪਾਤ, ਛੂਆ-ਛਾਤ, ਅਨਿਆਏ ਅਤੇ ਲੁੱਟ-ਖਸੁੱਟ ਵਿਰੁਧ ਆਪਣੀ ਬਹਿਸ, ਦਲੀਲਬਾਜੀ ਤੇ ਵਿਚਾਰ-ਚਰਚਾ ਰਾਹੀਂ ਭਾਰਤੀ ਦਰਸ਼ਨ ਅੰਦਰ ਆਪਣੀ ਵਿਚਾਰਧਾਰਾ ਨੂੰ ਪੇਸ਼ ਕੀਤਾ। ਭਾਵੇਂ ਭਾਰਤ ਅੰਦਰ ਪੱਛਮੀ ਤਰਜ ਦੀ ਗੁਲਾਮਦਾਰੀ ਪ੍ਰਥਾ ਤਾਂ ਨਹੀਂ ਸੀ, ਪਰ ਇਸ ਦਾ ਰੂਪ ਦਾਸ-ਪ੍ਰਥਾ ਜੋ ਜਾਤ-ਪਾਤ ਅਤੇ ਛੂਆ-ਛਾਤ ਦੇ ਰੂਪ ਵਿੱਚ ਸੀ, 'ਜਿਸ ਅੰਦਰ ਕਿਰਤ ਨੂੰ ਆਪਣੇ ਹੱਥੀ ਕਰਨ ਦੀ ਥਾਂ ਦਾਸਾ ਰਾਹੀਂ (ਦੂਜਿਆਂ ਤੋਂ) ਕਰਵਾਇਆ ਜਾਂਦਾ ਸੀ। ਇਸ ਪਰਜੀਵੀਪੁਣੇ ਦੇ ਤਰਕ ਦੀ ਸਥਾਪਤੀ ਵਿਰੁੱਧ ਗੁਰੂ ਰਵਿਦਾਸ ਜੀ ਨੇ ਸਮਾਜਕ ਬਰਾਬਰੀ ਲਈ ਵਿਲੱਖਣ ਜੋਤ ਆਪਣੇ ਹੱਥਾਂ ਵਿੱਚ ਫੜ ਕੇ ਉਚੇਰੇ ਸਮਾਜ ਵੱਲੋਂ ਜੋ ਅਖੌਤੀ ਨੀਵੇਂ ਸਮਾਜ ਪ੍ਰਤੀ ਜੁਗਾਂ-ਜੁਗਾਂਤਰਾਂ ਤੋਂ ਫੈਲਾਏ ਘਿਰਣਾ, ਸ਼ੋਸ਼ਣ, ਲੁੱਟ-ਖਸੁੱਟ ਅਤੇ ਮਨੂੰਵਾਦੀ ਵਰਣ ਸੀ, ਵਿਰੁਧ ਅਲਖ ਜਗਾਈ।

ਬ੍ਰਹਮਨ ਬੈਸ ਸੂਦ ਅਰੁ ਖ੍ਯ੍ਤ੍ਰੀ, ਡੋਮ ਚੰਡਾਰ, ਮਲੇਛ ਮਨ ਸੋਇ॥
ਹੋਇ ਪੁਨੀਤ ਭਗਵੰਤ ਭਜਨ ਤੇ, ਆਪ ਤਾਰਿ ਤਾਰੇ ਕੁਲ ਦੋਇ। (ਗੁਰੂ ਗ੍ਰੰਥ ਸਾਹਿਬ ਪੰਨਾ 585)

ਭਾਰਤੀ ਰਾਜਸਤਾ ਅੰਦਰ ਮੁੱਢ-ਕਦੀਮ ਤੋਂ ਹਾਕਮ ਜਮਾਤਾਂ ਆਪਣੀ ਖੁਸ਼ਹਾਲੀ ਅਤੇ ਸੁਰੱਖਿਆ ਲਈ ਦਮਨਕਾਰੀ ਰੂਪ ਵਿੱਚ ਲਾਜ਼ਮੀ ਵਿਚਰਦੀਆਂ ਰਹੀਆਂ ਹਨ। ਚਾਣਕੀਆ ਕਹਿੰਦਾ ਹੈ, 'ਕਿ ਅਰਥ-ਸ਼ਾਸਤਰ ਅਤੇ ਧਰਮ-ਸ਼ਾਸਤਰ ਦੀ ਤਰ੍ਹਾਂ ਹੀ ਤਰਕ ਸੰਗਤ ਫ਼ਲਸਫ਼ੇ ਨੂੰ ਵੀ ਸ਼ਾਸ਼ਨ-ਕਲਾ ਵਾਂਗ ਹੀ ਭਾਵ ਡੰਡੇ ਲਈ ਜਰੂਰੀ ਹੈ। ਰਾਜਸੀ ਸ਼ਕਤੀ ਨੂੰ ਬਰਕਰਾਰ ਰੱਖਣ ਲਈ ਉਹ ਅੰਧ-ਵਿਸ਼ਵਾਸ਼ ਦੀ ਖੁਲ੍ਹੇ ਆਮ ਵਰਤੋਂ ਨੂੰ ਲਾਜ਼ਮੀ ਕਰਾਰ ਦਿੰਦਾ ਹੈ। ਅੰਧ-ਵਿਸ਼ਵਾਸ਼ ਦੀ ਕਾਰਗਰ ਢੰਗ ਨਾਲ ਵਰਤੋਂ ਕਰਨ ਲਈ ਹਾਕਮਾਂ ਦਾ ਖੁਦ ਇਸ ਅੰਧ-ਵਿਸ਼ਵਾਸ਼ਾਂ ਵਿੱਚ ਗਾਲਤਾਨ ਹੋਣਾ ਵੀ ਜ਼ਰੂਰੀ ਹੈ। ਇਨ੍ਹਾਂ ਰਸਤਿਆਂ ਰਾਹੀਂ ਹੀ ਭਾਰਤ ਅੰਦਰ ਅੱਜ ਤਕ ਹਾਕਮ ਜਮਾਤਾਂ ਕਿਰਤੀ ਲੋਕਾਂ ਨੂੰ ਵਰਣ-ਆਸ਼ਰਮ, ਜਾਤ-ਪਾਤ ਅਤੇ ਛੂਆ-ਛਾਤ ਦੇ ਮੱਕੜੀ-ਜਾਲਾਂ 'ਚ ਫਸਾ ਕੇ ਹਜ਼ਾਰਾਂ ਸਾਲਾਂ ਤੋਂ ਕਿਰਤੀਆਂ ਅਤੇ ਸ਼ੂਦਰਾਂ ਨੂੰ ਲੁੱਟਦੇ ਆ ਰਹੇ ਹਨ। ਮਨੁੱਖਤਾਵਾਦੀ ਗੁਰੂ ਰਵਿਦਾਸ ਜੀ ਨੇ ਉਸ ਵੇਲੇ ਦੇ ਭਾਰਤੀ ਸਮਾਜ ਨੂੰ ਜੋ ਹਿੱਸਿਆ 'ਚ ਵੰਡਿਆ ਹੋਇਆ ਸੀ, ਨੂੰ ਬੜੀ ਬਰੀਕੀ ਨਾਲ ਦੇਖਿਆ ਤੇ ਪਿਛਾਣਿਆ। ਇਹ ਸਮਾਜ ਜੋ ਹਾਕਮਾਂ ਵੱਲੋਂ ਦੋ ਧੜਿਆਂ ਵਿੱਚ ਇਕ ਉਚੇ-ਸਵਰਨ, ਕੁਲੀਨ ਤੇ ਸ਼ੋਸ਼ਨ-ਵਰਗ ਦਾ ਅਤੇ ਦੂਸਰਾ ਨੀਵਾਂ-ਤ੍ਰਿਸਕਾਰਿਆ, ਲਤਾੜਿਆ ਅਤੇ ਸ਼ੋਸ਼ਿਤ ਵਰਗ ਦਾ ਸੀ ਜੋ ਇਹ ਕੋਈ ਰੱਬੀ ਜਾਂ ਖੁਦਾਈ ਫੁਰਮਾਣ ਕਰਕੇ ਵੀ ਨਹੀਂ ਸੀ ਸਗੋਂ ਇਸ ਨੂੰ ਕਾਣੀ ਵੰਡ ਦਾ ਕਾਰਨ ਦੱਸਿਆ। ਇਸ ਸਮਾਜਕ ਅਤੇ ਆਰਥਿਕ ਅਨਿਆਏ ਵਿਰੁੱਧ ਗੁਰੂ ਜੀ ਨੇ ਆਹ ! ਦਾ ਨਾਹਰਾ ਲਾਇਆ।

ਬੇਗਮਪੁਰਾ ਸਹਰ ਕੋ ਨਾਉ ॥ ਦੁਖ ਅੰਦੋਹ ਨਹੀਂ ਤਿਹਿ ਠਾਉ॥

ਗੁਰੂ ਰਵਿਦਾਸ ਜੀ ਭਗਤੀ ਲਹਿਰ ਵੇਲੇ ਪਹਿਲੇ ਸਮਾਜਿਕ ਚਿੰਤਕ ਸਨ ਜਿਨ੍ਹਾਂ ਨੇ ਗਿਆਰਵੀ ਸਦੀ ਸਮੇਂ ਭਾਰਤ ਅੰਦਰ ਜੋ ਇਸਲਾਮ ਦੇ ਪ੍ਰਵੇਸ਼ ਕਾਰਨ ਹਿੰਦੂ ਧਰਮ ਨੂੰ ਪਨਪੇ ਖਤਰੇ ਨੇ ਹਿੰਦੂ-ਮੁਸਲਮਾਨਾਂ ਦੋਹਾਂ ਧਰਮਾਂ ਅੰਦਰ ਆਪਸੀ ਵਿਸ਼ਵਾਸ਼ ਅੰਦਰ ਕੁੜੱਤਣ ਪੈਦਾ ਹੋ ਗਈ ਸੀ, ਨੂੰ ਬਹਾਲ ਕਰਨ ਲਈ ਪਹਿਲ ਕਦਮੀ ਕੀਤੀ। ਪਰ ਭਗਤੀ ਲਹਿਰ ਜਿਥੇ ਇਸਲਾਮ ਦੇ ਖਤਰੇ ਨੂੰ ਘਟਾਅ ਰਹੀ ਸੀ ਉਥੇ ਬ੍ਰਾਹਮਣਾਂ ਦੇ ਜ਼ੁਲਮ ਤੇ ਜਾਤ-ਪਾਤ ਵਿਰੁਧ ਵੀ ਲੋਕਾਂ ਅੰਦਰ ਸਮਾਨਤਾਂ ਦੇ ਅਸੂਲਾਂ ਦਾ ਉਪਦੇਸ਼ ਦਿੱਤਾ ਜਾ ਰਿਹਾ ਸੀ। ਹਿੰਦੂ ਧਰਮ ਨੂੰ ਉਸ ਦੇ ਔਗੁਣਾਂ ਤੋਂ ਤਾ ਕਿ ਪਾਕਿ ਕੀਤਾ ਜਾਵੇ ਕਿ ਉਸ ਨੂੰ ਇਸਲਾਮਿਕ ਅੱਤਿਆਚਾਰ ਸਹਿਣ ਦੇ ਯੋਗ ਬਣਾਇਆ ਜਾ ਸਕੇ।ਗੁਰੂ ਰਵਿਦਾਸ ਜੀ ਅਤੇ ਉਨ੍ਹਾਂ ਦੇ ਸਮਕਾਲੀ ਸਾਥੀ ਸੰਤ ਨਾਮਦੇਵ, ਸੰਤ ਕਬੀਰਦਾਸ, ਸੰਤ ਸੈਨ ਜੀ, ਸੰਤ ਸਧਨਾ ਜੀ, ਸੰਤ ਧੰਨਾ ਭਗਤ, ਸੰਤ ਦਾਦੂ ਦਿਆਲ, ਗੁਰੂ ਨਾਨਕ ਦੇਵ ਜੀ ਆਦਿ ਵੱਲੋਂ ਮਿਲ ਕੇ ਪਹਿਲੀ ਵਾਰੀ ਭਾਰਤੀ ਸਮਾਜ ਅੰਦਰ ਲਿਤਾੜੇ ਗਏ ਸ਼ੋਸ਼ਿਤ ਅਤੇ ਦਲਿਤ ਜਨ-ਸਮੂਹ ਜਿਸ ਨੂੰ ਮਨੂੰਵਾਦੀ ਸਮਾਜ ਮਨੁੱਖ ਵਜੋਂ ਵੀ ਅਧਿਕਾਰ ਨਹੀਂ ਦਿੰਦਾ ਸੀ, ਉਸ ਵਰਗ ਨੂੰ ਸਵੈ-ਸਤਿਕਾਰ, ਸਵੈ-ਭਰੋਸਾ, ਆਤਮ ਵਿਸ਼ਵਾਸ਼ ਤੇ ਇਕ ਮਨੁੱਖ ਵੱਜੋਂ ਆਤਮ-ਨਿਰਭਰਤਾ ਤੇ ਬਰਾਬਰਤਾ ਦਾ ਸਬਕ ਪੜ੍ਹਾਇਆ।

ਦੁਨੀਆ ਅੰਦਰ ਭਾਰਤ ਹੀ ਇਕ ਅਜਿਹਾ ਦੇਸ਼ ਹੈ, ਜਿਥੇ ਵਰਣ-ਵੰਡ ਹੈ।ਅੱਜ ਵੀ ਸਮਾਜ ਅੰਦਰ ਜਾਤ-ਪਾਤ, ਛੂਆ-ਛਾਤ ਕਾਇਮ ਹੀ ਨਹੀਂ ਸਗੋਂ ਰਾਜ ਕਰਦੀਆਂ ਹਾਕਮ ਜਮਾਤਾਂ ਇਸ ਵਰਣ -ਵੰਡ ਨੂੰ ਕਾਇਮ ਹੀ ਨਹੀਂ ਰੱਖ ਰਹੀਆਂ ਸਗੋਂ ਇਸ ਨੂੰ ਪੱਠੇ ਪਾ ਰਹੀਆਂ ਹਨ। ਅਜਿਹੇ ਸਮਾਜ ਅੰਦਰ ਜਿਥੇ ਵਰਣ-ਵੰਡ ਦਾ ਸ਼ਿਕਾਰ ਦਲਿਤ-ਵਰਗ ਹੋਵੇ ਉਸ ਨੂੰ ਕਿਵੇਂ ਇਨਸਾਫ਼ ਮਿਲ ਸਕੇਗਾ? ਜਾਤਾਂ ਦੇ ਭਾਈਚਾਰਿਆ ਦੇ ਇਨ੍ਹਾਂ ਵਰਗਾਂ ਦਾ ਸੰਦਰਭ ਸਮਾਜਿਕ ਸੰਸਥਾ ਦੇ ਉਸ ਅਮਲ ਨਾਲ ਜੁੜਦਾ ਹੈ, ਜੋ ਭਾਰਤੀ ਸਮਾਜ ਬਾਰੇ ਸਮਝ ਦੀ ਬੁਨਿਆਦਿ ਹਨ। ਜਾਤ ਜਾਂ ਵਰਣ-ਵੰਡ ਅੱਜ-ਕੱਲ ਇਕ ਅਜਿਹਾ ਕਰਮ-ਕਾਂਡੀ ਰੁਤਬੇ ਵਜੋਂ ਅਨੁਵਾਦਿਆ ਗਿਆ ਸ਼ਬਦ ਹੈ, ਜਿਸ ਰਾਹੀਂ ਭਾਰਤੀ ਸਮਾਜ ਵਿੱਚ ਸਭ ਤੋਂ ਉੱਚਤਮ ਅਤੇ ਸ਼ੁਧਤਮ ਐਲ-ਾਨਿਆ ਜਾਂਦਾ ਬ੍ਰਾਹਮਣ-ਸਮਾਜ ਹੈ। ਇਨ੍ਹਾਂ ਵਰਣਾ ਸਬੰਧੀ ਯੂਨਾਨੀ ਮੈਗਸਨੀਜ਼ ਨੇ ਚੌਥੀ ਸਦੀ ਬੀ।ਸੀ। ਦੌਰਾਨ ਵੀ ਜਿਕਰ ਕੀਤਾ ਹੈ। ਵੈਦਿਕ ਲਿਖਤਾਂ ਇਸ ਦੀ ਗਵਾਹੀ ਭਰਦੀਆਂ ਹਨ ਕਿ ਵਰਣ-ਸੂਤਰ ਬੱਧ ਜੋ ਕਰਜਾ ਬੱਧ ਹੈ, ਸਮਾਜ ਨੂੰ ਪਰਕਰਮ ਵਿੱਚ ਮਿੱਥੇ ਚਾਰ ਸਮੂਹਾਂ ਬ੍ਰਾਹਮਣ, ਪੁਜਾਰੀ, ਕੁਸ਼ੱਤਰੀ, ਵੈਸ਼ਯ (ਕਾਸ਼ਤਕਾਰ) ਵਪਾਰੀ ਅਤੇ ਸ਼ੂਦਰ (ਪੰਜਵਾਂ ਅਛੂਤ ਜੋ ਉਪਰੋਕਤ ਦਾਇਰੇ 'ਚ ਬਾਹਰ ਸੀ) ਦੀ ਵੰਡ ਕਰਦਾ ਹੈ। ਜੋ ਅੰਤ 'ਚ ਸਮਾਜ ਅੰਦਰ ਇਕ ਕਨੂੰਨ ਬਣ ਗਿਆ।ਇਸ ਸਰਵ-ਉੱਚ ਬ੍ਰਾਹਮਣੀ ਸਮਾਜ ਨੇ ਹੀ ਭਾਰਤ ਨੂੰ ਸਮਾਜਕ, ਆਰਥਿਕ ਅਤੇ ਸੱਭਿਆਚਾਰ ਵੱਜੋਂ ਵਿਗਿਆਨਕ ਪੱਖ ਤੋਂ ਵੱਧਣ-ਫੁਲਣ ਹੀ ਨਹੀਂ ਦਿੱਤਾ। ਸਗੋਂ ਮਨੂੰਵਾਦੀ ਵਿਚਾਰਧਾਰਾ ਨੇ ਦੇਸ਼ ਦੀ 80 ਫੀਸਦ ਆਬਾਦੀ ਜੋ ਸ਼ੂਦਰ, ਅਛੂਤ ਤੇ ਵੈਸ਼ ਸੀ ਜਿਹੜੀ ਪਹਿਲਾਂ ਹੀ ਅਤੇ ਅੱਜ ਵੀ ਦੇਸ਼ ਦੀ ਕਿਰਤੀ ਸ਼ਕਤੀ ਦਾ ਵੱਡਾ ਰੂਪ ਹੈ, ਉਨ੍ਹਾਂ ਨੂੰ ਹਰ ਤਰ੍ਹਾਂ ਦੇ ਅਧਿਕਾਰਾਂ ਤੋਂ ਵੰਚਿਤ ਰੱਖਿਆ ਗਿਆ। ਇਸੇ ਤਰ੍ਹਾਂ ਇਸਤਰੀ ਜਾਤੀ ਤੇ ਸ਼ੂਦਰ ਭਾਈਚਾਰੇ ਨੂੰ ਧਾਰਮਿਕ ਅਤੇ ਸਮਾਜਕ ਅਧਿਕਾਰਾਂ ਤੋਂ ਵੀ ਵੰਚਿਤ ਰੱਖਿਆ। ਬ੍ਰਾਹਮਣੀ-ਸਮਾਜ ਨੇ ਹੀ ਦੇਸ਼ ਦੀ ਕਿਰਤ ਸ਼ਕਤੀ ਨੂੰ ਨਿਰਬਲ ਤੇ ਗੁਲਾਮ ਰੱਖਣ ਕਾਰਨ ਹੀ ਭਾਰਤ ਨੂੰ ਕਈ ਸਦੀਆਂ ਵਿਦੇਸ਼ੀ ਹਾਕਮਾਂ ਦਾ ਗੁਲਾਮ ਰਹਿਣਾ ਪਿਆ। ਵਿਗਿਆਨਕ ਧਾਰਨਾਵਾਂ ਪਿਛੇ ਪੈ ਗਈਆਂ।

ਇਤਿਹਾਸਕ ਤੌਰ ਤੇ ਗੁਰੂ ਰਵਿਦਾਸ ਜੀ ਨੇ ''ਨਵਧਾ ਭਗਤੀ'' ''ਹਥਕਾਰ ਵਲ ਅਤੇ ਦਿਲ ਯਾਰ ਵੱਲ'' ਦੀ ਪ੍ਰਪੱਕਤਾ ਰਾਹੀ ਅਧਿਆਤਮਕ-ਮੌਲਿਕ ਵਿਚਾਰਧਾਰਾਂ ਨੂੰ ਧਾਰਮਿਕ ਅਤੇ ਸਮਾਜਿਕ ਕ੍ਰਾਂਤੀ ਨੂੰ ਇਕ ਉਦੇਸ਼ ਵਜੋਂ ਅਪਣਾਇਆ। ਉਨ੍ਹਾਂ ਨੇ ਮਨੂੰ-ਸਿਮਰਤ ਜਿਸ ਅਨੁਸਾਰ ਕੋਈ ਅਛੂਤ ਵੇਦ-ਪਾਠ ਸੁਣਨ ਦਾ ਹਿਆ ਨਹੀਂ ਕਰ ਸਕਦਾ ਸੀ। ਵੇਦ ਜੋ ਸੰਸਕ੍ਰਿਤੀ ਭਾਸ਼ਾ ਵਿੱਚ ਸਨ ਜਿਸ ਨੂੰ ਦੇਵ ਭਾਸ਼ਾ ਮੰਨਿਆ ਜਾਂਦਾ ਸੀ, ਜਿਥੇ ਮੰਦਿਰ ਅੰਦਰ ਮਨਾਹੀ ਸੀ ਤਾਂ ਗੁਰੂ ਰਵਿਦਾਸ ਜੀ ਨੇ ਪੂਰਵ ਪ੍ਰਚਲਤ ਧਰਮ ਵਿਚਾਰਧਾਰਾ ਨੂੰ ਆਪਣੀ ਵਿਚਾਰਧਾਰਾ ਦਾ ਅਧਾਰ ਬਣਾਉਣ ਦੀ ਥਾਂ ਸਿੱਧਾ ਰੱਬ ਨਾਲ ਪਿਆਰ ਪਾਉਣ ਦਾ ਉਪਦੇਸ਼ ਦਿੱਤਾ। ਉਨ੍ਹਾਂ ਨੇ ਆਪਣੀ ਕਿਰਤ ਕਰਨ ਦੇ ਨਾਲ ਨਾਲ ਲੋਕਾਂ ਨੂੰ ਪ੍ਰਭੂ ਭਗਤੀ ਦਾ ਲੋਕ ਭਾਸ਼ਾ 'ਚ ਉਪਦੇਸ਼ ਦਿੱਤਾ। ਭਾਵ ਭਾਰਤੀ ਫ਼ਲਸਫ਼ੇ ਅੰਦਰ ਪ੍ਰਚਲਤ ਧਾਰਮਿਕ ਵਿਸ਼ਵਾਸ਼ਾਂ ਨੂੰ ਰੱਦ ਕੀਤਾ। ਜੋ ਮੰਨੂਵਾਦ ਵਿਰੁਧ ਇਕ ਰਾਹ ਸੀ।

ਸਾਚੀ ਪ੍ਰੀਤ ਹਮ ਤੁਮ ਜਿਓ ਜੋਰੀ॥ ਤੁਮ ਸਿਉ ਜੋਰਿ ਅਵਰ ਸੰਗ ਤੋਰੀ॥ (ਗੁਰੂ ਗ੍ਰੰਥ ਸਾਹਿਬ ਪੰਨਾ 658)

ਉਨ੍ਹਾਂ ਦੇ ਮਨ ਵਿੱਚ ਆਪਣੇ ਕਾਰ ਜੁਤੀਆਂ ਗੰਢਣ ਦੀ ਕਿਰਤ ਨੇ ਕੋਈ ਹੀਣਤਾ ਭਾਵ ਨਹੀਂ ਲਿਆਂਦੀ ਅਤੇ ਨਾ ਹੀ ਉੂਚ-ਨੀਚ ਜਾਂ ਘ੍ਰਿਣਿਤ ਜਾਤ ਵੱਜੋਂ ਗੁਰਬਾਣੀ ਅੰਦਰ ਚਮਾਰ ਲਿਖਣ ਤੋਂ ਆਪਣੀ ਕਿਰਤ ਅੰਦਰ ਕੋਈ ਸੰਕੋਚ ਨਹੀਂ ਕੀਤਾ।

ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰਾ (ਗੁਰੂ ਗ੍ਰੰਥ ਸਾਹਿਬ, ਪੰਨਾ 346)।

ਭਾਰਤ ਦੇ ਇਤਿਹਾਸ ਅੰਦਰ ਰਵਾਇਤੀ ਚਿੰਤਨ ਵਿੱਚ ਜੋ ਕੁਝ ਵੀ ਉਸਾਰੂ ਹੈ, ਉਸ ਨੂੰ ਮੁਲਕ ਦੀ ਕਿਰਤੀ-ਜਮਾਤ ਵੱਲੋ ਬਹੁਤ ਹੀ ਜੋਸ਼ੋ-ਖਰੋਸ਼ ਨਾਲ ਅਪਣਾਉਂਦੇ ਹੋਏ ਇਸ ਚਿੰਤਨ ਦੇ ਭਟਕਾਊ ਅੰਸ਼ਾਂ ਨੂੰ ਰੱਦ ਕਰ ਦੇਣਾ ਚਾਹੀਦਾ ਹੈ। ਇਹ ਅਸਲ ਵਿੱਚ ਮੁਲਕ ਦੀ ਹੋਣੀ ਅੰਦਰ ਤਬਦੀਲੀ ਲਿਆਉਣ ਨਾਲ ਸਬੰਧਤ ਉਨ੍ਹਾਂ ਦੇ ਮਹਾਨ ਇਤਿਹਾਸਕ ਮਿਸ਼ਨ ਦਾ ਹੀ ਹਿੱਸਾ ਹੋਵੇਗਾ। ਇਸ ਮਕਸਦ ਦੀ ਪੂਰਤੀ ਲਈ ਸੱਚ ਖਾਤਰ ਲੜਨਾ ਪੈਣਾ ਹੈ ਜਿਸ ਲਈ ਬਹੁਤ ਜੋਸ਼ ਅਤੇ ਨਿਡਰਤਾ ਦੀ ਲੋੜ ਹੈ। ਅਜਿਹੀ ਨਿੱਡਰਤਾ ਅਤੇ ਜੋਸ਼ ਕਿਰਤੀ-ਜਮਾਤ ਦੀ ਲਹਿਰ ਤੋਂ ਇਲਾਵਾ ਕਿਤੇ ਹੋਰ ਨਹੀਂ ਮਿਲ ਸਕਦੀ ਹੈ। ਗੁਰੂ ਰਵਿਦਾਸ ਜੀ ਨੇ ਆਧਿਆਤਮਕ-ਮੌਲਿਕ ਵਿਚਾਰਧਾਰਾ ਰਾਹੀਂ ਧਾਰਮਿਕ ਅਤੇ ਸਮਾਜਿਕ ਤਬਦੀਲੀ ਦਾ ਅਰੰਭ ਕੀਤਾ। ਉਨ੍ਹਾਂ ਸਪੱਸ਼ਟ ਕੀਤਾ ਕਿ ਮਨੁੱਖ ਜਨਮ ਤੋਂ ਹੀ ਦੁਰਲਭ ਹੈ ਤੇ ਪ੍ਰਭੂ ਪ੍ਰਾਪਤੀ ਲਈ ਹੀ ਇਹ ਜਨਮ ਮਿਲਿਆ ਹੈ। ਇਸੇ ਮਨੋਰਥ ਦੀ ਪ੍ਰਾਪਤੀ ਲਈ ਸਮਰਪਿਤ ਹੋ ਜਾਣਾ ਚਾਹੀਦਾ ਹੈ। (ਬਹੁਤ ਜਨਮ ਬਿਛੁਰੇ ਥੇ ਮਾਧਉ ਇਹ ਜਨਮੁ ਤੁਮਾਰੇ ਲੇਖੇ॥ ਗੁਰੂ ਗ੍ਰੰਥ ਸਾਹਿਬ ਪੰਨਾ 694)। ਕਰਮ ਕਾਂਡਾ ਵਿੱਚ ਜੀਵਨ ਵਿਅਰਥ ਨਹੀਂ ਗਵਾਣਾ ਚਾਹੀਦਾ ਹੈ। ਫਿਰ ਪ੍ਰਭੂ ਨੂੰ ਲੱਭਣ ਦੀ ਲੋੜ ਨਹੀਂ । ਉਹ ਹਰ ਜਗ੍ਹਾ ਘਟ-ਘਟ ਵਿੱਚ ਮੌਜੂਦ ਹੈ। ਕੀ ਬ੍ਰਾਹਮਣ ਤੇ ਕੀ ਅਛੂਤ ''ਸਰਬੇ ਏਕ ਅਨੇਕੈ'' ਸੁਆਮੀ ਸਭ ਘਟ ਭੋੁਗਵੇ ਸੋਈ॥ (ਗੁਰੂ ਗ੍ਰੰਥ ਸਾਹਿਬ, ਪੰਨਾ 657)। ਗੁਰੂ ਰਵਿਦਾਸ ਜੀ ਨੇ ਨਿਰਭੈ ਹੋ ਕੇ ਭਾਰਤੀ ਧਰਮ ਦਰਸ਼ਨ ਦੇ ਅੰਦਰਲੇ ਸੱਚ ਨੂੰ ਸਮਾਜ ਦੇ ਸਨਮੁੱਖ ਪੇਸ਼ ਕੀਤਾ। ਪੁਰੋਹਿਤ ਵਰਗ ਵੱਲੋਂ ਸਵੈ-ਸੁਆਰਥ ਹਿਤ ਹਨ੍ਹੇਰੇ 'ਚ ਰੱਖੀ ਜਨਤਾ ਦੇ ਮਨਾਂ ਦੇ ਕਪਾਟ ਖੋਲ੍ਹ ਦਿੱਤੇ। ਉਨ੍ਹਾਂ ਨੇ ਇਕ ਆਦਰਸ਼ ਸਮਾਜ ਦੀ ਸਿਰਜਣਾ ਕਰਨ ਲਈ ਇਕ ਦ੍ਰਿੜ ਸੰਕਲਪ ਵੀ ਪੇਸ਼ ਕੀਤਾ।

ਮਾਧੋ ਅਬਿਧਿਆ ਹਿਤ ਕੀਨ ॥ ਬਿਬੇਕ ਦੀਪ ਮਲੀਨ ॥ ਰਹਾਉ॥

ਮਨੁੱਖੀ ਜੀਵਨ ਅੰਦਰ ਸੱਚ-ਅਧਾਰਤ ਤੱਥ ਵੀ ਏਹੋ ਹੈ ਕਿ 'ਸਗਲੀ ਚਿੰਤ ਮਿਟਾਉਣ ਵਾਲਾ' ਗੁਰੂ ਰਵਿਦਾਸ ਦਾ ਜੀਵਨ ਫ਼ਲਸਫ਼ਾ ਹੀ ਮਨੁੱਖੀ ਜੀਵਨ ਦੀ ਕਿਰਤ ਹੈ। ਉਨ੍ਹਾਂ ਦਾ ਇਕ ਸ਼ਬਦ ਮਨੁੱਖ ਨੂੰ ਇਸ ਸੰਸਾਰ ਅੰਦਰ ਬਦੀ ਨਾਲੋਂ ਤੋੜ ਕੇ ਨੇਕੀ ਨਾਲ ਜੋੜਨਾ ਸੀ। ਪਰ ਇਸ ਦਰਸ਼ਨ ਨੂੰ ਸਮਾਜ ਅੰਦਰ ਸਮਝਣਾ ਮੁਸ਼ਕਲ ਸੀ। ਮਨੁੱਖ ਕਈ ਵਰਗਾਂ ਵਿੱਚ ਵੰਡਿਆ ਹੋਣ ਕਰਕੇ ਉਸ ਨੂੰ ਸਮਝਣ ਅਤੇ ਸਮਝਾਉਣ ਅੰਦਰ ਮਾਨਸਿਕ ਤੌਰ 'ਤੇ ਬਹੁਤ ਮੁਸ਼ਕਲਾਂ ਦੁਰਪੇਸ਼ ਸਨ। ਸਮਾਜ ਚੇਤਨਾ ਦਾ ਮੌਜੂਦ ਜੱਥੇਬੰਦਕ ਨਹੀਂ ਸੀ। ਫਿਰ ਵੀ ਅਧਿਆਤਮਵਾਦ ਅੰਦਰ ਅਸੀਂ ਮਨੁੱਖ ਨੂੰ ਵਸਤੂ-ਸੰਸਾਰ (ਪਦਾਰਥਕ ਸੰਸਾਰ) ਦੇ ਨਾਲ-ਨਾਲ ਪ੍ਰਸੰਗਿਕਤਾਵਾਦੀ ਬਣਨ ਲਈ ਚੰਗੇ ਕਰਮ ਕਰਨ ਲਈ ਇਕ ਵੱਧੀਆ ਇਨਸਾਨ ਬਣਨਾ ਲੋਚਦੇ ਹਾਂ। ਜੀਵਨ ਭੌਤਿਕ ਜਾਂ ਅਧਿਆਤਮਕ ਉਲਾਰ ਦੀ ਜੀਵਨ ਨੂੰ ਹਰ ਖੇਤਰ ਵਿੱਚ ਸਹਿਜ ਤੇ ਸੰਤੁਲਨ ਵਾਲਾ ਉਸਾਰੂ ਬਣਾਉਣਾ ਚਾਹੀਦਾ ਹੈ। ਮਨ ਦਾ ਵਿਕਾਸ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਅਸੀਂ ਇਸ ਕਾਰਜ ਲਈ ਨਿਰਧਾਰਤ ਕੁਦਰਤੀ ਨਿਯਮਾਂ ਦੀ ਪਾਲਣਾ ਕਰੀਏ।

ਉਪਜਿਓ ਗਿਆਨ ਹੁਆ ਪਰਗਾਸ ॥

' ਅੰਧ ਵਿਸ਼ਵਾਸ਼ਾਂ ਵਿੱਚ ਮੂਰਛਿਤ ਸੁੱਤੇ ਇਨਸਾਨਾਂ ਨੂੰ ਝੰਜੋੜ ਕੇ ਉਠਾਉਣਾ, ਉਨਾਂ ਨੂੰ ਗਿਆਨਵਾਨ ਬਣਾਉਣਾ ਜ਼ਰੂਰੀ ਹੈ। ਗਿਆਨਵਾਨ ਇਨਸਾਨ ਹੀ ਆਪਣੀ ਅਤੇ ਆਪਣੇ ਆਲੇ ਦੁਆਲੇ ਫੈਲੇ ਸਾਰੇ ਅੰਧਕਾਰ ਨੂੰ ਦੂਰ ਕਰਕੇ ਆਲਾ ਦੁਆਲਾ ਰੌਸ਼ਨਾਅ ਸਕਦਾ ਹੈ। ਇਹ ਹੀ ਇਕ ਰਸਤਾ ਹੈ ਉਜਾਲਾ ਲਿਆਉਣ ਦਾ।

ਪਰਜਾ ਅੰਧੀ ਗਿਆਨ ਬਿਣ ਕੂੜ ਕੁਸਤੁ ਮੁਖਹੁ ਅਲਾਈ। ਵਰਤਿਆ ਪਾਪ ਸਭਸ ਜਗ ਮਾਹੀ (ਭਾਈ ਗੁਰਦਾਸ ਜੀ)

ਮੱਧ-ਕਾਲ ਤੋਂ ਜਦੋਂ ਰਾਜਾਸ਼ਾਹੀ (ਸਾਮੰਤਵਾਦ) ਸਿਖਰਾ 'ਤੇ ਸੀ, ਹਿੰਦੂਆਂ ਅਤੇ ਮੁਸਲਮਾਨਾਂ ਅੰਦਰ ਇਕ ਲੀਕ ਵੱਗੀ ਹੋਈ ਸੀ ਤਾਂ ਮਨੂੰਵਾਦੀ ਸਮਾਜ ਕਾਰਨ ਜਾਤ-ਪਾਤ ਅਤੇ ਛੂਆਛੂਤ ਦੇ ਅਡੰਬਰਾਂ ਨੇ ਦਲਿਤ ਵਰਗ ਨੂੰ ਸਮਾਜ ਦੇ ਹਾਸ਼ੀਏ ਤੇ ਧੱਕਿਆ ਹੋਇਆ ਸੀ। ਇਸਲਾਮਕ ਰਾਜਨੀਤਕ ਦਬਾਅ ਵੱਧ ਰਿਹਾ ਸੀ। ਗੁਰੂ ਰਵਿਦਾਸ ਜੀ ਖੁਦ ਉਸ ਸਮੇਂ ਬ੍ਰਹਮਣਵਾਦ ਦੇ ਕ੍ਰੋਪ ਦਾ ਸ਼ਿਕਾਰ ਬਣੇ। ਪਰ ਉਹ ਬਰਾਬਰਤਾ ਦੇ ਹਾਮੀ ਸਨ। 'ਗੁਰਾਂ' ਨੂੰ ਰਵਿਦਾਸ ਜੀ ਗੁਰੂ ਧਾਰਨ ਕਰਕੇ ਰਾਜ-ਘਰ-ਾਣਿਆ ਨੇ ਤ੍ਰਿਸਕਾਰਿਆ। ਪਰ ਉਨ੍ਹਾਂ ਨੇ ਦੋਨਾਂ ਧਰਮਾਂ ਨੂੰ ਬਰਾਬਰ ਕਿਹਾ। ਦਲਿਤ ਵਰਗ ਨਾਲੋਂ ਵੀ ਵੱਧ ਨਰਕ ਭੋਗ ਰਹੀ ਸੀ ਇਸਤਰੀ ਜਾਤੀ। ਗੁਰੂ ਰਵਿਦਾਸ ਜੀ ਨੇ ਰਾਣੀ ਝਾਲੀ ਅਤੇ ਮੀਰਾਂ ਨੂੰ ਨਾਮਦਾਨ ਦੇ ਕੇ ਭਗਤੀ ਸਾਧਨਾਂ ਵਿੱਚ ਲਿਆਂਦਾ। ਉਨ੍ਹਾਂ ਦੀ ਬਾਣੀ ਵਿੱਚ ਨਾਰੀ ਦੇ ਸੁਹਾਗਣ ਪਤਨੀ ਦੇ ਰੂਪ ਵਿੱਚ ਬਹੁਤ ਹੀ ਸੁੰਦਰ ਢੰਗ ਨਾਲ ਨਾਰੀ ਪ੍ਰਤੀ ਆਦਰ ਪ੍ਰਗਟਾਇਆ ਗਿਆ ਹੈ। ਨਿਰਸੰਦੇਹ ਗੁਰੂ ਜੀ ਧਰਮ ਨਿਰਲੇਪਤਾ ਅਤੇ ਸਾਂਝੀਵਾਲਤਾਂ ਦੇ ਪ੍ਰਤੀਕ ਸਨ। ਉਨ੍ਹਾਂ ਨੇ ਭਾਰਤੀ ਸਮਾਜ ਅੰਦਰ ਫੈਲੀ ਸਮਾਜਕ-ਅਸਮਾਨਤਾ 'ਤੇ ਅਨਿਆਏ ਨੂੰ ਦੇਖਿਆ ਹੀ ਨਹੀਂ ਸਗੋਂ ਖੁਦ ਹੰਡਾਇਆ। ਇਸ ਦੇ ਕਾਰਨ ਲੋਕ ਗਰੀਬੀ-ਗੁਰਬਤ ਭੋਗ ਰਹੇ ਹਨ,ਇਸ ਵਿਰੁਧ ਬਰਾਬਰੀ, ਸਮਾਨਤਾ ਅਤੇ ਮਾਨਵੀ ਏਕਤਾ ਲਈ ਆਪਣੇ ਉਪਦੇਸ਼ਾਂ ਰਾਹੀਂ ਲੋਕਾਈ ਨੂੰ ਆਪਣਾ ਸੰਦੇਸ਼ ਦਿੱਤਾ। ਲੋਕਾਂ ਅੰਦਰ ਬਰਾਬਰਤਾ ਪੱਖੀ ਵਿਚਾਰਾਂ ਨੂੰ ਸਮਾਜਵਾਦੀ, ਕ੍ਰਾਂਤੀਕਾਰੀ ਅਤੇ ਨਿਵੇਕਲੇ ਅਧਿਆਤਮਕਵਾਦੀ ਸਿਧਾਂਤ ਰਾਹੀਂ ਇਕ ਅਨੂਠੇ ਸਮਾਜ ਦੀ ਕਲਪਨਾ ਵੀ ਕੀਤੀ। ਇਕ ਸੰਪੂਰਨ ਤੇ ਮਨੁੱਖਤਾਵਾਦੀ ਸਮਾਜ ਦੀ ਮੰਗ ਵੀ ਉਠਾਈ?

ਬੇਗਮਪੁਰੇ ਸਹਰ ਕੋ ਨਾਉਂ ॥ ਦੂਖੁ ਅੰਦਹੁ ਨਹੀਂ ਤਿਹਿ ਠਾਉ॥
ਕਹਿ ਰਵਿਦਾਸ ਖਲਾਸ ਚਮਾਰਾ॥ ਹੋ ਹਮ ਸਹਰੀ ਸੁ ਮੀਤ ਹਮਾਰਾ
(ਗੁਰੂ ਗ੍ਰੰਥ ਸਾਹਿਬ-ਪੰਨਾ 345)

ਗੁਰੂ ਰਵਿਦਾਸ ਜੀ ਨੇ ਮੱਧ-ਕਾਲ ਵੇਲੇ ਜਦੋਂ ਭਗਤੀ ਲਹਿਰ ਦੇਸ਼ ਅੰਦਰ ਪਸਰ ਰਹੀ ਸੀ, ਦੁੱਖਾਂ ਨਾਲ ਪੀੜਤ ਨਿਮਨ-ਵਰਗ ਦੇ ਦੁੱਖ ਦੇਖ ਕੇ ਦੱਬੇ ਕੁਚਲੇ ਲੋਕਾਂ ਅੰਦਰ ਇਕ ਸਮਾਨਤਾ ਦੀ ਲਹਿਰ ਚਲਾਉਣ ਲਈ ਅਗਾਜ਼ ਕੀਤਾ। (ਦਾਰਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ॥ (ਗੁਰੂ ਗ੍ਰੰਥ ਸਾਹਿਬ ਪੰਨਾ 858) ਉਹ ਇਕ ਮੌਲਿਕ ਚਿੰਤਕ ਸਨ। ਇਹੀ ਕਾਰਨ ਹੈ ਕਿ ਸਿੱਖ ਧਰਮ ਦੇ ਪਵਿਤਰ ਗੁਰੂ ਗ੍ਰੰਥ ਸਾਹਿਬ ਅੰਦਰ ਉਨ੍ਹਾਂ ਦੀ ਰਚਨਾ ਅੰਕਿਤ ਹੈ।ਉਨ੍ਹਾਂ ਦੀ ਬਾਣੀ ਦੇ 40 ਪਦ (ਸ਼ਬਦ) ਅਤੇ ਇਕ ਦੋਹਾ (ਸਾਖੀ) ਜਾਂ ਸਲੋਕ ਆਦਿ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ। ਇਹ ਸਾਰੇ ਸ਼ਬਦ ਸੋਲਾਂ ਰਾਗਾਂ ਵਿੱਚ ਅੰਕਿਤ ਹਨ। ਜੋ ਸਿਰੀ, ਗਾਉੜੀ, ਆਸਾ, ਗੁਜਰੀ, ਸੋਰਠਿ, ਧਨਾਸਰੀ, ਜੈਤਸਰੀ, ਸੂਹੀ, ਬਿਲਾਵਲ, ਗੌਂਡ, ਰਾਮਕਲੀ, ਮਾਰੂ, ਕੇਦਾਰਾ, ਭੈਰਓ, ਬਸੰਤ ਅਤੇ ਮਲਾਰ ਅੰਦਰ ਕਾਵਿ ਗੁਣਾਂ ਨਾਲ ਭਰਪੂਰ ਅਤੇ ਅਧਿਆਤਮ-ਪੱਖੀ ਰਚਨਾਵਾਂ ਹਨ। ਉਹ ਰੱਬ ਨੂੰ ਸਰਵ-ਉੱਚ ਮੰਨਦੇ ਸਨ ਤੇ ਮਨੁੱਖੀ ਦੇਹੀ ਨੂੰ ਇਕ ਕੀਮਤੀ ਦਾਤ ਦਾ ਦਰਜਾ ਦਿੰਦੇ ਸਨ। ਗੁਰੂ ਰਵਿਦਾਸ ਜੀ ਦਾ ਜਨਮ 1376 ਈ: ਵਿੱਚ ਮਾਤਾ ਕਰਮਾ ਦੇਵੀ ਅਤੇ ਪਿਤਾ ਰਘੁਰਾਇ ਦੇ ਘਰ ਬਨਾਰਸ ਦੇ ਆਸ-ਪਾਸ ਹੋਇਆ (ਇਤਿਹਾਸਕ ਤੇ ਸ਼ੋਧ ਪੂਰਨ ਹਵਾਲਿਆ ਅਨੁਸਾਰ ਜਨਮ ਮਿਤੀ: 25-ਜਨਵਰੀ), 1376-77 ਈ: ਦਿਨ ਐਤਵਾਰ ਡਾ: ਹਰਨੇਕ ਸਿਘ ਕਲੇਰ ਸ਼ੋਧ ਪ੍ਰਬੰਧ)। ਗੁਰੂ ਰਵਿਦਾਸ ਜੀ ਨੂੰ ਭਗਤ ਰਾਮਾਨੰਦ ਜੀ ਦਾ ਪ੍ਰਮੁੱਖ ਚੇਲਾ ਮੰਨਿਆ ਦੱਸਿਆ ਗਿਆ ਹੈ। ਗੁਰੂ ਜੀ ਨੇ ਮੌਲਿਕ ਅਧਿਆਤਮਿਕ ਪ੍ਰਾਪਤੀਆਂ ਕਰਕੇ ਅਦੁਤੀ ਵਡਿਆਈ ਪ੍ਰਾਪਤ ਕੀਤੀ। ਬ੍ਰਾਹਮਣਵਾਦੀ ਜੋ ਵਰਣ-ਵੰਡ ਦੇ ਹਾਮੀ ਸਨ ਰਵਿਦਾਸ ਜੀ ਦੇ ਕੱਟੜ ਵਿਰੋਧੀ ਸਨ।

ਗੁਰੂ ਰਵਿਦਾਸ ਜੀ ਨੇ ਇਤਿਹਾਸਕ ਪ੍ਰੀਪੇਖ ਅੰਦਰ ਸਮਾਜਕ ਚੇਤਨਾ ਵਜੋਂ ਮਾਨਵ ਜੀਵਨ ਜੁਗਤ ਦਾ ਦਰਸ਼ਨ ਪੇਸ਼ ਕੀਤਾ । ਉਹ ਇਕ ਮੌਲਿਕ ਚਿੰਤਕ ਸਨ ਜਿਨ੍ਹਾਂ ਨੇ ਭਗਤੀ ਲਹਿਰ ਵੇਲੇ ਦੇਸ਼ ਦੇ ਦੱਬੇ-ਕੁਚਲੇ ਅਤੇ ਜਾਤ-ਪਾਤ ਅੰਦਰ ਲਤਾੜੇ ਇਕ ਬਹੁਤ ਵੱਡੇ ਸ਼ੋਸ਼ਿਤ ਸਮਾਜ ਨੂੰ ਵੀ ਬਰਾਬਰਤਾ ਦਾ ਹੱਕ ਦੇਣ ਲਈ ਅਵਾਜ਼ ਬੁਲੰਦ ਕੀਤੀ।

ਨੀਚਹੁ ਊਚ ਕਰੇ ਮੇਰਾ ਗੋਬਿੰਦ ਕਾਹੂ ਤੇ ਨ ਡਰੇ। (ਗੁਰੂ ਗ੍ਰੰਥ ਸਾਹਿਬ ਪੰਨਾ 1106)

ਪਰ ਭਾਰਤ ਦੀ ਰਾਜਸਤਾ ਅੰਦਰ ਸਦੀਆਂ ਤੋ ਦੱਬੇ-ਕੁਚਲੇ ਦਲਿਤ, ਘੱਟ ਗਿਣਤੀਆਂ ਅਤੇ ਇਸਤਰੀ ਵਰਗ ਦੀ ਦਾਸਤਾਨ, ਅੱਜ ਦੇ ਭਾਰਤੀ ਸਮਾਜ ਦੀ ਮਾਨਸਿਕਤਾ ਕਾਲ ਦੇ ''ਵਰਗੀ-ਸੰਘਰਸ਼ਾਂ'' ਅੰਦਰ ਅਤੀਤ, ਵਰਤਮਾਨ ਅਤੇ ਭਵਿੱਖ ਵੱਲ ਢੱਲਦੇ ਪ੍ਰਛਾਇਆਂ ਕਾਰਨ ਹਾਕਮਾਂ ਦੇ ਕਹਿਰਾ ਤੋਂ ਬਚ ਨਹੀਂ ਸਕੀ। ਉਨ੍ਹਾਂ ਦੀ ਹੋਣੀ ਸਦੀਆਂ ਤੋਂ ਜੰਮਣ ਅਤੇ ਮਰਨ ਤੱਕ ਹਰ ਤਰ੍ਹਾਂ ਦੇ ਸ਼ੋਸ਼ਣ ਅਤੇ ਅਸਮਾਨਤਾ ਕਾਰਨ ਬੇ-ਪਛਾਣ ਹੋ ਗਈ ਜੋ ਅੱਜ ਆਪਣੇ ਯਥਾਰਥ ਨੂੰ ਵੀ ਭੁੱਲ ਗਈ ਲੱਗਦੀ ਹੈ। ਫਿਰ ਉਸ ਨੂੰ ਕਿਸੇ ਜੱਥੇਬੰਦਕ ਢਾਂਚੇ ਦੀ ਹੋਂਦ ਤੋਂ ਬਿਨਾਂ ਇਸ ਵਰਗੀ-ਸੰਸਾਰ ਅੰਦਰ ਇਨਸਾਫ਼ ਕਿੱਥੋਂ ਮਿਲੇਗਾ?

ਦੇਸ਼ ਦਾ ਇਹ ਇਕ ਵੱਡਾ ਸ਼ੋਸ਼ਿਤ ਸਮਾਜ ਸਦੀਆਂ ਤੌਂ ਸਮਾਜਕ, ਆਰਥਿਕ, ਰਾਜਨੀਤਕ, ਧਾਰਮਿਕ ਅਤੇ ਸੱਭਿਆਚਾਰਕ ਖੇਤਰ ਅੰਦਰ ਲੁੱਟ ਦਾ ਸ਼ਿਕਾਰ ਹੁੰਦਾ ਆ ਰਿਹਾ ਹੈ। ਭਾਵੇਂ ਇਸ ਸਮਾਜ ਨੇ ਦੇਸ਼ ਦੇ ਵਿਕਾਸ ਅੰਦਰ ਪੂਰੀ ਨਿਸ਼ਟਾ, ਦੇਸ਼ ਭਗਤੀ ਅਤੇ ਮਾਂ-ਭੂਮੀ ਲਈ ਅਥਾਹ ਕੁਰਬਾਨੀਆਂ ਕੀਤੀਆਂ ਹਨ। ਪਰ ਇਹ ਵਰਗ ਹਾਕਮਾਂ ਵੱਲੋਂ ਸਦਾ ਹੀ ਨਜ਼ਰ ਅੰਦਾਜ਼ ਕੀਤਾ ਜਾਂਦਾ ਰਿਹਾ ਹੈ। ਭਾਰਤ ਦੇ ਵਿਕਾਸ ਦਾ ਚੱਕਾ ਘੁਮਾਉਣ 'ਚ ਇਸ ਵਰਗ ਦਾ ਵੱਡਾ ਯੋਗਦਾਨ ਹੈ।

ਦਲਿਤ, ਆਦਿਵਾਸੀ ਅਤੇ ਕਬਾਇਲੀ ਭਾਈਚਾਰਾ ਹੀ ਅਸਲੀ ਭਾਰਤ ਦੇ ਮੂਲ ਨਿਵਾਸੀ ਅਤੇ ਵਾਰਸ ਸਨ। ਸਿੰਧੂ ਘਾਟੀ ਸੱਭਿਅਤਾ ਦੇ ਖਾਤਮੇ ਬਾਦ ਭਾਰਤ ਅੰਦਰ ਦਾਖਲ ਹੋਏ ਮੱਧ-ਏਸ਼ੀਆ ਦੇ ਕਬੀਲੇ ਅਤੇ ਬਾਹਰਲੇ ਹਮਲਾਵਰਾਂ ਜਿਨ੍ਹਾਂ ਨੂੰ ਹੁਣ ਆਰੀਅਨ-ਲੋਕ ਕਿਹਾ ਜਾਂਦਾ ਹੈ। ਕਈ ਸਦੀਆਂ ਪਹਿਲਾਂ ਉਤਰ-ਪੱਛਮ ਅਤੇ ਅੱਗੋ ਬਾਕੀ ਭਾਰਤ ਅੰਦਰ ਕਾਬਜ਼ ਹੋ ਕੇ ਸਥਾਪਤ ਹੁੰਦੇ ਗਏ। ਇਥੋਂ ਦੇ ਮੂਲਵਾਸੀ, ਭੀਲ, ਕੋਲ, ਸੰਥਾਲ, ਮੁੰਡਾ, ਆਦਿਵਾਸੀ ਕਬੀਲੇ ਜਿਨ੍ਹਾਂ ਨੂੰ ਪ੍ਰਵਾਸੀ ਜਰਵਾਣਿਆ ਨੇ ਜਾਂ ਤਾਂ ਮਾਰ ਦਿੱਤਾ, ਜਾਂ ਫਿਰ ਗੁਲਾਮ ਬਣਾ ਲਿਆ ਅਤੇ ਬਾਕੀ ਜੰਗਲਾਂ ਦੀ ਸ਼ਰਣ 'ਚ ਚਲੇ ਗਏ।

ਦੇਸ਼ ਦੇ ਕੁਦਰਤੀ ਸੋਮਿਆਂ ਜ਼ਮੀਨ, ਜੰਗਲ ਅਤੇ ਜਲ ਦੇ ਅਧਿਕਾਰਾਂ ਤੋਂ ਬੰਚਿਤ ਹੀ ਇਹ ਲੋਕ ਸਦੀਆਂ ਤੋਂ ਜਰਵਾਣੇ ਲੋਕਾਂ ਦੇ ਸ਼ੋਸ਼ਣ ਦਾ ਸ਼ਿਕਾਰ ਹੁੰਦੇ ਆ ਰਹੇ ਹਨ। ਸਮੁੱਚੇ ਸੋਸ਼ਿਤ ਵਰਗ ਦੀ ਮੁਕਤੀ ਲਈ ਅੱਜ ਇਕੋ ਇਕ ਰਾਹ ਇਹ ਹੈ ਕਿ ਉਹ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਇਕ ਮੁੱਠ ਹੋਣ। ਇਸ ਲਈ ਸੋਸ਼ਿਤ ਸਮਾਜ ਦੀ ਸ਼ਕਤੀ ਭਾਰਤ ਅੰਦਰ ਕਿਰਤੀ-ਜਮਾਤ ਦੇ ਸੰਘਰਸ਼ਾਂ ਦੀ ਭਾਈਵਾਲੀ ਵਾਲੀ ਰਾਜਨੀਤੀ ਅੰਦਰ ਹੀ ਅੱਗੇ ਵੱਧ ਸਕਦੀ ਹੈ। ਸਮਾਜਕ-ਪ੍ਰੀਵਰਤਨ ਲਈ ਸਮੁੱਚੀ ਕਿਰਤੀ-ਜਮਾਤ ਹੀ ਸਰਵ-ਸਮੱਰਥ ਹੋ ਸਕਦੀ ਹੈ। ਜੋ ਮਨੁੱਖ ਨੂੰ ਸਮਾਜਕ ਤੇ ਆਰਥਿਕ ਦੁੱਖਾਂ ਤੋਂ ਨਿਜਾਤ ਦਿਵਾ ਸਕਦੀ ਹੈ। ਗੁਰੂ ਰਵਿਦਾਸ ਜੀ ਨੇ ਵੀ ਇਸ ਲਈ ਅਨੂਠਾ ਅਤੇ ਚਿੰਤਕ ਮਾਨਵਵਾਦੀ ਤੇ ਸਮਾਜਵਾਦੀ ਨਾਹਰਾ ਦਿੱਤਾ ਸੀ।

ਬੇਗਮਪੁਰਾ ਸਹਰ ਕੋ ਨਾਉਂ॥ ਦੂਖੁ ਅੰਦੋਹੁ ਨਹੀਂ ਤਿਹਿ ਠਾਉ ॥
(ਗੁਰੂ ਗ੍ਰੰਥ ਸਾਹਿਬ ਜੀ)

# ਮੁੜ ਤੀਲਾ-ਤੀਲਾ ਹੋ ਜਾਏਗਾ ਇੰਡੀਆ ਗੱਠਜੋੜ



ਗੁਰਮੀਤ ਪਲਾਹੀ
91-98158-02070

ਪਿਛਲੇ ਸਾਲ 23 ਜੂਨ ਨੂੰ ਬਿਹਾਰ ਦੇ ਪਟਨਾ ਸ਼ਹਿਰ ਵਿੱਚ ਵਿਰੋਧੀ ਦਲਾਂ ਨੇ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਬੀਜੇਪੀ ਨੂੰ ਹਰਾਉਣ ਲਈ ਇੱਕਮੁੱਠ ਹੋਕੇ ਚੋਣ ਲੜਨ ਦਾ ਫ਼ੈਸਲਾ ਕੀਤਾ ਸੀ। ਦੇਸ਼ ਵਾਸੀਆਂ ਨੇ ਵਿਰੋਧੀ ਦਲਾਂ ਦੇ ਇਸ ਇੰਡੀਆ ਗੱਠਜੋੜ ਸੁਨੇਹੇ ਨੂੰ ਸ਼ੁਭ ਮੰਨਿਆ ਸੀ। ਦੇਸ਼ ਦੀ ਸਿਆਸਤ ਵਿੱਚ ਇੱਕ ਹਲਚਲ ਵੇਖਣ ਨੂੰ ਮਿਲੀ ਸੀ।

ਕੁਝ ਮਹੀਨੇ ਬੀਤਣ ਬਾਅਦ, ਜਿਸ ਸਿਆਸੀ ਨੇਤਾ, ਬਿਹਾਰ ਦੇ ਮੁੱਖ ਮੰਤਰੀ ਨਤੀਸ਼ ਕੁਮਾਰ ਨੇ ਵਿਰੋਧੀ ਦਲਾਂ ਨੂੰ ਇੱਕਮੁੱਠ ਕਰਨ ਦੀ ਪਹਿਲਕਦਮੀ ਕੀਤੀ ਸੀ, ਉਹ ਹੁਣ ਨਰੇਂਦਰ ਮੋਦੀ ਦੀ ਛੱਤਰੀ ਹੇਠ ਆ ਗਿਆ ਹੈ। ਗੱਠਬੰਧਨ ਦੀਆਂ ਸਾਰੀਆਂ ਗਤੀਵਿਧੀਆਂ ਲਗਭਗ ਠੱਪ ਹੋ ਗਈਆਂ ਜਾਪਦੀਆਂ ਹਨ। ਇੰਡੀਆ ਗੱਠਬੰਧਨ ਸ਼ੁਰੂ ਹੋਣ ਤੋਂ ਪਹਿਲਾਂ ਹੀ ਤੀਲ-ਤੀਲਾ ਹੋਣ ਦੇ ਕਗਾਰ 'ਤੇ ਹੈ।

ਇੰਡੀਆ ਗੱਠਜੋੜ ਤਾਂ ਬਣ ਗਿਆ, ਪਰ ਇਸਦਾ ਕੋਈ ਰੋਡ ਮੈਪ ਕੀ ਹੋਏਗਾ? ਇਸਦਾ ਵਿਜ਼ਨ ਕੀ ਹੋਏਗਾ? ਜਨਤਾ ਵਿੱਚ ਇਹ ਕਿਹੜੇ ਮੁੱਦੇ ਲੈ ਕੇ ਜਾਏਗਾ, ਇਸ ਸਬੰਧੀ ਕੋਈ ਸਹਿਮਤੀ ਬਣਨਾ ਤਾਂ ਦੂਰ ਦੀ ਗੱਲ ਹੈ, ਕੋਈ ਛੋਟੀ ਪਹਿਲ ਤੱਕ ਨਾ ਹੋਈ। ਹਾਲਾਂਕਿ ਕੁਝ ਦਲਾਂ ਨੇ ਇਸ ਗੱਲ ਉਤੇ ਦਬਾਅ ਜ਼ਰੂਰ ਬਣਾਇਆ ਸੀ ਕਿ ਸੀਟਾਂ ਦੀ ਵੰਡ ਤੋਂ ਪਹਿਲਾਂ ਮੁੱਦਿਆਂ ਸਬੰਧੀ ਰੋਡ ਮੈਪ ਸਬੰਧੀ ਸੱਪਸ਼ਟਤਾ ਹੋਣੀ ਚਾਹੀਦੀ ਹੈ, ਪਰ ਪਿਛਲੇ ਸਾਲ ਦੀ ਆਖ਼ਰੀ ਮੀਟਿੰਗ ਤੋਂ ਬਾਅਦ ਆਪਸ ਵਿੱਚ ਇੱਕ ਜੁੱਟ ਰੱਖਣਾ ਵੀ ਸਭ ਤੋਂ ਵੱਡੀ ਚੁਣੌਤੀ ਬਣ ਗਈ ਹੈ।

85 ਲੋਕ ਸਭਾ ਸੀਟਾਂ ਵਾਲੇ ਸੂਬੇ ਉੱਤਰ ਪ੍ਰਦੇਸ਼ 'ਚ ਸਮਾਜਵਾਦੀ ਪਾਰਟੀ ਅਤੇ ਕਾਂਗਰਸ ਵਿੱਚ ਸੀਟਾਂ ਦੀ ਵੰਡ ਨਹੀਂ ਹੋ ਰਹੀ। ਸਮਾਜਵਾਦ ਪਾਰਟੀ ਦੇ ਨੇਤਾ ਆਪਣੀ ਮਰਜ਼ੀ ਨਾਲ ਹੀ ਕਾਂਗਰਸ ਨੂੰ ਕੁਝ ਸੀਟਾਂ ਦੇਣੀਆਂ ਚਾਹੁੰਦੇ ਹਨ ਪਰ ਕਾਂਗਰਸ ਰਾਜ਼ੀ ਨਹੀਂ ਹੋਈ। ਪੱਛਮੀ ਬੰਗਾਲ 'ਚ ਆਪਣੇ ਪ੍ਰਭਾਵ ਕਾਰਨ ਮਮਤਾ ਬੈਨਰਜੀ ਕਾਂਗਰਸ ਅਤੇ ਖੱਬੀਆਂ ਧਿਰਾਂ ਨੂੰ ਠੀਕ ਢੰਗ ਨਾਲ ਪੱਲੇ ਨਹੀਂ ਬੰਨ੍ਹ ਰਹੀ। ਉਹ ਕਾਂਗਰਸ ਨੂੰ ਸਿਰਫ਼ ਦੋ-ਤਿੰਨ ਸੀਟਾਂ ਦੇਣ ਲਈ ਹੀ ਰਾਜ਼ੀ ਹੋਈ ਹੈ।

ਬਿਹਾਰ ਵਿੱਚ ਤਾਂ ਗੱਠਜੋੜ ਦੀ ਖੇਡ ਨਤੀਸ਼ ਕੁਮਾਰ ਨੇ ਖ਼ਤਮ ਹੀ ਕਰ ਦਿੱਤੀ ਹੈ, ਜਿਥੇ ਇੱਕ ਪਾਸੇ ਨਤੀਸ਼ ਕੁਮਾਰ, ਲਾਲੂ ਪ੍ਰਸ਼ਾਦ ਯਾਦਵ ਅਤੇ ਕਾਂਗਰਸ ਅਤੇ ਹੋਰ ਧਿਰਾਂ ਗੱਠਜੋੜ ਦਾ ਹਿੱਸਾ ਸਨ, ਤੇ ਦੂਜੇ ਪਾਸੇ ਭਾਜਪਾ। ਹੁਣ ਲਾਲੂ ਪ੍ਰਸਾਦ ਯਾਦਵ ਦੀ ਪਾਰਟੀ ਅਤੇ ਕਾਂਗਰਸ ਹੀ ਬਿਹਾਰ 'ਚ ਇਕੱਠੇ ਰਹਿ ਗਏ ਹਨ, ਪਰ ਉਹਨਾ 'ਚ ਸੀਟਾਂ ਦੀ ਵੰਡ ਲਈ ਹਾਲੇ ਸਹਿਮਤੀ ਨਹੀਂ ਹੋਈ। ਛੋਟੀਆਂ-ਮੋਟੀਆਂ ਪਾਰਟੀਆਂ ਤਾਂ ਭਾਜਪਾ ਦੇ ਨਾਲ ਹੀ ਚਲੇ ਗਈਆਂ ਹਨ।

ਪੰਜਾਬ 'ਚ "ਆਪ" ਅਤੇ ਕਾਂਗਰਸ ਆਪੋ-ਆਪਣੀਆਂ ਚੋਣਾਂ ਲੜਨਗੇ। ਦਿੱਲੀ ਵਿੱਚ ਵੀ ਹਾਲੇ ਕੋਈ ਸਹਿਮਤੀ ਇਹਨਾ ਪਾਰਟੀਆਂ ਦੀ ਨਹੀਂ ਹੋ ਸਕੀ। ਹਰਿਆਣਾ ਵਿੱਚ ਵੀ ਆਮ ਆਦਮੀ ਪਾਰਟੀ ਅਤੇ ਕਾਂਗਰਸ ਆਪਸੀ ਸਹਿਮਤੀ ਬਨਾਉਣ 'ਚ ਕਾਮਯਾਬ ਨਹੀਂ ਹੋ ਸਕੀਆਂ। ਮਹਾਂਰ-ਾਸ਼ਟਰ ਵਿੱਚ ਵੀ ਸੀਟਾਂ ਦੀ ਵੰਡ ਦਾ ਮੁੱਦਾ ਹਾਲੇ ਕਾਇਮ ਹੈ। ਮੱਧ ਪ੍ਰਦੇਸ਼, ਮਹਾਂਰਾਸ਼ਟਰ ਅਤੇ ਦੱਖਣੀ ਰਾਜਾਂ 'ਚ ਕੁਝ ਰਾਜਾਂ ਨੂੰ ਛੱਡਕੇ ਕਾਂਗਰਸ ਤੇ ਹੋਰ ਧਿਰਾਂ ਇੱਕਮੁੱਠ ਨਹੀਂ ਹੋ ਸਕੀਆਂ। ਹੋਰ ਰਾਜਾਂ ਵਿੱਚ ਵੀ ਇੰਡੀਆ ਗੱਠਜੋੜ ਵਿੱਚ ਸ਼ਾਮਲ ਪਾਰਟੀਆਂ ਇੱਕਜੁੱਠ ਨਹੀਂ ਹੋ ਰਹੀਆਂ ਹਨ।

ਆਈ.ਐਨ.ਡੀ.ਆਈ.ਏ. (ਇੰਡੀਆ) ਵਿੱਚ ਦੋ ਦਰਜਨ ਤੋਂ ਵੱਧ ਦਲਾਂ ਨੂੰ ਜੋੜਨ ਅਤੇ ਮੁੜ ਜੋੜੇ ਰੱਖਣ ਲਈ ਆਪਸੀ ਤਾਲਮੇਲ ਦੀ ਘਾਟ ਵੇਖੀ ਗਈ। ਗੱਠਜੋੜ ਬਨਣ ਦੇ ਜਲਦੀ ਬਾਅਦ ਇਹ ਸੁਝਾਅ ਆਇਆ ਕਿ ਗੱਠਜੋੜ ਦੇ ਕੋਆਰਡੀਨੇਟਰ ਦੀ ਨਿਯੁੱਕਤੀ ਸਭ ਦੀ ਸਹਿਮਤੀ ਨਾਲ ਕੀਤੀ ਜਾਵੇ, ਜੋ ਸਾਰੇ ਦਲਾਂ ਨੂੰ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਜੋੜਕੇ ਸਾਰਥਿਕ ਭੂਮਿਕਾ ਨਿਭਾਵੇ। ਬਿਹਾਰ ਦੇ ਮੁੱਖ ਮੰਤਰੀ ਨਤੀਸ਼ ਕੁਮਾਰ ਇਸ ਆਹੁਦੇ ਲਈ ਉਮੀਦਵਾਰ ਸਨ, ਪਰੰਤੂ ਬੰਗਾਲ ਦੇ ਪ੍ਰਭਾਵੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਇਸ ਦਾ ਤਿੱਖਾ ਵਿਰੋਧ ਕੀਤਾ। ਕਾਂਗਰਸ ਨੇ ਵੀ ਇਸ ਮਸਲੇ ਉਤੇ ਸੁਸਤੀ ਵਿਖਾਈ। ਇੱਕ ਮੀਟਿੰਗ ਵਿੱਚ ਕਾਂਗਰਸ ਦੇ ਪ੍ਰਧਾਨ ਮਲਿਕਾਰੁਜਨ ਖੜਗੇ ਨੂੰ ਗੱਠਜੋੜ ਦਾ ਚੇਅਰਮੈਨ ਚੁਣ ਲਿਆ ਗਿਆ, ਪਰ ਕੋਆਰਡੀਨੇਟਰ ਦੇ ਤੌਰ 'ਤੇ ਨਿਯੁੱਕਤੀ ਨਾ ਹੋ ਸਕੀ। ਭਾਵੇਂ ਕਿ ਚੇਅਰਮੈਨ ਵਲੋਂ ਕੁਝ ਪਾਰਟੀਆਂ ਨਾਲ ਸਹਿਮਤੀ ਬਣਾਉਣ ਲਈ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਪਰ ਸਾਰਥਿਕ ਸਿੱਟੇ ਨਹੀਂ ਨਿਕਲ ਰਹੇ, ਜਦਕਿ ਚੋਣਾਂ ਨਜ਼ਦੀਕ ਆ ਰਹੀਆਂ ਹਨ ਅਤੇ ਕਿਸੇ ਸਮੇਂ ਵੀ ਚੋਣਾਂ ਦਾ ਐਲਾਨ ਹੋ ਸਕਦਾ ਹੈ।

ਅਸਲ ਗੱਲ ਤਾਂ ਇਹ ਹੈ ਕਿ ਦੋ ਦਰਜਨ ਤੋਂ ਵੱਧ ਵਿਰੋਧੀ ਦਲ ਭਾਜਪਾ ਨੂੰ ਹਰਾਉਣ ਲਈ ਇੱਕ ਮੰਚ ਉਤੇ ਤਾਂ ਆ ਗਏ, ਪਰ ਇਹਨਾ ਵਿੱਚ ਵਿਸ਼ਵਾਸ਼ ਨਹੀਂ ਬਣ ਸਕਿਆ। ਗੱਠਜੋੜ ਹੋਣ ਦੇ ਬਾਵਜੂਦ ਇਹ ਦਲ ਇੱਕ-ਦੂਜੇ ਦੇ ਵਿਰੋਧ ਵਿੱਚ ਬਿਆਨ ਦਿੰਦੇ ਰਹੇ। ਸੀਟਾਂ ਦੀ ਵੰਡ ਅਤੇ ਹੋਰ ਮੁੱਦਿਆਂ ਉਤੇ ਵੀ ਇਹ ਦਲ ਆਪਸ 'ਚ ਭਿੜਦੇ ਰਹੇ। ਇਸ ਨਾਂਹ-ਪੱਖੀ ਵਤੀਰੇ ਨੂੰ ਇੰਡੀਆ ਗੱਠਜੋੜ ਨੂੰ ਕਦੀ ਸਥਿਰ ਨਹੀਂ ਹੋਣ ਦਿੱਤਾ। ਕਾਂਗਰਸ ਜਿਸ ਨੇ ਵੱਡੇ ਭਰਾ ਵਾਲੀ ਭੂਮਿਕਾ ਨਿਭਾਉਣੀ ਸੀ, ਉਸ ਵਲੋਂ ਕੋਈ ਅਸਰਦਾਇਕ ਕਦਮ ਇਕਜੁੱਟਤਾ ਲਈ ਨਹੀਂ ਚੁੱਕੇ ਗਏ। ਕਾਂਗਰਸ ਵਲੋਂ ਰਾਹੁਲ ਗਾਂਧੀ ਦੇ ਨਿਆਂ ਮਾਰਚ ਨੂੰ ਤਾਂ ਅਹਿਮੀਅਤ ਦਿੱਤੀ ਗਈ ਅਤੇ ਦੂਜੇ ਦਲਾਂ ਵਲੋਂ ਆਸ ਰੱਖੀ ਗਈ ਕਿ ਉਹ ਯੂਪੀ, ਬੰਗਾਲ, ਬਿਹਾਰ ਰਾਜਾਂ 'ਚ ਉਸਦਾ ਸਾਥ ਦੇਣ, ਪਰ ਚੇਅਰਮੈਨ ਹੋਣ ਦੇ ਨਾਤੇ ਵੀ ਉਸ ਵਲੋਂ ਕਈ ਕੋਸ਼ਿਸ਼ਾਂ ਦੇ ਬਾਵਜੂਦ ਕੋਈ ਸਾਂਝੀ ਰੈਲੀ ਨਾ ਕੀਤੀ ਗਈ। ਕਦੇ ਪਟਨਾ, ਕਦੇ ਭੋਪਾਲ ਅਤੇ ਕਦੇ ਸ਼ਿਮਲਾ 'ਚ ਰੈਲੀ ਕਰਨ ਦਾ ਪ੍ਰੋਗਰਾਮ ਉਲੀਕਿਆ, ਤਿਆਰੀ ਹੋਈ, ਪਰ ਆਪਸੀ ਵਿਸ਼ਵਾਸ਼ ਦੀ ਕਮੀ ਨੇ ਇਹ ਗੱਲ ਸਿਰੇ ਨਾ ਲੱਗਣ ਦਿੱਤੀ।

ਗੱਠਬੰਧਨ ਦੇ ਮੈਂਬਰਾਂ 'ਚ ਸੰਵਾਦ ਦੀ ਘਾਟ ਲਈ ਖੇਤਰੀ ਦਲਾਂ ਨੇ ਕਾਂਗਰਸ ਨੂੰ ਜ਼ਿੰਮੇਵਾਰ ਠਹਿਰਾਇਆ । ਅਗਸਤ ਵਿੱਚ ਮੀਟਿੰਗ ਹੋਣ ਤੋਂ ਬਾਅਦ ਕਾਂਗਰਸ ਨੇ ਲਗਾਤਾਰ ਬੈਠਕ ਦੀ ਤਾਰੀਖ ਇਹ ਕਹਿ ਕਿ ਟਾਲ ਦਿੱਤੀ ਕਿ ਉਹਨਾ ਦੇ ਨੇਤਾ ਪੰਜ ਰਾਜਾਂ ਦੀਆਂ ਚੋਣਾਂ ਵਿੱਚ ਰੁਝੇ ਹੋਏ ਹਨ। ਪਰ ਗੱਠਬੰਧਨ ਨੇ ਦੱਬੀ ਜ਼ੁਬਾਨ ਵਿੱਚ ਦੋਸ਼ ਲਾਇਆ ਕਿ ਕਾਂਗਰਸ ਵਿਧਾਨ ਸਭਾ ਚੋਣਾਂ ਵਿੱਚ ਵਧੀਆ ਨਤੀਜਿਆਂ ਨੂੰ ਅਧਾਰ ਬਣਾਕੇ ਖੇਤਰੀ ਦਲਾਂ ਨਾਲ ਸੀਟਾਂ ਦੀ ਵੰਡ ਸਮੇਂ ਵੱਧ ਹਿੱਸੇਦਾਰੀ ਮੰਗੇਗਾ। ਲੇਕਿਨ ਹੋਇਆ ਇਸ ਤੋਂ ਉਲਟ ਕਾਂਗਰਸ ਦੇ ਨਤੀਜੇ ਬਹੁਤ ਖਰਾਬ ਨਿਕਲੇ, ਇਸ ਤੋਂ ਬਾਅਦ ਖੇਤਰੀ ਦਲ ਕਾਂਗਰਸ ਉਤੇ ਦਬਾਅ ਬਨਾਉਣ ਲਗੇ। ਕਾਂਗਰਸ ਨੇ ਉਹਨਾ ਨਾਲ ਸੰਵਾਦ ਨਾ ਕੀਤਾ। ਸਿੱਟੇ ਵਜੋਂ ਗੱਠਬੰਧਨ ਪੱਟੜੀ ਤੋਂ ਉਤਰਦਾ ਗਿਆ।

ਭਾਵੇਂ ਸਾਰੇ ਵਿਰੋਧੀ ਦਲ ਇੱਕ ਮੰਚ ਉਤੇ ਇਕੱਠੇ ਹੋ ਗਏ, ਲੇਕਿਨ ਉਹ ਆਪਸੀ ਵਿਰੋਧ ਘੱਟ ਨਾ ਕਰ ਸਕੇ। ਪੱਛਮੀ ਬੰਗਾਲ 'ਚ ਟੀਐਮਸੀ ਅਤੇ ਖੱਬੀਆਂ ਧਿਰਾਂ ਨੇ ਸਾਫ਼ ਸੰਦੇਸ਼ ਦੇ ਦਿੱਤਾ ਕਿ ਉਥੇ ਆਪਸੀ ਸਮਝੌਤਾ ਸੰਭਵ ਨਹੀਂ। ਇਸੇ ਤਰ੍ਹਾਂ ਕੇਰਲ 'ਚ ਕਾਂਗਰਸ, ਤੇ ਖੱਬੀਆਂ ਧਿਰਾਂ ਆਹਮੋ-ਸਾਹਮਣੇ ਹਨ।

ਕਈ ਮੁੱਦੇ ਵੀ ਇਹਨਾ ਧਿਰਾਂ ਵਿਚਕਾਰ 'ਚ ਆਪਸੀ ਸਹਿਮਤੀ ਬਨਾਉਣ 'ਚ ਰੁਕਾਵਟ ਬਣੇ। ਜਾਤੀ ਜਨਗਣਨਾ ਸਬੰਧੀ ਮਮਤਾ ਬੈਨਰਜੀ ਸਹਿਮਤ ਨਹੀਂ ਹੋਈ। ਡੀਐਮਕੇ ਨੇ ਸਨਾਤਨ ਦਾ ਮੁੱਦਾ ਚੁੱਕ ਕੇ ਬਾਕੀਆਂ ਨੂੰ ਅਸਹਿਜ ਕਰ ਦਿੱਤਾ। ਗੱਠਬੰਧਨ ਦੇ ਇੱਕ ਨੇਤਾ ਨੇ ਤਾਂ ਹੁਣ ਇਥੋਂ ਤੱਕ ਕਹਿ ਦਿੱਤਾ ਹੈ ਕਿ ਇੱਕ ਮੰਚ ਤੇ ਆਉਣ ਦੇ ਲਾਭਾਂ ਨਾਲੋਂ ਨੁਕਸਾਨ ਵਧ ਹੋਇਆ ਹੈ।

ਇੰਡੀਆ ਗੱਠਜੋੜ ਨੂੰ ਅੱਗੇ ਵਧਾਉਣ ਅਤੇ ਜੋੜੀ ਰੱਖਣ ਲਈ ਕਾਂਗਰਸ ਦਾ ਸਭ ਤੋਂ ਵੱਧ ਯੋਗਦਾਨ ਲੋੜੀਂਦਾ ਸੀ, ਪਰ ਕਾਂਗਰਸ ਆਪਣੇ ਪ੍ਰੋਗਰਾਮ ਨੂੰ ਤਰਜੀਹ ਦਿੰਦੀ ਰਹੀਂ। ਉਸ ਦੇ ਨੇਤਾ ਰਾਹੁਲ ਗਾਂਧੀ ਜਦੋਂ ਕਹਿੰਦੇ ਹਨ ਕਿ ਜਾਤੀ ਗਣਨਾ ਦੇਸ਼ ਦਾ ਐਕਸਰੇ ਹੈ। ਉਹ ਕਹਿੰਦੇ ਹਨ ਕਿ ਪੱਛੜੇ, ਦਲਿਤ ਅਤੇ ਆਦਿ ਵਾਸੀਆਂ ਨੂੰ ਹੱਕ ਦਿਵਾਉਣ ਲਈ ਸਭ ਤੋਂ ਵੱਡਾ ਹਥਿਆਰ ਜਾਤੀ ਜਨ ਗਣਨਾ ਹੈ ਤਾਂ ਇਹ ਦੂਜੇ ਸਭਨਾਂ ਸਾਂਝੀਦਾਰਾਂ ਨੂੰ ਪ੍ਰਵਾਨ ਨਹੀਂ। ਇਹ ਸਾਂਝੀਦਾਰ, ਭਾਜਪਾ ਵਾਂਗਰ, ਕਾਂਗਰਸ 'ਚ ਪਰਿਵਾਰਵਾਦ ਉਤੇ ਵੀ ਉਂਗਲੀ ਉਠਾਉਂਦੇ ਹਨ।

ਗੱਠਜੋੜ ਜਿਸਨੂੰ ਇਸ ਵੇਲੇ ਦੇਸ਼ 'ਚ ਵਧ ਰਹੀ ਬੇਰੁਜ਼ਗਾਰੀ, ਨਿੱਜੀਕਰਨ, ਅਰਾਜਕਤਾ, ਭੁੱਖਮਰੀ ਆਦਿ ਦੇ ਮੁੱਦੇ ਉਠਾਉਣ ਦੀ ਲੋੜ ਸੀ। ਉਹ ਇਸ ਵੇਲੇ ਚੁੱਪ ਬੈਠਾ ਹੈ। ਗੱਠਜੋੜ ਦੀਆਂ ਮੁੱਖ ਧਿਰਾਂ ਨੂੰ ਘੱਟੋ-ਘੱਟ ਪ੍ਰੋਗਰਾਮ ਤਹਿ ਕਰਕੇ ਖੇਤਰੀ ਦਲਾਂ ਨੂੰ ਆਪਣੇ ਨਾਲ ਲੈਣ ਦੀ ਲੋੜ ਸੀ, ਉਹ ਲੀਹੋ ਲੱਥ ਕੇ ਸਿਰਫ਼ ਸੀਟਾਂ ਦੀ ਵੰਡ ਤੱਕ ਸੀਮਤ ਹੋ ਕੇ "ਕਾਣੀ ਵੰਡ" ਦੇ ਰਾਹ ਪਿਆ ਹੋਇਆਂਹੈ। ਇਸ ਸਾਰੀ ਸਥਿਤੀ ਦਾ ਫਾਇਦਾ ਉਠਾਉਂਦਿਆਂ ਭਾਜਪਾ ਦੀ ਕੇਂਦਰ ਸਰਕਾਰ ਜਿਥੇ "ਗੱਠਜੋੜ" 'ਚ ਤ੍ਰੇੜਾਂ ਪਾਉਣ ਲਈ ਸਰਗਰਮ ਹੋ ਕੇ, ਨਵੇਂ-ਨਵੇਂ ਪ੍ਰਜੈਕਟ ਲੋਕਾਂ ਸਾਹਮਣੇ ਪ੍ਰੋਸ ਰਹੀ ਹੈ, ਉਥੇ ਸੀਬੀਆਈ, ਈਡੀ, ਆਮਦਨ ਕਰ ਵਿਭਾਗ ਦੀ ਸਹਾਇਤਾ ਨਾਲ "ਕਮਜ਼ੋਰ ਵਿਰੋਧੀ ਨੇਤਾਵਾਂ" ਦੇ ਚਿਰ ਪੁਰਾਣੇ ਕੇਸ ਖੰਗਾਲ ਕੇ ਉਹਨਾ ਨੂੰ ਆਪਣੇ ਪਾਲੇ 'ਚ ਕਰਕੇ ਗੱਠਜੋੜ ਦੀ ਤਾਕਤ ਕਮਜ਼ੋਰ ਕਰਨ ਲਈ ਹਰ ਹੀਲਾ ਵਰਤ ਰਹੀ ਹੈ। ਅੱਜ ਜਦੋਂ ਲੋੜ, ਭਾਜਪਾ ਦੇ ਵਿਰੋਧ 'ਚ ਵਿਰੋਧੀ ਧਿਰਾਂ ਨੂੰ ਇੱਕਮੁੱਠ ਹੋ ਕੇ, ਲੋਕ ਹਿਤੂ ਸਾਂਝਾ ਪ੍ਰੋਗਰਾਮ ਦੇਕੇ, ਖੜਨ ਦੀ ਸੀ, ਪਰ ਉਹ ਆਪਣੇ ਸੌੜੇ ਸਿਆਸੀ ਹਿੱਤਾਂ ਖ਼ਾਤਰ ਆਪੋ-ਥਾਪੀ 'ਚ ਨਜ਼ਰ ਆ ਰਹੀ ਹੈ।

ਇਸ ਸਮੇਂ ਮੁੱਖ ਭੂਮਿਕਾ ਨਿਭਾਉਣ ਲਈ ਕਾਂਗਰਸ ਨੂੰ ਅੱਗੇ ਵਧਕੇ ਗੱਠਜੋੜ ਦੇ ਸਾਂਝੀਦਾਰਾਂ ਦਰਮਿਆਨ ਮੁੜ ਵਿਸ਼ਵਾਸ਼ ਪੈਦਾ ਕਰਨ ਦੀ ਲੋੜ ਹੈ, ਤਾਂ ਕਿ ਤਾਨਾਸ਼ਾਹੀ ਵੱਲ ਵਧ ਰਹੇ ਦੇਸ਼ ਦੇ ਹਾਕਮਾਂ ਨੂੰ ਠੱਲ ਪਾਈ ਜਾ ਸਕੇ।

# ਭਾਕਿਯੂ ਉਗਰਾਹਾਂ ਵੱਲੋਂ ਬੀਜੇਪੀ ਆਗੂਆਂ ਸੁਨੀਲ ਜਾਖੜ, ਕੈਪਟਨ ਅਮਰਿੰਦਰ ਸਿੰਘ ਅਤੇ ਕੇਵਲ ਢਿੱਲੋਂ ਦੇ ਘਰਾਂ ਅੱਗੇ ਧਰਨੇ


**ਚੰਡੀਗੜ੍ਹ (ਦਲਜੀਤ ਕੌਰ)-** ਐਮ ਐਸ ਪੀ ਦੀ ਕਾਨੂੰਨੀ ਗਰੰਟੀ ਸਮੇਤ ਭਖਦੀਆਂ ਕਿਸਾਨੀ ਮੰਗਾਂ ਖਾਤਰ ਦਿੱਲੀ ਜਾਣ ਲਈ ਸ਼ੰਭੂ ਤੇ ਖਨੌਰੀ ਬਾਡਰਾਂ 'ਤੇ ਡਟੇ ਕਿਸਾਨਾਂ ਨਾ਼ਲ ਤਾਲਮੇਲਵੇਂ ਸੰਘਰਸ਼ ਵਜੋਂ ਅੱਜ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਦੇ ਸੱਦੇ 'ਤੇ ਮੋਦੀ ਸਰਕਾਰ ਨੂੰ ਸਿਆਸੀ ਝਟਕਾ ਦੇਣ ਲਈ ਪ੍ਰਮੁੱਖ ਭਾਜਪਾ ਆਗੂਆਂ ਸੁਨੀਲ ਕੁਮਾਰ ਜਾਖੜ, ਕੈਪਟਨ ਅਮਰਿੰਦਰ ਸਿੰਘ ਅਤੇ ਕੇਵਲ ਸਿੰਘ ਢਿੱਲੋਂ ਦੇ ਘਰਾਂ ਅੱਗੇ ਅਤੇ 13 ਜ਼ਿਲ੍ਹਿਆਂ ਵਿੱਚ 21 ਟੌਲ ਫ੍ਰੀ ਕਰਨ ਲਈ ਦਿਨ-ਰਾਤ ਦੇ ਦੋ ਰੋਜ਼ਾ ਧਰਨਿਆਂ ਵਿੱਚ ਔਰਤਾਂ ਅਤੇ ਨੌਜਵਾਨਾਂ ਸਮੇਤ ਹਜ਼ਾਰਾਂ ਕਿਸਾਨ ਮਜ਼ਦੂਰ ਡਟ ਚੁੱਕੇ ਹਨ।

ਇਹ ਜਾਣਕਾਰੀ ਦਿੰਦੇ ਹੋਏ ਜਥੇਬੰਦੀ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾ ਵੱਲੋਂ ਪ੍ਰੈੱਸ ਦੇ ਨਾਂ ਸਾਂਝਾ ਬਿਆਨ ਜਾਰੀ ਕਰਦਿਆਂ ਦੱਸਿਆ ਗਿਆ ਹੈ ਕਿ ਧਰਨਿਆਂ ਦੀ ਸ਼ੁਰੂਆਤ ਬੀਤੇ ਦਿਨ ਸ਼ੰਭੂ ਬਾਰਡਰ 'ਤੇ ਆਇਆ ਸ਼ਹੀਦ ਕਿਸਾਨ ਗਿਆਨ ਸਿੰਘ ਨੂੰ ਸ਼ਰਧਾਂਜਲੀ ਭੇਂਟ ਕਰਨ ਰਾਹੀਂ ਕੀਤੀ ਗਈ। ਮੋਦੀ ਭਾਜਪਾ ਸਰਕਾਰ ਦੇ ਕਿਸਾਨ ਦੁਸ਼ਮਣ ਵਤੀਰੇ ਨੂੰ ਮੁੱਖ ਰੱਖਦਿਆਂ ਜਥੇਬੰਦੀ ਵੱਲੋਂ ਪਹਿਲਾਂ ਐਲਾਨ ਕੀਤਾ ਹੋਇਆ 24 ਫਰਵਰੀ ਤੋਂ ਪੰਜਾਬ ਸਰਕਾਰ ਵਿਰੁੱਧ ਅਣਮਿਥੇ ਸਮੇਂ ਦਾ ਚੰਡੀਗੜ੍ਹ ਮੋਰਚਾ ਅਣਮਿਥੇ ਸਮੇਂ ਲਈ ਮੁਲਤਵੀ ਕਰਕੇ ਸਾਂਝੇ ਮੁਲਕ ਪੱਧਰੇ ਕਿਸਾਨ ਘੋ਼ਲ ਨੂੰ ਅੱਗੇ ਵਧਾਉਣ ਲਈ ਕੌਮੀ ਸੰਯੁਕਤ ਕਿਸਾਨ ਮੋਰਚੇ ਦਾ ਅਗਲਾ ਸੱਦਾ ਆਉਣ ਤੱਕ ਇਹ ਫੈਸਲਾ ਕੀਤਾ ਗਿਆ ਹੈ। ਅਗਲੇ ਸੱਦੇ ਲਈ ਜ਼ੂਮ ਮੀਟਿੰਗ ਅੱਜ ਰਾਤ ਨੂੰ ਹੀ ਹੋ ਰਹੀ ਹੈ। ਵੱਖ-ਵੱਖ ਥਾਵਾਂ ਤੇ ਸੰਬੋਧਨ ਕਰਤਾ ਬੁਲਾਰਿਆਂ ਵੱਲੋਂ ਸ਼ੰਭੂ ਤੇ ਖਨੌਰੀ ਬਾਡਰਾਂ ਉੱਤੇ ਡਟੇ ਹੋਏ ਸੰਘਰਸ਼ਸ਼ੀਲ ਕਿਸਾਨਾਂ ਤੇ ਕਿਸਾਨ ਆਗੂਆਂ ਨੂੰ 15 ਫਰਵਰੀ ਵਾਲੇ ਦਿਨ 14 ਥਾਵਾਂ 'ਤੇ ਰੇਲਾਂ ਰੋਕਣ ਅਤੇ 6 ਟੌਲ ਫ੍ਰੀ ਕਰਨ ਰਾਹੀਂ ਅਤੇ ਅੱਜ ਦੇ ਇਨ੍ਹਾਂ ਧਰਨਿਆਂ ਰਾਹੀਂ ਸੁਨੇਹਾ ਦਿੱਤਾ ਗਿਆ ਹੈ ਕਿ ਅਸੀਂ ਇਸ ਕਿਸਾਨ ਸੰਘਰਸ਼ ਨੂੰ ਸਾਰੀਆਂ ਸੰਘਰਸ਼ਸ਼ੀਲ ਕਿਸਾਨ ਜਥੇਬੰਦੀਆਂ ਦਾ ਤਾਲਮੇਲਵਾਂ ਕੌਮੀ ਸੰਘਰਸ ਬਣਾਉਣ ਲਈ ਜੀ ਜਾਨ ਨਾਲ ਕੁੱਦਣ ਦਾ ਫੈਸਲਾ ਕਰ ਲਿਆ ਹੈ, ਜਚ ਕੇ ਡਟੇ ਰਹੋ। ਹੋਰ ਵੀ ਚੰਗਾ ਹੋਣਾ ਸੀ ਜੇਕਰ ਇਹ ਸੰਘਰਸ਼ ਵਿੱਢਣ ਤੋਂ ਪਹਿਲਾਂ ਹੀ ਸਾਰੀਆਂ ਸੰਘਰਸ਼ਸ਼ੀਲ ਕਿਸਾਨ ਜਥੇਬੰਦੀਆਂ ਦਾ ਸਾਂਝਾ/ਤਾਲਮੇਲਵਾਂ ਸੰਘਰਸ਼ ਬਣਾਉਣ ਦੇ ਗੰਭੀਰ ਯਤਨ ਕੀਤੇ ਜਾਂਦੇ। ਪਰ ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁੱਝ ਨਹੀਂ ਵਿਗੜਿਆ। ਆਪਸੀ ਮੱਤਭੇਦਾਂ ਨੂੰ ਪਾਸੇ ਰੱਖਦਿਆਂ ਇੱਕਜੁੱਟ ਹੋ ਕੇ ਤਾਲਮੇਲਵੇਂ ਸਾਂਝੇ ਸੰਘਰਸ਼ ਰਾਹੀਂ ਫ਼ਿਰਕੂ, ਭੜਕਾਊ ਤੇ ਫੁੱਟਪਾਊ ਅਨਸਰਾਂ ਸਮੇਤ ਮੋਦੀ ਸਰਕਾਰ ਨੂੰ ਕਰਾਰੀ ਮਾਤ ਦਿੱਤੀ ਜਾ ਸਕਦੀ ਹੈ। ਆਗੂਆਂ ਨੇ ਜ਼ੋਰ ਦਿੱਤਾ ਕਿ ਮੋਦੀ ਸਰਕਾਰ ਵੱਲੋਂ ਕਿਸਾਨਾਂ ਦੇ ਜੇਤੂ ਦਿੱਲੀ ਘੋ਼ਲ ਨੂੰ ਮੁਲਤਵੀ ਕਰਨ ਮੌਕੇ ਕੀਤੇ ਗਏ ਐਮ ਐਸ ਪੀ ਦੀ ਕਾਨੂੰਨੀ ਗਰੰਟੀ ਵਰਗੇ ਲਿਖਤੀ ਵਾਅਦੇ ਲਾਗੂ ਕਰਨ ਤੋਂ ਲਗਾਤਾਰ ਦੋ ਸਾਲ ਟਾ਼ਲਾ ਵੱਟਣ ਅਤੇ ਅੱਜ ਵੀ ਕਿਸਾਨਾਂ ਦੇ ਜਮਹੂਰੀ ਹੱਕਾਂ ਨੂੰ ਕੁਚਲਣ ਅਤੇ ਮੰਗਾਂ ਮੰਨਣ ਤੋਂ ਬਾਰ ਬਾਰ ਨਾਂਹ ਕਰਨ ਦੇ ਤਾਨਾਸ਼ਾਹੀ ਜਾਬਰ ਹੱਲੇ ਨੂੰ ਧਰਮਾਂ, ਜਾਤਾਂ, ਇਲਾਕਿਆਂ ਆਦਿ ਦੀਆਂ ਵਲਗਣਾਂ ਤੋਂ ਉਪਰ ਉਠ ਕੇ ਵਿਸ਼ਾਲ ਸਾਂਝੇ ਸੰਘਰਸ਼ ਰਾਹੀਂ ਹੀ ਮਾਤ ਦਿੱਤੀ ਜਾ ਸਕਦੀ ਹੈ। ਉਨ੍ਹਾਂ ਮੋਦੀ ਸਰਕਾਰ ਨੂੰ ਤਾੜਨਾ ਕੀਤੀ ਕਿ ਹੁਣ ਲੁਟੇਰਿਆਂ ਪੱਖੀ ਜਾਬਰ ਨੀਤੀਆਂ ਦਾ ਹਿਸਾਬ ਕਿਤਾਬ ਚੁਕਤਾ ਕਰ ਕੇ ਹੀ ਕਿਸਾਨ ਦਮ ਲੈਣਗੇ। ਅੱਜ ਸੰਬੋਧਨ ਕਰਤਾ ਮੁੱਖ ਆਗੂਆਂ ਵਿੱਚ ਝੰਡਾ ਸਿੰਘ ਜੇਠੂਕੇ, ਸ਼ਿੰਗਾਰਾ ਸਿੰਘ ਮਾਨ, ਰੂਪ ਸਿੰਘ ਛੰਨਾਂ, ਜਗਤਾਰ ਸਿੰਘ ਕਾਲਾਝਾੜ, ਜਨਕ ਸਿੰਘ ਭੁਟਾਲ, ਹਰਦੀਪ ਸਿੰਘ ਟੱਲੇਵਾਲ ਤੇ ਹਰਿੰਦਰ ਕੌਰ ਬਿੰਦੂ ਤੋਂ ਇਲਾਵਾ ਹੋਰ ਸੂਬਾ/ਜ਼ਿਲ੍ਹਾ/ਬਲਾਕ ਪੱਧਰੇ ਆਗੂ ਸ਼ਾਮਲ ਸਨ। ਕਿਸਾਨ ਆਗੂਆਂ ਨੇ ਦੱਸਿਆ ਕਿ ਇਸ ਸੰਘਰਸ਼ ਦੀਆਂ ਮੰਗਾਂ ਵਿੱਚ ਸਾਰੀਆਂ ਫਸਲਾਂ ਦੀ ਲਾਭਕਾਰੀ ਐਮ ਐਸ ਪੀ ਦੀ ਕਾਨੂੰਨੀ ਗਰੰਟੀ, ਕਿਸਾਨਾਂ ਮਜ਼ਦੂਰਾਂ ਦੀ ਮੁਕੰਮਲ ਕਰਜ਼ਾ ਮੁਕਤੀ, ਲਖੀਮਪੁਰ ਦੇ ਸ਼ਹੀਦਾਂ ਦੇ ਵਾਰਸਾਂ ਨੂੰ ਪੂਰਾ ਇਨਸਾਫ਼, ਸਰਬਵਿਆਪੀ ਜਨਤਕ ਵੰਡ ਪ੍ਰਣਾਲੀ, ਪੂਰੀ ਭਰਪਾਈ ਵਾਲੀ ਫ਼ਸਲੀ ਬੀਮਾ ਯੋਜਨਾ, ਕਿਸਾਨ ਘੋ਼ਲ ਦੇ ਸ਼ਹੀਦਾਂ ਦੇ ਵਾਰਸਾਂ ਨੂੰ ਮੁਆਵਜ਼ਾ ਤੇ ਨੌਕਰੀਆਂ, ਇਨ੍ਹਾਂ ਸ਼ਹੀਦਾਂ ਦੀ ਕੌਮੀ ਯਾਦਗਾਰ ਵਰਗੇ ਭਖਦੇ ਕਿਸਾਨੀ ਮਸਲੇ ਸ਼ਾਮਲ ਹਨ। ਬੁਲਾਰਿਆਂ ਵਲੋਂ ਇਹ ਮੰਗਾਂ ਮੰਨੇ ਜਾਣ ਉੱਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ। ਉਨ੍ਹਾਂ ਵਲੋਂ ਭਾਜਪਾ ਦੀ ਕੇਂਦਰੀ ਅਤੇ ਹਰਿਆਣਾ ਸਰਕਾਰਾਂ ਵੱਲੋਂ ਕਿਸਾਨਾਂ ਦਾ ਸੰਘਰਸ਼ ਕਰਨ ਦਾ ਸੰਵਿਧਾਨਕ ਜਮਹੂਰੀ ਹੱਕ ਕੁਚਲਣ ਲਈ ਅੱਥਰੂ ਗੈਸ, ਲਾਠੀਚਾਰਜ਼ ਤੇ ਡ੍ਰੋਨ ਰਾਹੀਂ ਗੋਲੀਬਾਰੀ ਤੋਂ ਇਲਾਵਾ ਸੜਕਾਂ ਉੱਤੇ ਕੰਧਾਂ ਕੱਢਣ ਤੇ ਕਿੱਲ ਗੱਡਣ ਵਰਗੇ ਤਾਨਾਸ਼ਾਹੀ ਹੱਥਕੰਡਿਆਂ ਦੀ ਸਖ਼ਤ ਨਿਖੇਧੀ ਕੀਤੀ ਗਈ। ਉਨ੍ਹਾਂ ਦੋਸ਼ ਲਾਇਆ ਕਿ ਕਾ਼ਲੇ ਖੇਤੀ ਕਾਨੂੰਨ ਰੱਦ ਕਰਾਉਣ ਵਾਲਾ ਦਿੱਲੀ ਘੋ਼ਲ ਮੁਲਤਵੀ ਕਰਨ ਮੌਕੇ ਮੋਦੀ ਸਰਕਾਰ ਵੱਲੋਂ ਲਿਖ਼ਤੀ ਭਰੋਸੇ ਦੇ ਬਾਵਜੂਦ ਕੋਈ ਇੱਕ ਵੀ ਮੰਗ ਲਾਗੂ ਨਾ ਕਰਨਾ ਸਰਕਾਰ ਦੇ ਕਿਸਾਨ ਵਿਰੋਧੀ ਅਤੇ ਸਾਮਰਾਜ ਪੱਖੀ ਕਿਰਦਾਰ ਨੂੰ ਨੰਗਾ ਕਰਦਾ ਹੈ।



ਇਹ ਮੰਗ ਵੀ ਜ਼ੋਰ ਨਾਲ ਉਭਾਰੀ ਗਈ ਕਿ ਸਾਰੇ ਪੁਆੜਿਆਂ ਦੀ ਜੜ੍ਹ ਸੰਸਾਰ ਵਪਾਰ ਸੰਸਥਾ ਵਿੱਚੋਂ ਭਾਰਤ ਨੂੰ ਬਾਹਰ ਕੱਢਿਆ ਜਾਵੇ, ਕਿਉਂਕਿ ਇਹਦੀਆਂ ਨੀਤੀਆਂ ਦੇਸ਼ ਭਰ ਦੇ ਕਿਰਤੀ ਕਿਸਾਨਾਂ ਨੂੰ ਅਤੇ ਪੇਂਡੂ ਸੱਭਿਆਚਾਰ ਨੂੰ ਤਬਾਹ ਕਰ ਰਹੀਆਂ ਹਨ। ਇਨ੍ਹਾਂ ਨੀਤੀਆਂ ਤਹਿਤ ਹੀ ਜਨਤਕ ਖੇਤਰ ਦੇ ਸਿਹਤ, ਸਿੱਖਿਆ, ਬਿਜਲੀ ਵਰਗੇ ਸਾਰੇ ਜਨਤਕ ਅਦਾਰੇ ਅਡਾਨੀ ਅੰਬਾਨੀ ਵਰਗੇ ਦੇਸੀ ਬਦੇਸ਼ੀ ਸਾਮਰਾਜੀ ਕਾਰਪੋਰੇਟਾਂ ਨੂੰ ਕੌਡੀਆਂ ਦੇ ਭਾਅ ਵੇਚੇ ਜਾ ਰਹੇ ਹਨ। ਮੋਦੀ ਹਕੂਮਤ ਨੂੰ ਕਿਸਾਨਾਂ ਦੇ ਕੁਰਬਾਨੀਆਂ ਭਰੇ ਜੁਝਾਰੂ ਇਤਿਹਾਸ ਦੁਆਰਾ ਕੰਧ 'ਤੇ ਲਿਖਿਆ ਜ਼ਰੂਰ ਪੜ੍ਹ ਲੈਣਾ ਚਾਹੀਦਾ ਹੈ ਕਿ ਹਕੂਮਤੀ ਜਬਰ ਸੰਘਰਸ਼ ਕਰਨ ਵਾਲੇ ਕਾਫ਼ਲਿਆਂ ਨੂੰ ਅੱਗੇ ਵਧਣ ਤੋਂ ਰੋਕ ਨਹੀਂ ਸਕਦਾ, ਸਗੋਂ ਇਹ ਜਬਰ ਸੰਘਰਸ਼ਾਂ ਦੀ ਖ਼ੁਰਾਕ ਬਣ ਜਾਇਆ ਕਰਦਾ ਹੈ। ਆਗੂਆਂ ਕਿਹਾ ਕਿ ਸਾਡਾ ਸੰਘਰਸ਼ ਹਰ ਕਿਸਮ ਦੀ ਕੁਰਬਾਨੀ ਦੇਕੇ ਵੀ ਜਾਰੀ ਰਹੇਗਾ ਅਤੇ ਮੋਦੀ ਹਕੂਮਤ ਨੂੰ ਕਿਸਾਨਾਂ-ਮਜਦੂਰਾਂ ਦੀਆਂ ਹੱਕੀ ਮੰਗਾਂ ਮੰਨਣ ਲਈ ਮਜਬੂਰ ਕਰੇਗਾ। ਕਿਸਾਨ ਆਗੂਆਂ ਨੇ ਦੱਸਿਆ ਕਿ ਅੱਜ ਦੇ ਧਰਨਿਆਂ ਨੂੰ ਖੇਤ ਮਜ਼ਦੂਰਾਂ, ਮੁਲਾਜ਼ਮਾਂ, ਸਨਅਤੀ ਮਜ਼ਦੂਰਾਂ, ਵਿਦਿਆਰਥੀਆਂ, ਛੋਟੇ ਵਪਾਰੀਆਂ, ਦੁਕਾਨਦਾਰਾਂ ਤੇ ਹੋਰ ਕਿਰਤੀ ਲੋਕਾਂ ਦਾ ਸਮਰਥਨ ਵੀ ਮਿਲਿਆ।





ਕਲਾਕਾਰ :
ਏਕਨੂਰ ਕੌਰ,
ਜਮਾਤ ਯੂਜੀਸੀ,
ਗੁਰੂ ਨਾਨਕ ਇੰਟਰਨੈਸ਼ਨਲ
ਪਬਲਿਕ ਸਕੂਲ,
ਲੁਧਿਆਣਾ
**ਵੇਰਵਾ- ਮੇਜਰ ਸਿੰਘ**
**ਨਾਭਾ**
**91-94635-53962**

# ਪੰਜਾਬੀ ਫ਼ਿਲਮ ਦਰਪਣ



ਅੰਮ੍ਰਿਤ ਪਵਾਰ

### ਪੂਜਾ ਵੀ ਬਲਬੀਰ ਦੀ 'ਤਬਾਹੀ' ਵੇਖਣ ਨੂੰ ਬੇਤਾਬ, ਉਹ ਵੀ 'ਰਿਲੋਡੋਡ'

ਅਭਿਨੈ ਵਿੱਚ ਕਮਾਲ ਕਰਨ ਵਾਲੀ ਪੂਜਾ ਗਾਬਾ ਸ਼ਾਰਦਾ ਨੇ ਜਿਹੜਾ ਕਿਰਦਾਰ ਬਲਬੀਰ ਟਾਂਡਾ ਦੀ ਆ ਰਹੀ ਫ਼ਿਲਮ 'ਤਬਾਹੀ ਰਿਲੋਡੋਡ' ਵਿੱਚ ਨਿਭਾਇਆ ਹੈ ਓਹ ਕਿਰਦਾਰ ਕਦੇ ਕਦੇ ਹੀ ਮਿਲਦੇ ਹਨ। ਅਜਿਹਾ ਕਿਰਦਾਰ ਜਿਸ ਵਿੱਚ



ਨਾਇਕਾ ਸੱਚਮੁੱਚ ਅੱਯਾਸ਼ੀ ਜੀਵਨ ਜਿਉਂਦੀ ਰਾਜ ਭਾਗ ਚਲਾਉਂਦੀ ਰਹੀ। ਪੂਜਾ ਕੋਲ ਗਲੈਮਰ ਹੈ ਤਾਂ ਹੀ ਓਹ ਇਸ ਕਿਰਦਾਰ ਵਿੱਚ ਫਿੱਟ ਨਜ਼ਰ ਆਈ ਹੈ। ਪੂਜਾ ਗਾਬਾ ਨੂੰ ਹੁਣ ਅਪ੍ਰੈਲ ਵਿੱਚ ਆ ਰਹੀ ਆਪਣੀ ਇਸ ਫ਼ਿਲਮ ਦਾ ਇੰਤਜ਼ਾਰ ਹੈ ਤੇ ਇਸ ਰੋਲ ਨੇ ਪੂਜਾ ਨੂੰ ਬਹੁਤ ਕੰਮ ਦਿਵਾਉਣਾ ਹੈ। ਪੂਜਾ ਨੇ ਇਕਬਾਲ ਢਿੱਲੋਂ ਦਾ ਧੰਨਵਾਦ ਕੀਤਾ ਜਿਹਨਾਂ ਨੇ ਇਸ ਸ਼ਕਤੀਸ਼ਾਲੀ ਕਿਰਦਾਰ ਨੂੰ ਉਸ ਤੋਂ ਸਹਿਜ ਅਵਸਥਾ ਵਿੱਚ ਕਰਵਾਇਆ।

### ਕੰਮ ਵੀ ਨਹੀਂ ਛੱਡੇ, ਬਣਾਇਆ ਯੁਵੀ ਕ੍ਰਿਕਟ ਯੁਵਰਾਜ, ਸ਼ੁਕਰ ਦਾਤਿਆ-ਯੋਗਰਾਜ ਸਿੰਘ

ਯੁਵੀ ਕ੍ਰਿਕਟ ਨਹੀਂ ਸੀ ਖੇਡਣੀ ਚਾਹੁੰਦਾ, ਕਸਿਸ



ਆਪਣੇ ਕ੍ਰਿਕਟ ਮੈਦਾਨ ਛੱਡਣ ਦੀ ਸੀ, ਫ਼ਿਲਮਾਂ ਧੜਾ ਧੜ ਮਿਲ ਰਹੀਆਂ ਸਨ। ਯੋਗਰਾਜ ਸਿੰਘ ਦੀ ਕਹਾਣੀ ਦਾ ਇੱਕ ਇਹ ਮਹਤਵਪੂਰਣ ਦ੍ਰਿਸ਼ ਏ ਤੇ ਯੁਵਰਾਜ ਆਖ਼ਿਰ ਲੰਬੀ ਯੋਗਰਾਜ ਸਿੰਘ ਦੀ ਟ੍ਰੇਨਿੰਗ ਤਪੱਸਿਆ ਨਾਲ ਕ੍ਰਿਕਟ ਦਾ ਯੁਵਰਾਜ ਬਣ ਗਿਆ। ਇਹ ਡਿਊਟੀ ਅਕਾਲ ਪੁਰਖ ਨੇ ਲਾਈ ਸੀ ਨਿਭਾ ਦਿੱਤੀ। ਯੋਗਰਾਜ ਸਿੰਘ ਖਲਨਾਇਕ ਤੋ ਨਾਇਕ ਤੇ ਲੇਖਕ ਨਿਰਦੇਸ਼ਕ ਬਣ ਪਾਲੀਵੁੱਡ ਦੇ ਕਿੰਗ ਬਣੇ ਤੇ ਅੱਜ ਵੀ ਰਣਜੀਤ ਬਾਵਾ, ਗਿੱਪੀ, ਐਮੀ, ਨੀਰੂ ਗੱਲ ਕੀ ਹਰੇਕ ਓਹਨਾਂ ਨਾਲ ਫ਼ਿਲਮਾਂ ਕਰ ਖੁਸ਼ ਹਨ।ਫਕੀਰ ਯੋਗਰਾਜ ਆਪਣੇ ਮੁਰਸ਼ਦ ਲਈ,ਰਾਜਾ ਫ਼ਿਲਮ ਖੇਤਰ ਦਾ, ਸਫਲ ਮੁੱਖੀ ਗ੍ਰਹਿਸਥ ਪਰਿਵਾਰ ਦਾ ਨਵੇਂ ਖਿਡਾਰੀਆਂ ਲਈ ਮਾਰਗਦਰਸ਼ਕ ਹੁਣ 'ਸ਼ਾਇਰ' 'ਕੁੜੀ ਹਰਿਆਣੇ ਵੱਲ ਦੀ' ਫ਼ਿਲਮਾਂ ਵਿੱਚ ਨਜ਼ਰ ਆਉਣਗੇ।

### ਸ਼ੰਮੀ ਖਾਨ ਦੇ 'ਅੱਛੇ ਦਿਨ' ਸ਼ੁਰੂ ਕਹੇ ਕਿਰਨ ਰੰਧਾਵਾ



ਗਾਇਕ ਸ਼ੰਮੀ ਖਾਨ ਦਾ ਦੋਗਾਣਾ ਗਾਇਕੀ ਵਿੱਚ ਪੂਰਾ ਨਾਂ ਹੈ ਤੇ ਅੱਜ ਕਲ ਸੋਲੋ ਗਾਇਕੀ ਵਿੱਚ ਸਟਾਰ ਬਣ ਰਹੇ ਹਨ। 'ਕਰੰਤੀਦੂਤ' ਫ਼ਿਲਮ ਲਈ ਗਾ ਚੁੱਕੇ ਸ਼ੰਮੀ ਖਾਨ ਦਾ 'ਕਬੱਡੀਆਂ' ਗੀਤ ਖ਼ੂਬ ਚਲਿਆ ਤੇ ਹੁਣ ਕਰਜ਼ੇ ਹੇਠ ਦੱਬੇ ਕਿਸਾਨ ਤੇ ਜਿੰਦ ਸੁਰ ਸਿੰਘ ਦਾ ਲਿਖਿਆ ਗੀਤ ਸ਼ੰਮੀ ਖਾਨ ਨੂੰ ਤਰਸੇਮ ਜੱਸੜ, ਬੱਬਲ ਰਾਏ ਦੀ ਸ਼੍ਰੇਣੀ ਦਾ ਗਾਇਕ ਬਣਾ ਦੇਵੇਗਾ। ਓਸ ਦੀ ਹਮਸਫ਼ਰ ਕਿਰਨ ਰੰਧਾਵਾ ਅਨੁਸਾਰ ਐਨੀ ਸਿੰਘ ਦਾ ਸੰਗੀਤ ਤੇ ਅਜੇ ਸਿੰਘ ਦਾ ਵੀਡਿਓ ਸ਼ੰਮੀ ਖਾਨ ਨੂੰ ਉੱਚ ਪੱਧਰ ਦੀ ਗਾਇਕੀ ਵਿੱਚ ਲਿਜਾਏਗਾ। ਸ਼ੰਮੀ ਖਾਨ ਨੇ ਆਸਟ੍ਰੇਲੀਆ ਵਿਖੇ ਵੀ ਇਸ ਗੀਤ ਦੇ ਕੁੱਝ ਹਿੱਸੇ ਫਿਲਮਾਏ ਹਨ ਤੇ ਲਾਲੀ ਵੁਡ ਸੰਗੀਤਕਾਰ ਸਰਦਾਰ ਜਸਪਾਲ ਵੀ ਮੰਨਦੇ ਨੇ ਕਿ ਸ਼ੰਮੀ ਦੇ ਅੱਛੇ ਦਿਨ ਸਮਝੋ ਆ ਰਹੇ ਹਨ ਕੀ ਆ ਗਏ ਹਨ।

### ਰੂਬੀਨਾ ਦਿਲੈਕ ਪੰਜਾਬ ਨੂੰ ਕਰਦੀ ਏ ਪਿਆਰ

ਟੀਵੀ ਦੀ ਲੋਕ ਪ੍ਰਿਅ ਅਦਾਕਾਰਾ ਰੂਬੀਨਾ ਡਿਲੈਕ ਹਿਮਾਚਲ ਦੀ ਜੰਮਪਲ ਹੈ ਪਰ ਓਹ ਪੰਜਾਬ ਨੂੰ ਹਿਮਾਚਲ ਦਾ ਵੱਡਾ ਵੀਰ ਸਮਝਦੀ ਹੈ। ਓਸ ਨੂੰ ਪੰਜਾਬ ਦੀਆਂ ਜੜ੍ਹਾਂ ਨਾਲ ਪਿਆਰ ਹੈ ਤੇ ਪੰਜਾਬੀ ਓਹ



ਫਰਾਟੇਦਾਰ ਬੋਲਦੀ ਹੈ। 'ਚਲ ਭੱਜ ਚਲੀਏ' ਪੰਜਾਬੀ ਫਿਲਮ ਓਹ ਇੰਦਰ ਚਾਹਲ ਨਾਲ ਕਰ ਚੁੱਕੀ ਹੈ। ਰੂਬੀਨਾ ਐਨੀਆਂ ਗਰਮ ਤਸਵੀਰਾਂ ਕਿਉਂ ਖਿਚਵਾ ਕਿ ਸੋਸ਼ਲ ਮੀਡੀਆ ਤੇ ਪਾਉਂਦੀ ਹੈ ਤੇ ਜਵਾਬ ਸੀ ਜਦ ਰੱਬ ਰੂਪ ਦਿੱਤਾ ਏ ਤਾਂ ਗਲੈਮਰ ਦੀ ਇਸ ਦੁਨੀਆਂ ਵਿੱਚ ਇਸ ਨੂੰ ਦਿਖਾਉਣ ਵਿੱਚ ਕੀ ਹਰਜ਼ ਹੈ।ਅਭਿਨਵ ਨਾਲ ਵਿਆਹੁਤਾ ਜੀਵਨ ਬਤੀਤ ਕਰ ਰਹੀ ਪੰਜਾਬ ਦੀ ਪਿਆਰੀ ਰੂਬੀਨਾ ਨੂੰ ਹੁਣ ਨਿਆਣੇ ਖਿਡਾਉਣ ਦਾ ਬਹੁਤ ਸ਼ੌਂਕ ਹੈ।ਰੂਬੀਨਾ ਦਿਲੈਕ ਨੇ ਇਹ ਵੀ ਕਿਹਾ ਕਿ ਜਿਆਦਾ ਤੋਂ ਜਿਆਦਾ ਪੰਜਾਬੀ ਫਿਲਮਾਂ ਓਹ ਕਰੇ ਇਹ ਚਾਹੁੰਦੀ ਹੈ ਬਾਕੀ ਸਭ ਈਸ਼ਵਰ ਤੇ ਪੰਜਾਬੀਆਂ ਹੱਥ ਏ ਕਿ ਓਹ ਓਸ ਨੂੰ ਕਿੰਨਾ ਕੂ ਚਾਹੁੰਦੇ ਹਨ।

### ਸਿੱਖੀ ਸਰਦਾਰੀ ਰੂਪ ਨਾਲ ਫ਼ਿਲਮ ਸੰਸਾਰ ਵਿੱਚ ਸਰਗਰਮ- ਮਲਕੀਤ ਸਿੰਘ

ਅੰਮ੍ਰਿਤਪਾਲ ਬਿੱਲਾ ਤੇ ਮਲਕੀਤ ਰੌਣੀ ਆਪਣੇ ਸਿੱਖੀ ਰੂਪ ਤੇ ਰਹੁ ਰੀਤ ਅਨੁਸਾਰ ਅਭਿਨੈ ਕਰਦੇ ਫਿਲਮੀ



ਦੁਨੀਆਂ ਵਿੱਚ ਛਾ ਚੁੱਕੇ ਹਨ ਤੇ ਮਲਕੀਤ ਸਿੰਘ ਵੀ ਇਸ ਪ੍ਰੰਪਰਾ ਤੇ ਚਲ ਰਹੇ ਹਨ। ਦਿਓਲ ਫ਼ਿਲਮਜ਼ ਨੂੰ ਓਹ ਚਲਾ ਕਿ ਪੰਜਾਬੀ ਸੰਦੇਸ਼ ਭਰਪੂਰ ਫ਼ਿਲਮਾਂ ਬਣਾ ਰਹੇ ਹਨ। ਮਲਕੀਤ ਸਿੰਘ ਦਿਓਲ ਦਾਬਾ ਲੁਧਿਆਣਾ ਦੀ ਸ਼ਾਨ ਹਨ। ਲਘੂ ਫਿਲਮਾਂ ਨੂੰ ਲਿਖਣਾ ਤੇ ਕਈ ਗਾਣਿਆਂ ਵਿੱਚ ਮਾਡਲਿੰਗ ਕਰਨੀ ਪਰ ਆਪਣੀ ਸਿੱਖੀ ਸਰਦਾਰੀ ਦੀ ਪਹਿਚਾਣ ਤੋਂ ਓਹ ਲਾਂਭੇ ਨਹੀਂ ਗਏ। ਮਲਕੀਤ ਸਿੰਘ ਆਖਦੇ ਨੇ ਕਿ ਅੱਜ ਦਿਲਜੀਤ ਦੋਸਾਂਝ, ਤੇ ਹੋਰ ਆਪਣੇ ਸਿੱਖੀ ਰੂਪ ਨਾਲ ਸਟਾਰ ਬਣ ਗਏ ਹਨ। ਓਹ ਇਕੱਲੇ ਮੋਨੇ ਵਾਲੇ ਪਟਿਆਂ ਵਾਲੇ ਦਿਨ ਗਏ। ਸਿੱਖੀ ਸਰਦਾਰੀ ਨਾਲ 'ਜਾਗੋ' 'ਪੰਜਾਬ ਸੰਘਰਸ਼' ਆਦਿ ਫ਼ਿਲਮਾਂ ਤੇ ਪਾਲੀ ਦੇਤਵਾਲੀਆ ਦੇ ਗਾਣੇ ਤੇ ਡੀ ਡੀ ਪੰਜਾਬੀ ਦੇ ਪ੍ਰੋਗਰਾਮਾਂ ਦੀ ਸ਼ਾਨ ਹਨ ਸਰਦਾਰ ਮਲਕੀਤ ਸਿੰਘ ਦਿਓਲ ....

### ਐਸ. ਡੀ. ਐਮ. ਹੈ ਮੇਰਾ ਪਰਦੇ ਤੇ ਹੀਰੋ ਕਹੋ-ਸ਼ਵੇਤਾ

ਢਿੱਲਵਾਂ, ਕਪੂਰਥਲਾ ਦੇ ਸਰਕਾਰੀ ਸਕੂਲ ਪੜ੍ਹਨ ਬਾਅਦ ਗੁਰਦੀਪ ਸੰਧੂ ਟੀਵੀ ਸਟਾਰ ਬਣੇ, ਫ਼ਿਲਮਜ਼ ਕੀਤੀਆਂ ਤੇ ਇਸ ਵੇਲੇ ਕਾਰਜਕਾਰੀ ਮੈਜਿਸਟਰੇਟ ਨਕੋਦਰ ਬਣ ਜਨਤਾ ਤੇ ਸਰਕਾਰ ਵਿਚਕਾਰ ਅਹਿਮ ਪੁੱਲ ਬਣ ਵਿਚਰ ਰਹੇ ਹਨ।



ਜਲੰਧਰ ਦੇ ਸਤਿਕਾਰਤ ਡਿਪਟੀ ਕਮਿਸ਼ਨਰ ਨੇ ਓਹਨਾਂ ਨੂੰ ਸ਼ਾਹਕੋਟ ਦੇ ਐਸ ਡੀ ਐਮ ਦਾ ਵੀ ਵੀ ਵਾਧੂ ਚਾਰਜ ਦਿੱਤਾ ਹੈ। ਇਸ ਤੇ ਉਹਨਾਂ ਨਾਲ ਪਰਦੇ ਦੀ ਹੀਰੋਇਨ ਰਹੀ ਸ਼ਵੇਤਾ ਨੇ ਕਿਹਾ ਸੋਹਣਾ ਮੁੰਡਾ ਐਸ ਡੀ ਐਮ ਵਾਹ ਤੇ ਸ਼ੂਟਿੰਗ ਤੇ ਜਦ ਓਹ ਸਰਕਾਰੀ ਕੰਮ ਵੀ ਸੈਟ ਤੇ ਕਰਦੇ ਸਨ ਲੱਗਦਾ ਸੀ ਕਿ ਸਰਕਾਰੀ ਕੰਮ ਪ੍ਰਤੀ ਇਮਾਨਦਾਰੀ ਓਹਨਾਂ ਨੂੰ ਫਲ ਦੇਵੇਗੀ। ਜਲਦੀ ਪੰਜਾਬ ਪੁਲਿਸ ਦੀ ਹੌਸਲਾ ਅਫ਼ਜ਼ਾਈ ਕਰਦੀ ਇੰਟਰਨੈਟ ਫ਼ਿਲਮ 'ਪ੍ਰਾਓਡ ਆਫ ਪੰਜਾਬ ਪੁਲਿਸ' ਵਿੱਚ ਵੀ ਓਹ ਨਜ਼ਰ ਆਉਣ ਵਾਲੇ ਹਨ।

## ਤਬਾਹੀ ਰਿਲੋਡਡ" ਭ੍ਰਿਸ਼ਟ ਵਿਵਸਥਾ, ਡੇਰੇਵਾਦ ਤੇ ਸ਼ਰਾਬ ਸ਼ਬਾਬ ਕਬਾਬ ਦੀ ਪੰਜਾਬੀ ਰਾਜਨੀਤੀ ਦਿਖਾਏਗੀ-ਬਲਬੀਰ ਟਾਂਡਾ ਨਾਰਵੇ

ਗੱਲ "ਵੈਰੀ" ਪੰਜਾਬੀ ਫ਼ਿਲਮ ਦੇ ਬਣਨ ਵੇਲੇ ਦੀ ਹੈ ਤੇ ਤਦ ਸ਼ੰਕਰ ਨੇੜੇ ਪਿੰਡ ਲਿੱਤਰਾਂ ਤੋਂ ਗੀਤਕਾਰ ਤੇ ਐਕਟਰ ਸ਼ਿੰਦਾ ਲਿੱਤਰਾਂ ਵਾਲਾ ਆਉਂਦਾ ਹੁੰਦਾ ਸੀ ਤੇ ਸਵਰਗੀ ਆਰ ਐਸ ਰੰਗੀਲਾ ਨੇ ਬਲਬੀਰ ਟਾਂਡਾ ਨਾਲ ਸਕਾਈਲਾਰਕ ਹੋਟਲ ਜਲੰਧਰ ਮੁਲਾਕਾਤ ਕਰਵਾਈ ਸੀ।ਫਿਰ ਪਤਾ ਚਲਿਆ ਕਿ ਨਾਰਵੇ ਪਰਿਵਾਰ ਨਾਲ ਰਹਿੰਦੇ ਬਲਬੀਰ ਟਾਂਡਾ ਨੇ "ਵੈਰੀ" ਦਾ ਨਿਰਮਾਣ ਸ਼ੁਰੂ ਕੀਤਾ ਹੈ। ਬਲਬੀਰ ਟਾਂਡਾ ਨੇ ਫਿਰ ਆਪਣਾ ਨਕੋਦਰ ਨੇੜੇ ਪਿੰਡ ਢੇਰੀਆਂ ਦਿਖਾਇਆ ਸੀ ਤੇ ਦੱਸਿਆ ਕੀ ਡੀ ਏ ਵੀ ਕਾਲਜ ਜਲੰਧਰ ਪੜ੍ਹਨ ਸਮੇਂ ਫ਼ਿਲਮਾਂ ਦੇਖਣ ਦਾ ਸ਼ੌਂਕ ਸੀ ਤੇ ਫ੍ਰੇਂਡ ਸਿਨਮੇ ਅਮਿਤਾਬ ਬੱਚਨ ਦੀ ਫ਼ਿਲਮ ," ਦੀਵਾਰ "ਦੇਖੀ ਤੇ ਸ਼ੌਂਕ ਐਕਟਿੰਗ ਦਾ ਪਿਆ ਤੇ ਚਲੇ ਗਏ ਮੁੰਬਈ ਤਦ ਬੰਬੇ ਬੰਬਈ ਸੀ। ਘਰ ਦੇ ਪੈਸੇ ਖਤਮ ਗੱਲ ਕਿੱਥੇ ਬਣੇ ਘਰ ਆ ਫ਼ਿਰ ਸ਼ੌਂਕ ਨੂੰ ਦਿਲ ਦੀ ਅਲਮਾਰੀ ਵਿੱਚ ਜ਼ਿੰਦਾ ਲਾ ਕਿ ਬੰਦ ਕਰ ਨਾਰਵੇ ਗਏ, ਜਵਾਨੀ ਸੀ, ਸੋਹਣੇ ਸੀ ਤੇ ਨਾਰਵੇ ਦਾ ਹੁਸਨ ਲੁੱਟ ਲਿਆ, ਰੈਸਟੋਰੈਂਟ ਲਿਆ ਤੇ ਭਰਾ ਵੀ ਸੈਟ ਹੋਏ ਤੇ ਫਿਰ ਅਲਮਾਰੀ ਖੋਹਲ ਫਿਲਮੀ ਸ਼ੌਂਕ ਬਾਹਰ ਕੱਢ ਬੰਬੇ ਆ ਕਿ ਬੂਟਾ ਸਿੰਘ ਸ਼ਾਦ ਨਾਲ ਮਿਲਣੀ ਕੀਤੀ। ਓਥੇ ਸ੍ਰੀ ਦੇਵੀ, ਧਰਮਿੰਦਰ, ਰੇਖਾ ਨਾਲ ਚਾਹ ਪੀ ਟਾਂਡਾ ਖੁਸ਼ ਹੋਏ ਕਿ ਕਹਾਣੀ ਸ਼ੁਰੂ ਤੇ ਪੰਜਾਬ ਆ ਬੀ ਐਸ ਸ਼ਾਦ ਨੂੰ ਨਿਰਦੇਸ਼ਕ ਲਿਆ ਤੇ ਯੋਗਰਾਜ ਸਿੰਘ,ਗੁੱਗੂ ਗਿੱਲ ਰਵਿੰਦਰ ਮਾਨ ਨਾਲ "ਵੈਰੀ," ਬਣਾਈ। ਫਿਰ "ਪਹਿਲਾ ਪਹਿਲਾ ਪਿਆਰ "ਸਮਗਲਰ" ਹਿੰਦੀ ਤੇ ਫਿਰ ਭੂਸ਼ਨ ਮਦਾਨ ਨਾਲ "ਧੀ ਜੱਟ ਦੀ" ਬਣਾਈ। ਘਾਟੇ ਵਾਧੇ ਚਲਦੇ ਰਹਿੰਦੇ ਨੇ ਪਰਵਾਹ ਨਾ ਕੀਤੀ ਤੇ ਫਿਰ ਦਿਲਜੀਤ ਦੋਸਾਂਝ ਨੂੰ ਹੀਰੋ ਲਿਆ "ਲਾਇਨ ਆਫ ਪੰਜਾਬ " ਬਣਾਈ। ਗੱਲ ਕਿ ਚੋਟੀ ਦੇ ਹਿੰਦੀ ਸਟਾਰ, ਪੰਜਾਬੀ ਦੀਆਂ ਵੱਡੀਆਂ ਫ਼ਿਲਮਜ਼ ਨੇ ਬਲਬੀਰ ਟਾਂਡਾ ਦੇ ਸ਼ੌਂਕ ਚਾਅ ਪੂਰੇ ਕੀਤੇ। ਠੀਕ ਏ ਫ਼ਿਲਮ ਵਿਤਰਕ ਨਿਰਮਾਤਾ ਪੱਲੇ ਪੈਸੇ ਪਾਉਣ ਤਾਂ ਨਿਰਮਾਤਾ ਨਹੀਂ ਮਰਦਾ ਓਹ ਆਖਦੇ ਨੇ ਪਰ ਰੱਬ ਦਾ ਦਿੱਤਾ ਬਹੁਤ ਹੁਣ ਬਲਬੀਰ ਟਾਂਡਾ ਦੀ ਫ਼ਿਲਮ "ਤਬਾਹੀ ਰਿਲੋਡਡ" ਆ ਰਹੀ ਹੈ।



ਇਹ ਫ਼ਿਲਮ ਬਲਬੀਰ ਨੇ ਹੱਟ ਕਿ ਪੂਰੀ ਮਸਾਲਾ ਪਰ ਪੰਜਾਬ ਦੀ ਸੱਚਾਈ ਬਣਾ ਦਿੱਤੀ ਹੈ।ਇਸ ਫ਼ਿਲਮ ਨਾਲ ਓਹ ਰਾਜਨੀਤੀ ਵਿੱਚ ਚਰਚਿਤ ਨਿਰਮਾਤਾ ਹੋਊ ਜਿਵੇਂ "ਉੜਤਾ ਪੰਜਾਬ" ਵਾਲੇ ਹੋਏ ਸਨ। ਬਲਬੀਰ ਟਾਂਡਾ ਨੇ ਦੱਸਿਆ ਕਿ ਪੰਜਾਬ ਵਿੱਚ ਨਕਲੀ ਸਾਧਾਂ ਦੇ ਡੇਰੇ, ਭ੍ਰਿਸ਼ਟ ਵਿਵਸਥਾ, ਨੇਤਾ ਕੀ ਪੰਜਾਬ ਦੇ ਮੁੱਖੀ ਕਿਵੇਂ ਸ਼ਰਾਬ ਸ਼ਬਾਬ ਤੇ ਕਬਾਬ ਵਿੱਚ ਲਹੂ ਨਿਚੋੜੀ ਗਏ ਦੱਸਿਆ ਹੈ। ਬਲਬੀਰ ਟਾਂਡਾ ਨੇ ਆਪਣੇ ਸਾਥੀ ਇਕਬਾਲ ਢਿੱਲੋਂ ਦੀ ਸਿਫਤ ਕੀਤੀ ਜਿਸ ਨੂੰ ਕੰਮ ਨਾਲ ਅਰਥ ਹੈ ਕਿਸੇ ਦੀ ਬੁਰਾਈ ਨਹੀਂ ਹਾਲਾਂ ਕਿ ਲੋਕ ਓਸ ਦੀ ਬੁਰਾਈ ਕਰਦੇ ਹਨ। ਬਲਬੀਰ ਟਾਂਡਾ ਨੇ ਨੇ ਰਵਿੰਦਰ ਮਾਨ ਨੂੰ ਨਾਇਕਾ ਬਣਾ ਦਿੱਤਾ, ਦੀਪਕਾ ਸਿੰਘ ਹੀਰੋਇਨ ਬਣਾਈ, ਦਿਲਜੀਤ ਦੋਸਾਂਝ ਲਈ ਫ਼ਿਲਮ ਕੀਤੀ, ਪੂਜਾ ਟੰਡਨ ਨੂੰ ਲਿਆ, ਕਿਸ਼ਨ ਸਾਹਨੀ ਨੂੰ ਮੌਕਾ ਦਿੱਤਾ ਤੇ ਆਪ ਓਹ ਸਦਾ ਪੰਜਾਬੀ ਸਿਨੇਮਾ ਦੇ ਹਿੱਤ ਲਈ ਸੋਚਦਾ ਹੈ, ਸਰਕਾਰ ਤੋਂ ਚੰਗੀ ਉਮੀਦ ਰੱਖਦਾ ਕਿ ਘੱਟ ਤੋ ਘੱਟ ਅਵਾਰਡ ਹੀ ਪ੍ਰਦਾਨ ਕਰੇ, ਬਲਬੀਰ ਟਾਂਡਾ ਫ਼ਿਲਮ ਵਿਤ੍ਰਕਾਂ ਨੂੰ ਨੇਕੀ ਤੇ ਈਮਾਨ ਬਣਾ ਨਿਰਮਾਤਾ ਜੀਵਤ ਕਰਨ ਲਈ ਕਹਿੰਦਾ ਹੈ ਤੇ "ਤਬਾਹੀ ਰਿਲੋਡਡ," ਕਰੇ ਬਲਬੀਰ ਟਾਂਡਾ ਦੇ ਅਧੂਰੇ ਰਹਿ ਗਏ ਸੁਪਨੇ ਆਰਥਿਕ ਤੇ ਮਾਨਸਿਕ ਤੌਰ ਤੇ ਪੂਰੇ । ਯਾਰਾਂ ਦੇ ਯਾਰ ਬਲਬੀਰ ਟਾਂਡਾ ਦੇ ਸੁਨਹਿਰੀ ਫ਼ਿਲਮ ਭਵਿੱਖ, ਸਿਹਤ ਤੇ ਪਰਿਵਾਰ ਲਈ ਸ਼ੁੱਭ ਕਾਮਨਾਵਾਂ।

**ਪੇਸ਼ਕਸ਼- ਅੰਮ੍ਰਿਤ ਪਵਾਰ**

## ਕਵਿਤਾ

ਉਦਮੀ ਮਜ਼ਦੂਰਾ ਸਿਰਜਕ ਕਿਰਸਾਨਾਂ ਸੁਣ
ਉਦਮੀ ਮਜ਼ਦੂਰਾ ਸਿਰਜਕ ਕਿਰਸਾਨਾਂ ਸੁਣ।
ਹਾਸੇ ਖੁਸ਼ੀਆਂ ਤੇਰੇ ਨਾਲ ਜਵਾਨਾਂ ਸੁਣ।
ਤੇਰੇ ਖ਼ੂਨ ਪਸੀਨੇ ਦੇ ਵਿੱਚ ਸੂਰਜ ਹੈ।
ਸੁੰਦਰ ਕਾਏਨਾਤ ਤਿਰੀ ਹੀ ਮੂਰਤ ਹੈ।
ਰੀਸ ਤੇਰੀ ਕਰ ਸਕਦਾ ਵੀ ਭਗਵਾਨ ਨਹੀਂ।
ਤੇਰੇ ਵਰਗਾ ਦੁਨੀਆਂ 'ਤੇ ਇਨਸਾਨ ਨਹੀਂ।
ਦੇਸ਼ ਦੀਆਂ ਨੀਹਾਂ ਵਿੱਚ ਮੁੜਕਾ ਤੇਰਾ ਹੈ।
ਅੰਬਰ ਤੀਕਰ ਤੇਰੇ ਨਾਲ ਸਵੇਰਾ ਹੈ।
ਤੇਰੇ ਨੈਣਾਂ ਕਰਕੇ ਚੰਨ ਸਿਤਾਰੇ ਨੇ।
ਤੇਰੇ ਕਰਕੇ ਧਰਤੀ ਕੋਲ ਨਜ਼ਾਰੇ ਨੇ।
ਤੈਥੋਂ ਉਚੀ ਸੁੱਚੀ ਕੋਈ ਸ਼ਾਨ ਨਹੀਂ।
ਤੇਰੇ ਵਰਗਾ ਦੁਨੀਆਂ 'ਤੇ ਇਨਸਾਨ ਨਹੀਂ।
ਧਰਮ ਤਿਰਾ ਹੈ ਧਰਤੀ, ਧਰਤੀ ਜਾਤ ਤਿਰੀ।
ਸਭਨਾਂ ਦੇ ਲਈ ਚੜ੍ਹਦੀ ਹੈ ਪ੍ਰਭਾਤ ਤਿਰੀ।
ਕਣ ਕਣ ਤੇਰਾ ਅਪਣਾ ਕੋਈ ਨਾ ਦੂਜਾ ਹੈ।
ਕਿਰਤ ਤਿਰੀ ਵਿਚ ਮੰਦਿਰ ਵਰਗੀ ਪੂਜਾ ਹੈ।
ਕਿਹੜਾ ਤੇਰੀ ਹਿੰਮਤ ਤੋਂ ਕੁਰਬਾਨ ਨਹੀਂ।
ਤੇਰੇ ਵਰਗਾ ਦੁਨੀਆਂ 'ਤੇ ਇਨਸਾਨ ਨਹੀਂ।
ਤੇਰੇ ਕਰਕੇ ਔੜਾਂ ਵਿਚ ਖੁਸ਼ਹਾਲੀ ਹੈ।
ਮਹਿਕ ਰਹੀ ਗੁਲਸ਼ਨ ਦੀ ਡਾਲੀ ਡਾਲੀ ਹੈ।
ਪਰਬਤ ਚੀਰ ਵਿਖਾਵੇਂ ਨਹਿਰਾਂ ਕੱਢ ਦੇਵੇਂ।
ਧਰਤੀ ਦੀ ਹਿੱਕ ਚੀਰ ਸੁਨਹਿਰਾਂ ਕੱਢ ਦੇਵੇਂ।
ਹੋਰ ਕਿਸੇ ਦਾ ਏਦਾਂ ਦਾ ਈਮਾਨ ਨਹੀਂ।
ਤੇਰੇ ਵਰਗਾ ਦੁਨੀਆਂ 'ਤੇ ਇਨਸਾਨ ਨਹੀਂ।
ਖੌਜਾਂ ਦੇ ਸਿਰ ਉਤੇ ਤਾਜ ਰਖਾਏ ਤੂੰ।
ਚੰਨ ਦੇ ਉਤੇ ਚੜ੍ਹਕੇ ਚੰਨ ਸਜਾਏ ਤੂੰ।
ਯਾਰ ਤਰੱਕੀ ਦਾ ਤੂੰ ਸੂਤਰਧਾਰ ਰਿਆ।
ਤੇਰੇ ਵਿਚ ਅਲੌਕਿਕ ਇੱਕ ਭੰਡਾਰ ਰਿਆ।
ਤੂੰ ਅੰਨਦਾਤਾ ਏਂ ਤੇਰੀ ਪਹਿਚਾਨ ਨਹੀਂ।
ਤੇਰੇ ਵਰਗਾ ਦੁਨੀਆਂ 'ਤੇ ਇਨਸਾਨ ਨਹੀਂ।
ਕਦਰ ਕਿਰਤੀ ਨਾ ਜਾਣਨ ਨੇਤਾ ਰਿਸ਼ਵਤ ਖੋਰ।
ਕਦਰ ਤੇਰੀ ਪੈਣੀਂ ਸੀ ਜੇਕਰ ਹੁੰਦੇ ਹੋਰ।
ਤੇਰਾ ਖ਼ੂਨ ਪਸੀਨਾ ਲੁੱਟ ਲਿਆ ਚੋਰਾਂ ਨੇ।
ਬਾਗ਼ 'ਚ ਸੁੰਦਰ ਪੈਲਾਂ ਪਾਂਦੇ ਮੋਰਾਂ ਨੇ।
ਤੂੰ ਨਈਂ ਕੋਈ ਭੋਲਾ ਤੂੰ ਨਾਦਾਨ ਨਹੀਂ।
ਤੇਰੇ ਵਰਗਾ ਦੁਨੀਆਂ 'ਤੇ ਇਨਸਾਨ ਨਹੀਂ।
ਵੇਖ ਕਰਾਂਤੀ ਆਉਣੀ ਹਿੰਮਤ ਰੱਖ ਜਰਾ।
ਜ਼ਹਿਰ ਖੜੱਪੇ, ਬੀਸੀਅਰ ਦਾ ਵੀ ਚੱਖ ਜਰਾ।
ਸੱਪਾਂ ਦਾ ਕਬਜ਼ਾ ਹੈ ਵਰਮੀ ਉਤੇ ਅੱਜ।
ਕੱਢ ਕੱਢ ਮਾਰ ਮੁਕਾਣੇਂ, ਕਰ ਕਰ ਪੁੱਠੇ ਅੱਜ।
ਹੁਣ ਸੱਪਾਂ ਦਾ ਵਰਮੀ ਵਿਚ ਸਥਾਨ ਨਹੀਂ।
ਤੇਰੇ ਵਰਗਾ ਦੁਨੀਆਂ 'ਤੇ ਇਨਸਾਨ ਨਹੀਂ।
'ਲਾਲੋ' ਬਣਕੇ ਹੱਕ ਹਲਾਲ ਕਮਾਵੇਂ ਤੂੰ।
'ਬਾਲਮ' ਨਾਨਕ ਦਾ ਸੇਵਕ ਕਹਿਲਾਵੇਂ ਤੂੰ।
ਮਿੱਟੀ ਤੇਰੀ ਪੂਜਾ ਮਿੱਟੀ ਭਗਤੀ ਹੈ।
ਤੇਰੇ ਸਿਰ 'ਤੇ ਮਾਨਵਤਾ ਦੀ ਸ਼ਕਤੀ ਹੈ।
'ਸੱਜਣ' ਠੱਗਾਂ ਵਰਗਾ ਤੂੰ ਧਨਵਾਨ ਨਹੀਂ।
ਤੇਰੇ ਵਰਗਾ ਦੁਨੀਆਂ 'ਤੇ ਇਨਸਾਨ ਨਹੀਂ।

**– ਬਲਵਿੰਦਰ ਬਾਲਮ**
ਗੁਰਦਾਸਪੁਰ
98156-25409



# ਸਾਕਾ ਨਨਕਾਣਾ ਸਾਹਿਬ



ਸ੍ਰੀ ਗੁਰੂ ਨਾਨਕ ਦੇਵ ਦਾ ਜਨਮ ਅਸਥਾਨ ਨਨਕਾਣਾ ਸਾਹਿਬ, ਸਿੱਖਾਂ ਦੇ ਧਾਰਮਿਕ ਸਥਾਨਾਂ ਵਿਚ ਸਭ ਤੋਂ ਵੱਧ ਮਹੱਤਤਾ ਰੱਖਦਾ ਹੈ। ਰਾਇ ਬੁਲਾਰ ਭੱਟੀ ਵੱਲੋਂ ਗੁਰਦੁਆਰੇ ਦੇ ਨਾਂ ਲਾਈ 19 ਹਜ਼ਾਰ ਏਕੜ ਦੀ ਜਗੀਰ ਤੋਂ 1920-21 ਵਿੱਚ ਇੱਕ ਲੱਖ ਰੁਪਏ ਤੋਂ ਵੱਧ ਜ਼ਮੀਨ ਦਾ ਠੇਕਾ ਆਉਂਦਾ ਸੀ ਤੇ ਲੱਖਾਂ ਰੁਪਏ ਚੜ੍ਹਾਵਾ ਚੜ੍ਹਦਾ ਸੀ। ਇਸ ਸਥਾਨ ਦਾ ਕੰਟਰੋਲ ਮਹੰਤ ਨਰਾਇਣ ਦਾਸ ਉਦਾਸੀ ਕੋਲ ਸੀ। ਉਸ ਸਮੇਂ ਮਹੰਤ ਨੇ ਇਸ ਗੁਰਦੁਆਰੇ ਨੂੰ ਆਪਣੀ ਨਿੱਜੀ ਜਾਇਦਾਦ ਬਣਾ ਲਿਆ ਸੀ। 20ਵੀਂ ਸਦੀ ਦੇ ਮੁੱਢਲੇ ਦਹਾਕਿਆਂ ਵਿਚ ਗੁਰਦੁਆਰਾ ਜਨਮ ਅਸਥਾਨ ਉੱਤੇ ਮਹੰਤ ਸਾਧੂ ਰਾਮ ਦਾ ਕਬਜ਼ਾ ਸੀ, ਜੋ ਇਕ ਬਦਮਾਸ਼ ਸ਼ਰਾਬੀ ਤੇ ਤੀਵੀਬਾਜ਼ ਸੀ। ਉਹ ਛੇਤੀ ਹੀ ਮਾਰੂ ਰੋਗ ਦਾ ਸ਼ਿਕਾਰ ਹੋ ਕੇ ਮਰ ਗਿਆ। ਉਸ ਦੀ ਮੌਤ ਪਿੱਛੋਂ ਮਹੰਤ ਨਰਾਇਣ ਦਾਸ ਗੱਦੀ 'ਤੇ ਬੈਠਿਆ। ਉਸ ਨੇ ਅੰਗਰੇਜ਼ ਮੈਜਿਸਟਰੇਟ ਦੇ ਸਾਮ੍ਹਣੇ ਸਿੱਖ-ਸੰਗਤ ਨਾਲ ਵਾਅਦਾ ਕੀਤਾ ਕਿ ਉਹ ਪਹਿਲੇ ਮਹੰਤ ਦੇ ਕੁਚਾਲੇ ਕੁਕਰਮ ਛੱਡ ਦੇਵੇਗਾ। ਪਰ ਉਸ ਨੇ ਇਹ ਬਚਨ ਛੇਤੀ ਹੀ ਭੰਗ ਕਰ ਦਿੱਤੇ ਅਤੇ ਮੁੜ ਪਹਿਲੇ ਮਹੰਤਾਂ ਦੇ ਕੁਕਰਮੀ ਪੂਰਨਿਆਂ ਉੱਤੇ ਹੀ ਤੁਰਨ ਲੱਗ ਪਿਆ। ਸਭ ਤੋਂ ਮਾੜੀ ਗੱਲ ਇਹ ਹੋਈ ਕਿ ਜਨਮ ਅਸਥਾਨ ਕੰਜਰੀਆਂ ਦੇ ਨਾਚ ਅੰਦਰ ਕਰਾਏ ਜਾਣ ਲੱਗੇ।

1918 ਈ: ਵਿਚ ਗੁਰਦੁਆਰੇ ਦੇ ਦਰਸ਼ਨਾਂ ਲਈ ਆਏ ਸੇਵਾ ਮੁਕਤ (ਈ.ਏ.ਸੀ.) ਦੀ 13 ਸਾਲ ਦੀ ਪੁੱਤਰੀ ਦੀ ਇਕ ਪੁਜਾਰੀ ਨੇ ਪੱਤ ਲੁੱਟੀ। ਏਸੇ ਸਾਲ ਜੜ੍ਹਾਂਵਾਲਾ (ਲਾਇਲਪੁਰ) ਦੀਆਂ 6 ਬੀਬੀਆਂ ਨੂੰ ਰਾਤ ਨੂੰ ਬੁਰਛੇ ਪੁਜਾਰੀਆਂ ਨੇ ਜ਼ਬਰਦਸਤੀ ਪੱਤ ਲੁੱਟੀ। ਇਸ ਤਰ੍ਹਾਂ ਨਨਕਾਣਾ ਸਾਹਿਬ ਦਰਬਾਰ ਵਿਭਚਾਰ ਦਾ ਅੱਡਾ ਬਣ ਗਿਆ ਸੀ। ਸਿੰਘ ਸਭਾਵਾਂ ਤੇ ਸੰਗਤਾਂ ਨੇ ਸਰਕਾਰ ਨੂੰ ਇਨ੍ਹਾਂ ਹਰਕਤਾਂ ਨੂੰ ਰੋਕਣ ਲਈ ਮਤੇ ਪਾਸ ਕਰਕੇ ਭੇਜੇ। ਅਕਤੂਬਰ 1920 ਦੇ ਸ਼ੁਰੂ ਵਿਚ ਧਾਰੋਵਾਲ ਨਗਰ ਇਕ ਭਰਵੇਂ ਇੱਕਠ ਵਿਚ ਮਤਾ ਪਾਸ ਕਰਕੇ ਮਹੰਤ ਨਰਾਇਣ ਦਾਸ ਨੂੰ ਸੁਧਾਰ ਕਰਨ ਲਈ ਆਖਿਆ ਗਿਆ ਪਰ ਮਹੰਤ ਨੇ ਕਿਸੇ ਦੀ ਨਾ ਮੰਨੀ। ਉਹ ਸਿੱਖਾਂ ਤੋਂ ਆਕੀ ਹੋ ਗਿਆ ਤੇ ਗੁਰਦੁਆਰਾ ਸੁਧਾਰ ਲਹਿਰ ਦਾ ਮੁਕਾਬਲਾ ਕਰਨ ਦੀਆਂ ਤਿਆਰੀਆਂ ਕਰਨ ਲੱਗਾ।ਉਸ ਨੇ 400 ਦੇ ਕਰੀਬ ਦਸ ਨੰਬਰੀਏ ਬਦਮਾਸ਼ ਅਤੇ 28 ਹੋਰ ਪਠਾਣ ਭਰਤੀ ਕਰ ਲਏ ਤੇ ਗੁਰਦੁਆਰੇ ਅੰਦਰ ਛਵ੍ਹੀਆਂ, ਕੁਹਾੜੇ, ਟਕੂਏ ਆਦਿ ਹਥਿਆਰ ਬਨਾਉਣ ਲਈ ਭੱਠੀਆਂ ਚਾਲੂ ਕਰ ਦਿੱਤੀਆਂ। ਉਸ ਨੇ ਗੁਰਦੁਆਰੇ ਦੀ ਪੂਰੀ ਤਰ੍ਹਾਂ ਕਿਲ੍ਹਾ ਬੰਦੀ ਕਰ ਲਈ। ਇਸ ਤਰ੍ਹਾਂ ਗੁਰਦੁਆਰੇ ਦੇ ਅੰਦਰ ਤੇ ਬਾਹਰ ਕਤਲਾਮ ਦਾ ਪੂਰਾ ਪੂਰਾ ਬਾਨ੍ਹਣੂੰ ਬੰਨ ਲਿਆ ਗਿਆ। ਲਾਹੌਰ ਡਵੀਜ਼ਨ ਦੇ ਕਮਿਸ਼ਨਰ ਸੀ. ਐਮ. ਕਿੰਗ ਨੇ ਉਸ ਨੂੰ ਯਕੀਨ ਦੁਆਇਆ ਕਿ ਜੇ ਅਕਾਲੀਆਂ ਨੇ ਉਸ ਦੇ ਗੁਰਦੁਆਰੇ ਉੱਤੇ ਧਾਵਾ ਬੋਲਿਆ ਤਾਂ ਉਸ ਦੀ ਸਹਾਇਤਾ ਕੀਤੀ ਜਾਵੇਗੀ। ਉਸ ਦੇ ਸਾਥੀ ਮਹੰਤਾਂ ਨੇ ਵੀ ਉਸ ਨੂੰ ਸਲਾਹ ਦਿੱਤੀ ਕਿ ਜੇ ਅਕਾਲੀ ਗੁਰਦੁਆਰੇ ਦਾ ਕਬਜ਼ਾ ਲੈਣ ਆਉਣ ਤਾਂ ਉਹ ਬਿਨ੍ਹਾਂ ਝਿਜਕ ਉਨ੍ਹਾਂ ਨੂੰ ਮਾਰ ਕੇ ਸਾੜ ਫੂਕ ਦੇਵੇ।



ਡਾ. ਚਰਨਜੀਤ ਸਿੰਘ ਗੁਮਟਾਲਾ
91-94175-33060

ਮਹੰਤ ਦੀਆਂ ਕਾਤਲਾਨਾਂ ਯੋਜਨਾਵਾਂ ਦਾ ਅਕਾਲੀਆਂ ਨੂੰ ਪਤਾ ਲੱਗ ਗਿਆ, ਜਿਨ੍ਹਾਂ ਨੇ ਜਥਿਆਂ ਨੂੰ ਨਨਕਾਣੇ ਜਾਣ ਅਤੇ ਮਹੰਤ ਦੀ ਕੁੜਿੱਕੀ ਵਿਚ ਫਸਣ ਤੋਂ ਬਚਣ ਲਈ ਸਿਰ ਤੋੜ ਯਤਨ ਸ਼ੁਰੂ ਕੀਤੇ। ਇਸ ਮਕਸਦ ਲਈ ਸ. ਹਰਚੰਦ ਸਿੰਘ, ਸ. ਤੇਜਾ ਸਿੰਘ ਸਮੁੰਦਰੀ ਤੇ ਮਾਸਟਰ ਤਾਰਾ ਸਿੰਘ ਨੂੰ ਨਨਕਾਣੇ ਭੇਜਿਆ ਤਾਂ ਜੋ ਉਹ ਜਥਿਆਂ ਨੂੰ ਜਨਮ ਅਸਥਾਨ ਵੱਲ ਜਾਣ ਤੋਂ ਰੋਕਣ। ਇਹ ਆਗੂ 19 ਫ਼ਰਵਰੀ 1921 ਨੂੰ ਨਨਕਾਣੇ ਪਹੁੰਚੇ ਅਤੇ ਸ. ਸਰਦੂਲ ਸਿੰਘ ਕਵੀਸ਼ਰ, ਮਾਸਟਰ ਸੁੰਦਰ ਸਿੰਘ, ਸ. ਜਸਵੰਤ ਸਿੰਘ ਝਬਾਲ ਅਤੇ ਸ. ਦਲੀਪ ਸਿੰਘ ਉਨ੍ਹਾਂ ਨਾਲ ਆ ਸ਼ਾਮਲ ਹੋਏ।ਇੱਥੋਂ ਇਨ੍ਹਾਂ ਨੇ ਸਲਾਹ ਕਰਕੇ ਸ. ਦਲੀਪ ਸਿੰਘ ਤੇ ਸ. ਜਸਵੰਤ ਸਿੰਘ ਨੂੰ ਖਰਾ ਸੌਦਾ ਭੇਜਿਆ ਕਿ ਉਹ ਜਥੇਦਾਰ ਕਰਤਾਰ ਸਿੰਘ ਝੱਬਰ ਨੂੰ ਮਿਲਣ ਅਤੇ ਨਨਕਾਣੇ ਸਾਹਿਬ ਉੱਤੇ ਕਬਜ਼ਾ ਕਰਨ ਦੀ ਉਸ ਦੀ ਯੋਜਨਾ ਨੂੰ ਤਿਆਗ ਦੇਣ ਵਾਸਤੇ ਉਸ ਨੂੰ ਪ੍ਰੇਰਨ। ਝੱਬਰ ਨੂੰ ਸੂਚਨਾ ਦੇਣ ਪਿੱਛੋਂ ਸ. ਦਲੀਪ ਸਿੰਘ, ਭਾਈ ਲਛਮਣ ਸਿੰਘ ਨੂੰ ਸੂਚਨਾ ਦੇਣ ਲਈ ਸੁੰਦਰ ਕੋਟ ਰਵਾਨਾ ਹੋਇ ਕਿ ਉਹ ਯੋਜਨਾ ਅਨੁਸਾਰ ਨਨਕਾਣੇ ਲਈ ਰਵਾਨਾ ਨਾ ਹੋਵੇ। ਪਤਾ ਲੱਗਣ 'ਤੇ ਕਿ ਭਾਈ ਲਛਮਣ ਸਿੰਘ ਤੇ ਉਸ ਦਾ ਜਥਾ ਪਹਿਲਾਂ ਹੀ ਉੱਥੋਂ ਜਾ ਚੁੱਕੇ ਹਨ।

ਭਾਈ ਲਛਮਣ ਸਿੰਘ ਆਪਣੇ ਪਿੰਡੋਂ ਕੁਝ ਅਕਾਲੀ ਹੋਰ ਨਾਲ ਲੈ ਕੇ 19 ਫ਼ਰਵਰੀ 1921 ਦੀ ਡੂੰਘੀ ਸ਼ਾਮ ਹੋਣ ਵੇਲੇ ਤੁਰੇ । ਰਸਤੇ ਵਿਚ ਕੁਛ ਹੋਰ ਅਕਾਲੀ ਰਲ ਗਏ ਜਿਸ ਨਾਲ ਜੱਥੇ ਦੀ ਗਿਣਤੀ 150 ਹੋ ਗਈ। 21 ਫਰਵਰੀ ਨੂੰ ਸਵੇਰ ਦੇ ਕੋਈ 5 ਵਜੇ ਜਨਮ ਅਸਥਾਨ ਦੇ ਉੱਤਰ ਵੱਲ ਭੱਠਿਆਂ ਉੱਤੇ ਇਨ੍ਹਾਂ ਕੋਲ ਭਾਈ ਦਲੀਪ ਸਿੰਘ ਦਾ ਆਦਮੀ ਸੰਦੇਸ਼ਾ ਲੈ ਕੇ ਪਹੁੰਚਾ, ਜਿਸ ਵਿੱਚ ਲਿਖਿਆ ਹੋਇਆ ਸੀ ਕਿ ਭਾਈ ਹੋਰੀਂ ਜੱਥੇ ਸਮੇਤ ਨਨਕਾਣੇ ਸਾਹਿਬ ਤੋਂ ਵਾਪਸ ਚਲੇ ਜਾਣ ਅਤੇ ਨਨਕਾਣੇ ਸਾਹਿਬ ਵਿੱਚ ਬਿਲਕੁੱਲ ਪੈਰ ਨਾ ਰੱਖਣ। ਭਾਈ ਲਛਮਣ ਸਿੰਘ , ਭਾਈ ਦਲੀਪ ਸਿੰਘ ਦਾ ਬੜਾ ਆਦਰ ਸਨਮਾਨ ਕਰਦੇ ਸਨ, ਉਹ ਇਹ ਹੁਕਮ ਮੰਨ ਕੇ ਵਾਪਸ ਜਾਣ ਲਈ ਤਿਆਰ ਹੋ ਗਏ, ਪਰ ਭਾਈ ਟਹਿਲ ਸਿੰਘ ਜੀ ਕਹਿਣ ਲੱਗੇ, ਅੱਜ ਗੁਰੂ ਹਰਿ ਰਾਇ ਜੀ ਦਾ ਜਨਮ ਦਿਨ ਹੈ।

ਏਥੇ ਹੁਣ ਪਹੁੰਚੇ ਹੋਏ ਹਾਂ। ਚਲੋ ਗੁਰਦੁਆਰੇ ਦੇ ਦਰਸ਼ਨ ਕਰਦੇ ਚੱਲੀਏ। ਮਹੰਤ ਸਾਨੂੰ ਕਤਲ ਹੀ ਕਰ ਦੇਵੇਗਾ ਨਾ? ਕੋਈ ਗੱਲ ਨਹੀਂ। ਜਦੋਂ ਅਸਾਂ ਕੋਈ ਹਥਿਆਰ ਨਹੀਂ ਚੁੱਕਣਾ, ਸ਼ਾਂਤਮਈ ਰਹਿਣਾ ਏ, ਮੁਕਾਬਲਾ ਨਹੀਂ ਕਰਨਾ ਅਤੇ ਭੜਕਾਹਟ ਪੈਦਾ ਕਰਨ ਲਈ ਕੋਈ ਗੱਲ ਨਹੀਂ ਕਰਨੀ, ਮੱਥਾ ਟੇਕ ਕੇ ਵਾਪਸ ਆ ਜਾਣਾ ਏ ਤਾਂ ਫੇਰ ਝਗੜਾ ਕਿਉਂ ਹੋਊ? ਪਰ ਉਹਨਾਂ ਨੂੰ ਮਹੰਤ ਦੇ ਸ਼ੈਤਾਨੀ ਮਨਸੂਬਿਆਂ ਦਾ ਪਤਾ ਨਹੀਂ ਸੀ। ਭਾਈ ਲਛਮਣ ਸਿੰਘ ਜੀ ਰਜ਼ਾਮੰਦ ਹੋ ਗਏ ਅਤੇ ਜੱਥਾ ਗੁਰਦੁਆਰਾ ਜਨਮ ਅਸਥਾਨ ਦੇ ਦਰਸ਼ਨ ਨੂੰ ਤੁਰ ਪਿਆ। ਬੀਬੀਆਂ ਗੁਰਦੁਆਰਾ ਤੰਬੂ ਸਾਹਿਬ ਦੇ ਦਰਸ਼ਨਾਂ ਲਈ ਚਲੀਆਂ ਗਈਆਂ ਜਿੱਥੋਂ ਉਹ ਵਾਪਸ ਘਰਾਂ ਨੂੰ ਮੁੜ ਗਈਆਂ ਅਤੇ ਅਕਾਲੀ ਜਨਮ ਅਸਥਾਨ ਦੇ ਬਾਹਰ ਤਾਲਾਬ ਵਿੱਚ ਅਸ਼ਨਾਨ ਕਰਨ ਲੱਗ ਪਏ। ਕੋਈ ਛੇ ਵਜੇ ਦੇ ਕਰੀਬ ਉਹ ਗੁਰਦੁਆਰੇ ਵਿੱਚ ਮੱਥਾ ਟੇਕਣ ਲਈ ਦਾਖ਼ਲ ਹੋਏ।ਸਿੰਘਾਂ ਦਰਸ਼ਨੀ ਡਿਓੜ੍ਹੀ ਵੜਨ ਤੋਂ ਪਹਿਲੋਂ, ਸਤਕਾਰ ਵਜੋਂ, ਆਪਣੇ ਸੀਸ ਝੁਕਾਏ, ਫੇਰ ਸਤਿ ਸਿਰੀ ਅਕਾਲ ਦੇ ਜੈਕਾਰੇ ਬੁਲਾਏ ਅਤੇ ਜਾ ਕੇ ਦਰਬਾਰ ਦੇ ਸਾਹਮਣੇ ਮੱਥਾ ਟੇਕ ਕੇ ਬੈਠ ਗਏ। ਭਾਈ ਲਛਮਣ ਸਿੰਘ ਗੁਰੂ ਗ੍ਰੰਥ ਦੀ ਤਾਬਿਆ ਬੈਠ ਗਏ ਅਤੇ ਸਾਰੇ ਸਿੰਘ ਸ਼ਬਦ ਪੜ੍ਹਨ ਵਿੱਚ ਮਗਨ ਹੋ ਗਏ। ਏਨੇ ਨੂੰ ਗੋਲੀਆਂ ਵਰ੍ਹਨ ਲੱਗ ਪਈਆਂ। ਭਾਈ ਲਛਮਣ ਸਿੰਘ ਜੀ ਗੋਲੀਆਂ ਨਾਲ ਜ਼ਖ਼ਮੀ ਹੋ ਗਏ । ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਵੀ ਗੋਲੀਆਂ ਲੱਗੀਆਂ। ਵਿਹੜੇ ਵਿੱਚ ਕੋਈ ਪੰਝੀ ਛੱਬੀ ਸਿੰਘ ਸ਼ਹੀਦ ਹੋ ਗਏ। ਕੋਈ ਸੱਠ ਕੁ ਸਿੰਘ ਦਰਬਾਰ ਦੇ ਅੰਦਰ ਸ਼ਹੀਦ ਹੋ ਗਏ। ਜਿਹੜਾ ਵੀ ਫੱਟੜ ਜੀਉਂਦਾ ਨਜ਼ਰ ਆਇਆ, ਉਸ ਨੂੰ ਛਵ੍ਹੀਆਂ ਨਾਲ ਕੁਤਰ ਦਿੱਤਾ ਤੇ ਡਾਂਗਾਂ ਮਾਰ ਮਾਰ ਫਿਹ ਦਿੱਤਾ।ਜ਼ਖ਼ਮੀ ਭਾਈ ਲਛਮਣ ਸਿੰਘ ਨੂੰ ਜੰਡ ਦੇ ਦਰੱਖ਼ਤ ਨਾਲ ਪੁੱਠਾ ਬੰਨ੍ਹਕੇ ਥੱਲੇ ਅੱਗ ਲਾ ਕੇ ਸਾੜ ਦਿੱਤਾ। ਕੁਝ ਸਿੰਘਾਂ ਦਾ ਪਿੱਛਾ ਸਾਧੂਆਂ ਨੇ ਰੇਲਵੇ ਲਾਈਨਾਂ ਤਕ ਕੀਤਾ ਜਿੱਥੇ ਇਕ ਬੁੱਢਾ ਸਿੱਖ ਤੇ ਦੋ ਹੋਰ ਸਿੰਘ ਮਾਰ ਦਿੱਤੇ ਗਏ। ਦੋ ਤਿੰਨ ਸਿੰਘ ਖੇਤਾਂ ਵਿੱਚ ਜਾ ਕੇ ਮਾਰ ਦਿੱਤੇ ਗਏ।

ਲੱਕੜਾਂ ਤੇ ਤੇਲ ਏਨੇ ਆਦਮੀਆਂ ਨੂੰ ਸਾੜਨ ਲਈ ਨਾਕਾਫ਼ੀ ਸਨ। ਇਸ ਲਈ ਬਾਜ਼ਾਰੋਂ ਰੇੜ੍ਹੀਆਂ ਤੇ ਲੱਦ ਲੱਦ ਹੋਰ ਬਾਲਣ ਤੇ ਤੇਲ ਮੰਗਵਾਇਆ ਗਿਆ। ਮੁਕੱਦਮੇ ਵਿੱਚ ਕੁਝ ਮੁਲਜ਼ਮਾਂ ਦੇ ਬਿਆਨਾਂ ਤੋਂ ਸਾਬਤ ਹੋ ਗਿਆ ਸੀ ਕਿ ਕਈ ਜੀਉਂਦੇ ਸਿੰਘਾਂ ਨੂੰ ਬਲਦੇ ਮੜ੍ਹ ਵਿੱਚ ਸੁੱਟ ਸੁੱਟ ਸਾੜਿਆ ਗਿਆ। ਜਿਹੜੇ ਗੁਰਦੁਆਰੇ ਤੋਂ ਬਾਹਰ ਕਤਲ ਕੀਤੇ ਗਏ ਸਨ, ਉਨ੍ਹਾਂ ਨੂੰ ਇੱਟਾਂ ਦੇ ਭੱਠੇ ਵਿੱਚ ਸੁੱਟਕੇ ਸਾੜਿਆ ਗਿਆ। ਮਹੰਤ ਦੇ ਗੁੰਡਿਆਂ ਦੇ ਜੋ ਵੀ ਕਾਬੂ ਆਇਆ ਉਹ ਸਿੰਘ ਨਾ ਬਚ ਸਕਿਆ। ਨਨਕਾਣਾ ਸਾਹਿਬ ਸਾਕੇ ਦੇ ਸ਼ਹੀਦਾਂ ਵਿੱਚ ਭਾਈ ਮੰਗਲ ਸਿੰਘ ਜੀ ਕ੍ਰਿਪਾਨ ਬਹਾਦਰ ਅਤੇ ਬਾਬਾ ਦਰਬਾਰਾ ਸਿੰਘ ਜੀ ਨੇ ਆਪਣੇ ਪ੍ਰਾਣਾਂ ਦੀ ਆਹੂਤੀ ਦੇ ਕੇ ਵਿਲੱਖਣ ਇਤਿਹਾਸ ਲਿਖ ਦਿੱਤਾ। ਸ਼ਹੀਦੀ ਜਥਾ ਚੱਲਣ ਵਾਲੇ ਦਿਨ ਭਾਈ ਮੰਗਲ ਸਿੰਘ ਜੀ ਦਾ ਵਿਆਹ ਉਪਰੰਤ ਮੁਕਲਾਵਾ ਆਇਆ ਸੀ। ਪਰਿਵਾਰ ਵੱਲੋਂ ਉਨ੍ਹਾਂ ਨੂੰ ਜਥੇ ਵਿੱਚ ਜਾਣ ਤੋਂ ਰੋਕਿਆ ਵੀ ਗਿਆ ਪਰ ਉਨ੍ਹਾਂ ਦੀ ਮਨ-ਬਿਰਤੀ ਤੇ ਉਨ੍ਹਾਂ ਦੇ ਧਰਮ ਪਿਤਾ ਭਾਈ ਲਛਮਣ ਸਿੰਘ ਧਾਰੋਵਾਲੀ ਜੀ ਦਾ ਅਮਿੱਟ ਪ੍ਰਭਾਵ ਸੀ। ਉਨ੍ਹਾਂ ਵੀ ਜਥੇ ਦੇ ਸ਼ਹੀਦਾਂ ਵਿੱਚ ਸ਼ਾਮਲ ਹੋ ਕੇ ਨਿਵੇਕਲਾ ਇਤਿਹਾਸ ਸਿਰਜ ਦਿੱਤਾ।ਬਾਬਾ ਦਰਬਾਰਾ ਸਿੰਘ ਜੀ ਦੀ ਉਮਰ ਕੇਵਲ ਨੌਂ ਸਾਲ ਦੇ ਲਗਭਗ ਸੀ। ਬਾਲ ਉਮਰੇ ਹੀ ਮਾਂ ਦਾ ਇੰਤਕਾਲ ਹੋ ਜਾਣ ਕਾਰਨ ਦਾਦੀ ਜੀ ਨੇ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਦੀਆਂ ਸਾਖੀਆਂ ਸੁਣਾ ਕੇ ਬਾਲ-ਉਮਰੇ ਹੀ ਉਸ ਦੇ ਮਨ-ਮਸਤਿਕ ਵਿੱਚ ਸ਼ਹੀਦੀ ਚਾਅ ਪੈਦਾ ਕਰ ਦਿੱਤਾ ਸੀ। ਜਦੋਂ ਭਾਈ ਲਛਮਣ ਸਿੰਘ ਜੀ ਧਾਰੋਵਾਲੀ ਅਤੇ ਹੋਰ ਸਿੰਘ ਉਨ੍ਹਾਂ ਦੇ ਪਿੰਡ ਦੇ ਗੁਰਦੁਆਰਾ ਸਾਹਿਬ ਵਿੱਚ ਸ਼ਹੀਦੀ ਜਥੇ ਵਿੱਚ ਸ਼ਾਮਲ ਹੋਣ ਵਾਲਿਆਂ ਦੇ ਨਾਂ ਲਿਖਣ ਲਈ ਆਏ ਸਨ ਤਾਂ ਇਸ ਬਾਲਕ ਨੇ ਦ੍ਰਿੜ ਨਿਸ਼ਚੇ ਜ਼ਿਦ ਕਰਕੇ ਆਪਣੇ ਪਿਤਾ ਦੇ ਨਾਲ ਆਪਣਾ ਨਾਂ ਵੀ ਲਿਖਾਇਆ। ਸ਼ਹੀਦੀ ਜਥਾ ਰਵਾਨਾ ਹੋਣ ਸਮੇਂ ਦਾਦੀ ਜੀ ਪਿਤਾ ਜੀ ਅਤੇ ਹੋਰ ਨਜ਼ਦੀਕੀਆਂ ਦੇ ਰੋਕਣ ਦੇ ਬਾਵਜੂਦ ਇਹ ਗੁਰੂ ਦਾ ਲਾਲ ਜਥੇ ਵਿੱਚ ਸ਼ਾਮਲ ਹੋ ਗਿਆ।

ਨਨਕਾਣਾ ਸਾਹਿਬ ਪਹੁੰਚ ਕੇ ਬਾਲਕ ਦਰਬਾਰਾ ਸਿੰਘ ਨੂੰ ਚੌਖੰਡੀ ਦੀ ਇੱਕ ਅਲਮਾਰੀ ਵਿੱਚ ਬੰਦ ਕਰ ਦਿੱਤਾ। ਜਦ ਸਾਰੇ ਸਿੰਘ ਸ਼ਹੀਦ ਕਰ ਦਿਤੇ ਗਏ ਤਾਂ ਇਹ ਬੰਦ ਅਲਮਾਰੀ ਵਿੱਚੋਂ ਹੀ ਉੱਚੀ ਉੱਚੀ ਪੁਕਾਰੀ ਜਾਵੇ ਕਿ "ਮੈਂ ਵੀ ਸ਼ਹੀਦ ਹੋਣਾ"। ਪਹਿਲਾਂ ਤਾਂ ਇਹ ਅਵਾਜ਼ਾਂ ਸੁਣ ਕੇ ਚੰਡਾਲ ਡਰ ਗਏ, ਪਰ ਜਦੋਂ ਹੌਂਸਲਾ ਕਰਕੇ ਅਲਮਾਰੀ ਖੋਲ੍ਹੀ ਤਾਂ ਮਾਸੂਮ ਬਾਲਕ ਨੂੰ ਬਾਹਵਾਂ ਅਤੇ ਲੱਤਾਂ ਤੋਂ ਫੜ ਕੇ ਬਲਦੀ ਚਿਖਾ ਵਿੱਚ ਭੁਆ ਕੇ ਸੁੱਟ ਦਿੱਤਾ। ਬਾਲਕ ਦਰਬਾਰਾ ਸਿੰਘ ਆਪਣੇ ਪਿਤਾ ਕਿਹਰ ਸਿੰਘ ਨਾਲ ਹੀ ਸ਼ਹੀਦੀ ਪ੍ਰਾਪਤ ਕਰਕੇ ਸ਼ਹੀਦੀ-ਇਤਿਹਾਸ ਵਿੱਚ ਆਪਣਾ ਨਾਮ ਡਲਕਾਂ ਮਾਰਦੇ ਅੱਖਰਾਂ ਵਿੱਚ ਲਿਖਵਾ ਗਿਆ। ਜਥੇਦਾਰ ਕਰਤਾਰ ਸਿੰਘ ਝੱਬਰ ਜੋ ਕਿ ਤਕਰੀਬਨ 2200 ਅਕਾਲੀਆਂ ਦਾ ਇਕ ਜੱਥਾ ਲੈ ਕੇ ਜਾ ਰਿਹਾ ਸੀ ਨੂੰ 21 ਫਰਵਰੀ 1921 ਨੂੰ ਪਿੰਡ ਖਿਪਵਾੜਾ ਦੇ ਨੇੜੇ ਡਿਪਟੀ ਕਮਿਸ਼ਨਰ ਨੇ ਖ਼ੁਦ ਰੋਕ ਲਿਆ ਤੇ ਸਲਾਹ ਮਸ਼ਵਰੇ ਪਿੱਛੋਂ ਝੱਬਰ ਨੂੰ ਜਨਮ ਅਸਥਾਨ ਦੀਆਂ ਚਾਬੀਆਂ ਇਸ ਸ਼ਰਤ 'ਤੇ ਦੇਣ ਲਈ ਰਾਜ਼ੀ ਹੋਇਆ ਕਿ ਅਕਾਲੀ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਬਣਾ ਦੇਣ ਲਈ ਸਹਿਮਤ ਹੋ ਜਾਣ। ਕੁਝ ਵਿਚਾਰ ਵਟਾਂਦਰੇ ਮਗਰੋਂ ਉਸ ਨੇ ਚਾਬੀਆਂ 7 ਮੈਂਬਰੀ ਕਮੇਟੀ ਹਵਾਲੇ ਕਰ ਦਿਤੀਆਂ। ਨਰਮ ਖ਼ਿਆਲ ਚੀਫ਼ਓਮਪ; ਖਾਲਸਾ ਦੀਵਾਨ ਦਾ ਆਨਰੇਰੀ ਸਕੱਤਰ ਸ. ਹਰਬੰਸ ਸਿੰਘ ਅਟਾਰੀ ਨੂੰ ਇਸ ਦਾ ਪ੍ਰਧਾਨ ਬਣਾਇਆ ਗਿਆ ।ਅੱਧੀ ਦਰਜਨ ਤੋਂ ਵੱਧ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕਰ ਦਿੱਤਾ ਗਿਆ। 5 ਅਪ੍ਰੈਲ 1921 ਨੂੰ ਮਹੰਤ ਨਰਾਇਣ ਦਾਸ ਤੇ ਉਸ ਦੇ ਸਾਥੀਆਂ ਵਿਰੁਧ ਸੈਸ਼ਨ ਕੋਰਟ ਵਿਚ ਮੁਕੱਦਮਾ ਸ਼ੁਰੂ ਹੋਇਆ। 12 ਅਕਤੂਬਰ 1921 ਨੂੰ ਅਦਾਲਤ ਨੇ ਨਰਾਇਣ ਦਾਸ ਤੇ 7 ਹੋਰ ਦੋਸ਼ੀਆਂ ਨੂੰ ਫ਼ਾਂਸੀ ,8 ਨੂੰ ਉਮਰ ਕੈਦ ,16 ਨੂੰ 7 ਸਾਲ ਦੀ ਕੈਦ ਤੇ ਬਾਕੀਆਂ ਨੂੰ ਬਰੀ ਕਰ ਦਿੱਤਾ ਗਿਆ।ਲਾਹੌਰ ਹਾਈ ਕੋਰਟ ਵਿਚ ਅਪੀਲ ਕਰਨ 'ਤੇ 3 ਮਾਰਚ 1922 ਨੂੰ ਮਹੰਤ ਤੇ ਹੋਰ ਗੁੰਡਿਆਂ ਦੀ ਫ਼ਾਂਸੀ ਦੀ ਸਜ਼ਾ ਉਮਰ ਕੈਦ ਵਿਚ ਬਦਲ ਦਿੱਤੀ ਤੇ 3 ਗੁੰਡਿਆਂ ਨੂੰ 7-7 ਸਾਲ ਤੇ ਬਾਕੀ ਸਭ ਬਰੀ ਕਰ ਦਿੱਤੇ। ਪੰਥ ਨੇ ਸ਼ਹੀਦਾਂ ਨੂੰ ਭਾਰੀ ਮਾਣ ਸਤਿਕਾਰ ਦਿੱਤਾ। ਉਨ੍ਹਾਂ ਦੇ ਨਾਂ ਅਰਦਾਸ ਵਿਚ ਸ਼ਾਮਿਲ ਕੀਤੇ ਗਏ। ਗੁਰਦੁਆਰਾ ਨਨਕਾਣਾ ਸਾਹਿਬ ਵਿਚ ਅਜੇ ਵੀ ਉਹ ਹਥਿਆਰ ਅਤੇ ਪੱਥਰ ਮੌਜੂਦ ਹਨ, ਜਿਨ੍ਹਾਂ 'ਤੇ ਰੱਖ ਕੇ ਸਿੱਖਾਂ ਨੂੰ ਟੁਕਿਆ ਗਿਆ ਸੀ।ਅਜੇ ਤੀਕ ਇਨ੍ਹਾਂ ਹਥਿਆਰਾਂ 'ਤੇ ਸ਼ਹੀਦਾਂ ਦਾ ਖ਼ੂਨ ਅਤੇ ਸੁੱਕੇ ਮਾਸ ਦੇ ਟੁਕੜੇ ਲੱਗੇ ਹੋਏ ਹਨ।

## ਪੁਸਤਕ ਰਿਵਿਊ/ ਸਮਾਜਿਕ ਤਲਖ਼ ਹਕੀਕਤਾਂ ਦਾ ਵਿਵਰਣ-ਗੁਲਕੰਦ

**ਪੁਸਤਕ-'ਗੁਲਕੰਦ'**
**(ਮੇਰੀਆਂ ਚੋਣਵੀਆਂ ਮਿੰਨੀ ਕਹਾਣੀਆਂ)**
**ਲੇਖਕ-ਕਰਮਵੀਰ ਸਿੰਘ ਸੂਰੀ**
**ਸੰਪਰਕ-9855800103**
**ਪੰਨੇ-95, ਮੁੱਲ-200/-ਰੁਪਏ**
**ਪ੍ਰਕਾਸ਼ਕ-ਨਵਰੰਗ ਪਬਲੀਕੇਸ਼ਨਜ਼**

ਕਰਮਵੀਰ ਸਿੰਘ ਸੂਰੀ ਪੰਜਾਬੀ ਸਾਹਿਤ ਦੇ ਖੇਤਰ ਚ ਇੱਕ ਸਥਾਪਿਤ ਨਾਂਅ ਹੈ। ਸਾਹਿਤ ਦੀ ਗੁੜ੍ਹਤੀ ਭਾਵੇਂ ਉਸਨੂੰ ਪਰਿਵਾਰ ਤੋਂ ਹੀ ਮਿਲੀ ਹੈ ਅਤੇ ਇਸ ਮੁਕਾਮ ਤੱਕ ਪਹੁੰਚਣ ਲਈ ਉਹਦੀ ਆਪਣੀ ਮਿਹਨਤ, ਹਿੰਮਤ, ਦ੍ਰਿੜਤਾ ਅਤੇ ਸਿਰੜ ਹੈ। ਭਾਵੇਂ ਉਸਦੇ ਖ਼ੂਨ 'ਚ ਸਾਹਿਤ ਦਾ ਰੰਗ ਹੈ, ਸਾਹਿਤ ਉਸਨੂੰ ਵਿਰਾਸਤ ਚ ਮਿਲਿਆ ਹੈ ਪਰ ਉਹਦੀ ਆਪਣੀ ਸਾਹਿਤਕ ਕਿਰਤ ਦਾ ਉਸਦੀ ਕਾਮਯਾਬ ਸਫਲਤਾ ਚ ਵੱਡਾ ਯੋਗਦਾਨ ਹੈ। ਅਟੱਲ ਸਚਾਈ ਇਹ ਹੈ ਕਿ ਉਸਨੇ ਕਦੇ ਵਡੇਰਿਆਂ ਦੇ ਨਾਮ ਨੂੰ ਆਪਣੇ ਨਾਲ ਜੋੜ ਫੋਕੀ ਸ਼ੋਹਰਤ ਖੱਟਣ ਦੀ ਕੋਸ਼ਿਸ਼ ਨਹੀਂ ਕੀਤੀ, ਬਲਕਿ ਆਪਣੀ ਗੁਣਾਤਮਿਕ ਸਾਹਿਤਕ ਸਿਰਜਣਾ ਬਲਬੂਤੇ ਮੰਜ਼ਿਲ ਦੀਆਂ ਪੌੜੀਆਂ ਚੜਿਆ ਹੈ।ਹਥਲੀ ਪੁਸਤਕ 'ਗੁਲਕੰਦ' (ਮੇਰੀਆਂ ਚੋਣਵੀਆਂ ਮਿੰਨੀ ਕਹਾਣੀਆਂ) ਉਸ ਦਾ 73 ਪੰਜਾਬੀ ਮਿੰਨੀ ਕਹਾਣੀਆਂ ਦਾ ਗੁਲਦਸਤਾ ਕਹਾਣੀ ਸੰਗ੍ਰਹਿ ਹੈ। ਕਰਮਵੀਰ ਸਿੰਘ ਸੂਰੀ ਸਮਾਜ 'ਚ ਵਾਪਰ ਰਹੀਆਂ ਰੋਜ਼ਮਰ੍ਹਾ ਦੀਆਂ ਘਟਨਾਵਾਂ ਨੂੰ ਕਹਾਣੀਆਂ ਦਾ ਆਧਾਰ ਬਣਾਉਣ ਵਾਲਾ ਲੇਖਕ ਸਾਹਿਤਕਾਰ ਹੈ। ਉਹ ਸਮਾਜ ਦੀਆਂ ਤਲਖ਼ ਹਕੀਕਤਾਂ ਨੂੰ ਕਹਾਣੀ ਰੂਪ 'ਚ ਦ੍ਰਿਸ਼ਮਾਨ ਕਰਨ ਵਾਲਾ ਬੇਬਾਕ ਲੇਖਕ ਹੈ। ਉਸਦੀਆਂ ਕਹਾਣੀਆਂ ਪੰਜਾਬੀ ਦੇ ਅਖ਼ਬਾਰਾਂ ਦਾ ਸ਼ਿੰਗਾਰ ਬਣਦੀਆਂ ਰਹਿੰਦੀਆਂ ਹਨ।




ਇਸ ਤੋਂ ਪਹਿਲਾਂ ਵੀ ਲੇਖਕ ਨੇ ਕਾਫੀ ਪੁਸਤਕਾਂ ਸਾਹਿਤਕ ਖੇਤਰ ਦੀ ਝੋਲੀ ਪਾਈਆਂ ਹਨ। ਕੁਝ ਕੁ ਦਾ ਵਰਣਨ ਕਰਨਾ ਮੈਂ ਜ਼ਰੂਰੀ ਸਮਝਦਾ ਹਾਂ। ਕਹਾਣੀ ਸੰਗ੍ਰਹਿ (ਨਕਸ਼, ਅੰਨਦਾਤਾ, ਪਲੰਘ ਨਵਾਰੀ), ਮਿੰਨੀ ਕਹਾਣੀ ਸੰਗ੍ਰਹਿ (ਨਿੱਕੀਆਂ ਗੱਲਾਂ-ਵੱਡੀਆਂ ਗੱਲਾਂ,ਮਾਇਆ ਜਾਲ,ਕੋਈ ਨਾਓ ਨਾ ਜਾਣੇ ਮੇਰਾ), ਨਾਵਲ (ਕਬਜ਼ਾ) ਅਤੇ ਹਿੰਦੀ ਭਾਸ਼ਾ 'ਚ ਪੁਰਸ਼ ਲਘੂ ਕਥਾਵਾਂ ਆਦਿ ਲੇਖਕ ਦੀਆਂ ਮੌਲਿਕ ਸਿਰਜਣਾਤਮਕ ਪੁਸਤਕਾਂ ਹਨ। ਇਸ ਤੋਂ ਇਲਾਵਾ ਪੰਜਾਬੀ ਮਿੰਨੀ ਕਹਾਣੀ ਦਾ ਨਿਕਾਸ ਤੇ ਵਿਕਾਸ, ਲਾਇਬ੍ਰੇਰੀ ਵਿਗਿਆਨ ਦੀ ਰੂਪ ਰੇਖਾ, ਮਿੰਨੀ ਕਹਾਣੀ ਸਰੂਪ, ਸਿਧਾਂਤ ਅਤੇ ਵਿਕਾਸ ਆਦਿ ਪੁਸਤਕਾਂ 'ਚ ਅਲੋਚਨਾਤਮਕ ਭਰਪੂਰ ਟਿੱਪਣੀਆ ਕੀਤੀਆਂ ਹਨ, ਜੋ ਲੇਖਕ ਦਾ ਸਾਹਿਤਕ ਖੇਤਰ ਚ ਵਿਲੱਖਣ ਕਦਮ ਹੈ।ਲੇਖਕ ਨੇ ਨਾਨਕ ਸਿੰਘ-ਇੱਕ ਪੁਨਰ ਮੁਲਾਂਕਣ, ਇੱਕ ਕਾਫ਼ਲਾ ਹੋਰ, ਪੰਜਾਬੀ ਮਿੰਨੀ ਕਹਾਣੀ-ਇੱਕ ਅਧਿਐਨ, ਆਈ ਸੀ ਐਸ ਈ ਬੋਰਡ ਦੀ ਪਾਠਕ੍ਰਮ ਨਿਰਧਾਰਤ ਪੁਸਤਕ ਚੋਣਵੀਆਂ ਕਹਾਣੀਆਂ, ਚੋਣਵੇਂ ਇਕਾਂਗੀ, ਚੋਣਵੀਂ ਸ਼ਬਦਾਬਲੀ (ਪੰਜਾਬ ਮਿਡਲ ਸਕੂਲ), ਚੋਣਵੀਂ ਸ਼ਬਦਾਬਲੀ (ਮੈਟ੍ਰਿਕ ਪੱਧਰ) ਆਦਿਕ ਦੀ ਸੰਪਾਦਨਾ ਦੀ ਸਾਹਿਤਕ ਜ਼ੁੰਮੇਵਾਰੀ ਨਿਭਾਈ ਹੈ। ਨੇਪਾਲੀ ਡੱਡੂ ਦੇ ਦਲੇਰੀ ਭਰੇ ਕੰਮ, ਕਲਿ ਕਥਾ ਵਾਇਆ ਬਾਈਪਾਸ, ਪੈੱਨ, ਬਰਗਰ ਦੀ ਧੀ, ਔਰਤਾਂ ਦੇ ਹੱਕ ਰੇਨਬੋਅ ਆਦਿ ਨਾਵਲਾਂ ਅਤੇ ਕਹਾਣੀ ਸੰਗ੍ਰਹਿਆਂ ਨੂੰ ਅਨੁਵਾਦ ਕਰਨ ਦਾ ਦਲੇਰਾਨਾ ਕੰਮ ਕੀਤਾ ਹੈ।

ਲੇਖਕ ਨੇ ਹਥਲੀ 'ਗੁਲਕੰਦ' ਪੁਸਤਕ ਆਪਣੀ ਜੀਵਣ ਸਾਥਣ ਪਰਮਜੀਤ ਕੌਰ ਸੂਰੀ ਨੂੰ ਸਮਰਪਿਤ ਕਰਕੇ ਪੇਸ਼ ਕੀਤੀ ਹੈ। ਪੁਸਤਕ ਦੀਆਂ ਕਹਾਣੀਆਂ ਦੀ ਸ਼ੁਰੂਆਤ ਤੋਂ ਪਹਿਲਾਂ "ਮੇਰੇ ਵੱਲੋਂ" ਵਿਸ਼ੇ ਤਹਿਤ ਲੇਖਕ ਨੇ ਆਪਣੇ ਸਾਹਿਤਕ ਜੀਵਨ ਦੀ ਸ਼ੁਰੂਆਤ, ਸਾਹਿਤ ਸਿਰਜਣਾ ਚ ਪ੍ਰਪੱਕਤਾ, ਸਾਹਿਤਕਾਰਾਂ ਦੇ ਉਤਸ਼ਾਹ ਅਤੇ ਸੁਝਾਵਾਂ, ਸਿਰਜਣਾਤਮਕ ਪ੍ਰਕਿਰਿਆ ਚ ਸੁਧਾਰਾਂ ਅਤੇ ਹੱਥਲੀ ਪੁਸਤਕ ਤੱਕ ਦੇ ਸਫ਼ਰ ਦਾ ਸੰਖੇਪ ਵਰਣਨ ਕੀਤਾ ਹੈ।


ਮਿੰਨੀ ਕਹਾਣੀ ਸੰਗ੍ਰਹਿ ਪੁਸਤਕ ਚ ਉਸਨੇ ਬਹੁਤ ਹੀ ਖੂਬਸੂਰਤ ਵਿਸ਼ਿਆਂ ਨੂੰ ਛੂਹਿਆ ਹੈ, ਗਰੀਬੀ ਅਮੀਰੀ ਦੀਆਂ ਦੇ ਫਰਕ ਅਤੇ ਮਜਬੂਰੀ ਨੂੰ ਕਹਾਣੀ 'ਕਿਹੜੀ ਉਮਰੇ' 'ਚ ਉਸਨੇ ਬਹੁਤ ਖੂਬ ਲਿਖਿਆ ਹੈ ਅਤੇ ਲੇਖਕ ਅੰਦਰਲੇ ਪਿਘਲੇਪਣ ਨੂੰ ਦਿਲਚਸਪ ਸ਼ਬਦਾਂ 'ਚ ਬਿਆਨਿਆ ਹੈ। ਇਸੇ ਤਰਾਂ ਸੋਚ, ਦੁਰਲੱਭ, ਮੈਂ ਇਹਨੂੰ ਜਾਣਦਾ, ਪੇਟੀ, ਇੱਕੋ ਕਿਸ਼ਤੀ ਦੇ ਸਵਾਰ ਆਦਿ ਮਿੰਨੀ ਕਹਾਣੀਆਂ ਲੇਖਕ ਦੀ ਨਿਵੇਕਲੀ ਸੋਚ ਅਤੇ ਭਾਵਨਾ ਦਾ ਪ੍ਰਤੀਕ ਹਨ। ਜ਼ਿੰਦਗੀ ਦੀ ਕਰਨੀ ਭਰਨੀ ਨੂੰ ਲੇਖਕ ਨੇ 'ਮੈਂ ਹੀ-ਤੂੰ ਹੀ' ਕਹਾਣੀ 'ਚ ਸੂਦਖੋਰ ਦੀ ਅਸਲੀਅਤ ਨੂੰ ਉਭਾਰਿਆ ਹੈ। ਮਾਂ ਦੀ ਮਮਤਾ ਦੇ ਨਿੱਘ ਨੂੰ ਕਹਾਣੀ ਨਿੱਘ ਚ ਵਿਖਿਆਨ ਕੀਤਾ ਹੈ। ਕਹਾਣੀ ਲੋੜ ਚ ਉਸਨੇ ਇਨਸਾਨ ਦੀ ਜ਼ਰੂਰਤ ਦੀਆਂ ਵੱਖ ਵੱਖ ਪ੍ਰਸਥਿਤੀਆਂ ਨੂੰ ਬਾਖ਼ੂਬੀ ਪੇਸ਼ ਕੀਤਾ ਹੈ। ਇਸੇ ਤਰ੍ਹਾਂ ਹਰ ਕਹਾਣੀ ਦਾ ਆਧਾਰ ਨਵੇਂ ਵਿਸ਼ੇ ਅਤੇ ਇੱਕ ਨਵੀਂ ਸਿੱਖਿਆ ਹੈ। ਹੋਰਨਾਂ ਸਮੇਤ ਗੱਡੀ ਤੁਰੀ ਨਹੀਂ, ਮਰਦ ਚਪੇੜ, ਕੁੱਤਾ ਰਿਸ਼ਤਾ, ਅੰਨਦਾਤਾ ਬਿਗਾਨੀ ਜੇਬ ਦੁਸ਼ਮਣ, ਟੌਫੀ, ਮੁਕਾਬਲਾ, ਖਿਡੌਣਾ, ਫਲੌਪ ਆਦਿ ਪੜਨਯੋਗ ਮਿੰਨੀ ਕਹਾਣੀਆਂ ਹਨ। ਲੇਖਕ, ਪਬਲਿਸ਼ਰ ਅਤੇ ਆਡੀਟਰ ਨੂੰ ਪੁਸਤਕ ਦੇ ਸ਼ਬਦ ਜੋੜਾਂ, ਵਾਕ ਬਣਤਰਾਂ ਨੂੰ ਬਾਰੀਕੀ ਨਾਲ ਵਾਂਚਣ ਤੋਂ ਸੰਕੋਚ ਨਹੀਂ ਕਰਨਾ ਚਾਹੀਦਾ। ਕੁਝ ਕਹਾਣੀਆਂ ਵਾਕ ਚ ਵਾਧੂ ਸ਼ਬਦਾਂ ਜਾਂ ਘੱਟ ਸ਼ਬਦ ਹੋਣ ਕਰਕੇ ਗੱਲ ਨੂੰ ਕਲੀਅਰ ਕਰਨ ਚ ਅਸਮਰੱਥਾ ਮਹਿਸੂਸ ਕਰਵਾਉਂਦੀਆਂ ਹਨ। ਇਸੇ ਤਰ੍ਹਾਂ ਕਹਾਣੀ ਜ਼ਿੰਦਾ ਲਾਸ਼, ਆਸਤਕ-ਨਾਸਤਕ ਆਦਿ ਧਿਆਨ ਮੰਗਦੀਆਂ ਹਨ। ਪਰ ਲੇਖਕ ਦਾ ਨਜ਼ਰੀਆ ਬਹੁ ਅਨਭਵੀ, ਬਹੁਦਿਸ਼ਾਵੀ, ਨਵੀਨੀ ਅਤੇ ਨਿਵੇਕਲੀ ਸੋਚ ਦਾ ਧਾਰਨੀ ਹੈ। ਉਸਦੀਆਂ ਕਹਾਣੀਆਂ, ਨਾਵਲ, ਇਕਾਂਗੀ ਅਤੇ ਲਘੂ ਕਥਾਵਾਂ ਸਿੱਖਿਆਦਾਇਕ, ਗੁਣਾਤਮਿਕ ਅਤੇ ਵਿਗਿਆਨਕ ਦ੍ਰਿਸ਼ਟੀਕੋਣੀ ਹੁੰਦੇ ਹਨ। ਹੱਥਲੀ ਪੁਸਤਕ ਵਿਚਲੀਆਂ ਕਹਾਣੀਆਂ ਦੇ ਦਿਲ ਟੁੰਬਵੇਂ ਸਿਰਲੇਖ ਪਾਠਕਾਂ ਦਾ ਮੱਲੋਮੱਲੀ ਧਿਆਨ ਖਿੱਚਦੇ ਹਨ। ਸਾਹਿਤਕ ਖੇਤਰ ਚ ਪੁਸਤਕ ਕਾਫੀ ਚਰਚਾ 'ਚ ਹੈ।



**ਇੰਜੀ. ਸਤਨਾਮ ਸਿੰਘ ਮੱਟੂ**
**91-97797-08257**

### 100 ਸਾਲਾ ਸ਼ਤਾਬਦੀ ਮੌਕੇ ਸ਼ਹੀਦੀ ਜੋੜ ਮੇਲੇ ’ਤੇ ਵਿਸ਼ੇਸ਼

# ਸਿੱਖ ਇਤਿਹਾਸ ਦਾ ਸਭ ਤੋਂ ਲੰਮਾ ਜੈਤੋ ਦਾ ਮੋਰਚਾ




ਫਰੀਦਕੋਟ ਜ਼ਿਲ੍ਹੇ ਦੇ ਇਤਿਹਾਸਕ ਸ਼ਹਿਰ ਜੈਤੋ ਦੀ ਸਿੱਖ ਇਤਿਹਾਸ ’ਚ ਬੜੀ ਅਹਿਮ ਥਾਂ ਹੈ। ਇਸ ਸ਼ਹਿਰ ਨੂੰ ਦਸਮ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਚਰਨ ਛੋਹ ਪ੍ਰਾਪਤ ਹੈ। ਦੇਸ਼ ਦੇ ਆਜ਼ਾਦੀ ਸਮਾਗਮ ’ਚ ਇਥੋਂ ਦੇ ਦੇਸ਼ ਭਗਤਾਂ ਦਾ ਯੋਗਦਾਨ ਭੁਲਾਇਆ ਨਹੀਂ ਜਾ ਸਕਦਾ। ਇਸ ਥਾਂ ਦੀ ਇਤਿਹਾਸਕ ਮਹਾਨਤਾ ਇਸ ਕਰਕੇ ਹੀ ਵਧੇਰੇ ਹੈ ਕਿ ਸਿੱਖ ਇਤਿਹਾਸ ਦਾ ਸਭ ਤੋਂ ਲੰਮਾ ਸਮਾਂ ਜਾਰੀ ਰਹਿਣ ਵਾਲਾ ਮੋਰਚਾ ਇਥੇ ਹੀ ਲੱਗਿਆ ਜਿਸ ਨੂੰ ਜੈਤੋ ਦਾ ਮੋਰਚਾ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਇਸ ਸਾਲ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜੈਤੋ ਦੇ ਮੋਰਚੇ ਦੀ 100 ਸਾਲਾ ਸ਼ਤਾਬਦੀ ਦੇ ਸਮਾਗਮਾਂ ਸਬੰਧੀ ਪ੍ਰੋਗਰਾਮ ਸ਼ੁਰੂ ਹੋ ਚੁੱਕੇ ਹਨ ਹਨ। ਇਸ ਸਬੰਧੀ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਅਨੁਸਾਰ ਮੁੱਖ ਸਮਾਗਮ 21 ਫਰਵਰੀ 2024 ਨੂੰ ਗੁਰਦੁਆਰਾ ਸ਼੍ਰੀ ਗੰਗਸਰ ਸਾਹਿਬ ਜੈਤੋ (ਫਰੀਦਕੋਟ) ਵਿਖੇ ਹੋਵੇਗਾ। 19 ਫਰਵਰੀ ਨੂੰ ਸ਼੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣ ਉਪਰੰਤ ਵਿਸ਼ਾਲ ਨਗਰ ਕੀਰਤਨ (ਸ਼ਹੀਦੀ ਮਾਰਚ) ਗੁਰਦੁਆਰਾ ਟਿੱਬੀ ਸਾਹਿਬ ਤੋਂ ਸ਼ੁਰੂ ਕਰਕੇ ਜੈਤੋ ਦੇ ਪਿੰਡ ਅਤੇ ਸ਼ਹਿਰ ਵਿੱਚ ਹੁੰਦਾ ਹੋਇਆ ਗੁਰਦੁਆਰਾ ਅੰਗੀਠਾ ਸਾਹਿਬ ਜੈਤੋ ਵਿਖੇ ਸਮਾਪਤ ਹੋਵੇਗਾ। 20 ਫਰਵਰੀ ਨੂੰ ਗੁਰਬਾਣੀ ਕੀਰਤਨ, ਧਾਰਮਿਕ ਲੈਕਚਰ, ਕਵਿਤਾ ਤੇ ਕਵੀਸ਼ਰਾਂ ਰਾਹੀ ਇਤਿਹਾਸ ਨੂੰ ਬਿਆਨ ਕੀਤਾ ਜਾਵੇਗਾ। ਇਸ ਦਿਨ ਅਮ੍ਰਿਤ ਸੰਚਾਰ ਵੀ ਹੋਵੇਗਾ ਅਤੇ ਜੈਤੋ ਦੇ ਮੋਰਚੇ ਦੇ ਇਤਿਹਾਸ ਬਾਰੇ ਉਚੇਚੇ ਤੌਰ ਤੇ ਤਿਆਰ ਕੀਤੀ ਗਈ ਡਾਕੂਮੈਂਟਰੀ ਵੀ ਦਿਖਾਈ ਜਾਵੇਗੀ। 21 ਫਰਵਰੀ ਨੂੰ ਸ਼ਤਾਬਦੀ ਦੇ ਮੁੱਖ ਸਮਾਗਮ ਵਿੱਚ ਪੰਥ ਪ੍ਰਸਿੱਧ ਕਥਾਵਾਚਕ, ਰਾਗੀ, ਢਾਡੀ ਤੇ ਕਵੀਸ਼ਰ ਜੱਥੇ ਸੰਗਤਾਂ ਨੂੰ ਗੁਰੂ ਜੱਸ ਨਾਲ ਨਿਹਾਲ ਕਰਨਗੇ ਅਤੇ ਸਿੰਘ ਸਾਹਿਬਾਨ, ਤਖਤ ਸਾਹਿਬਾਨ ਜਥੇਦਾਰ ਤੇ ਪ੍ਰਮੁੱਖ ਸਿੱਖ ਸ਼ਖਸੀਅਤਾਂ ਸੰਗਤਾਂ ਨਾਲ ਵਿਚਾਰ ਸਾਂਝੇ ਕਰਨਗੀਆਂ।



ਪ੍ਰਮੋਦ ਧੀਰ
91-98550-31081

**ਜੈਤੋ ਦਾ ਮੋਰਚਾ ਕਿਵੇਂ ਹੋਂਦ ਵਿੱਚ ਆਇਆ?**

ਜੈਤੋ ਦਾ ਮੋਰਚਾ ਪਟਿਆਲਾ ਅਤੇ ਨਾਭਾ ਰਿਆਸਤ ਦੇ ਬਾਹਰੀ ਝਗੜੇ ਵਜੋਂ ਹੋਂਦ ਵਿਚ ਆਇਆ, ਕਿਉਂਕਿ ਅੰਗਰੇਜ਼ ਹਕੂਮਤ ਪਹਿਲਾਂ ਹੀ ਇਸ ਤਾਕ ਵਿਚ ਸੀ ਕਿ ਨਾਭਾ ਰਿਆਸਤ ਦੇ ਮਹਾਰਾਜ ਰਿਪੂਦਮਨ ਸਿੰਘ ਦੇ ਵਿਰੁੱਧ ਕੋਈ ਕਾਰਵਾਈ ਕਰਕੇ ਉਸ ਨੂੰ ਅੰਗਰੇਜ਼ੀ ਹਕੂਮਤ ਦਾ ਪ੍ਰਭਾਵ ਕਬੂਲ ਕਰਨ ਲਈ ਮਜਬੂਰ ਕੀਤਾ ਜਾ ਸਕੇ। ਅੰਗਰੇਜ਼ੀ ਹਕੂਮਤ ਨੇ ਦੋਹਾਂ ਰਿਆਸਤਾਂ ਦੇ ਵਿਚ-ਵਿਚਾਲੇ ਪੈ ਕੇ ਹੁਸ਼ਿਆਰੀ ਨਾਲ ਦੋਹਾਂ ਮਹਾਰਾਜਿਆਂ ਪਾਸੋਂ ਫੈਸਲਾ ਕਰਨ ਦੇ ਹੱਕ ਪ੍ਰਾਪਤ ਕਰ ਲਏ। ਹਕੂਮਤ ਨੂੰ ਅਜਿਹਾ ਹੱਕ ਦੇਣਾ ਹੀ ਮਹਾਰਾਜਾ ਨੂੰ ਮਹਿੰਗਾ ਪਿਆ। ਸਰਕਾਰ ਨੇ ਝਗੜੇ ਦੀ ਆੜ ਹੇਠ 9 ਜੁਲਾਈ 1923 ਨੂੰ ਮਹਾਰਾਜ ਰਿਪੂਦਮਨ ਸਿੰਘ ਨੂੰ ਨਾਭਾ ਰਿਆਸਤ ਦੀ ਰਾਜਗੱਦੀ ਤੋਂ ਲਾਹ ਕੇ ਉਸ ਨੂੰ ਰਾਜ ਵਿਚੋਂ ਕੱਢ ਦਿੱਤਾ। ਇਸ ਹਕੂਮਤ ਵਿਚ ਸਿੱਖ ਜਗਤ ’ਚ ਬੇਹੱਦ ਸਤਿਕਾਰ ਹੋਣ ਕਰਕੇ ਸਿੱਖਾਂ ਦੀ ਸ਼੍ਰੋਮਣੀ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੀ ਇਸ ਦਾ ਸਖਤ ਵਿਰੋਧ ਕੀਤਾ ਗਿਆ ਅਤੇ ਮਹਾਰਾਜਾ ਨਾਭਾ ਪ੍ਰਤੀ ਹਮਦਰਦੀ ਦਾ ਮਤਾ 9 ਸਤੰਬਰ 1923 ਨੂੰ 'ਨਾਭਾ ਡੇ’ ਮਨਾਉਣ ਦਾ ਐਲਾਨ ਕਰ ਦਿੱਤਾ। ਇਸ ਦਿਨ ਪੰਜਾਬ ਵਿਚ ਥਾਂ-ਥਾਂ ’ਤੇ ਜਲੂਸ ਕੱਢੇ ਗਏ ਅਤੇ ਮਹਾਰਾਜੇ ਦੀ ਬਹਾਲੀ ਲਈ ਮਤੇ ਪਾਸ ਕੀਤੇ ਗਏ। ਜੈਤੋ ਵਿਖੇ ਵੀ ਅਜਿਹਾ ਜਲੂਸ ਕੱਢਿਆ ਗਿਆ। ਜਲੂਸ ਦੀ ਸਮਾਪਤੀ ’ਤੇ ਦੀਵਾਨ ਸਜਾਇਆ ਗਿਆ ਅਤੇ ਗੁਰਦੁਆਰਾ ਗੰਗਸਰ ਸਾਹਿਬ ਵਿਖੇ ਅਖੰਡ ਪਾਠ ਦੀ ਲੜੀ ਆਰੰਭ ਕੀਤੀ ਗਈ।

ਦੂਜੇ ਪਾਸੇ ਅੰਗਰੇਜ਼ੀ ਹਕੂਮਤ ਵੱਲੋਂ ਮਹਾਰਾਜਾ ਰਿਪੂਦਮਨ ਸਿੰਘ ਦੇ ਹੱਕ ਵਿਚ ਕੋਈ ਵੀ ਮਤਾ ਪਾਸ ਕਰਨ ਦੀ ਸਖਤ ਮਨਾਹੀ ਸੀ ਅਤੇ ਜੈਤੋ ਵਿਖੇ ਮਹਾਰਾਜੇ ਦੇ ਹੱਕ ਵਿਚ ਅਖੰਡ ਪਾਠਾਂ ਦੀ ਲੜੀ ਹਕੂਮਤੀ ਆਦੇਸ਼ਾਂ ਦੀ ਸਿੱਧੀ ਵਿਰੋਧਤਾ ਸੀ। ਇਸ ਕਰਕੇ 14 ਸਤੰਬਰ 1923 ਨੂੰ ਜਦੋਂ ਗੁਰਦੁਆਰਾ ਗੰਗਸਰ ਸਾਹਿਬ ਵਿਖੇ ਦੀਵਾਨ ਸਾਹਿਬ ਸਜਿਆ ਹੋਇਆ ਸੀ ਅਤੇ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਚੱਲ ਰਹੇ ਸਨ ਤਾਂ ਅੰਗਰੇਜ਼ੀ ਹਕੂਮਤ ਦੇ ਹਥਿਆਰਬੰਦ ਸਿਪਾਹੀਆਂ ਨੇ ਗੁਰਦੁਆਰਾ ਗੰਗਸਰ ਸਾਹਿਬ ਵਿਖੇ ਦਾਖਲ ਹੋ ਕੇ ਉਥੇ ਹੀ ਇਕੱਤਰ ਸ਼ਰਧਾਲੂਆਂ ਅਤੇ ਸੇਵਾਦਾਰਾਂ ਨੂੰ ਗ੍ਰਿਫਤਾਰ ਕਰ ਲਿਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ’ਚ ਬੈਠੇ ਗ੍ਰੰਥੀ ਸਿੰਘਾਂ ਨੂੰ ਬਾਹਰ ਕੱਢ ਲਿਆਂਦਾ। ਇਸ ਤਰ੍ਹਾਂ ਚੱਲ ਰਹੇ ਅਖੰਡ ਪਾਠਾਂ ਨੂੰ ਖੰਡਿਤ ਕਰ ਦਿੱਤਾ। ਅਖੰਡ ਪਾਠ ਦਾ ਖੰਡਿਤ ਕੀਤਾ ਜਾਣਾ ਸਿੱਖ ਧਰਮ ਲਈ ਬਹੁਤ ਹੀ ਅਸਹਿ ਘਟਨਾ ਸੀ, ਜਿਸ ਦਾ ਵੱਡੇ ਪੱਧਰ ’ਤੇ ਵਿਰੋਧ ਹੋਣ ਲੱਗਾ। ਇਸ ਘਟਨਾ ਨੇ ਮਹਾਰਾਜਾ ਨਾਭਾ ਦੇ ਰਾਜਸੀ ਸਵਾਲ ਨੂੰ ਸਿੱਖ ਧਰਮ ਦਾ ਸਵਾਲ ਬਣਾ ਦਿੱਤਾ ਤੇ ਜੈਤੋ ਵਿਖੇ ਸਿੱਖਾਂ ਨੇ ਇਹ ਮੋਰਚਾ ਆਰੰਭ ਕਰ ਦਿੱਤਾ। ਇਸ ਮੋਰਚੇ ਦਾ ਮੁੱਖ ਨਿਸ਼ਾਨਾ ਖੰਡਿਤ ਕੀਤੇ ਗਏ ਅਖੰਡ ਪਾਠਾਂ ਨੂੰ ਅਖੰਡ ਰੂਪ ’ਚ ਮੁੜ ਚਾਲੂ ਕਰਨਾ ਸੀ।

- ਸਿੱਖ ਇਤਿਹਾਸ ਦਾ ਪ੍ਰਸਿੱਧ ਜੈਤੋ ਦਾ ਮੋਰਚਾ ਸਾਰੇ ਸਿੱਖ ਮੋਰਚਿਆਂ ਤੋਂ ਲੰਮਾਂ ਸਮਾਂ (ਪੌਣੇ ਦੋ ਸਾਲ ਤੋਂ ਵੀ ਵੱਧ) ਜਾਰੀ ਰਿਹਾ ਅਤੇ ਇਸ ਮੋਰਚੇ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਰਹੀ ਕਿ ਉਸ ਵੇਲੇ ਦੀ ਅੰਗਰੇਜ਼ੀ ਹਕੂਮਤ ਨੂੰ 'ਗੁਰਦੁਆਰਾ ਐਕਟ’ ਬਣਾਉਣ ਲਈ ਮਜ਼ਬੂਰ ਹੋਣਾ ਪਿਆ। ਇਸੇ ਐਕਟ ਦੇ ਅਧੀਨ ਹੀ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੌਜੂਦਾ ਸਰੂਪ ਹੋਂਦ ਵਿਚ ਆਇਆ। ਅੰਗਰੇਜ਼ੀ ਹਕੂਮਤ ਵੱਲੋਂ ਮਹਾਰਾਜੇ ਦੇ ਸਬੰਧ ਵਿਚ ਕੋਈ ਵੀ ਮਤਾ ਪਾਸ ਕਰਨ ਦੀ ਆਗਿਆ ਨਾ ਹੋਣ ਦੇ ਬਾਵਜੂਦ ਸਿੱਖ ਸੰਗਤਾਂ ਵੱਲੋਂ ਪੰਜਾਬ ਭਰ ਵਿਚ ਥਾਂ-ਥਾਂ ਮੁਜ਼ਾਹਰੇ ਕੀਤੇ ਗਏ ਅਤੇ ਮਹਾਰਾਜਾ ਦੀ ਬਹਾਲੀ ਦੇ ਮਤੇ ਪਾਸ ਕੀਤੇ ਗਏ। ਜੈਤੋ ਮੰਡੀ ਵਿਚ ਵੀ ਅਜਿਹਾ ਮੁਜ਼ਾਹਰਾ ਕਰਨ ਉਪਰੰਤ ਗੁਰਦੁਆਰਾ ਪਾਤਸ਼ਾਹੀ ਦਸਵੀਂ ਸ੍ਰੀ ਗੰਗਸਰ ਸਾਹਿਬ ਵਿਖੇ ਦੀਵਾਨ ਸਜਾਇਆ ਗਿਆ ਅਤੇ ਅਖੰਡ ਪਾਠਾਂ ਦੀ ਲੜੀ ਆਰੰਭ ਕੀਤੀ ਗਈ। ਇਹ ਸਿੱਖ ਮਰਯਾਦਾ ਦੀ ਘੋਰ ਉਲੰਘਣਾ ਸੀ ਅਤੇ ਇਸ ਦੁਰਘਟਨਾ ਨੇ ਮਹਾਰਾਜਾ ਦੇ ਰਾਜਸੀ ਸਵਾਲ ਨੂੰ ਧਾਰਮਿਕ ਸਵਾਲ ਬਣਾ ਦਿੱਤਾ। ਜੈਤੋ ਮੋਰਚੇ ਦਾ ਮੁੱਖ ਨਿਸ਼ਾਨਾ ਖੰਡਿਤ ਅਖੰਡ ਪਾਠ ਨੂੰ ਮੁੜ ਅਖੰਡਿਤ ਰੂਪ ਵਿਚ ਚਾਲੂ ਕਰਨਾ ਸੀ। ਸਿੱਖਾਂ ਦੀ ਧਾਰਮਿਕ ਜੱਥੇਬੰਦੀ ਨੇ ਇਸ ਮੋਰਚੇ ਦੀ ਕਮਾਨ ਸੰਭਾਲਦਿਆਂ ਅੰਮ੍ਰਿਤਸਰ ਤੋਂ ਰੋਜ਼ਾਨਾ 25-25 ਸਿੰਘਾਂ ਦੇ ਜੱਥੇ ਜੈਤੋ ਵੱਲ ਭੇਜਣੇ ਸ਼ੁਰੂ ਕੀਤੇ। ਹਰ ਰੋਜ਼ ਇੱਕ ਜੱਥਾ ਸ੍ਰੀ ਅਕਾਲ ਤਖਤ ਸਾਹਿਬ ਤੋਂ ਚੱਲ ਕੇ ਜਦੋਂ ਜੈਤੋ ਪਹੁੰਚਦਾ ਤਾਂ ਹਕੂਮਤ ਵੱਲੋਂ ਸਿੰਘਾਂ ਨੂੰ ਗ੍ਰਿਫਤਾਰ ਕਰਕੇ ਜੰਗਲਾਂ ਵਿਚ ਲਿਜਾ ਕੇ ਛੱਡ ਦਿੱਤਾ ਜਾਂਦਾ। ਮੋਰਚੇ ਦੀ ਚਰਚਾ ਪੰਜਾਬ ਤੋਂ ਬਾਹਰ ਵੀ ਹੋਣ ਲੱਗੀ। ਕਾਂਗਰਸ ਵੱਲੋਂ ਪੰਡਿਤ ਜਵਾਹਰ ਲਾਲ ਨਹਿਰੂ, ਪ੍ਰਿੰਸੀਪਲ ਗਿਡਵਾਨੀ ਅਤੇ ਮਿਸਟਰ ਕੇ. ਸਨਾਤਮ ਸਥਿਤੀ ਦਾ ਜਾਇਜ਼ਾ ਲੈਣ ਲਈ ਜੈਤੋ ਮੰਡੀ ਭੇਜਿਆ ਗਿਆ। ਤਿੰਨਾਂ ਆਗੂਆਂ ਨੂੰ ਜੈਤੋ ਪੁੱਜਣ ਤੇ ਹੀ ਗ੍ਰਿਫਤਾਰ ਕਰ ਲਿਆ ਗਿਆ ਅਤੇ ਇਕ ਰਾਤ ਜੈਤੋ ਕਿਲੇ ਦੀ ਇਕ ਕੋਠੜੀ ਵਿਚ ਬੰਦ ਕਰਨ ਉਪਰੰਤ ਅਗਲੇ ਦਿਨ ਨਾਭਾ ਜੇਲ੍ਹ ਵਿਚ ਭੇਜ ਦਿੱਤਾ। 29 ਸਤੰਬਰ, 1923 ਨੂੰ ਸ਼੍ਰੋਮਣੀ ਗੁਰਦੁਆਰਾ ਕਮੇਟੀ ਵੱਲੋਂ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਹਕੂਮਤ ਦੀ ਦਖਲਅੰਦਾਜ਼ੀ ਨਾ ਸਹਿਣ ਕਰਨ ਦਾ ਮਤਾ ਪਾਸ ਕੀਤਾ ਗਿਆ ਅਤੇ 25 ਸਿੰਘਾਂ ਦੇ ਜੱਥੇ ਭੇਜਣ ਨਾਲ ਕੋਈ ਤਸੱਲੀਬਖਸ਼ ਸਿੱਟਾ ਨਿਕਲਦਾ ਨਾ ਵੇਖ ਕੇ ਮੋਰਚੇ ਨੂੰ ਹੋਰ ਤੇਜ਼ ਕਰਨ ਲਈ 500-500 ਸਿੰਘਾਂ ਦਾ ਜੱਥੇ ਭੇਜਣ ਦਾ ਫੈਸਲਾ ਕੀਤਾ ਗਿਆ। ਪਹਿਲੇ ਜੱਥੇ ਨੂੰ 21 ਫਰਵਰੀ, 1924 ਨੂੰ ਜੈਤੋ ਪੁੱਜ ਕੇ ਗੁਰਦੁਆਰਾ ਪਾਤਸ਼ਾਹੀ ਦਸਵੀਂ ਸ੍ਰੀ ਗੰਗਸਰ ਸਾਹਿਬ ਨੂੰ ਕਬਜ਼ੇ ਵਿਚ ਲੈਣ ਅਤੇ ਅਖੰਡ ਪਾਠ ਸ਼ੁਰੂ ਕਰਨ ਦਾ ਆਦੇਸ਼ ਦਿੱਤਾ ਗਿਆ।

ਇਹ ਵਿਸ਼ਾਲ ਜੱਥਾ 9 ਫਰਵਰੀ,1924 ਨੂੰ ਅਕਾਲ ਤਖਤ ਤੋਂ ਚੱਲ ਕੇ 20 ਫਰਵਰੀ ਨੂੰ ਫ਼ਰੀਦਕੋਟ ਜ਼ਿਲ੍ਹੇ ਦੇ ਪਿੰਡ ਬਰਗਾੜੀ ਵਿਖੇ ਪੁੱਜਿਆ। 21 ਫਰਵਰੀ ਨੂੰ ਸਵੇਰੇ ਕੀਰਤਨ ਕਰਨ ਉਪਰੰਤ ਇਹ ਜੱਥਾ ਜੈਤੋ ਵੱਲ ਕੂਚ ਕਰਨ ਲੱਗਿਆ। ਜੱਥੇ ਦੇ ਨਾਲ ਹਜਾਰਾਂ ਦੀ ਗਿਣਤੀ ਵਿਚ ਹੋਰ ਸੰਗਤ ਵੀ ਸ਼ਰਧਾਵੱਸ ਨਾਲ ਚੱਲ ਰਹੀ ਸੀ ਅਤੇ ਬੀਬੀਆਂ ਸਮੇਤ ਵੱਡੀ ਗਿਣਤੀ ਵਿਚ ਦਰਸ਼ਕ ਵੀ ਸਨ। ਕਾਂਗਰਸੀ ਨੇਤਾ ਡਾਕਟਰ ਕਿਚਲੂ, ਪ੍ਰਿੰਸੀਪਲ ਗਿਡਵਾਨੀ ਅਤੇ ਨਿਊਯਾਰਕ ਟਾਈਮਜ਼ ਦੇ ਪ੍ਰਤੀਨਿੰਧ ਮਿਸਟਰ ਜ਼ਿਮਦ ਕਾਰ ਵਿਚ ਸਵਾਰ ਹੋ ਕੇ ਜੱਥੇ ਦੇ ਨਾਲ-ਨਾਲ ਚੱਲ ਰਹੇ ਸਨ ਪਰ ਇਨ੍ਹਾਂ ਨੇਤਾਵਾਂ ਨੂੰ ਨਾਭਾ ਰਿਆਸਤ ਦੀ ਹੱਦ ਤੋਂ ਅੱਗੇ ਨਹੀਂ ਜਾਣ ਦਿੱਤਾ ਗਿਆ। ਜੱਥੇ ਦੇ ਅੱਗੇ ਪੰਜ ਸਿੰਘ ਨਿਸ਼ਾਨ ਸਾਹਿਬ ਲੈ ਕੇ ਚੱਲ ਰਹੇ ਸਨ ਅਤੇ ਵਿਚਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਸੀ। ਅੰਗਰੇਜ਼ੀ ਹਕੂਮਤ ਵੱਲੋਂ ਜੱਥੇ ਨੂੰ ਗੁਰਦੁਆਰਾ ਟਿੱਬੀ ਸਾਹਿਬ ਤੋਂ 150 ਮੀਟਰ ਦੀ ਵਿੱਥ ’ਤੇ ਰੋਕ ਕੇ ਗੋਲੀ ਚਲਾ ਦੇਣ ਦੀ ਧਮਕੀ ਦਿੱਤੀ ਪਰ ਜੱਥਾ ਸ਼ਾਂਤਮਈ ਅੱਗੇ ਵਧਦਾ ਰਿਹਾ ਜਿਸ ’ਤੇ ਵਿਲਸਨ ਜਾਨਸਟਨ ਨੇ ਪੁਲਿਸ ਨੂੰ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ ਅਤੇ ਸੈਂਕੜੇ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ ਗਿਆ (ਸ਼ਰੋਮਣੀ ਕਮੇਟੀ ਅਨੁਸਾਰ ਇਸ ਘਟਨਾ ਵਿਚ 300 ਸਿੰਘ ਗੋਲੀ ਦਾ ਸ਼ਿਕਾਰ ਹੋਏ ਜਿਨ੍ਹਾਂ ਵਿਚੋਂ 100 ਸਿੰਘ ਸ਼ਹਾਦਤ ਹਾਸਲ ਕਰ ਗਏ)। ਇਸ ਘਟਨਾ ਨੇ ਸਿੱਖਾਂ ਅੰਦਰ ਨਵਾਂ ਜੋਸ਼ ਭਰ ਦਿੱਤਾ ਅਤੇ ਉਨ੍ਹਾਂ ਵਿਚ ਇਸ ਮੋਰਚੇ ਵਿਚ ਸ਼ਹਾਦਤ ਪਾਉਣ ਦਾ ਚਾਅ ਠਾਠਾਂ ਮਾਰਨ ਲੱਗਾ। ਲੋਕ ਸ਼ਹੀਦੀ ਜੱਥਿਆਂ ਵਿਚ ਵਧ ਚੜ੍ਹ ਕੇ ਸ਼ਾਮਲ ਹੋਣ ਲੱਗੇ। 28 ਫਰਵਰੀ 1924 ਨੂੰ ਅਗਲਾ ਸਿੰਘਾਂ ਦਾ ਜੱਥਾ ਅਮ੍ਰਿਤਸਰ ਤੋਂ ਜੈਤੋ ਲਈ ਰਵਾਨਾ ਹੋਇਆ ਜਿਸਨੂੰ 14 ਮਾਰਚ 1924 ਨੂੰ ਹਿਰਾਸਤ ਵਿੱਚ ਲੈ ਲਿਆ ਗਿਆ।

ਇਨ੍ਹਾਂ ਜੱਥਿਆਂ ਵਿੱਚ ਕੈਨੇਡਾ, ਹਾਂਗਕਾਂਗ, ਹੰਗਾਈ ਆਦਿ ਦੇਸ਼ਾਂ ਤੋਂ ਵੀ ਸਿੰਘਾਂ ਨੇ ਹਿੱਸਾ ਲਿਆ। ਇਸ ਤਰ੍ਹਾਂ 500-500 ਦੇ ਜੱਥੇ ਭੇਜਣ ਦਾ ਸਿਲਸਿਲਾ ਲਗਾਤਾਰ ਚਲਦਾ ਰਿਹਾ ਅਤੇ ਉਦੋਂ ਤੱਕ ਜਾਰੀ ਰਿਹਾ ਜਦੋਂ ਤੱਕ ਅੰਗਰੇਜ਼ੀ ਹਕੂਮਤ ਨੇ ਹੱਥ ਖੜ੍ਹੇ ਨਾ ਕੀਤੇ। ਅੰਤ ਹਕੂਮਤ ਸਿੱਖ ਸੰਘਰਸ਼ ਅੱਗੇ ਝੁਕ ਗਈ ਅਤੇ ਇਸ ਇਤਿਹਾਸਕ ਮੋਰਚੇ ਨੂੰ ਸਫਲਤਾ ਮਿਲੀ। ਸਿੱਖ ਸੰਗਤ ਨੇ ਗੁਰਦੁਆਰਾ ਗੰਗਸਰ ਸਾਹਿਬ ਜੈਤੋ ਵਿਖੇ ਮੁੜ ਆਖੰਡ ਪਾਠ ਸ਼ੁਰੂ ਕਰਕੇ ਮੋਰਚੇ ਨੂੰ ਤੋੜ ਚੜ੍ਹਾਇਆ। ਜੈਤੋ ਦੇ ਇਤਿਹਾਸਕ ਗੁਰਦੁਆਰਾ ਸ਼ਹੀਦ ਗੰਜ ਟਿੱਬੀ ਸਾਹਿਬ ਵਿਖੇ ਹਰ ਸ਼ਾਲ 21 ਫਰਵਰੀ ਨੂੰ ਸ਼ਹੀਦੀ ਜੋੜ ਮੇਲਾ ਲਗਾਇਆ ਜਾਂਦਾ ਹੈ ਜਿੱਥੇ ਵੱਡੀ ਗਿਣਤੀ ਵਿੱਚ ਸੰਗਤਾਂ ਪਹੁੰਚ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਣ ਕਰਦੀਆਂ ਹਨ।

# ਸਿਪਾਹੀ ਤੋਂ ਐਸ.ਐਚ.ਓ.ਤੱਕ ਦਾ ਸਫਰ ਤਹਿ ਕਰਨ ਵਾਲਾ ਸ੍ਰ. ਦਵਿੰਦਰ ਸਿੰਘ



ਮੇਜਰ ਸਿੰਘ ਨਾਭਾ
91-94635-53962

**(ਸੇਵਾਮੁਕਤੀ 'ਤੇ ਵਿਸ਼ੇਸ਼)**

ਜਿਹੜੇ ਇਨਸਾਨ ਕੁਝ ਬਣਨ ਲਈ ਮਿਹਨਤ ਦਾ ਪੱਲ੍ਹਾ ਨਹੀਂ ਛੱਡਦੇ ਅਤੇ ਕਿਰਤ ਕਰਨ ਵਿੱਚ ਸ਼ਰਮ ਮਹਿਸੂਸ ਨਹੀਂ ਕਰਦੇ ਉਨ੍ਹਾਂ ਦੇ ਸੁਪਨੇ ਜਰੂਰ ਇੱਕ ਦਿਨ ਸਾਕਾਰ ਹੁੰਦੇ ਹਨ।ਇਹੋ ਜਿਹੇ ਹੀ ਇਨਸਾਨ ਹਨ, ਇੰਸਪੈਕਟਰ ਦਵਿੰਦਰ ਸਿੰਘ ਜਿਨ੍ਹਾਂ ਦਾ ਜਨਮ ਜਿਲ੍ਹਾ ਪਟਿਆਲਾ ਦੇ ਪਿੰਡ ਦੰਦਰਾਲਾ ਢੀਂਡਸਾ ਵਿਖੇ ਧਾਰਮਿਕ ਬਿਰਤੀ ਵਾਲੇ ਮਿਹਨਤਕਸ਼ ਕਿਰਤੀ ਸਵ: ਸ੍ਰ: ਭਾਗ ਸਿੰਘ ਦੇ ਘਰ ਮਾਤਾ ਸਵ: ਸ੍ਰੀਮਤੀ ਸਿੰਦਰ ਕੌਰ ਦੀ ਕੁੱਖੋਂ 1 ਮਾਰਚ 1966 ਨੂੰ ਹੋਇਆ। ਉਸ ਦੇ ਦਾਦਾ ਜੀ ਅਤੇ ਦਾਦੀ ਜੀ ਗੁਰੂ ਘਰ ਦੇ ਅਨਿਨ ਸੇਵਕ ਸਨ, ਜਿਨ੍ਹਾਂ ਦੇ ਧਾਰਮਿਕ ਸੰਸਕਾਰਾਂ ਦਾ ਪਰਿਵਾਰ ਉੱਪਰ ਪ੍ਰਭਾਵ ਦਾ ਪੈਣਾ ਲਾਜ਼ਮੀ ਸੀ।

ਛੋਟੇ ਹੁੰਦਿਆ ਹੀ ਉਸ ਨੂੰ ਘਰ ਦੀ ਗੁਰਬਤ ਨੇ ਪਿਤਾ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਮਜਦੂਰੀ ਕਰਨ ਲਈ ਮਜਬੂਰ ਭਾਵੇਂ ਕਰ ਦਿੱਤਾ ਪਰ ਇਸ ਮੰਦਹਾਲੀ ਨੇ ਦਵਿੰਦਰ ਸਿੰਘ ਦੇ ਮਨ ਅੰਦਰ ਕੁਝ ਬਣਨ ਲਈ ਇੱਕ ਨਵੀਂ ਸੋਚ ਜਰੂਰ ਪੈਦਾ ਕਰ ਦਿੱਤੀ। ਦਵਿੰਦਰ ਸਿੰਘ ਨੇ ਆਪਣੇ ਪਿੰਡ ਦੰਦਰਾਲਾ ਢੀਂਡਸਾ ਦੇ ਸਕੂਲ ਤੋਂ 1982 ਵਿੱਚ ਮੈਟ੍ਰਿਕ ਪਾਸ ਕਰਨ ਉਪਰੰਤ ਉਸ ਨੇ ਹਾਇਰ ਸੈਕੰਡਰੀ ਵਿੱਚ ਸ੍ਰੀ ਭਗਵਾਨ ਮਹਾਂਵੀਰ ਸੀ: ਸੈਕ: ਸਕੂਲ ਰਾਏਕੋਟ (ਲੁਧਿਆਣਾ) ਵਿਖੇ 'ਸਪੋਰਟਸ ਵਿੰਗ ਵਾਲੀਵਾਲ’ ਕੋਟੇ 'ਚ ਦਾਖਲਾ ਲੈ ਕੇ 1984 ਵਿੱਚ ਹਾਇਰ ਸੈਕੰਡਰੀ ਪਾਸ ਕੀਤੀ ।ਉਸ ਦੀ ਖੇਡਾਂ ਪ੍ਰਤੀ ਬਚਪਨ ਤੋਂ ਹੀ ਰੁਚੀ ਸੀ। ਉਹ ਵਾਲੀਵਾਲ ਦਾ ਵਧੀਆ ਖਿਡਾਰੀ ਹੋਣ ਕਾਰਨ ਜਿਲ੍ਹਾ ਅਤੇ ਸਟੇਟ ਪੱਧਰ ਤੱਕ ਖੇਡਿਆ। ਗੋਲਾ ਸੁੱਟਣ 'ਚ ਵੀ ਉਸ ਦਾ ਪ੍ਰਦਰਸ਼ਨ ਵਧੀਆ ਰਿਹਾ।

ਆਪਣੇ ਪੈਰਾਂ ਤੇ ਖੜ੍ਹਣ ਲਈ ਉਸ ਨੇ ਨੌਕਰੀ ਲਈ ਪੰਜਾਬ ਪੁਲਿਸ ਦੀ ਭਰਤੀ ਲਈ ਅਪਲਾਈ ਕੀਤਾ ਅਤੇ ਦਸੰਬਰ 1984 ਵਿੱਚ ਬਤੌਰ ਸਿਪਾਹੀ ਨਿਯੁਕਤੀ ਹੋ ਗਈ। ਉਸ ਨੇ 30 ਮਾਰਚ 1985 ਨੂੰ ਦਿਨ ਰਾਤ ਦੀ ਚੁਣੌਤੀ ਭਰੀ ਡਿਊਟੀ ਵਾਲੇ ਪੁਲਿਸ ਮਹਿਕਮੇ ਵਿੱਚ ਬਤੌਰ ਸਿਪਾਹੀ ਜੁਆਇਨ ਕਰ ਲਿਆ। ਫਿਲੌਰ ਟ੍ਰੇਨਿੰਗ ਸੈਂਟਰ ਤੋਂ ਡਰਿਲ ਇੰਸਟਰੱਕਟਰ ਦਾ ਕੋਰਸ 1987 ਵਿੱਚ ਪਾਸ ਕਰ ਲਿਆ। ਉਹ 1989 ਵਿੱਚ ਡੇਹਲੋਂ ਪੁਲਿਸ ਪੋਸਟ ਵਿਖੇ ਤਾਇਨਾਤ ਰਿਹਾ। ਉਹ 1990 'ਚ ਟ੍ਰੇਨਿੰਗ ਸੈਂਟਰ ਲੱਡਾ ਕੋਠੀ (ਸੰਗਰੂਰ) ਵਿਖੇ ਬਤੌਰ ਡਰਿੱਲ ਇੰਸਟਰੱਕਟਰ ਰਿਹਾ। ਉਸ ਦਾ ਵਿਆਹ ਪਿੰਡ ਕਿਸ਼ਨਗੜ੍ਹ (ਖੰਨਾ) ਵਿਖੇ ਸਵ: ਸ੍ਰ. ਗੱਜਣ ਸਿੰਘ ਦੀ ਬੇਟੀ ਸੁਖਵਿੰਦਰ ਕੌਰ ਨਾਲ ਮਈ 1990 ਵਿੱਚ ਹੋਇਆ । ਉਸ ਨੇ 1991 ਵਿੱਚ ਹੌਲਦਾਰੀ ਦਾ ਪੇਪਰ ਪਾਸ ਕਰ ਲਿਆ ਅਤੇ 01 ਫਰਵਰੀ 1992 ਨੂੰ ਤਰੱਕੀ ਹੋਣ ਉਪਰੰਤ ਹੌਲਦਾਰ ਬਣ ਗਿਆ। ਇਸ ਤੋਂ ਬਾਅਦ ਉਸ ਨੇ ਬਤੌਰ ਰੀਡਰ / ਸਹਾਇਕ ਮੁਨਸੀ ਵੱਖ-ਵੱਖ ਥਾਣਿਆਂ ਵਿੱਚ ਆਪਣੀ ਡਿਊਟੀ ਨੂੰ ਪੂਰੀ ਜ਼ਿੰਮੇਵਾਰੀ ਨਾਲ ਨਿਭਾ ਕੇ ਕੰਮ ਕੀਤਾ। ਉਸ ਨੇ ਲੁਧਿਆਣਾ ਸ਼ਹਿਰ ਵਿਖੇ ਤਕਰੀਬਨ 16 ਸਾਲ ਵੱਖ-ਵੱਖ ਥਾਣਿਆਂ ਸਦਰ, ਸਾਹਨੇਵਾਲ, ਫੋਕਲ ਪੁਆਇੰਟ, ਜੋਧੇਵਾਲ, ਸਲੇਮ ਟਾਬਰੀ, ਪੁਲਿਸ ਸਟੇਸ਼ਨ ਡਵੀਜ਼ਨ 2, 3, 5, ਸਰਾਭਾ ਨਗਰ ਵਿਖੇ ਬਤੌਰ ਮੁੱਖ ਮੁਨਸੀ ਸਫਲਤਾਪੂਰਵਕ ਡਿਊਟੀ ਨਿਭਾਈ। ਉਸ ਨੇ ਬਤੌਰ ਸਹਾਇਕ ਥਾਣੇਦਾਰ ਬਣਕੇ ਇੰਚਾਰਜ ਚੌਂਕੀ ਬਸੰਤ ਐਵਨਿਊ, ਲਲਤੋਂ, ਮਰਾਡੋ, ਹੰਬੜਾ, ਸੇਰਪੁਰ ਚੌਂਕ ਵਿਖੇ 2009 ਤੋਂ 2019 ਤੱਕ ਡਿਊਟੀ ਨਿਭਾਈ ।ਉਸ ਨੇ ਬਤੌਰ ਐਸ.ਐਚ.ਓ. ਸੁੰਦਰ ਨਗਰ ਡਿਵੀਜ਼ਨ, ਥਾਣਾ ਸਲੇਮ ਟਾਬਰੀ, ਡਾਬਾ, ਜਮਾਲਪੁਰ ਵਿਖੇ 2019 ਤੋਂ ਡਿਊਟੀ ਨਿਭਾਈ। ਉਸ ਨੇ ਬਤੌਰ ਸੀਨੀ ਕਲਰਕ (ਓ.ਐਸ.ਆਈ.) 2022 ਵਿੱਚ ਡਿਊਟੀ ਵੀ ਨਿਭਾਈ। ਉਸ ਨੇ 2022 ਤੋਂ 2024 ਤੱਕ ਬਤੌਰ ਐਸ.ਐਚ.ਓ. ਡਿਵੀਜ਼ਨ ਮੇਹਰਬਾਨ, ਸਿਮਲਾਪੁਰੀ ਵਿਖੇ ਡਿਊਟੀ ਦੌਰਾਨ ਵੱਡੇ-ਵੱਡੇ ਗੰਭੀਰ ਅਪਰਾਧੀ ਕੇਸਾਂ ਨੂੰ ਆਪਣੀ ਲਿਆਕਤ ਨਾਲ ਸੁਲਝਾਇਆ ਅਤੇ ਅਮਨ ਕਾਨੂੰਨ ਦੀ ਵਿਵਸਥਾ ਹਮੇਸ਼ਾ ਬਣਾਈ ਰੱਖੀ। ਹੁਣ ਉਹ ਡਿਵੀਜ਼ਨ ਸ਼ਿਮਲਾਪੁਰੀ ਵਿਖੇ ਬਤੌਰ ਐਸ.ਐਚ.ਓ. ਆਪਣੀ ਡਿਊਟੀ ਨਿਭਾ ਰਹੇ ਹਨ। ਉਨ੍ਹਾਂ ਦੀ ਤਕਰੀਬਨ ਸਾਰੀ ਸੇਵਾ ਲੁਧਿਆਣੇ ਜਿਲ੍ਹੇ ਅਤੇ ਲੁਧਿਆਣਾ ਸ਼ਹਿਰ ਦੀ ਹੈ ਜੋ ਕਿ ਅਪਰਾਧਾਂ ਪੱਖੋਂ ਮੰਨਿਆ ਪੰਜਾਬ ਦਾ ਵੱਧ ਆਬਾਦੀ ਵਾਲਾ ਹੋਣ ਕਾਰਨ ਪੁਲਿਸ ਲਈ ਡਿਊਟੀ ਦੇਣੀ ਬੜੀ ਚੁਣੌਤੀ ਵਾਲੀ ਗੱਲ ਹੈ ਜੋ ਕਿ ਸ੍ਰ. ਦਵਿੰਦਰ ਸਿੰਘ ਨੇ ਸਫਲਤਾ-ਪੂਰਵਕ ਨਿਭਾਈ।' ਹਾਸ਼ਿਮ ਫਤਿਹ ਨਸੀਬ ਉਨ੍ਹਾਂ ਨੂੰ, ਜਿੰਨ੍ਹਾ ਹਿੰਮਤ ਯਾਰ ਬਣਾਈ’ ਇਨ੍ਹਾਂ ਸਤਰਾਂ ਨੂੰ ਉਸ ਨੇ ਸੱਚ ਕਰ ਵਿਖਾਇਆ। ਉਨ੍ਹਾਂ ਆਪਣੀ ਡਿਊਟੀ ਹਮੇਸ਼ਾ ਇਮਾਨਦਾਰੀ ਨਾਲ ਕੀਤੀ। ਜਿਥੇ ਵੀ ਉਨ੍ਹਾਂ ਦੀ ਡਿਊਟੀ ਲੱਗੀ ਉਨ੍ਹਾਂ ਨੇ ਜਿੰਮੇਵਾਰੀ ਤੋਂ ਵੀ ਵੱਧ ਕੇ ਕੰਮ ਕੀਤਾ। ਇਥੋਂ ਹੀ ਉਹ 29 ਫਰਵਰੀ 2024 ਨੂੰ ਬੇਦਾਗ ਡਿਊਟੀ ਨਿਭਾ ਕੇ ਸੇਵਾ ਮੁਕਤ ਹੋ ਰਹੇ ਹਨ। ਉਸ ਨੇ ਸਮਾਜ 'ਚੋਂ ਬੁਰਾਈਆਂ ਨੂੰ ਖਤਮ ਕਰਨ ਲਈ ਇਮਾਨਦਾਰੀ ਨਾਲ ਸਾਰੀ ਸੇਵਾ ਨਿਭਾਈ।



ਉਸ ਦੇ ਵੱਡੇ ਭਰਾ ਗੁਰਦੇਵ ਸਿੰਘ ਜੇ.ਈ. ਰਿਟਾਇਰਡ (ਬਿਜਲੀ ਬੋਰਡ) ਅਤੇ ਭਰਾ ਜਗਦੀਸ਼ ਸਿੰਘ ਪੱਪੂ ਜੋ ਕਿ 2007 ਵਿੱਚ ਸਵਰਗਵਾਸ ਹੋ ਗਿਆ ਸੀ, ਦੇ ਪਰਿਵਾਰ ਸੂਲਰ (ਪਟਿਆਲਾ) ਵਿਖੇ ਰਹਿ ਰਹੇ ਹਨ। ਮਿਲਣਸਾਰ, ਹਲੀਮੀ, ਸਾਦਗੀ, ਈਮਾਨਦਾਰੀ ਅਤੇ ਦ੍ਰਿੜ ਇਰਾਦੇ ਵਾਲਾ ਸ੍ਰ. ਦਵਿੰਦਰ ਸਿੰਘ ਆਪਣੀ ਸੁਪਤਨੀ ਸ੍ਰੀਮਤੀ ਸੁਖਵਿੰਦਰ ਕੌਰ ਅਤੇ ਬੇਟਿਆਂ ਜਸਪ੍ਰੀਤ ਸਿੰਘ ਮਕੈਨੀਕਲ ਇੰਜਨੀਅਰ ਪ੍ਰਾਈਵੇਟ ਕੰਪਨੀ ਵਿੱਚ ਕੰਮ ਕਰਦਾ ਅਤੇ ਜੈਅਮਰਪਾਲ ਸਿੰਘ ਸਿਵਲ ਇੰਜਨੀਅਰ ਦੀ ਡਿਗਰੀ ਕਰ ਚੁੱਕਾ ਹੈ, ਨਾਲ ਕੈਨਾਲ ਇਨਕਲੇਵ ਲੁਧਿਆਣਾ ਵਿਖੇ ਰਹਿ ਰਿਹਾ ਹੈ, ਉਸ ਨੇ ਜ਼ਿੰਦਗੀ ਦੀਆਂ ਤੰਗੀਆਂ ਤਰੁਸੀਆਂ ਨੂੰ ਆਢੇ ਹੱਥੀਂ ਲੈਂਦੇ ਹੋਏ ਸਫਲਤਾ ਦੇ ਰਸਤੇ ਤੇ ਚਲਣ ਦਾ ਵਲ ਸਿਖਿਆ ਹੋਇਆ ਹੈ। ਉਸ ਨੇ ਨਾਮਵਰ ਕਵੀ ਸੁਰਜੀਤ ਪਾਤਰ ਦੀਆਂ ਸਤਰਾਂ 'ਮੈਂ ਰਾਹਵਾਂ 'ਤੇ ਨਹੀਂ ਤੁਰਦਾ, ਮੈਂ ਤੁਰਦਾ ਤਾਂ ਰਾਹ ਬਣਦੇ ’ ਨੂੰ ਸੱਚ ਕਰ ਦਿਖਾਇਆ। ਪ੍ਰਮਾਤਮਾ ਉਸਨੂੰ ਹਮੇਸ਼ਾਂ ਸਮਾਜ ਦੀ ਹੋਰ ਵਧੇਰੇ ਸੇਵਾ ਕਰਨ ਲਈ ਚੜ੍ਹਦੀਕਲਾ ਅਤੇ ਤੰਦਰੁਸਤੀ ਬਖਸ਼ੇ।

# Raja
## SWEETS & CATERING

AUTHORIZED CATERER FOR MAJOR 5-STAR HOTELS



**ITEMS SERVING**
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

**CATERING SERVICE**
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

**ADDITIONAL SERVICE**
Warmers | Chaffing Dishes
China & Silverware
Linen Rental | Waiters
Bartenders



CONTACT US:
**RAJA SWEETS & CATERING**
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets

# Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ



## ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

**KASH FABRICS**
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138





# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702


20% OFF LABOUR
on your next qualifying service

Car Care You Can Trust

# ਪੁਸਤਕ ਰੀਵਿਊ

**ਪਗਡੰਡੀਆਂ ਤੋਂ ਸ਼ਾਹਰਾਹ ਤੱਕ**
**(ਨਿਬੰਧ ਸੰਗ੍ਰਹਿ)**
**ਲੇਖਕ- ਡਾ ਅਰਵਿੰਦਰ ਸਿੰਘ ਭੱਲਾ**
**ਪ੍ਰਕਾਸ਼ਕ- ਐਸਥੈਟਿਕ ਪਬਲੀਕੇਸ਼ਨ, ਲੁਧਿਆਣਾ**
**ਪੇਜ-111 ਮੁੱਲ- 250/-**

ਡਾ. ਅਰਵਿੰਦਰ ਸਿੰਘ ਭੱਲਾ ਨੇ ਪੰਜਾਬੀ ਨਿਬੰਧ ਲੇਖਣ ਵਿੱਚ ਆਪਣੀ ਇੱਕ ਵੱਖਰੀ ਪਛਾਣ ਕਾਇਮ ਕੀਤੀ ਹੈ। ਲੇਖਕ ਦੀਆਂ 'ਜ਼ਾਵੀਆ' ਅਤੇ 'ਨੁਕਤਾ-ਏ-ਨਿਗਾਹ' ਪੁਸਤਕਾਂ ਪੜ੍ਹਣ ਉਪਰੰਤ ਮੈਂ ਇਸ ਨਤੀਜੇ ਤੇ ਪਹੁੰਚਿਆਂ ਹਾਂ ਕਿ ਲੇਖਕ ਪਾਸ ਇੱਕ ਦਿਵਯ ਦ੍ਰਿਸ਼ਟੀ ਹੈ ਅਤੇ ਡੂੰਘੀ ਸੰਵੇਦਨਾ ਹੈ। ਸਿਰਫ ਪੁਸਤਕ ਗਿਆਨ ਹੀ ਨਹੀਂ ਸਗੋਂ ਜ਼ਿੰਦਗੀ ਦੇ ਵੰਨ-ਸੁਵੰਨਿਆਂ ਵਰਤਾਰਿਆਂ ਦਾ ਗਹਿਰਾ ਅਨੁਭਵ ਵੀ ਹੈ। ਉਸਾਰੂ ਤੇ ਸਕਾਰਾਤਮਕ ਤੇ ਸੰਜੀਦਾ ਸੋਚ ਹੈ ਤੇ ਇਸ ਸਮਾਜ ਨੂੰ ਸਿਹਤਮੰਦ ਤੇ ਨਰੋਆ ਦੇਖਣ ਦੀ ਪ੍ਰਬਲ ਇੱਛਾ ਅਤੇ ਆਪਣਾ ਸੰਤੁਲਿਤ ਦ੍ਰਿਸ਼ਟੀਕੋਣ ਹੈ। ਕਿਉਂ ਕਿ ਲੇਖਕ ਆਪ ਸਿੱਖਿਆ ਸੰਸਥਾ ਨਾਲ ਜੁੜਿਆ ਹੈ ਅਤੇ ਉਹ ਇਹ ਗੱਲ ਭਲੀਭਾਂਤ ਸਮਝਦਾ ਹੈ ਕਿ ਖ਼ਾਸ ਕਰਕੇ ਨਵੀਂ ਪੀੜ੍ਹੀ ਵਿੱਚ ਨੈਤਿਕਤਾ ਤੇ ਚੰਗੇ-ਅਚਾਰ-ਵਿਹਾਰ ਪੈਦਾ ਕਰਨਾ, ਜੀਵਨ ਦਾ ਅਸਲੀ ਮੰਤਵ ਸਮਝਾਉਣਾ ਅਤੇ ਉਨ੍ਹਾਂ ਨੂੰ ਨੈਤਿਕਤਾ ਦੇ ਰਾਹਾਂ ਉੱਪਰ ਤੋਰਨਾ ਸਮੇਂ ਦੀ ਲੋੜ ਹੈ ਅਤੇ ਇਸ ਵਿੱਚ ਹੀ ਸਮਾਜ, ਦੇਸ਼ ਅਤੇ ਕੌਮ ਦੀ ਭਲਾਈ ਹੈ। ਆਪਣੇ ਇਸ ਫਰਜ਼ ਨੂੰ ਬਾਖੂਬੀ ਪਛਾਣਦਿਆਂ ਅਤੇ ਉਸ ਨੂੰ ਨਿਭਾਉਂਦਿਆ ਡਾ। ਅਰਵਿੰਦਰ ਸਿੰਘ ਭੱਲਾ ਨੇ ਆਪਣੀ ਕਲਮ ਦੀ ਕਾਰਗ਼ਰ ਵਰਤੋਂ ਕਰਦਿਆਂ ਅਜਿਹੀਆਂ ਅਰਥ ਭਰਪੂਰ ਅਤੇ ਮਹੱਤਵਪੂਰਣ ਪੁਸਤਕਾਂ ਦੀ ਸਿਰਜਣਾ ਕੀਤੀ ਹੈ। ਆਪਣੀਆਂ ਪਹਿਲੀਆਂ ਪੁਸਤਕਾਂ ਵਾਂਗ ਹੀ ਲੇਖਕ ਨੇ ਹੱਥਲੀ ਪੁਸਤਕ ਵਿੱਚ ਵੀ ਆਪਣਾ ਸੰਦੇਸ਼ ਪਾਠਕਾਂ ਤੱਕ ਪਹੁਚਾਉਣ ਲਈ ਗੁਰੂ-ਸ਼ਿਸ਼ ਪਰੰਪਰਾ, ਕਿਧਰੇ ਮੁਰਸ਼ਦ-ਮੁਰੀਦ, ਕਿਧਰੇ ਦਰਵੇਸ਼ ਤੇ ਸ਼ਿਸ਼, ਕਿਧਰੇ ਪੀਰਾਂ-ਫਕੀਰਾਂ ਤੇ ਸੰਤਾਂ ਵਾਲੀ ਪ੍ਰਵਚਨ, ਕਥਨ-ਕਹਿਣ ਵਾਲੀ ਮੂਲ ਭਾਰਤੀ ਸ਼ੈਲੀ ਦੀ ਵਰਤੋਂ ਕੀਤੀ ਹੈ, ਜੋ ਅਜਿਹੇ ਬਾਮਕਸਦ ਸੁਨੇਹਿਆਂ ਅਤੇ ਉਪਦੇਸ਼ਾਂ ਨੂੰ ਪਾਠਕਾਂ ਤੱਕ ਪੁਚਾਉਣ ਲਈ ਸਭ ਤੋਂ ਢੁਕਵੀਂ ਅਤੇ ਅਸਰਦਾਰ ਮੰਨੀ ਜਾਂਦੀ ਹੈ।




ਲੇਖਕ ਨੇ ਸ਼ਾਹ ਹੁਸੈਨ, ਰਹੀਮ, ਅਬਦੁਲ ਹਮੀਦ ਆਦਮ, ਖ਼ਲੀਲ ਤਨਵੀਰ, ਮੁਹੰਮਦ ਇਕਬਾਲ, ਬੁੱਲੇ ਸ਼ਾਹ, ਬਾਬਾ ਨਜ਼ਮੀ, ਬਹਾਦਰ ਸ਼ਾਹ ਜ਼ਫਰ, ਬਾਬੂ ਫਿਰੋਜਦੀਨ ਸ਼ਰਫ, ਸਈਅਦ ਹਸ਼ਮਤ ਸੋਹੇਲ, ਸ਼ਾਹ ਸ਼ਰਫ, ਬਾਈਬਲ, ਸੁਰਜੀਤ ਪਾਤਰ, ਫੈਜ਼ ਅਹਿਮਦ ਫੈਜ਼, ਅਮਜਦ ਨਾਜ਼ਮੀ, ਅਮੀਰ ਕਜ਼ਲਬਾਸ਼, ਮੀਰ ਤਕੀ ਮੀਰ, ਸ਼ੇਖ ਫਰੀਦ ਦੇ ਸ਼ੇਅਰਾਂ, ਸਲੋਕਾਂ ਅਤੇ ਕੁਟੇਸ਼ਨਾਂ ਦੇ ਨਾਲ-ਨਾਲ ਭਾਰਤੀ, ਅੰਗਰੇਜ਼ੀ, ਚੀਨੀ ਅਤੇ ਰੋਮਾਨੀਅਨ ਕਹਾਵਤਾਂ ਨੂੰ ਨਿਬੰਧਾਂ ਦੇ ਸਿਰਲੇਖ ਸਾਜ ਕੇ ਇਨ੍ਹਾਂ ਦੇ ਅਰਥਾਂ ਰਾਹੀਂ ਉਨ੍ਹਾਂ ਦੇ ਫ਼ਲਸਫ਼ੇ ਨੂੰ ਪਾਠਕਾਂ ਅੱਗੇ ਰੱਖਣ ਦੀ ਕੋਸ਼ਿਸ਼ ਕੀਤੀ ਹੈ ਅਤੇ ਇਨ੍ਹਾ ਨੂੰ ਆਮ ਮਨੁੱਖ ਦੀ ਜ਼ਿੰਦਗੀ ਨਾਲ ਜੋੜ ਕੇ ਅਲੰਕਾਰਕ ਢੰਗ ਨਾਲ ਪੇਸ਼ ਕੀਤਾ ਹੈ। ਦਰਅਸਲ ਇਹ ਉਹੀ ਪਗਡੰਡੀਆਂ ਹਨ, ਜਿਨ੍ਹਾਂ ਉੱਪਰ ਤੁਰ ਕੇ ਕੋਈ ਵੀ ਇਨਸਾਨ ਜ਼ਿੰਦਗੀ ਦੀ ਅਸਲ ਮੰਜ਼ਿਲ ਉੱਪਰ ਪੁੱਜ ਸਕਦਾ ਹੈ। ਇਨ੍ਹਾਂ ਪਗਡੰਡੀਆਂ ਦੀ ਤਲਾਸ਼ ਤੇ ਸ਼ਨਾਖਤ ਕਰਨਾ ਅਤੇ ਫਿਰ ਇਨ੍ਹਾਂ ਉੱਪਰ ਤੁਰਨ ਦਾ ਵੱਲ ਸਿਖਾਉਣ ਦਾ ਵੱਡਮੁੱਲਾ ਕਾਰਜ ਹੈ ਪੁਸਤਕ " ਪਗਡੰਡੀਆਂ ਤੋਂ ਸ਼ਾਹਰਾਹ ਤੱਕ"। ਲੇਖਕ ਨੇ ਇਸ ਪੁਸਤਕ ਰਾਹੀਂ ਭਾਰਤੀ ਸਭਿਆਚਾਰ, ਭਾਰਤੀ ਸੰਸਕ੍ਰਿਤੀ, ਭਾਰਤੀ ਦਰਸ਼ਨ, ਭਾਰਤੀ ਆਚਾਰ-ਵਿਹਾਰ, ਜੀਵਨ-ਜਾਚ ਨੂੰ ਨਾ ਸਿਰਫ ਪੁਨਰ ਪ੍ਰੀਭਾਸ਼ਤ ਕੀਤਾ ਹੈ, ਸਗੋਂ ਉਸ ਨੂੰ ਅਲੰਕਾਰਕ ਅਤੇ ਮੁਹਾਵਰੇਦਾਰ ਭਾਸ਼ਾ, ਨਵੇਂ-ਨਰੋਏ ਸੰਵਾਦਾਂ ਅਤੇ ਰੌਚਕ ਕਥਨ ਸ਼ੈਲੀ ਰਾਹੀਂ ਪਾਠਕਾਂ ਵਿਸ਼ੇਸ਼ ਰੂਪ ਵਿੱਚ ਨਵੀਂ ਪੀੜ੍ਹੀ ਤੱਕ ਪੁਚਾਉਣ ਅਤੇ ਉਸ ਨੂੰ ਮਨੁੱਖੀ ਗੁਣਾਂ ਨਾਲ ਲਬਰੇਜ਼ ਕਰਨ ਦਾ ਸ਼ਲਾਘਾਯੋਗ ਕਾਰਜ ਵੀ ਕੀਤਾ ਹੈ। ਲੇਖਕ ਨੇ ਇਸ ਗਿਆਨ ਸੰਚਾਰ ਦੀ ਅਮੀਰ ਪਰੰਪਰਾ ਨੂੰ ਬਰਕਰਾਰ ਰੱਖਿਆ ਹੈ। ਮੈਂ ਇਨ੍ਹਾਂ ਅਰਥ ਭਰਪੂਰ ਅਤੇ ਪ੍ਰੇਰਣਾਦਾਇਕ ਲਘੂ ਨਿਬੰਧਾਂ ਦੀ ਸਿਰਜਣਾ ਲਈ ਡਾ। ਅਰਵਿੰਦਰ ਸਿੰਘ ਨੂੰ ਵਧਾਈ ਦਿੰਦਾ ਹਾਂ ਅਤੇ ਉਨ੍ਹਾਂ ਦੀ ਜ਼ਰਖ਼ੇਜ਼ ਕਲਮ ਤੋਂ ਹੋਰ ਵੀ ਅਜਿਹੀਆਂ ਬਾਮਕਸਦ ਰਚਨਾਵਾਂ ਦੀ ਸਿਰਜਣਾ ਦੀ ਆਸ ਕਰਦਾ ਹਾਂ।

**ਡਾ. ਧਰਮਪਾਲ ਸਾਹਿਲ (9876156964)**

# ਹਰਮੇਸ਼ ਗਹੋਰੀਆ ਨੇ ਗਾ ਕਿ ਦਰਸਾਇਆ ਕਿੱਥੇ ਐ "ਰਾਹ ਸਾਡੀ ਮੁਕਤੀ ਦਾ" ਐਮ ਟਰੈਕ ਐਂਟਰਟੇਨਮੇਂਟ ਨੇ ਕੀਤਾ ਰਲੀਜ਼ ਇਹ ਧਾਰਮਿਕ ਗੀਤ

ਸੁਰ ਏ ਕਿ ਸ਼ਹਿਦ ਹਰਮੇਸ਼ ਗਹੌਰੀਆ ਦੀ ਤੇ ਇਸ ਨੌਜਵਾਨ ਗਾਇਕ ਨੇ ਗੁਰੂ ਰਵੀਦਾਸ ਜੀ ਮਹਾਰਾਜ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਧਾਰਮਿਕ ਰਚਨਾ "ਰਾਹ ਸਾਡੀ ਮੁਕਤੀ ਦਾ" ਇਸ ਕਦਰ ਗਾਈ ਏ ਕਿ ਸੱਚਮੁੱਚ ਗੁਰੂ ਜੀ ਦੇ ਦਿਖਾਏ ਰਾਹ ਤੇ ਚਲ ਮੁਕਤੀ ਦਾ ਆਲਮ ਦਿਸਦਾ ਹੈ। ਦਾ ਸ਼ਬਵੀ ਦੇ ਸੰਗੀਤ ਵਿੱਚ ਹਰਮੇਸ਼ ਦੀ ਆਵਾਜ਼ ਦਾ ਗੌਹਰ ਗਾਣਾ ਸੁਣ ਅਨੰਦਿਤ ਅਵਸਥਾ ਆਉਂਦੀ ਹੈ। "ਰਾਹ ਸਾਡੀ ਮੁਕਤੀ ਦਾ " ਨੂੰ ਦੁਨੀਆਂ ਦੀ ਲੋਕ ਪ੍ਰਿਅ ਸੰਗੀਤ ਕੰਪਨੀ ਐਮ ਟਰੈਕ ਐਂਟਰਟੇਨਮੇਂਟ ਨੇ ਰਲੀਜ਼ ਕੀਤਾ ਹੈ।ਹਰਮੇਸ਼ ਗਾਹੌਰੀਆ ਲਈ ਇਹ ਧਾਰਮਿਕ ਗੀਤ ਗੁਰਮੁਖ ਲੋਹਾਰ ਨੇ ਲਿਖਿਆ ਹੈ।ਹਰਮੇਸ਼ ਦੱਸਦੇ ਹਨ ਕਿ ਬੋਲ ਵਧੀਆ ਹੋਣ ਤਾਂ ਸੁਰ ਆਪ ਹੀ ਸੁਰੀਲੀ ਯਾਤਰਾ ਕਰਦੀ ਹੈ ਤੇ ਨਾਲ ਜਦ ਆਰ ਕੇ ਬਾਂਸਲ ਵੱਲੋਂ ਵੀਡਿਓ ਰਚਨਾ ਹੋਏ ਤਾਂ ਸਾਰਿਆਂ ਨੂੰ ਪਸੰਦ ਲੱਗਣ ਵਾਲਾ ਨਗ਼ਮਾ ਹੋਂਦ ਵਿੱਚ ਆਉਂਦਾ ਹੈ।ਮੱਖਣ ਲੋਹਾਰ ਦੀ ਪੇਸ਼ਕਸ਼ ਗਾਇਕ ਹਰਮੇਸ਼ ਗਹੌਰਿਆ ਦਾ ਗਾਇਆ ਗਾਣਾ " ਰਾਹ ਸਾਡੀ ਮੁਕਤੀ ਦਾ " ਦੇਸ਼ ਵਿਦੇਸ਼ ਦੇ ਪੰਜਾਬੀ ਸੰਗੀਤ ਪ੍ਰੇਮੀ ਤੇ ਗੁਰੂ ਰਵਿਦਾਸ ਜੀ ਦੇ ਪਿਆਰੇ ਇਸ ਰਚਨਾ ਨੂੰ ਪੂਰਾ ਮਾਣ ਦੇ ਰਹੇ ਹਨ।




**-ਅੰਮ੍ਰਿਤ ਪਵਾਰ**


# ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਪੁਰਬ ਵਾਲੇ ਦਿਨ ਰੱਖੀਆਂ ਪ੍ਰੀਖਿਆਵਾਂ ਨੂੰ ਤੁਰੰਤ ਰੱਦ ਕੀਤਾ ਜਾਵੇ - ਬੇਗਮਪੁਰਾ ਟਾਇਗਰ ਫੋਰਸ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਬੇਗਮਪੁਰਾ ਟਾਈਗਰ ਫੋਰਸ (ਪੰਜਾਬ ) ਦੇ ਪ੍ਰਧਾਨ ਬੀਰਪਲ ਠਰੋਲੀ, ਦੁਆਬਾ ਪ੍ਰਧਾਨ ਨੇਕੂ ਅਜਨੋਹਾ ਅਤੇ ਜ਼ਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ ਨੇ ਸਾਂਝਾ ਬਿਆਨ ਜਾਰੀ ਕਰਦਿਆਂ ਕਿਹਾ ਕਿ 24 ਫਰਵਰੀ ਨੂੰ ਆ ਰਹੇ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਸੀ ਬੀ ਐਸ ਈ ਬੋਰਡ ਵੱਲੋਂ ਦਸਵੀਂ ਅਤੇ ਬਾਰਵੀਂ ਦੇ ਪੇਪਰ ਰੱਖੇ ਜਾਣਾ ਬਹੁਤ ਹੀ ਮੰਦਭਾਗਾ ਹੈ। ਉਹਨਾਂ ਕਿਹਾ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਨੂੰ ਦੇਸ਼ ਦੇ ਸਾਰੇ ਸੂਬਿਆਂ ਵਿੱਚ ਮੰਨਣ ਵਾਲੇ ਲੋਕਾਂ ਦੀ ਗਿਣਤੀ ਕਰੋੜਾਂ ਨਹੀਂ ਅਰਬਾਂ ਖਰਬਾਂ ਵਿੱਚ ਹੈ। ਬਹੁ ਗਿਣਤੀ ਅਨੁਸੂਚਿਤ ਜਾਤੀ ਵਰਗ ਨਾਲ ਸੰਬੰਧਿਤ ਹੈ। ਸੀ ਬੀ ਐਸ ਈ ਬੋਰਡ ਦੇ ਅਧਿਕਾਰੀਆਂ ਨੇ ਜਾਤੀਵਾਦ ਨਜ਼ਰੀਏ ਦੇ ਨਾਲ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਪੁਰਬ ਮੌਕੇ ਪੇਪਰ ਲੈਣ ਦਾ ਦਿਨ ਰੱਖਿਆ ਹੈ। ਸੀ ਬੀ ਐਸ ਈ ਬੋਰਡ ਦੇ ਪੇਪਰਾਂ ਦੇ ਸ਼ਡਿਊਲ ਬਣਾਉਣ ਅਤੇ ਜਾਰੀ ਕਰਨ ਨਾਲ ਸੰਬੰਧਿਤ ਅਧਿਕਾਰੀਆਂ ਅਤੇ ਕਰਮਚਾਰੀਆਂ ਖਿਲਾਫ ਕੇਂਦਰ ਸਰਕਾਰ ਨੂੰ ਸਖਤ ਕਾਰਵਾਈ ਕਰਦਿਆਂ 24 ਫਰਵਰੀ ਦੇ ਦਿਨ ਰੱਖੇ ਹੋਏ ਦਸਵੀਂ ਅਤੇ ਬਾਰਵੀਂ ਸ਼੍ਰੇਣੀਆਂ ਦੇ ਪੇਪਰ ਰੱਦ ਕਰਕੇ ਤੁਰੰਤ ਅਗਲੀਆਂ ਤਰੀਕਾਂ ਪਾਈਆਂ ਜਾਣ । ਉਹਨਾਂ ਕਿਹਾ ਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ ਸਬੰਧੀ ਸਾਰੇ ਵਿਸ਼ਵ ਵਿੱਚ ਸੰਗਤਾਂ ਵਲੋਂ ਗੁਰਪੁਰਬ ਮਨਾਉਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਪਰ ਸੀ ਬੀ ਐਸ ਈ ਬੋਰਡ ਵਲੋਂ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਪੁਰਬ ਵਾਲੇ ਦਿਨ ਹੀ ਪੇਪਰ ਰੱਖੇ ਗਏ ਹਨ। ਜਦਕਿ ਉਸ ਦਿਨ ਸਰਕਾਰੀ ਛੁੱਟੀ ਹੋਣੀ ਚਾਹੀਦੀ ਹੈ। ਉਹਨਾਂ ਕਿਹਾ ਕਿ ਇਸ ਨਾਲ ਆਦਿ ਧਰਮੀ ਕੌਮ ਦੀਆਂ ਭਾਵਨਾਵਾਂ ਨੂੰ ਕਾਫ਼ੀ ਠੇਸ ਪਹੁੰਚੀ ਹੈ। ਸੀ ਬੀ ਐਸ ਈ ਬੋਰਡ ਨੂੰ ਗੁਰੂ ਰਵਿਦਾਸ ਜੀ ਦੇ ਗੁਰਪੁਰਬ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਦਿਨ ਛੁੱਟੀ ਕਰਨੀ ਚਾਹੀਦੀ ਹੈ।



# ਇਕੁ ਛਿਨ ਦਰਸੁ ਦਿਖਾਇ ਜੀ, ਸ਼ਬਦ ਨਾਲ ਗਾਇਕਾ ਰਾਣੀ ਅਰਮਾਨ ਸੰਗਤਾਂ ਦੀ ਕਚਹਿਰੀ ਵਿੱਚ ਹਾਜ਼ਰ ਹੋ ਰਹੀ ਹੈ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਕ੍ਰਾਂਤੀਕਾਰੀ, ਇਨਕਲਾਬੀ ਗੁਰੂ, ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 647 ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮਿਸ਼ਨਰੀ ਗਾਇਕਾ ਰਾਣੀ ਅਰਮਾਨ ਵੱਲੋਂ ਗੁਰੂ ਰਵਿਦਾਸ ਮਹਾਰਾਜ ਜੀ ਦੇ ਮੁਖਾਰਬਿੰਦ ਤੋਂ ਉਚਾਰਿਆ ਸ਼ਬਦ ਇਕੁ ਛਿਨ ਦਰਸੁ ਦਿਖਾਇ ਜੀ, ਲੈ ਕੇ ਸੰਗਤਾਂ ਦੀ ਕਚਹਿਰੀ ਵਿੱਚ ਹਾਜ਼ਰ ਹੋ ਰਹੀ ਹੈ। ਇਹ ਸ਼ਬਦ ਬਹੁਤ ਹੀ ਖੂਬਸੂਰਤ ਅੰਦਾਜ਼ ਵਿੱਚ H1Y ਇੰਟਰਟੇਨਮੈਂਟ ਅਤੇ ਮੇਰੇ ਗੁਰੂ ਰਵਿਦਾਸ ਅਤੇ ਸਤਨਾਮ ਰੱਲ ਪੈਰਿਸ ਵੱਲੋਂ ਯੂ -ਟਿਊਬ ਅਤੇ ਸੋਸ਼ਲ ਮੀਡੀਆ ਦੀਆਂ ਸਾਰੀਆਂ ਸਾਈਡਾ ਤੇ ਬਹੁਤ ਵੱਡੇ ਪੱਧਰ ਤੇ ਪੇਸ਼ ਕੀਤਾ ਗਿਆ। ਇਹ ਸ਼ਬਦ, ਇਕੁ ਛਿਨ ਦਰਸੁ ਦਿਖਾਇ ਜੀ, ਦੇ ਪ੍ਰੋਡਿਊਸਰ ਹਨੀ ਹਰਦੀਪ ਡਾਇਰੈਕਟਰ ਰਮਨ ਕੁਮਾਰ ਅਤੇ ਟਰੈਕ ਦੀ ਕੰਮਪੋਜ ਅਤੇ ਸੰਗੀਤ ਬੀ ਆਰ ਡਿਮਾਣਾ ਅਤੇ ਪੋਸਟਰ ਜੱਸੀ ਆਰਟ ਦੁਆਰਾ ਤਿਆਰ ਕੀਤਾ ਗਿਆ। ਸ਼ਬਦ, ਇਕੁ ਛਿਨ ਦਰਸੁ ਦਿਖਾਇ ਜੀ, ਗਾਇਕਾ ਰਾਣੀ ਅਰਮਾਨ ਨੇ ਬਹੁਤ ਹੀ ਸੁਰੀਲੀ ਆਵਾਜ਼ ਚ ਗਾਇਆ। ਇਹ ਸ਼ਬਦ ਸੁਣ ਕੇ ਮੰਨ ਨੂੰ ਸਕੂਨ ਮਿਲਦਾ ਹੈ।




# ਰਹਿਬਰਾਂ ਦੇ ਦਰਸਾਏ ਮਾਰਗ 'ਤੇ ਚੱਲ ਕੇ ਉੱਚ ਸਿੱਖਿਆ ਹਾਸਲ ਕਰਕੇ ਜਿੰਦਗੀ 'ਚ ਉੱਚ ਸਥਾਨ ਪ੍ਰਾਪਤ ਕੀਤਾ ਜਾ ਸਕਦਾ ਹੈ - ਜੱਜ ਰਵਿੰਦਰ ਰਾਏ

**ਫਗਵਾੜਾ (ਬੀ.ਕੇ. ਰੱਤੂ)-** ਬੀਤੇ ਦਿਨੀ ਹਲਕਾ ਫਗਵਾੜਾ ਦੇ ਨਜਦੀਕ ਪਿੰਡ ਅਮਰੀਕ ਨਗਰੀ ਭੁੱਲਾਰਾਈ ਦੀ ਵਸਨੀਕ ਲੜਕੀ ਰਵਿੰਦਰ ਰਾਏ ਸਖਤ ਮਿਹਨਤ ਸਦਕਾ ਜੱਜ ਬਣੀ। ਲੜਕੀ ਰਵਿੰਦਰ ਰਾਏ ਦੀ ਇਸ ਉਪਲੱਬਧੀ ਨਾਲ ਪਿੰਡ ਅਤੇ ਹਲਕੇ ਦਾ ਨਾਮ ਪੂਰੇ ਪੰਜਾਬ ਵਿੱਚ ਰੌਸ਼ਨ ਹੋਇਆ ਹੈ। ਨਵ-ਨਿਯੁਕਤ ਜੱਜ ਰਵਿੰਦਰ ਰਾਏ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਰਹਿਬਰਾਂ ਦੇ ਦਰਸਾਏ ਮਾਰਗ 'ਤੇ ਚੱਲ ਕੇ ਉੱਚ ਸਿੱਖਿਆ ਹਾਸਲ ਕਰਕੇ ਆਪਣਾ ਜੀਵਨ ਸਫਲ ਬਣਾਉਣਾ ਚਾਹਿਦਾ ਹੈ। ਨਵ ਨਿਯੁਕਤ ਜੱਜ ਰਵਿੰਦਰ ਰਾਏ ਨੇ ਇਸ ਉਪਲੱਬਧੀ 'ਤੇ ਬਾਬਾ ਸਾਹਿਬ ਡਾ. ਬੀ. ਆਰ. ਅੰਬੇਦਕਰ ਜੀ ਨੂੰ ਨਮਨ (ਧੰਨਵਾਦ) ਕੀਤਾ। ਇਸ ਉਪਲੱਬਧੀ 'ਤੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਮਿਸ਼ਨਰੀ ਫਾਉਡੇਸ਼ਨ ਚੱਕ ਹਕੀਮ ਵੱਲੋ ਨਵ-ਨਿਯੁਕਤ ਜੱਜ ਰਵਿੰਦਰ ਰਾਏ ਜੀ ਦਾ ਸਨਮਾਨ ਕੀਤਾ। ਇਸ ਮੌਕੇ ਸ਼ਮੀ ਬੰਗੜ, ਰਵੀ ਕੁਮਾਰ ਮੰਤਰੀ, ਵਰੁਣ ਬੰਗੜ, ਧਰਮਵੀਰ ਬੋਧ, ਰਵੀ ਰਾਜ, ਰਮਨ ਬੰਗੜ, ਪ੍ਰੀਤ ਬੰਗੜ ਆਦਿ ਹਾਜਰ ਸਨ।



# ਜਿੱਤ ਦੀ ਮਾਂ ਏਕਤਾ

ਧਨੀ ਅਕਲ ਦਾ ਆਗੂ ਹੀ ਸਫਲ ਹੋਵੇ
ਹੂੜ੍ਹਮੱਤੀਆ 'ਜਾ.ਲ' ਵਿੱਚ ਫੱਸਦਾ ਏ।

ਕਦਮ ਵੱਖ ਅਗਵਾਈ ਤੋਂ ਚੁੱਕਦਾ ਜੋ
ਜਾਣੋ ਮਿਸ਼ਨ ਦੇ ਨਮਦੇ ਹੀ ਕੱਸਦਾ ਏ।

ਪਾਟੋ-ਧਾੜ ਹੋਈ ਦੇਖ ਜੁਝਾਰੂਆਂ ਦੀ
ਹਾਕਮ ਹਾਸੀ ਹੰਕਾਰ ਦੀ ਹੱਸਦਾ ਏ।

ਕਾਮਯਾਬੀ ਤੋਂ ਸਦਾ ਉਹ ਦੂਰ ਰਹਿੰਦੇ
ਫਿਕਰ ਜਿਨ੍ਹਾਂ ਨੂੰ 'ਆਪਣੇ' ਜੱਸ ਦਾ ਏ।

ਰਣ ਵਿੱਚ ਜੂਝਦੇ ਭਾਈਆਂ ਤੋਂ ਦੂਰ ਬੈਠਾ
ਸਮਝੋ ਆਪਣੇ ਫਰਜ਼ਾਂ ਤੋਂ ਨੱਸਦਾ ਏ।

ਬਿਨਾ ਏਕਤਾ ਕਦੇ ਨਹੀਂ ਜਿੱਤ ਮਿਲ਼ਦੀ
ਇਹ ਇਤਿਹਾਸ ਸੰਘਰਸ਼ਾਂ ਦਾ ਦੱਸਦਾ ਏ!

**-ਤਰਲੋਚਨ ਸਿੰਘ 'ਦੁਪਾਲ ਪੁਰ'**
**91-78146-92724**



# ਗੀਤਕਾਰ ਗੋਲਡੀ ਦਰਦੀ (ਇਟਲੀ) ਜੀ ਦੀ ਕਲਮ ਤੋਂ ਲਿਖੇ ਸਾਰੇ ਧਾਰਮਿਕ ਗੀਤਾਂ ਨੂੰ ਮਿਲ ਰਿਹਾ ਸੰਗਤਾਂ ਵਲੋਂ ਭਰਵਾਂ ਹੁੰਗਾਰਾ

**ਕਨੇਡਾ/ ਵੈਨਕੂਵਰ (ਕੁਲਦੀਪ ਚੁੰਬਰ)-** ਡੇਰਾ ਸੱਚ ਖੰਡ ਬੱਲਾਂ ਦੇ ਮਹਾਨ ਸੰਤ ਅਮਰ ਸ਼ਹੀਦ ਸੰਤ ਰਾਮਾ ਨੰਦ ਦੀ ਤੋਂ ਅਸ਼ੀਰਵਾਦ ਲੈ ਕੇ ਅਪਣੀਂ ਕਲਮ ਰਾਹੀਂ ਸਮਾਜ ਦੀ ਸੇਵਾ ਸ਼ੁਰੂ ਕਰਨ ਵਾਲੇ ਸੇਵਾਦਾਰ ਗੀਤਕਾਰ ਗੋਲਡੀ ਦਰਦੀ ( ਇਟਲੀ ) ਜੀ ਦੀ ਕਲਮ ਤੋਂ ਲਿਖੇ ਸਾਰੇ ਧਾਰਮਿਕ ਗੀਤਾਂ ਨੂੰ ਸੰਗਤਾਂ ਵਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਉਹਨਾਂ ਵਲੋਂ ਲਿਖੇ ਅਨੇਕਾਂ ਧਰਮਿਕ ਗੀਤਾਂ ਨੂੰ ਪੰਜਾਬ ਦੇ ਮੰਨੇ ਪ੍ਰਮੰਨੇ ਗਾਇਕਾਂ ਨੇ ਆਪਣੀ ਅਵਾਜ਼ ਦਿੱਤੀ ਹੈ , ਸਤਿਗੁਰ ਰਵਿਦਾਸ ਮਹਾਰਾਜ ਜੀ ਦੇ ਆਗਮਨ ਪੁਰਬ ਦੀਆਂ ਖੁਸ਼ੀਆਂ ਵਿੱਚ ਸੁਣੇ ਜਾ ਰਹੇ ਗੀਤਾਂ ਵਿੱਚੋਂ , ਕੰਠ ਕਲੇਰ ਜੀ ਦੀ ਨਵੀਂ ਆਈ ਐਲਬਮ "ਸਭ ਨੂੰ ਦਿਓ ਵਧਾਈਆਂ" ਵਿੱਚੋਂ ਗੀਤ "ਗੁਰੂ ਰਵਿਦਾਸ ਪਿਆਰੇ" ਗੋਲਡੀ ਦਰਦੀ ਜੀ ਦਾ ਲਿਖਿਆ ਹੋਇਆ ਹੈ । ਜਿਸ ਨੂੰ ਬਹੁਤ ਪਿਆਰ ਮਿਲ ਰਿਹਾ ਹੈ, ਉਸੇ ਤਰ੍ਹਾਂ ਫਿਰੋਜ ਖਾਨ ਜੀ ਦੀ ਅਵਾਜ ਵਿੱਚ ਆਇਆ ਧਰਮਿਕ ਗੀਤ "ਐਸੀ ਭਗਤੀ" ਨੂੰ ਵੀ ਬਹੁਤ ਹੀ ਪਿਆਰ ਮਿਲ ਰਿਹਾ ਹੈ। ਇਹਨਾਂ ਤੋਂ ਇਲਾਵਾ " ਨਾਮ ਨਾ ਵਿਸਰੇ, ਸਤਿਗੁਰਾਂ ਦੀ ਰਜ਼ਾ, ਮੇਰੇ ਸਤਿਗੁਰ ਨੇ ਆਉਣਾਂ " ਸੁਲਤਾਨਾ ਨੂਰਾਂ ਦਾ ਗਾਇਆ ਟਰੈਕ "ਲੇਖ ਗੰਡਦਾ" ਗੀਤਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰ ਰਹੇ ਨੇ। ਪੰਜਾਬ ਦੀਆਂ ਨਾਮਵਰ ਆਵਾਜ਼ਾਂ , ਮਾਸ਼ਾ ਅਲੀ , ਪੇਜੀ ਸ਼ਾਹਕੋਟੀ, ਸੁਲਤਾਨਾਂ ਨੂਰਾਂ , ਜੀਵਨ ਮਾਨ, ਜੱਗੀ ਸਿੰਘ , ਸੁਦੇਸ਼ ਕੁਮਾਰੀ ,ਸ਼ੌਕਤ ਅਲੀ ਦੀਵਾਨਾ, ਆਰ ਜੋਗੀ, ਉਂਕਾਰ ਜੱਸੀ, ਸੇਵਾਦਾਰ ਕਰਮ ਚੰਦ, ਅਲੈਕਸ ਕੋਟੀ, ਸਾਂਜ ਸ਼ਾਮੀ, ਬਬਿਤ, ਬਲਵਿੰਦਰ ਬਿੱਟੂ, ਮਲਕੀਤ ਬਬੇਲੀ, ਪ੍ਰੇਮ ਲਤਾ, ਸੰਦੀਪ ਘੇਰਾ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਗਾਇਕਾ ਨੇ ਗੋਲਡੀ ਦਰਦੀ ਜੀ ਵਲੋਂ ਲਿਖੇ ਗੀਤ ਗਾਏ ਹਨ। ਉਨਾਂ ਨੇ ਗੱਲਬਾਤ ਕਰਦੇ ਆਪਣੇ ਆਉਣ ਵਾਲੇ ਗੀਤਾਂ ਬਾਰੇ ਦੱਸਿਆ ਕਿ , ਪੰਜਾਬ ਦੀ ਸੂਫ਼ੀ ਆਵਾਜ਼ "ਸੁਲਤਾਨਾਂ ਨੂਰਾਂ" ਜੀ ਵਲੋਂ ਗਾਇਆ ਗੀਤ "ਲੇਖ ਗੰਡ ਦਾ" ਤੇ ਬਹੁਤ ਸੁਰੀਲੀ ਆਵਾਜ਼ "ਸੁਦੇਸ਼ ਕੁਮਰੀ" ਜੀ ਵਲੋਂ ਗਾਇਆ ਗੀਤ " ਪ੍ਰੀਤਮ ਦੇ ਦਰਸ਼ਨ , ਬਹੁਤ ਜਲਦ ਰਿਲੀਜ ਕੀਤੇ ਜਾਣਗੇ, ਆਪਣੇ ਭਗਤੀ ਨਾਲ ਭਿੱਜੇ ਗੀਤਾਂ ਤੇ ਗੀਤਕਾਰੀ ਰਾਂਹੀ ਪੂਰੀ ਦੁਨੀਆਂ ਵਿੱਚ ਆਪਣੇ ਪਿੰਡ "ਰੰਧਾਵਾ ਮਸੰਦਾ" ਜਲੰਧਰ ਦਾ ਨਾਮ ਸੂਰਜ ਵਾਂਗ ਚਮਕਾ ਰਹੇ ਹਨ। ਆਓ ਸਾਰੇ ਗੋਲਡੀ ਦਰਦੀ ਜੀ ਵਲੋਂ ਲਿਖੇ ਗੀਤਾਂ ਨੂੰ ਸੁਣੀਏ ਤੇ ਵੱਧ ਤੋਂ ਵੱਧ ਸ਼ੇਅਰ ਕਰੀਏ।



# ਸਵੇਰੇ-ਸਵੇਰੇ ਸਟੱਡੀ ਬਦਾਮ ਨਾਲੋਂ ਜ਼ਿਆਦਾ ਫਾਇਦੇਮੰਦ ਹੈ



ਵਿਜੈ ਗਰਗ

ਸਮੇਂ ਦੇ ਚੱਕਰ ਦੇ ਆਧਾਰ 'ਤੇ ਪੜ੍ਹਾਈ ਕਰਨ ਵਾਲੇ ਬੱਚਿਆਂ ਨੂੰ ਲਾਭ ਮਿਲਦਾ ਹੈ। ਸਵੇਰੇ ਉੱਠ ਕੇ ਅਧਿਐਨ ਕਰਨ ਨਾਲ ਯਾਦ ਰੱਖਣ ਦੀ ਸਮਰੱਥਾ ਵਧਦੀ ਹੈ। ਇਸ ਤੋਂ ਇਲਾਵਾ ਸਰੀਰ ਆਸਾਨੀ ਨਾਲ ਥੱਕਦਾ ਨਹੀਂ ਹੈ। ਇਹ ਦੇਖਿਆ ਗਿਆ ਹੈ ਕਿ ਜਿਵੇਂ-ਜਿਵੇਂ ਪ੍ਰੀਖਿਆਵਾਂ ਨੇੜੇ ਆਉਂਦੀਆਂ ਹਨ, ਬੱਚੇ ਅਕਸਰ ਦੇਰ ਰਾਤ ਤੱਕ ਪੜ੍ਹਦੇ ਹਨ, ਪਰ ਇਹ ਆਦਤ ਚੰਗੇ ਅੰਕ ਹਾਸਲ ਕਰਨ ਲਈ ਠੀਕ ਨਹੀਂ ਹੈ। ਇਸ ਦੀ ਬਜਾਏ, ਸਵੇਰੇ ਅਧਿਐਨ ਕਰਨਾ ਬਿਹਤਰ ਹੋ ਸਕਦਾ ਹੈ। ਮਨੋਵਿਗਿਆਨੀਆਂ ਦਾ ਮੰਨਣਾ ਹੈ ਕਿ ਯਾਦਦਾਸ਼ਤ ਨੂੰ ਬਿਹਤਰ ਬਣਾਉਣ ਵਾਲੇ ਹਾਰਮੋਨ ਸਵੇਰੇ ਦਿਮਾਗ ਵਿੱਚ ਨਿਕਲਦੇ ਹਨ। ਇਸ ਦੇ ਨਾਲ ਹੀ ਰਾਤ ਦੇ ਹਾਰਮੋਨ ਸਰੀਰ ਵਿੱਚ ਸੁਸਤਤਾ ਪੈਦਾ ਕਰਦੇ ਹਨ।ਲੈ ਆਓ। ਇਮਤਿਹਾਨ ਨੇੜੇ ਆਉਣ ਨਾਲ ਰਾਮ ਮਨੋਹਰ ਲੋਹੀਆ ਇਮਤਿਹਾਨ ਸਬੰਧੀ ਤਣਾਅ ਅਤੇ ਸਭ ਕੁਝ ਭੁੱਲਣ ਦੀ ਸਮੱਸਿਆ ਕਾਰਨ ਹਸਪਤਾਲ ਪਹੁੰਚ ਰਹੇ ਹਨ। ਔਸਤਨ, ਹਰ ਰੋਜ਼ ਇਨ੍ਹਾਂ ਦੀ ਗਿਣਤੀ ਚਾਰ ਤੋਂ ਪੰਜ ਹੁੰਦੀ ਹੈ, ਜਦੋਂ ਕਿ ਆਮ ਦਿਨਾਂ ਵਿੱਚ ਇਹ ਅੰਕੜਾ ਮੁਸ਼ਕਿਲ ਨਾਲ ਇੱਕ ਤੱਕ ਪਹੁੰਚਦਾ ਹੈ। ਜਿਨ੍ਹਾਂ ਬੱਚਿਆਂ ਨੇ ਡਾਕਟਰਾਂ ਦੀ ਸਲਾਹ 'ਤੇ ਆਪਣਾ ਰੁਟੀਨ ਬਦਲਿਆ ਅਤੇ ਰਾਤ ਦੀ ਬਜਾਏ ਸਵੇਰੇ ਪੜ੍ਹਾਈ ਕੀਤੀ, ਉਨ੍ਹਾਂ ਨੂੰ ਵੀ ਇਸ ਦਾ ਫਾਇਦਾ ਹੋਇਆ ਹੈ। ਇਸ਼ਤਿਹਾਰ ਮਨੋਵਿਗਿਆਨੀ ਸਮਝਾਉਂਦੇ ਹਨ ਕਿ ਸਰੀਰ ਜੀਵ-ਵਿਗਿਆਨਕ ਸਮੇਂ ਦੇ ਚੱਕਰਾਂ ਦੇ ਅਧਾਰ ਤੇ ਕੰਮ ਕਰਦਾ ਹੈ। ਸੂਰਜ ਡੁੱਬਦੇ ਹੀ ਸਾਡੇ ਸਰੀਰ ਵਿੱਚ ਮੇਲਾਟੋਨਿਨ ਹਾਰਮੋਨ ਪੈਦਾ ਹੋਣਾ ਸ਼ੁਰੂ ਹੋ ਜਾਂਦਾ ਹੈ।, ਸਰੀਰ ਵਿਚ ਪਾਈਨਲ ਗਲੈਂਡ ਤੋਂ ਨਿਕਲਣ ਵਾਲੇ ਇਨ੍ਹਾਂ ਹਾਰਮੋਨਜ਼ ਕਾਰਨ ਨੀਂਦ ਦੇ ਨਾਲ-ਨਾਲ ਸਰੀਰ ਵਿਚ ਸੁਸਤੀ ਆਉਣ ਲੱਗਦੀ ਹੈ। ਅਜਿਹੇ 'ਚ ਜੇਕਰ ਤੁਸੀਂ ਦੇਰ ਰਾਤ ਤੱਕ ਜਾਗਦੇ ਰਹਿੰਦੇ ਹੋ ਅਤੇ ਅਧਿਐਨ ਕਰਦੇ ਹੋ ਤਾਂ ਮੇਲਾਟੋਨਿਨ ਹਾਰਮੋਨ ਬਣਾਉਣ ਦੀ ਪ੍ਰਕਿਰਿਆ ਪ੍ਰਭਾਵਿਤ ਹੁੰਦੀ ਹੈ। ਜੋ ਸਰੀਰ ਲਈ ਹਾਨੀਕਾਰਕ ਹੈ। ਇਸ ਦੇ ਨਾਲ ਹੀ, ਸਵੇਰ ਦੇ ਸਮੇਂ, ਸਰੀਰ ਵਿੱਚ ਟੈਸਟੋਸਟ੍ਰੋਨ ਹਾਰਮੋਨ ਪੈਦਾ ਕਰਨ ਦੀ ਪ੍ਰਕਿਰਿਆ ਸ਼ੁਰੂ ਹੋ ਜਾਂਦੀ ਹੈ। ਜੋ ਸਰੀਰ ਨੂੰ ਤਰੋਤਾਜ਼ਾ ਕਰਦਾ ਹੈ ਅਤੇ ਨਵੀਂ ਊਰਜਾ ਦਿੰਦਾ ਹੈ। ਟੈਸਟੋਸਟੀਰੋਨ ਐਂਡਰੋਜਨ ਸਮੂਹ ਦਾ ਇੱਕ ਸਟੀਰੌਇਡ ਹਾਰਮੋਨ ਹੈ। ਥਣਧਾਰੀ ਜੀਵਾਂ ਵਿੱਚ, ਟੈਸਟੋਸਟੀਰੋਨ ਮੁੱਖ ਤੌਰ 'ਤੇ ਮਰਦਾਂ ਵਿੱਚ ਅੰਡਕੋਸ਼ਾਂ ਤੋਂ ਅਤੇ ਔਰਤਾਂ ਵਿੱਚ ਅੰਡਕੋਸ਼ਾਂ ਤੋਂ ਪੈਦਾ ਹੁੰਦਾ ਹੈ।ਇਹ ਅੰਡਕੋਸ਼ ਤੋਂ ਛੁਪਿਆ ਹੁੰਦਾ ਹੈ। ਡਾ: ਰਾਮ ਮਨੋਹਰ ਲੋਹੀਆ ਹਸਪਤਾਲ ਦੇ ਮਨੋਰੋਗ ਵਿਭਾਗ ਦੇ ਪ੍ਰੋਫ਼ੈਸਰ ਡਾ: ਲੋਕੇਸ਼ ਸ਼ੇਖਾਵਤ ਨੇ ਕਿਹਾ ਕਿ ਸਮੇਂ ਦੇ ਚੱਕਰ ਦੇ ਆਧਾਰ 'ਤੇ ਪੜ੍ਹਾਈ ਕਰਨ ਵਾਲੇ ਬੱਚਿਆਂ ਨੂੰ ਫ਼ਾਇਦਾ ਹੋਇਆ ਹੈ । ਸਵੇਰੇ ਉੱਠ ਕੇ ਅਧਿਐਨ ਕਰਨ ਨਾਲ ਯਾਦ ਰੱਖਣ ਦੀ ਸਮਰੱਥਾ ਵਧਦੀ ਹੈ। ਇਸ ਤੋਂ ਇਲਾਵਾ ਸਰੀਰ ਆਸਾਨੀ ਨਾਲ ਥੱਕਦਾ ਨਹੀਂ ਹੈ। ਇਮਤਿਹਾਨ ਦੇ ਸਮੇਂ ਬੱਚੇ ਆਪਣੀ ਯਾਦਦਾਸ਼ਤ ਨੂੰ ਸੁਧਾਰਨ ਲਈ ਬਦਾਮ, ਦਵਾਈਆਂ ਅਤੇ ਹੋਰ ਖਾਣ ਵਾਲੀਆਂ ਚੀਜ਼ਾਂ ਲੈਂਦੇ ਹਨ। ਇਹ ਸਭ ਯਾਦਦਾਸ਼ਤ ਨੂੰ ਸੁਧਾਰਦੇ ਹਨ, ਪਰ ਸਮੇਂ ਦੇ ਚੱਕਰ ਦੇ ਅਧਾਰ 'ਤੇ ਅਧਿਐਨ ਕਰਨਾ ਇਨ੍ਹਾਂ ਸਾਰੇ ਉਪਾਵਾਂ ਨਾਲੋਂ ਵਧੇਰੇ ਪ੍ਰਭਾਵਸ਼ਾਲੀ ਹੈ। ਹਰ ਸਾਲ 75 ਹਜ਼ਾਰ ਮਰੀਜ਼ ਆਉਂਦੇ ਹਨ ਡਾ: ਰਾਮਨੋਹਰ ਲੋਹੀਆ ਹਸਪਤਾਲ ਦੇ ਮਨੋਰੋਗ ਵਿਭਾਗ ਵਿੱਚ ਹਰ ਸਾਲ ਕਰੀਬ 75 ਹਜ਼ਾਰ ਮਰੀਜ਼ ਆਉਂਦੇ ਹਨ। ਇਨ੍ਹਾਂ ਵਿੱਚੋਂ ਇੱਕ ਹਜ਼ਾਰ ਦੇ ਕਰੀਬ ਮਰੀਜ਼ ਪ੍ਰੀਖਿਆ ਤਣਾਅ ਨਾਲ ਸਬੰਧਤ ਹਨ। ਡਾ: ਸ਼ੇਖਾਵਤ ਨੇ ਦੱਸਿਆ ਕਿ ਹਸਪਤਾਲ 'ਚ ਆਏ ਬੱਚਿਆਂ ਨਾਲ ਗੱਲਬਾਤ ਕਰਨ 'ਤੇ ਇਹ ਗੱਲ ਸਾਹਮਣੇ ਆਈ ਹੈ ਕਿ ਉਹ ਪ੍ਰੀਖਿਆਵਾਂ 'ਚ ਜ਼ਿਆਦਾ ਅੰਕ ਹਾਸਲ ਕਰਨ ਲਈ ਦੇਰ ਰਾਤ ਤੱਕ ਜਾਗਦੇ ਹਨ ਅਤੇ ਸਵੇਰੇ ਦੇਰ ਤੱਕ ਜਾਗਦੇ ਹਨ । ਉਸ ਨੇ ਰਾਤ ਨੂੰ ਜੋ ਕੁਝ ਪੜ੍ਹਿਆ ਸੀ, ਉਸ ਦਾ ਬਹੁਤਾ ਹਿੱਸਾ ਉਸ ਨੂੰ ਯਾਦ ਨਹੀਂ ਹੈ। ਉਨ੍ਹਾਂ ਕਿਹਾ ਕਿ ਅਜਿਹੇ ਬੱਚਿਆਂ ਨੂੰ ਰਾਤ ਨੂੰ ਸੌਣ ਅਤੇ ਸਵੇਰੇ ਚਾਰ ਤੋਂ ਪੰਜ ਵਜੇ ਉੱਠ ਕੇ ਪੜ੍ਹਾਈ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਅਜਿਹੇ ਬੱਚਿਆਂ ਵਿੱਚ ਕਾਫ਼ੀ ਸੁਧਾਰ ਦੇਖਿਆ ਗਿਆ ਹੈ। ਦੇਰ ਰਾਤ ਤੱਕ ਜਾਗਦੇ ਰਹਿਣ ਤੋਂਸਮੱਸਿਆ ਪੈਦਾ ਹੁੰਦੀ ਹੈ ਡਾ: ਸ਼ੇਖਾਵਤ ਨੇ ਦੱਸਿਆ ਕਿ ਦੇਰ ਰਾਤ ਤੱਕ ਜਾਗਣਾ ਜੀਵ-ਵਿਗਿਆਨਕ ਸਮਾਂ ਚੱਕਰ ਨੂੰ ਵਿਗਾੜਦਾ ਹੈ ਜਿਸ ਨਾਲ ਤਣਾਅ ਅਤੇ ਹੋਰ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਇਸ ਤੋਂ ਇਲਾਵਾ ਜੇਕਰ ਸਰੀਰ 'ਚ ਹੋਰ ਸਮੱਸਿਆਵਾਂ ਵੀ ਪੈਦਾ ਹੁੰਦੀਆਂ ਹਨ ਤਾਂ ਇਹ ਕਾਫੀ ਨੁਕਸਾਨਦੇਹ ਹੈ। ਉੱਚ ਪ੍ਰੋਟੀਨ ਭੋਜਨ ਜ਼ਰੂਰੀ ਹੈ ਸਰ ਗੰਗਾ ਰਾਮ ਹਸਪਤਾਲ ਦੇ ਖੁਰਾਕ ਵਿਭਾਗ ਦੀ ਮੁਖੀ ਵੰਦਨਾ ਵਰਮਾ ਨੇ ਕਿਹਾ ਕਿ ਜਾਂਚ ਦੇ ਸਮੇਂ ਹਾਈ ਪ੍ਰੋਟੀਨ ਵਾਲਾ ਭੋਜਨ ਲੈਣਾ ਚਾਹੀਦਾ ਹੈ। ਨਾਲ ਹੀ ਸਰੀਰ ਵਿੱਚ ਪਾਣੀ ਦੀ ਕਮੀ ਨਹੀਂ ਹੋਣੀ ਚਾਹੀਦੀ। ਇਮਤਿਹਾਨ ਦੌਰਾਨ ਲੰਬੇ ਸਮੇਂ ਤੱਕ ਇੱਕ ਥਾਂ 'ਤੇ ਬੈਠਣਾ ਪੈਂਦਾ ਹੈ। ਅਜਿਹੀ ਸਥਿਤੀ ਵਿੱਚ, ਕਿਸੇ ਨੂੰ ਵੀ ਵਿਚਕਾਰ ਘੁੰਮਣਾ ਚਾਹੀਦਾ ਹੈ, ਤਾਂ ਜੋ ਸਰੀਰ ਦੀ ਸਿਹਤ ਠੀਕ ਰਹੇ।

# ਅਰਥਪੂਰਨ ਵਿਦਿਅਕ ਤਰਜੀਹਾਂ ਦੀ ਸਥਾਪਨਾ ਕਰਨਾ

**(ਪ੍ਰਬੰਧਨ ਸਿੱਖਿਆ ਮੁੱਖ ਖੇਤਰਾਂ ਦੇ ਇੱਕ ਆਮ ਸਮੂਹ ਨੂੰ ਕਵਰ ਕਰਦੀ ਹੈ)**

ਵਪਾਰਕ ਪ੍ਰਸੰਗਿਕਤਾ ਦੀਆਂ ਵਿਹਾਰਕ ਮੰਗਾਂ ਅਤੇ ਪ੍ਰਬੰਧਨ ਸਿੱਖਿਆ ਦੇ ਅੰਦਰ ਵਿਦਵਤਾਪੂਰਣ ਇੱਛਾਵਾਂ ਵਿਚਕਾਰ ਗੁੰਝਲਦਾਰ ਸੰਤੁਲਨ ਅਕਾਦਮਿਕਤਾ ਦੇ ਸਦਾ ਬਦਲਦੇ ਸੁਭਾਅ ਨੂੰ ਦਰਸਾਉਂਦਾ ਹੈ ਬਹੁਤ ਸਾਰਾ ਪ੍ਰਬੰਧਨ ਪਾਠ ਅਤੇ ਸਲਾਹ ਆਮ-ਸੰਵੇਦਨਸ਼ੀਲ ਹੈ। ਇਹ ਆਮ ਸਮਝ ਹੈ ਜੇਕਰ ਕੋਈ ਸਹਿਮਤ ਹੁੰਦਾ ਹੈ ਕਿ ਪ੍ਰਬੰਧਨ ਦਾ ਮੂਲ ਉਦੇਸ਼ ਵਪਾਰਕ ਹਿੱਤਾਂ ਨੂੰ ਅੱਗੇ ਵਧਾਉਣਾ ਹੈ। ਕਿ ਇਹ ਤਜਵੀਜ਼ ਆਪਣੇ ਆਪ ਵਿੱਚ ਸ਼ੱਕ ਵਿੱਚ ਹੋ ਸਕਦੀ ਹੈ, ਇੱਕ ਹੋਰ ਮਾਮਲਾ ਹੈ। ਵਪਾਰ ਨੂੰ ਸਾਰੀਆਂ ਪ੍ਰਬੰਧਨ ਗਤੀਵਿਧੀਆਂ ਦੇ ਡੋਮੇਨ ਵਜੋਂ ਦੇਖਣ ਦਾ ਕੋਈ ਠੋਸ ਕਾਰਨ ਨਹੀਂ ਹੈ। ਜੇਕਰ ਪ੍ਰਬੰਧਨ ਦੇ ਯਤਨਾਂ ਦਾ ਉਦੇਸ਼ ਕਾਰੋਬਾਰੀ ਪ੍ਰਬੰਧਨ ਹੈ, ਤਾਂ ਕੁਝ ਹੱਦ ਤੱਕ, ਇਹ ਇੱਕ ਵਿਸਤ੍ਰਿਤ ਤਰਕ ਬਣ ਸਕਦਾ ਹੈ ਕਿਉਂਕਿ, ਘੱਟੋ ਘੱਟ, ਉੱਥੇ ਦੀ ਧਾਰਨਾ ਕਾਰੋਬਾਰ ਦੇ ਅਨੁਕੂਲਨ 'ਤੇ ਧਿਆਨ ਕੇਂਦਰਿਤ ਕਰਨਾ ਹੈ। ਹਾਲਾਂਕਿ, ਵਪਾਰ ਅਤੇ ਵਪਾਰ ਹੈ; ਨਿਰਮਾਣ ਇੱਕ ਕਾਰੋਬਾਰ ਹੋ ਸਕਦਾ ਹੈ ਪਰ ਇਸਦਾ ਆਪਣਾ ਇੱਕ ਵਿਨੀਅਰ ਹੈ। ਇਹ ਵਿਚਾਰਾਂ ਦੇ ਕਾਰੋਬਾਰ ਨੂੰ ਕਵਰ ਨਹੀਂ ਕਰਦਾ ਹੈ, ਅਤੇ ਵਿਚਾਰਾਂ ਦਾ ਕਾਰੋਬਾਰ ਇਸ ਦੀ ਆਪਣੀ ਵਿਸ਼ੇਸ਼ਤਾ ਹੋ ਸਕਦਾ ਹੈ, ਖਾਸ ਕਰਕੇ ਜਦੋਂ ਇਹ ਸਿੱਖਿਆ, ਵਿੱਤੀ ਐਕਸਚੇਂਜ, ਖਬਰਾਂ ਦੇ ਆਦਾਨ-ਪ੍ਰਦਾਨ, ਅਤੇ ਸਟਾਕ ਐਕਸਚੇਂਜਾਂ ਵਿੱਚ ਅਸਲ ਵਿੱਚ ਪੈਸੇ ਦੇ ਆਦਾਨ-ਪ੍ਰਦਾਨ 'ਤੇ ਕੇਂਦ੍ਰਿਤ ਹੋਣ ਦੀ ਗੱਲ ਆਉਂਦੀ ਹੈ। ਇਸ ਤਰ੍ਹਾਂ, ਇਹ ਹੈ ਕਿ ਕਾਰੋਬਾਰੀ ਪ੍ਰਬੰਧਨ ਫੋਕਸ ਅਤੇ ਦਿਲਚਸਪੀ ਦੇ ਕਈ ਰੂਪ ਹਨ। 1200 ਤੋਂ 1300 ਸੰਪਰਕ ਘੰਟਿਆਂ ਵਿੱਚ ਫੈਲੇ ਇੱਕ ਸਧਾਰਨ ਭਓ ਪ੍ਰੋਗਰਾਮ ਵਿੱਚ ਇਸ ਸਭ ਨੂੰ ਕਵਰ ਕਰਨਾ ਮੁਸ਼ਕਲ ਹੈ। ਇਸ ਕਿਸਮ ਦੀ ਸੁਪਰ ਮੁਹਾਰਤ ਜਾਂ ਫੋਕਸ ਪ੍ਰਾਪਤ ਕਰਨਾ ਮੁਸ਼ਕਲ ਹੈ। ਇਸ ਤਰ੍ਹਾਂ, ਇਹ ਹੈ ਕਿ ਪ੍ਰਬੰਧਨ ਸਿੱਖਿਆ ਉਹਨਾਂ ਦੇ ਇੱਕ ਆਮ ਸਮੂਹ ਨੂੰ ਕਵਰ ਕਰਦੀ ਹੈ ਜਿਸਨੂੰ ਮੁੱਖ ਖੇਤਰ ਕਿਹਾ ਜਾ ਸਕਦਾ ਹੈ ਅਤੇ ਫਿਰ ਵਧੇਰੇ ਕੇਂਦ੍ਰਿਤ ਕਿਸਮਾਂ ਦੀਆਂ ਵਿਸ਼ੇਸ਼ਤਾਵਾਂ। ਜ਼ਮੀਨ ਦਾ ਪੱਧਰ ਹੁਣ ਤੱਕ ਵਿੱਤ, ਮਾਰਕੀਟਿੰਗ, ਅਤੇ ਇਸ ਤਰ੍ਹਾਂ ਦੀਆਂ ਵਿਸ਼ੇਸ਼ਤਾਵਾਂ ਬਣਾਉਣ ਲਈ ਹੈ; ਖੇਤੀਬਾੜੀ ਜਾਂ ਖੋਜ ਅਤੇ ਵਿਕਾਸ ਵਰਗੇ ਖੇਤਰਾਂ 'ਤੇ ਜ਼ੋਰ ਅਜੇ ਇਸਦੀ ਸੀਮਾ ਅਤੇ ਡੂੰਘਾਈ ਨੂੰ ਇਕੱਠਾ ਕਰਨਾ ਹੈ। ਇਹ ਆਸਾਨ ਨਹੀਂ ਹੋਣ ਵਾਲਾ ਹੈ ਕਿਉਂਕਿ ਪਾਠਕ੍ਰਮ ਬਣਾਉਣ ਲਈ ਕਿਸੇ ਨੂੰ ਪੜ੍ਹਨ ਸਮੱਗਰੀ ਦੀ ਲੋੜ ਹੁੰਦੀ ਹੈ। ਪੜ੍ਹਨ ਸਮੱਗਰੀ ਅਕਸਰ ਕਿਤਾਬਾਂ ਜਾਂ ਰਸਾਲਿਆਂ ਵਿੱਚ ਪ੍ਰਕਾਸ਼ਨਾਂ ਦੇ ਰੂਪ ਵਿੱਚ ਹੁੰਦੀ ਹੈ, ਅਤੇ ਇਸ ਲਈ ਖੋਜ ਦੀ ਲੋੜ ਹੁੰਦੀ ਹੈ। ਇਸ ਨੂੰ ਪ੍ਰਕਾਸ਼ਨ ਲਈ ਇੱਕ ਫੋਰਮ ਦੀ ਵੀ ਲੋੜ ਹੁੰਦੀ ਹੈ, ਜੋ ਪ੍ਰਿੰਟ ਦੇ ਰੂਪ ਵਿੱਚ ਹੋਵੇ। ਜਦੋਂ ਤੱਕ ਇਹਨਾਂ ਰਸਾਲਿਆਂ ਜਾਂ ਰਸਾਲਿਆਂ ਲਈ ਇੱਕ ਨਿਸ਼ਚਿਤ ਮਾਰਕੀਟ ਨਹੀਂ ਹੈ ਇਹ ਬਚ ਨਹੀਂ ਸਕਦੇ। ਕੀ ਰਸਾਲਿਆਂ ਜਾਂ ਰਸਾਲਿਆਂ ਦਾ ਟੱਚਸਟੋਨ, ਹੋਰ ਬਹੁਤ ਕੁਝ ਵਾਂਗ, ਵੀ ਵਪਾਰਕ ਬਣ ਗਿਆ ਹੈ? ਹਾਲਾਂਕਿ, ਜੋ ਵਪਾਰਕ ਤੌਰ 'ਤੇ ਢੁਕਵਾਂ ਹੈ ਉਹ ਹਮੇਸ਼ਾ ਬੌਧਿਕ ਤੌਰ 'ਤੇ ਸੰਭਵ ਨਹੀਂ ਹੋ ਸਕਦਾ ਹੈ। ਇਸ ਲਈ, ਇੱਕ ਵਿਰੋਧਾਭਾਸ ਹੈ, ਜੇ ਇੱਕ ਅੰਤਰਾਲ ਨਹੀਂ ਹੈ। ਭਾਵੇਂ ਇਹ ਹੋ ਸਕਦਾ ਹੈ, ਇਹ ਸਮੱਗਰੀ ਦੇ ਇੱਕ ਨਾਜ਼ੁਕ ਸਮੂਹ ਦੀ ਸਿਰਜਣਾ ਵਿੱਚ ਦੇਰੀ ਕਰਦਾ ਹੈ, ਜੋ ਆਪਣੇ ਆਪ ਵਿੱਚ ਪ੍ਰਕਾਸ਼ਤ, ਪ੍ਰਸਾਰ ਅਤੇ ਸੰਭਾਲ ਦੇ ਯੋਗ ਹੈ। ਟੱਚਸਟੋਨ ਫਿਰ ਵਪਾਰਕ ਬਣ ਜਾਂਦਾ ਹੈ। ਇਸ ਲਈ ਇਹ ਅਸਾਧਾਰਨ ਨਹੀਂ ਹੈ ਕਿ ਕਾਲਜਾਂ ਨੂੰ ਗੈਰ-ਵਪਾਰਕ ਖੇਤਰਾਂ ਵਿੱਚ ਉਹਨਾਂ ਗਤੀਵਿਧੀਆਂ ਦੀ ਤੁਲਨਾ ਵਿੱਚ ਘੱਟ ਦਿਲਚਸਪੀ ਲੈਂਦੇ ਹਨ ਜਿਹਨਾਂ ਵਿੱਚ ਵਪਾਰਕ ਓਵਰਲੇਅ ਹੁੰਦਾ ਹੈ। ਇਹ ਆਮ ਨਹੀਂ ਹੈ, ਪਰ ਉਸੇ ਟੋਕਨ ਦੁਆਰਾ, ਇਹ ਵਿਦਵਤਾਪੂਰਣ ਰੁਚੀ ਨੂੰ ਅੱਗੇ ਵਧਾਉਣ ਦੇ ਸਭ ਤੋਂ ਵਧੀਆ ਹਿੱਤ ਵਿੱਚ ਨਹੀਂ ਹੈ। ਵਾਸਤਵ ਵਿੱਚ, ਇਹ ਬਹਿਸਯੋਗ ਹੋ ਸਕਦਾ ਹੈ ਕਿ ਵਿਦਿਅਕ ਰੁਚੀ ਆਪਣੇ ਆਪ ਵਿੱਚ ਇੱਕ ਕੋਸ਼ਿਸ਼ ਹੈ ਅਤੇ ਅਸਲ ਵਿੱਚ ਇੱਕ ਵਿਦਿਅਕ ਸੰਸਥਾ ਦਾ ਦਿਲ ਹੈ। ਇਸ ਫੋਕਸ ਨੂੰ ਕਾਇਮ ਰੱਖਣ ਲਈ ਫੰਡਾਂ ਅਤੇ ਖੋਜ ਸਥਿਤੀ ਦੀ ਲੋੜ ਹੁੰਦੀ ਹੈ। ਫੰਡ ਲੱਭਣ ਜਾਂ ਇਸ ਤਰ੍ਹਾਂ ਦੇ ਯਤਨਾਂ ਦੀ ਸਮੱਸਿਆ, ਬੇਸ਼ਕ, ਉਹਨਾਂ ਫੰਡਾਂ 'ਤੇ ਵਾਪਸੀ ਨੂੰ ਜਾਇਜ਼ ਠਹਿਰਾਉਣ ਦੀ ਸਮੱਸਿਆ ਹੈ। ਅਜਿਹੇ ਮਾਮਲਿਆਂ ਵਿੱਚ ਇੱਕ-ਦੂਜੇ ਨਾਲ ਸਬੰਧ ਸਥਾਪਤ ਕਰਨਾ ਔਖਾ ਹੈ, ਅਤੇ ਇਸ ਨੂੰ ਇੱਕ ਵਿਦਿਅਕ ਯਤਨ ਵਜੋਂ ਜਾਇਜ਼ ਠਹਿਰਾਉਣ ਦਾ ਮਾਹੌਲ ਬਣਾਉਣਾ ਹੋਰ ਵੀ ਮੁਸ਼ਕਲ ਹੈ, ਜੋ ਕਿ ਕਿਸੇ ਵੀ ਚੰਗੀ ਵਿਦਿਅਕ ਸੰਸਥਾ ਦੀ ਨੀਂਹ ਹੈ। ਇਹ ਦਲੀਲ ਦੇਣਾ ਮੁਸ਼ਕਲ ਹੈ ਕਿ ਵਿਸ਼ਵ ਭਰ ਵਿੱਚ, ਚੰਗੀ ਤਰ੍ਹਾਂ ਸਥਾਪਿਤ ਅਕਾਦਮਿਕ ਸੰਸਥਾਵਾਂ ਇਸ ਖੋਜ ਮਾਹੌਲ ਨੂੰ ਬਣਾਉਣ ਵਿੱਚ ਬਹੁਤ ਸਾਰੇ ਸਰੋਤਾਂ ਦਾ ਨਿਵੇਸ਼ ਕਰਦੀਆਂ ਹਨ, ਅਤੇਵੱਖ-ਵੱਖ ਸੰਸਥਾਵਾਂ ਦੇ ਤੌਰ 'ਤੇ ਉਨ੍ਹਾਂ ਦੀ ਵਿਸ਼ਵਵਿਆਪੀ ਮਾਨਤਾ ਇਸ ਕਿਸਮ ਦੇ ਵਾਤਾਵਰਣ ਵਿੱਚ ਟਿਕੀ ਹੋਈ ਹੈ। ਅਜਿਹੇ ਵਿਰੋਧਾਭਾਸ ਜੀਵਨ ਵਿੱਚ ਆਮ ਹਨ। ਦੂਜਿਆਂ ਦੀ ਵਿਲੱਖਣਤਾ ਨਾਲ ਈਰਖਾ ਕਰਨਾ ਸੁਭਾਵਕ ਹੈ, ਪਰ ਉਸੇ ਕਿਸਮ ਦੀ ਸੌਖ ਇਹ ਪਛਾਣਨ ਦੇ ਨਾਲ ਨਹੀਂ ਹੈ ਕਿ ਉਸ ਕਿਸਮ ਦੀ ਵਿਲੱਖਣਤਾ ਨੂੰ ਬਣਾਉਣ ਲਈ ਕੀ ਲੈਣਾ ਚਾਹੀਦਾ ਹੈ। ਜਿਵੇਂ ਜਿਵੇਂ ਸੰਸਾਰ ਅੱਗੇ ਵਧਦਾ ਹੈ, ਵਿਸ਼ਵਵਿਆਪੀ ਤੁਲਨਾ, ਖਾਸ ਕਰਕੇ ਉਹਨਾਂ ਲੋਕਾਂ ਵਿੱਚ ਜੋ ਇੱਕ ਸਾਂਝੀ ਭਾਸ਼ਾ ਬੋਲਦੇ ਹਨ, ਵਧੇਰੇ ਵਾਰ-ਵਾਰ ਹੋ ਜਾਂਦੀ ਹੈ। ਆਮ ਤੌਰ 'ਤੇ, ਯੂਨੀਵਰਸਿਟੀਆਂ ਦੀ ਇੱਕ ਦਰਜਾਬੰਦੀ ਹੁੰਦੀ ਹੈ, ਪਰ ਅੰਤਰ-ਸੇ-ਰੈਂਕਿੰਗ, ਜਿਵੇਂ ਕਿ ਭਾਰਤ ਵਿੱਚ, ਹਮੇਸ਼ਾ ਅੰਗਰੇਜ਼ੀ ਬੋਲਣ ਵਾਲੇ ਸੰਸਾਰ ਦੀਆਂ ਸੰਸਥਾਵਾਂ ਵਿੱਚ ਹੁੰਦੀ ਹੈ। ਅੰਗਰੇਜ਼ੀ ਬੋਲਣ ਵਾਲੀ ਦੁਨੀਆਂ ਦੀਆਂ ਯੂਨੀਵਰਸਿਟੀਆਂ ਦੀ ਪੁਰਤਗਾਲੀ, ਸਪੈਨਿਸ਼ ਜਾਂ ਰੂਸੀ ਬੋਲਣ ਵਾਲੀ ਦੁਨੀਆਂ ਦੀਆਂ ਯੂਨੀਵਰਸਿਟੀਆਂ ਨਾਲ ਤੁਲਨਾ ਘੱਟ ਹੀ ਦੇਖਣ ਨੂੰ ਮਿਲਦੀ ਹੈ। ਇਸ ਤਰ੍ਹਾਂ, ਇਹ ਇਹ ਹੈ ਕਿ ਗਲੋਬਲ ਸ਼ਬਦ ਆਪਣੇ ਆਪ ਵਿੱਚ ਇੱਕ ਸਾਧਾਰਨੀਕਰਨ ਪ੍ਰਾਪਤ ਕਰਦਾ ਹੈ ਜੋ ਇਸਦੀ ਯੋਗਤਾ ਨਹੀਂ ਰੱਖਦਾ ਅਤੇ ਇਸ ਬਾਰੇ ਇੱਕ ਗਲਤ ਧਾਰਨਾ ਪੈਦਾ ਕਰਦਾ ਹੈ ਕਿ ਅਸਲ ਵਿੱਚ ਗਲੋਬਲ ਕੀ ਹੈ। ਸਾਰੇ ਉਦਯੋਗਾਂ ਦੀ ਤਰ੍ਹਾਂ, ਇੱਕ ਉਦਯੋਗ ਦੇ ਤੌਰ 'ਤੇ ਸਿੱਖਿਆ - ਜੇਕਰ ਇਸਨੂੰ ਇਸ ਤਰ੍ਹਾਂ ਕਿਹਾ ਜਾ ਸਕਦਾ ਹੈ-ਇਸ ਦੇ ਪਰਿਪੱਕ ਹੋਣ ਤੋਂ ਪਹਿਲਾਂ ਬਹੁਤ ਲੰਬਾ ਸਫ਼ਰ ਤੈਅ ਕਰਨਾ ਹੈ। ਇਸ ਕਮੀ ਦਾ ਅਹਿਸਾਸ ਪੈਦਾ ਕਰਨਾ ਔਖਾ ਹੈ ਅਤੇ ਫੈਲਾਉਣਾ ਹੋਰ ਵੀ ਔਖਾ ਹੈ। ਫੈਸਲੇ ਲੈਣ ਦੀ ਸ਼ਕਤੀ ਦੀ ਮਾਨਤਾ ਪ੍ਰਾਪਤ ਕਰਨਾ ਅਜੇ ਵੀ ਬਹੁਤ ਦੂਰ ਦਾ ਮਾਮਲਾ ਹੈ। ਸਪੱਸ਼ਟ ਤੌਰ 'ਤੇ, ਆਮ ਸੰਵੇਦਨਾਤਮਕ ਸਾਧਾਰਨੀਕਰਨਾਂ ਤੋਂ ਪਰੇ, ਇਸ ਦੇ ਲੰਬੇ-ਸੀਮਾ ਦੇ ਮੁੱਲ ਲਈ ਅਸਲ ਵਿੱਚ ਮੁਲਾਂਕਣ ਕੀਤੇ ਜਾਣ ਤੋਂ ਪਹਿਲਾਂ, ਇੱਕ ਕੋਸ਼ਿਸ਼ ਦੇ ਰੂਪ ਵਿੱਚ ਸਿੱਖਿਆ ਨੂੰ ਬਹੁਤ ਲੰਮਾ ਸਫ਼ਰ ਤੈਅ ਕਰਨਾ ਹੈ। ਇਹਨਾਂ ਵਿੱਚੋਂ ਕੁਝ ਮੁੱਦਿਆਂ ਨਾਲ ਨਜਿੱਠਣ ਲਈ ਇੱਕ ਰਾਸ਼ਟਰੀ ਸਿੱਖਿਆ ਨੀਤੀ ਦਾ ਮੌਕਾ ਇੱਕ ਢੁਕਵਾਂ ਮੌਕਾ ਹੁੰਦਾ, ਪਰ ਫਿਰ ਇਸ ਦੀ ਕੋਸ਼ਿਸ਼ ਕੀਤੇ ਜਾਣ ਤੋਂ ਪਹਿਲਾਂ ਸ਼ਾਇਦ ਇਸਨੂੰ ਇੱਕ ਸੋਧ ਦੀ ਉਡੀਕ ਕਰਨੀ ਪਵੇਗੀ। **-ਵਿਜੈ ਗਰਗ**

# ਨਵੇਂ ਸਮੇਂ ਦੀ ਮੰਗ ਤਕਨੀਕੀ ਸਮੱਗਰੀ ਲੇਖਣੀ ਹੈ

ਤਕਨਾਲੋਜੀ ਦੇ ਵਧਦੇ ਪ੍ਰਸਾਰ ਦੇ ਨਾਲ, ਤਕਨੀਕੀ ਸਮੱਗਰੀ ਦੀ ਲੋੜ ਵਧ ਗਈ ਹੈ। ਇੱਥੇ ਤਕਨੀਕੀ ਸਮੱਗਰੀ ਦਸਤਾਵੇਜ਼ਾਂ, ਰਿਪੋਰਟਾਂ, ਬਰੋਸ਼ਰ, ਉਪਭੋਗਤਾ ਮੈਨੂਅਲ ਤੋਂ ਲੈ ਕੇ ਬਲੌਗ, ਖੋਜ ਪੱਤਰਾਂ ਤੱਕ ਉਤਪਾਦ ਵਿਕਾਸ ਪ੍ਰਕਿਰਿਆ ਦੇ ਵੱਖ-ਵੱਖ ਪੜਾਵਾਂ ਦਾ ਵਰਣਨ ਕਰਦੀ ਹੈ। ਅਜੋਕੇ ਸਮੇਂ ਵਿੱਚ, ਤਕਨੀਕੀ ਸਮੱਗਰੀ ਲੇਖਕਾਂ ਲਈ ਬਹੁਤ ਸਾਰਾ ਕੰਮ ਕੀਤਾ ਜਾ ਰਿਹਾ ਹੈ। ਇਸ ਲੇਖ ਨੂੰ ਲਿਖਣ ਦੇ ਸਮੇਂ, ਲਿੰਕਡਇਨ ਇੰਡੀਆ 'ਤੇ ਤਕਨੀਕੀ ਸਮੱਗਰੀ ਲੇਖਕਾਂ ਦੀ ਮੰਗ ਕਰਨ ਵਾਲੇ 8000 ਮੌਕੇ ਪ੍ਰਗਟ ਹੋਏ। ਜਦਕਿ ਹੁਨਰ ਸਿਖਲਾਈ ਲਈ ਆਨਲਾਈਨ ਪਲੇਟਫਾਰਮਆਈਆਈਐਮ ਸਕਿੱਲਜ਼ ਦੇ ਅਨੁਸਾਰ, ਅਗਲੇ ਦਸ ਸਾਲਾਂ ਵਿੱਚ ਤਕਨੀਕੀ ਸਮੱਗਰੀ ਲਿਖਣਾ ਇੱਕ ਮੁੱਖ ਧਾਰਾ ਦਾ ਕੈਰੀਅਰ ਬਣ ਜਾਵੇਗਾ। ਤਕਨੀਕੀ ਸਮੱਗਰੀ ਲਿਖਣਾ ਕੀ ਹੈ? ਇੱਕ ਤਕਨੀਕੀ ਸਮੱਗਰੀ ਲੇਖਕ ਕੋਲ ਸ਼ਾਨਦਾਰ ਲਿਖਣ ਦੇ ਹੁਨਰ ਅਤੇ ਤਕਨੀਕੀ ਸਮਝ ਦਾ ਇੱਕ ਵਧੀਆ ਸੁਮੇਲ ਹੁੰਦਾ ਹੈ। ਉਹ ਤਕਨੀਕੀ ਮਾਹਰਾਂ, ਜਿਵੇਂ ਕਿ ਇੰਜੀਨੀਅਰ, ਵਿਗਿਆਨੀ, ਆਈ.ਟੀ. ਪੇਸ਼ੇਵਰਾਂ, ਅਤੇ ਖਪਤਕਾਰਾਂ ਅਤੇ ਘੱਟ ਤਕਨੀਕੀ ਸਮਝ ਵਾਲੇ ਲੋਕਾਂ ਵਿਚਕਾਰ ਅਨੁਵਾਦਕਾਂ ਵਜੋਂ ਕੰਮ ਕਰਦੇ ਹਨ। ਉਹ ਮਾਰਕੀਟ ਵਿੱਚ ਇੱਕ ਬ੍ਰਾਂਡ ਦੀ ਸਾਖ ਅਤੇ ਭਰੋਸੇਯੋਗਤਾ ਬਣਾਉਣ ਵਿੱਚ ਆਪਣੇ ਲਿਖਣ ਦੇ ਹੁਨਰ ਦੁਆਰਾ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਕਿੰਨੀਆਂ ਕਿਸਮਾਂ ਕੀ ਕੰਮ ਸਾਫਟਵੇਅਰ ਡੌਕੂਮੈਂਟੇਸ਼ਨ ਰਾਈਟਰ ਇਹ ਸਾਫਟਵੇਅਰ ਲਈ ਗਾਈਡਾਂ, ਮੈਨੂਅਲ ਅਤੇ ਦਸਤਾਵੇਜ਼ ਬਣਾਉਣ ਦੇ ਮਾਹਰ ਹਨ। ਤਕਨੀਕੀ ਕਾਪੀਰਾਈਟਰ: ਤਕਨੀਕੀ ਉਤਪਾਦਾਂ ਜਾਂ ਸੇਵਾਵਾਂ ਲਈ ਮਜ਼ਬੂਤ ਅਤੇ ਸਧਾਰਨ ਮਾਰਕੀਟਿੰਗ ਅਤੇ ਵਿਗਿਆਪਨ ਸਮੱਗਰੀ ਬਣਾਉਂਦਾ ਹੈ। API ਦਸਤਾਵੇਜ਼ ਲੇਖਕ ਐਪਲੀਕੇਸ਼ਨ ਪ੍ਰੋਗਰਾਮਿੰਗ ਇੰਟਰਫੇਸ (ਓਫੀਸ) ਲਈ ਸਪਸ਼ਟ ਅਤੇ ਸੰਖੇਪ ਦਸਤਾਵੇਜ਼ ਬਣਾਉਣ ਵਿੱਚ ਨਿਪੁੰਨ ਹਨ। ਤਾਂ ਜੋ ਡਿਵੈਲਪਰ ਆਸਾਨੀ ਨਾਲ ਸਿੰਕ ਕਰ ਸਕਣ ਅਤੇ ਓਫੀ ਨੂੰ ਆਪਣੇ ਪ੍ਰੋਜੈਕਟਾਂ ਵਿੱਚ ਵਰਤ ਸਕਣ। ਯੂਐਕਸ ਲੇਖਕ ਡਿਜੀਟਲ ਉਤਪਾਦ ਦੀ ਵਰਤੋਂ ਕਰਦੇ ਹੋਏ ਉਪਭੋਗਤਾ ਦੇ ਅਨੁਭਵ 'ਤੇ ਧਿਆਨ ਕੇਂਦ੍ਰਤ ਕਰਦਾ ਹੈ।ਟੈਕਸਟ ਲਿਖਦਾ ਹੈ ਜੋ ਅਨੁਭਵ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਦਾ ਹੈ। ਜਿਵੇਂ ਕਿ ਇੱਕ ਵੈਬਸਾਈਟ 'ਤੇ ਬਟਨ ਲੇਬਲਿੰਗ, ਗਲਤੀ ਸੁਨੇਹੇ, ਆਨਬੋਰਡ ਸੁਨੇਹੇ ਆਦਿ।

ਮੈਡੀਕਲ ਅਤੇ ਵਿਗਿਆਨ ਲੇਖਕ ਉਹ ਗੁੰਝਲਦਾਰ ਖੋਜ ਖੋਜਾਂ, ਡਾਕਟਰੀ ਪ੍ਰਕਿਰਿਆਵਾਂ ਜਾਂ ਵਿਗਿਆਨਕ ਧਾਰਨਾਵਾਂ ਨੂੰ ਸਰਲ ਭਾਸ਼ਾ ਵਿੱਚ ਖਪਤਕਾਰਾਂ ਤੱਕ ਪਹੁੰਚਾਉਂਦੇ ਹਨ। ਚਿੱਟੇ ਪੇਪਰ ਲੇਖਕ ਵਿਦਿਅਕ, ਲੀਡਰਸ਼ਿਪ, ਜਾਂ ਕਾਰਪੋਰੇਟ ਖੇਤਰਾਂ ਲਈ ਤਕਨਾਲੋਜੀਆਂ ਅਤੇ ਰੁਝਾਨਾਂ ਬਾਰੇ ਚਰਚਾ ਕਰਨ ਵਾਲੇ ਦਸਤਾਵੇਜ਼ ਲਿਖਦਾ ਹੈ। ਸੋਸ਼ਲ ਮੀਡੀਆ ਤਕਨੀਕੀ ਲੇਖਕ ਉਪ-ਭੋਗਤਾਵਾਂ ਨਾਲ ਜੁੜਨ ਲਈ ਟਵਿੱਟਰ, ਲਿੰਕਡਇਨ ਅਤੇ ਇੰਸਟਾਗ੍ਰਾਮ ਵਰਗੇ ਪਲੇਟਫਾਰਮਾਂ ਦੀ ਵਰਤੋਂ ਕਰਦੇ ਹਨ।'ਤੇ ਲਿਖੋ। AI ਨੂੰ ਹਰਾਇਆ ਨਹੀਂ ਜਾ ਸਕਦਾ। ਇਹ ਆਮ ਤੌਰ 'ਤੇ ਮੰਨਿਆ ਜਾਂਦਾ ਹੈ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਆਉਣ ਨਾਲ ਅਜਿਹੇ ਹੁਨਰ ਅਲੋਪ ਹੋ ਜਾਣਗੇ, ਪਰ ਇਸ ਨੂੰ ਸਮਝੋ। AI ਹਰੇਕ ਲਈ ਸਾਂਝੀ ਸਮੱਗਰੀ ਬਣਾਉਂਦਾ ਹੈ। ਜਦੋਂ ਕਿ ਤਕਨੀਕੀ ਸਮੱਗਰੀ ਰਾਈਟਿੰਗ ਵਿੱਚ ਲਿਖਣ ਲਈ ਕਿਸੇ ਖਾਸ ਕੰਪਨੀ ਦੀਆਂ ਲੋੜਾਂ ਨੂੰ ਸਮਝਣ ਦੀ ਲੋੜ ਹੁੰਦੀ ਹੈ। ਡੇਟਾ ਦੀ ਸ਼ੁੱਧਤਾ ਲਈ ਵੀ ਓੀ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ ਹੈ। ਖਪਤਕਾਰਾਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਸਮਝਣਾ ਅਤੇ ਦਿਲਚਸਪ ਤਰੀਕੇ ਨਾਲ ਲਿਖਣਾ AI ਰਾਹੀਂ ਫਿਲਹਾਲ ਸੰਭਵ ਨਹੀਂ ਹੈ। **-ਵਿਜੈ ਗਰਗ**

# ਵਿਆਹ ਦੀ ਰਸਮ ਬਜ਼ਾਰ ਨੂੰ ਸੌਂਪ ਦਿੱਤੀ

ਫਿਲਮ 'ਦਿਲਵਾਲੇ ਦੁਲਹਨੀਆ ਲੇ ਜਾਏਂਗੇ' ਦਾ ਜ਼ਿਆਦਾਤਰ ਹਿੱਸਾ ਵਿਆਹ 'ਤੇ ਕੇਂਦਰਿਤ ਹੈ। ਇਸ ਫਿਲਮ 'ਚ ਵਿਆਹ ਦੀਆਂ ਸਾਰੀਆਂ ਰਸਮਾਂ ਘਰ 'ਚ ਹੀ ਮਨਾਈਆਂ ਜਾਂਦੀਆਂ ਦਿਖਾਈਆਂ ਗਈਆਂ ਹਨ। ਅਸਲ ਵਿੱਚ ਪਹਿਲਾਂ ਵਿਆਹ ਘਰਾਂ ਵਿੱਚ ਹੀ ਹੁੰਦੇ ਸਨ। ਜਿਸ ਦਾ ਆਯੋਜਨ ਕਈ ਦਿਨਾਂ ਤੋਂ ਕੀਤਾ ਗਿਆ ਸੀ। ਹੁਣ ਵਿਆਹ ਦੇ ਪਵਿੱਤਰ ਬੰਧਨ ਦਾ ਮਸਲਾ ਕਿਤੇ ਦੱਬ ਕੇ ਰਹਿ ਗਿਆ ਹੈ। ਹੁਣ ਇਹ ਪੂਰੀ ਤਰ੍ਹਾਂ ਕਾਰੋਬਾਰ ਦਾ ਹਿੱਸਾ ਬਣ ਗਿਆ ਹੈ। ਅੱਜਕੱਲ੍ਹ ਮੱਧ ਵਰਗੀ ਪਰਿਵਾਰਾਂ ਵਿੱਚ ਵੀ ਹੁਣ ਵਿਆਹਾਂ ਦਾ ਖਰਚਾ ਲੱਖਾਂ ਵਿੱਚ ਚੱਲ ਰਿਹਾ ਹੈ। ਇਹ ਵਰਗ ਵੀ ਆਪਣੇ ਬੱਚਿਆਂ ਦੇ ਵਿਆਹ ਵਿੱਚ ਕਿਸੇ ਤੋਂ ਪਿੱਛੇ ਨਹੀਂ ਰਹਿਣਾ ਚਾਹੁੰਦਾ। ਭਾਵੇਂ ਕਰਜ਼ਾ ਲੈਣਾ ਪਵੇ। ਅਜਿਹੇਅਜਿਹਾ ਨਹੀਂ ਹੈ ਕਿ ਸਸਤੇ ਵਿਆਹ ਨਹੀਂ ਹੋ ਰਹੇ। ਸਮੂਹਿਕ ਵਿਆਹ ਤਾਂ ਸਸਤੇ ਵਿਚ ਹੋਣ ਲੱਗ ਪਏ ਹਨ ਪਰ ਇਨ੍ਹਾਂ ਵਿਚ ਸ਼ਾਮਲ ਲੋਕਾਂ ਵਿਚ ਉਹੀ ਉਤਸ਼ਾਹ ਨਜ਼ਰ ਨਹੀਂ ਆ ਰਿਹਾ। ਇਹੀ ਹਾਲ ਮੰਦਰਾਂ ਅਤੇ ਸੇਵਾ-ਮੁਕਤ ਸੰਸਥਾਵਾਂ ਵੱਲੋਂ ਕਰਵਾਏ ਜਾਂਦੇ ਵਿਆਹ ਸਮਾਗਮਾਂ ਦਾ ਹੈ। ਦਰਅਸਲ ਹੁਣ ਵਿਆਹ ਸ਼ਾਦੀ ਯੋਜਨਾਵਾਂ ਤਹਿਤ ਹੋਣ ਲੱਗ ਪਏ ਹਨ। ਲੋਕ ਕਈ ਤਰ੍ਹਾਂ ਦੇ ਪ੍ਰਬੰਧਾਂ ਤੋਂ ਬਚਣ ਲੱਗੇ ਹਨ। ਇਸ ਲਈ ਮੈਨੇਜਮੈਂਟ ਕੰਪਨੀਆਂ ਬਾਜ਼ਾਰ ਵਿੱਚ ਆਉਣ ਲੱਗੀਆਂ ਹਨ। ਤੁਹਾਨੂੰ ਕੁਝ ਕਰਨ ਦੀ ਲੋੜ ਨਹੀਂ, ਤੁਸੀਂ ਬੱਸ ਆਰਡਰ ਕਰੋ, ਕੰਮ ਹੋ ਜਾਵੇਗਾ। ਇਸਦੇ ਲਈ ਲੋੜੀਂਦਾ ਸਭ ਕੁਝ ਹੈ ਜਿੱਥੋਂ ਤੱਕ ਤੁਹਾਡੀ ਜੇਬ ਇਜਾਜ਼ਤ ਦਿੰਦੀ ਹੈ।ਹੈ। ਜਦੋਂ ਤੱਕ ਤੁਹਾਡੀ ਜੇਬ ਵਿੱਚ ਪੈਸੇ ਹਨ, ਤੁਹਾਡੇ ਸਾਰੇ ਕੰਮ ਤੁਰੰਤ ਹੋ ਜਾਣਗੇ। ਪਹਿਲਾਂ ਵਿਆਹ ਵਾਲੇ ਦਿਨ ਮੰਗਲ ਗੀਤਾਂ ਦਾ ਪ੍ਰੋਗਰਾਮ ਹੁੰਦਾ ਸੀ, ਜਿਸ ਵਿੱਚ ਪਰਿਵਾਰ ਦੇ ਮੈਂਬਰ ਹੀ ਸ਼ਾਮਲ ਹੁੰਦੇ ਸਨ। ਹੁਣ ਅਜਿਹਾ ਨਾ ਹੋਵੇ, ਇਸ ਲਈ ਮੈਰਿਜ ਪਲਾਨਿੰਗ ਏਜੰਸੀਆਂ ਵੀ ਤਿਆਰ ਹਨ। ਇਹ ਉਹ ਹਨ ਜੋ ਇਸ ਮੰਗਲ ਗੀਤ ਪ੍ਰੋਗਰਾਮ ਲਈ ਪੇਸ਼ੇਵਰ ਸੰਗੀਤਕਾਰਾਂ ਅਤੇ ਡਾਂਸਰਾਂ ਦੀ ਚੋਣ ਕਰਦੇ ਹਨ। ਇਹ ਪ੍ਰੋਗਰਾਮ ਵੀ ਪੂਰੀ ਤਰ੍ਹਾਂ ਪੇਸ਼ੇਵਰ ਬਣ ਗਿਆ ਹੈ।

ਵੱਖ-ਵੱਖ ਤਰ੍ਹਾਂ ਦੇ ਲੋਕਾਂ ਦੀ ਸ਼ਮੂਲੀਅਤ ਨਾਲ ਉਨ੍ਹਾਂ ਦੀ ਪਸੰਦ ਦੇ ਖਾਣੇ ਦਾ ਵੱਖਰਾ ਪ੍ਰਬੰਧ ਹੋਣਾ ਸ਼ੁਰੂ ਹੋ ਗਿਆ ਹੈ। ਇੱਕ ਤੋਂ ਇੱਕ ਪਕਵਾਨਾਂਇਸ ਰਾਹੀਂ ਲੋਕਾਂ ਨੂੰ ਲੁਭਾਉਣ ਦੇ ਯਤਨ ਵੀ ਸ਼ੁਰੂ ਹੋ ਗਏ ਹਨ। ਆਲੀਸ਼ਾਨ ਵਿਆਹ ਦੇ ਬਜਟ 'ਚ 30 ਫੀਸਦੀ ਮੇਨੂ ਸਰਵਿਸ ਅਤੇ ਕੇਟਰਿੰਗ ਸਰਵਿਸ 'ਤੇ, 19 ਫੀਸਦੀ ਤੋਹਫੇ 'ਤੇ, 14 ਫੀਸਦੀ ਸਜਾਵਟ 'ਤੇ, 12 ਫੀਸਦੀ ਈਵੈਂਟ ਪਲਾਨਿੰਗ 'ਤੇ, ਅੱਠ ਫੀਸਦੀ ਹਨੀਮੂਨ 'ਤੇ, ਤਿੰਨ ਫੀਸਦੀ ਫੋਟੋਗ੍ਰਾਫੀ 'ਤੇ ਖਰਚ ਕੀਤਾ ਜਾਂਦਾ ਹੈ। ਦੇਸ਼ ਵਿਚ ਹਰ ਸਾਲ ਵਿਆਹਾਂ ਲਈ ਖਰੀਦੇ ਜਾਣ ਵਾਲੇ ਗਹਿਣਿਆਂ 'ਤੇ 60 ਹਜ਼ਾਰ ਕਰੋੜ ਰੁਪਏ ਖਰਚ ਹੁੰਦੇ ਹਨ। 4 ਹਜ਼ਾਰ ਕਰੋੜ ਰੁਪਏ ਦੇ ਹੋਟਲ ਦੇ ਕਮਰੇ ਬੁੱਕ ਹੋਏ ਹਨ। ਕੱਪੜਿਆਂ 'ਤੇ 10 ਹਜ਼ਾਰ ਕਰੋੜ ਰੁਪਏ ਖਰਚ ਹੁੰਦੇ ਹਨ। ਵਿਆਹ ਤੋਂ ਪਹਿਲਾਂ ਦੇ ਖਰਚੇ ਇਸ ਵਿੱਚ ਸ਼ਾਮਲ ਨਹੀਂ ਹਨ। ਇਹਇਹ ਇੱਕ ਮਹਿੰਗਾ ਪ੍ਰੋਗਰਾਮ ਵੀ ਹੈ, ਜਿਸ ਵਿੱਚ ਲਾੜਾ-ਲਾੜੀ ਵਿਆਹ ਤੋਂ ਪਹਿਲਾਂ ਵੱਖ-ਵੱਖ ਇਤਿਹਾਸਕ ਸਥਾਨਾਂ 'ਤੇ ਜਾਂਦੇ ਹਨ ਅਤੇ ਵੱਖ-ਵੱਖ ਪੋਜ਼ਾਂ ਵਿੱਚ ਆਪਣੀਆਂ ਤਸਵੀਰਾਂ ਖਿੱਚਦੇ ਹਨ। ਜ਼ਾਹਿਰ ਹੈ ਕਿ ਲੋਕ ਲਾਪਰਵਾਹੀ ਨਾਲ ਖਰਚ ਕਰਨ ਵਿਚ ਪਿੱਛੇ ਨਹੀਂ ਰਹਿਣਾ ਚਾਹੁੰਦੇ। ਅਜਿਹੇ ਵਿੱਚ ਆਮ ਆਦਮੀ ਦੀ ਕੀ ਹਾਲਤ ਹੋਵੇਗੀ? ਇਸ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

**-ਵਿਜੈ ਗਰਗ**

# ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਦੇ ਨਾਂ ਇਕ ਪੱਤਰ



ਸਰਵਜੀਤ ਸਿੰਘ ਸੈਕਰਾਮੈਂਟੋ
sarbjits@gmail.com>

ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ।
ਸ੍ਰੀ ਅੰਮ੍ਰਿਤਸਰ ਸਾਹਿਬ।
ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫ਼ਤਿਹ।

ਵਿਸ਼ਾ:- ਅਕਾਲ ਤਖਤ ਸਾਹਿਬ ਵੱਲੋਂ ਜਾਰੀ ਪ੍ਰਸੰਸਾ ਪੱਤਰ/ਇਕ ਪੜਚੋਲ

ਸਤਿਕਾਰਯੋਗ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ, ਪਿਛਲੇ ਦਿਨੀ ਸ੍ਰੀ ਅਕਾਲ ਤਖਤ ਸਾਹਿਬ ਦੇ Letterpad ਉੱਪਰ ਅਤੇ ਆਪ ਜੀ ਦੇ ਦਸਖਤਾਂ ਨਾਲ ਜਾਰੀ ਹੋਇਆ ਇਕ 'ਪ੍ਰਸੰਸਾ ਪੱਤਰ' (ਅ:੩/੨੪/੫੯੧ ਮਿਤੀ ੦੨/੦੨/੨੦੨੪) ਈ-ਮੇਲ ਰਾਹੀ ਪ੍ਰਾਪਤ ਹੋਇਆ ਹੈ। ਆਪ ਜੀ ਵੱਲੋਂ ਇਹ ਪ੍ਰਸੰਸਾ ਪੱਤਰ 'ਸੰਤ ਸਿਪਾਹੀ' ਨਾਮ ਦੀ ਇਕ ਜਥੇਬੰਦੀ ਵੱਲੋਂ ਛਾਪੇ ਗਏ ਕੈਲੰਡਰ ਦੇ ਸਬੰਧ ਵਿੱਚ ਜਾਰੀ ਕੀਤਾ ਗਿਆ ਹੈ। ਜਿਸ ਵਿੱਚ ਆਪ ਜੀ ਲਿਖਦੇ ਹੋ, "ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਸਮੇਂ ਤੋਂ ਸਿੱਖ ਪੰਥ ਦਾ ਮੂਲ ਕੈਲੰਡਰ ਤੇ ਜੰਤਰੀ 'ਨਾਨਕਸ਼ਾਹੀ ਸੰਮਤ' ਸਿੱਖ ਕੌਮ ਵਿੱਚ ਪ੍ਰਚਲਤ ਹੈ। ਇਸ ਦੇ ਅਧਾਰ 'ਤੇ ਹੀ ਗੁਰੂ ਸਾਹਿਬਾਨ ਦੇ ਪੁਰਬ ਅਤੇ ਸਿੱਖ ਇਤਿਹਾਸ ਦੇ ਦਿਨ-ਦਿਹਾੜੇ ਵਾਚੇ ਤੇ ਮਨਾਏ ਜਾਦੇ ਹਨ"।



ੴ ਵਾਹਿਗੁਰੂ ਜੀ ਕੀ ਫਤਹ ॥

ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ
ਜਥੇਦਾਰ,
ਸ੍ਰੀ ਅਕਾਲ ਤਖ਼ਤ ਸਾਹਿਬ,
ਸ੍ਰੀ ਅੰਮ੍ਰਿਤਸਰ ਸਾਹਿਬ।

Singh Sahib Giani Raghbir Singh
Jathedar,
Sri Akal Takhat Sahib,
Sri Amritsar Sahib (Pb.) India

ਫੋਨ: +91 183 2540820 | ਮੋਬਾਇਲ: 94644-30523 | E-Mail: akaltakhatsahib64@gmail.com | Website: www.sgpc.net

ਪੱਤਰ ਨੰ:ਅ:੩/੨੪/੫੯੧ ਮਿਤੀ ੦੨/੦੨/੨੦੨੪

ਪ੍ਰਸੰਸਾ ਪੱਤਰ

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਸਮੇਂ ਤੋਂ ਸਿੱਖ ਪੰਥ ਦਾ ਮੂਲ ਕੈਲੰਡਰ ਤੇ ਜੰਤਰੀ "ਨਾਨਕਸ਼ਾਹੀ ਸੰਮਤ" ਸਿੱਖ ਕੌਮ ਵਿਚ ਪ੍ਰਚਲਤ ਹੈ। ਇਸ ਦੇ ਅਧਾਰ 'ਤੇ ਹੀ ਗੁਰੂ ਸਾਹਿਬਾਨ ਦੇ ਪੁਰਬ ਅਤੇ ਸਿੱਖ ਇਤਿਹਾਸ ਦੇ ਦਿਨ-ਦਿਹਾੜੇ ਵਾਚੇ ਤੇ ਮਨਾਏ ਜਾਂਦੇ ਹਨ। ਹੱਥਲਾ ਨਾਨਕਸ਼ਾਹੀ ਸੰਮਤ ੫੫੬ ਇੱਕ ਸਫੇ ਵਿਚ 'ਸੰਤ ਸਿਪਾਹੀ' ਵੱਲੋਂ ਤਿਆਰ ਕੀਤਾ ਗਿਆ ਕੈਲੰਡਰ ਪ੍ਰਸੰਸਾਯੋਗ ਕਾਰਜ ਹੈ। ਸੰਗਤਾਂ ਇਸ ਤੋਂ ਲਾਭ ਪ੍ਰਾਪਤ ਕਰਕੇ ਗੁਰੂ ਸਾਹਿਬਾਨ ਅਤੇ ਸਿੱਖ ਇਤਿਹਾਸ ਦੇ ਪੁਰਬਾਂ ਨੂੰ ਜਾਹੋ-ਜਲਾਲ ਨਾਲ ਮਨਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

ਗੁਰੂ ਰਾਖਾ

ਗੁਰੂ ਪੰਥ ਦਾ ਦਾਸ,

(ਸਿੰਘ ਸਾਹਿਬ ਗਿ. ਰਘਬੀਰ ਸਿੰਘ)

ਇਸ ਸਬੰਧੀ ਬੇਨਤੀ ਹੈ ਕਿ, ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਸਮੇਂ ਆਪਣੇ ਖਿੱਤੇ ਵਿੱਚ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ (ਸੂਰਜੀ ਸਿਧਾਂਤ) ਲਾਗੂ ਸੀ। ਗੁਰੂ ਕਾਲ ਦੇ ਸਮੇਂ ਦਾ ਇਤਿਹਾਸ ਇਸੇ ਕੈਲੰਡਰ ਦੀਆਂ ਤਿੱਥਾਂ ਅਤੇ ਪ੍ਰਵਿਸ਼ਟਿਆਂ ਵਿੱਚ ਲਿਖਿਆਂ ਮਿਲਦਾ ਹੈ। ਇਸ ਕੈਲੰਡਰ ਮੁਤਾਬਕ ਗੁਰੂ ਨਾਨਕ ਜੀ ਦਾ ਪ੍ਰਕਾਸ਼ ਸੰਮਤ 1526 ਬਿਕ੍ਰਮੀ ਵਿੱਚ ਹੋਇਆ ਸੀ। ਜਿਥੋਂ ਤੱਕ ਜਾਣਕਾਰੀ ਮਿਲੀ ਹੈ, ਬਿਕ੍ਰਮੀ ਕੈਲੰਡਰ ਉੱਪਰ ਹੀ 'ਨਾਨਕਸ਼ਾਹੀ ਸੰਮਤ' ਲਿਖਣ ਦਾ ਰਿਵਾਜ, ਉਨਵੀਂ ਸਦੀ ਦੇ ਅਖੀਰ ਵਿੱਚ ਪੱਥਰ ਛਾਪੇ ਦੇ ਆਉਣ ਤੋਂ ਪਿਛੋਂ ਹੀ ਪ੍ਰਚੱਲਤ ਹੋਇਆ ਸੀ। ਆਪਣੇ ਸੀਮਤ ਸਾਧਨਾ ਰਾਹੀ ਕੀਤੀ ਖੋਜ-ਪੜਤਾਲ ਦੇ ਨਤੀਜੇ ਵੱਲੋਂ ਸਾਨੂੰ, ਸੰਮਤ ੪੧੪ ਨਾਨਕਸ਼ਾਹੀ (੧੯੮੩ ਈ:) ਵਿੱਚ ਵੈਕਟੋਰੀਆ ਪ੍ਰੈਸ ਲਾਹੌਰ ਵਿੱਚ ਛਪੀ, ਬਾਲੇ ਵਾਲੀ ਜਨਮ ਸਾਖੀ ਉੱਪਰ ਇਹ ਸਮੰਤ ਮਿਲਿਆ ਹੈ। ਹੋ ਸਕਦਾ ਹੈ ਕਿ ਕਿਸੇ ਹੋਰ ਲਿਖਤ ਓਪਰ, ਇਸ ਤੋਂ ਕੁਝ ਸਾਲ ਪਹਿਲਾ ਦਾ ਵੀ ਹੋਵੇ, ਪਰ ਇਹ ਗੱਲ ਦਾਵੇ ਨਾਲ ਕਹੀ ਜਾ ਸਕਦੀ ਹੈ ਕਿ ਬਿਕ੍ਰਮੀ ਕੈਲੰਡਰ ਉੱਪਰ ਨਾਨਕਸ਼ਾਹੀ ਸੰਮਤ ਲਿਖਣ ਦਾ ਆਰੰਭ ਸੰਮਤ 1526 ਬਿਕ੍ਰਮੀ ਤੋਂ ਬਿਲਕੁਲ ਨਹੀਂ ਸੀ ਹੋਇਆ। ਇਸ ਲਈ ਆਪ ਜੀ ਵੱਲੋਂ ਲਿਖੇ ਸ਼ਬਦ, "ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਸਮੇਂ ਤੋਂ ਸਿੱਖ ਪੰਥ ਦਾ ਮੂਲ ਕੈਲੰਡਰ ਤੇ ਜੰਤਰੀ 'ਨਾਨਕਸ਼ਾਹੀ ਸੰਮਤ' ਸਿੱਖ ਕੌਮ ਵਿੱਚ ਪ੍ਰਚਲਤ ਹੈ", ਪਰਖ ਦੀ ਕੱਸਵੱਟੀ ਤੇ ਪੂਰੇ ਨਹੀਂ ਉੱਤਰਦੇ।

ਦੂਜੀ ਬੇਨਤੀ ਇਹ ਹੈ ਕਿ ਜੇ ਬਿਕ੍ਰਮੀ ਕੈਲੰਡਰ ਉੱਪਰ ਨਾਨਕਸ਼ਾਹੀ ਸੰਮਤ (ਖਾਲਸਾ ਸੰਮਤ ਵੀ ਲਿਖਿਆ ਮਿਲਦਾ ਹੈ) ਲਿਖ ਵੀ ਦਿੱਤਾ ਜਵੇ ਤਾਂ ਵੀ ਉਸ ਕੈਲੰਡਰ ਨੂੰ ਨਾਨਕਸ਼ਾਹੀ ਕੈਲੰਡਰ ਨਹੀਂ ਕਿਹਾ ਜਾ ਸਕਦਾ। ਉਹ ਚੰਦਰ ਸੂਰਜੀ ਬਿਕ੍ਰਮੀ ਕੈਲੰਡਰ (ਸੂਰਜੀ ਸਿਧਾਂਤ) ਹੀ ਰਹੇਗਾ। ਬਿਕ੍ਰਮੀ ਕੈਲੰਡਰ ਉਪਰ ਹੀ ਨਾਮ ਲਿਖਣ ਜਾਂ ਸ਼੍ਰੋਮਣੀ ਕਮੇਟੀ ਵਾਗੂੰ, ਬਿਕ੍ਰਮੀ ਕੈਲੰਡਰ ਦਾ ਨਾਮ ਬਦਲੀ ਕਰਨ ਨਾਲ ਹੀ ਨਾਨਕਸ਼ਾਹੀ ਕੈਲੰਡਰ ਨਹੀਂ ਬਣਾ ਜਾਂਦਾ। ਹਰ ਕੈਲੰਡਰ ਦਾ ਆਪਣਾ ਵਿਧੀ ਵਿਧਾਨ ਹੁੰਦਾ ਹੈ। ਬਿਕ੍ਰਮੀ ਕੈਲੰਡਰ ਅਤੇ ਨਾਨਕਸ਼ਾਹੀ ਕੈਲੰਡਰ, ਦੋ ਵੱਖ-ਵੱਖ ਕੈਲੰਡਰ ਹਨ।

ਸਤਿਕਾਰ ਯੋਗ ਸਿੰਘ ਸਾਹਿਬ ਜੀ, ਇਸੇ ਪੱਤਰ ਵਿੱਚ ਆਪ ਜੀ ਨੇ ਸੰਗਤਾਂ ਨੂੰ ਆਦੇਸ਼ ਕੀਤਾ ਹੈ, "ਸੰਗਤਾਂ ਇਸ ਤੋਂ ਲਾਭ ਪ੍ਰਾਪਤ ਕਰਕੇ ਗੁਰੂ ਸਾਹਿਬਾਨ ਅਤੇ ਇਤਿਹਾਸ ਦੇ ਪੁਰਬਾਂ ਨੂੰ ਜਾਹੋ-ਜਲਾਲ ਨਾਲ ਮਨਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ"।

ਅਕਾਲ ਤਖਤ ਸਾਹਿਬ ਦੇ ਆਦੇਸ਼ ਮੁਤਬਕ ਤਾਂ ਹਰ ਸਿੱਖ ਨੂੰ ਆਪ ਜੀ ਦਾ ਇਹ ਆਦੇਸ਼ ਨੂੰ ਮੰਨਣਾਚਾਹੀ ਹੈ ਪਰ, ਜਦੋਂ ਉਸ ਕੈਲੰਡਰ ਦੀ ਪੜਤਾਲ ਕੀਤੀ ਤਾਂ ਇਹ ਤੱਥ ਉਘੜ ਕੇ ਸਾਹਮਣੇ ਆਇਆ ਕਿ 'ਸੰਤ ਸਿਪਾਹੀ' ਨਾਮ ਦੀ ਸੰਸਥਾਂ ਵੱਲੋਂ ਜਾਰੀ ਕੀਤਾ ਗਿਆ ਕੈਲੰਡਰ, ਗੁਰੂ ਕਾਲ ਵੇਲੇ ਪ੍ਰਚੱਲਤ ਕੈਲੰਡਰ (ਸੂਰਜੀ ਸਿਧਾਂਤ) ਨਹੀਂ ਹੈ। ਪਰਖ-ਪੜਚੋਲ ਕਰਨ ਤੇ ਪਤਾ ਲੱਗ ਕਿ ਇਹ ਕੈਲੰਡਰ ਤਾਂ ਹਿੰਦੂ ਵਿਦਵਾਨਾਂ ਵੱਲੋਂ 18-19 ਨਵੰਬਰ 1964 ਈ: ਵਿੱਚ, ਗੁਰੂ ਕਾਲ ਵੇਲੇ ਵਰਤੇ ਗਏ ਕੈਲੰਡਰ (ਸੂਰਜੀ ਸਿਧਾਂਤ) ਵਿੱਚ ਸੋਧ ਕਰਕੇ ਬਣਾਏ ਗਏ ਨਵੇਂ ਕੈਲੰਡਰ (ਦ੍ਰਿਕ ਗਿਣਤ ਸਿਧਾਂਤ) ਮੁਤਾਬਕ ਹੈ। 'ਸੰਤ ਸਿਪਾਹੀ' ਨਾਮ ਦੀ ਸੰਸਥਾ ਵੱਲੋਂ ਜਾਰੀ ਕੀਤੇ ਗਏ ਕੈਲੰਡਰ ਦੇ ਮਹੀਨਿਆਂ ਦਾ ਆਰੰਭ, ਗੁਰੂ ਕਾਲ ਵਾਲੇ ਕੈਲੰਡਰ ਦੇ ਮਹੀਨਿਆਂ ਦੇ ਆਰੰਭ ਨਾਲੋਂ ਵੱਖਰੇ ਸਮੇਂ ਤੇ ਹੁੰਦਾ ਹੈ। (ਨੱਥੀ ਕੀਤੇ ਚਾਰਟ ਨੂੰ ਵੇਖੋ)

| | ਗੁਰੂ ਕਾਲ ਵਾਲਾ ਕੈਲੰਡਰ | | | ਮੌਜੂਦਾ ਕੈਲੰਡਰ | | |
|---|---|---|---|---|---|---|
| ਮਹੀਨਾ | ਸੰਗਰਾਂਦ | ਸਮਾਂ | ਦਿਨ | ਸੰਗਰਾਂਦ | ਸਮਾਂ | ਦਿਨ |
| ਚੇਤ | 14 ਮਾਰਚ | 2:56 PM | 30 | 14 ਮਾਰਚ | 12:36 PM | 30 |
| ਵੈਸਾਖ | 13 ਅਪ੍ਰੈਲ | 11:25 PM | 31 | 13 ਅਪ੍ਰੈਲ | 9:04 PM | 31 |
| ਜੇਠ | 14 ਮਈ | 9:50 PM | 32 | 14 ਮਈ | 5:53 PM | 31 |
| ਹਾੜ | 15 ਜੂਨ | 7:55 AM | 31 | 14 ਜੂਨ | 12:27 AM / 15 ਜੂਨ | 32 |
| ਸਾਵਣ | 16 ਜੁਲਾਈ | 11:23PM | 32 | 16 ਜੁਲਾਈ | 11:19 AM | 31 |
| ਭਾਦੋਂ | 17 ਅਗਸਤ | 10:47 AM | 31 | 16 ਅਗਸਤ | 7:44 PM | 31 |
| ਅੱਸੂ | 17 ਸਤੰਬਰ | 11:15 AM | 30 | 16 ਸਤੰਬਰ | 7:43 PM | 31 |
| ਕੱਤਕ | 17 ਅਕਤੂਬਰ | 9:51 PM | 30 | 17 ਅਕਤੂਬਰ | 7:42 AM | 30 |
| ਮੱਘਰ | 16 ਨਵੰਬਰ | 7:18 PM | 29 | 16 ਨਵੰਬਰ | 7:31 AM | 29 |
| ਪੋਹ | 15 ਦਸੰਬਰ | 7:05 AM/ 16 ਦਸੰਬਰ | 30 | 15 ਦਸੰਬਰ | 10:10 PM | 30 |
| ਮਾਘ | 14 ਜਨਵਰੀ | 2:43 PM | 29 | 14 ਜਨਵਰੀ | 8:55 AM | 29 |
| ਫੱਗਣ | 12 ਫਰਵਰੀ | 1:27 AM/ 13 ਜਨਵਰੀ | 30 | 12 ਫਰਵਰੀ | 9:56 PM | 30 |

ਸਤਿਕਾਰ ਯੋਗ ਸਿੰਘ ਸਾਹਿਬ ਜੀ, ਗੁਰੂ ਸਾਹਿਬ ਜੀ ਵੇਲੇ ਵਰਤੇ ਗਏ ਕੈਲੰਡਰ, ਜਿਸ ਵਿੱਚ ਸਿੱਖ ਇਤਿਹਾਸ ਦੀਆਂ ਤਾਰੀਖਾਂ ਦਰਜ ਹਨ, ਮੁਤਾਬਕ ਹਾੜ ਮਹੀਨੇ ਦੀ ਸੰਗਰਾਦ 15 ਜੂਨ ਨੂੰ ਆਵੇਗੀ ਪਰ ਉਪ੍ਰੋਕਤ ਵਰਨਣ ਕੈਲੰਡਰ ਵਿੱਚ ਇਹ 14 ਜੂਨ ਦੀ ਦਰਜ ਹੈ। ਇਸ ਤਰ੍ਹਾਂ ਭਾਂਦੋ ਅਤੇ ਅੱਸੂ ਦੀਆਂ ਸੰਗਾਰਾਂਦਾਂ ਵੀ ਇਕ ਦਿਨ ਦੇ ਫ਼ਰਕ ਨਾਲ ਦਰਜ ਹਨ। ਚਾਰ ਮਹੀਨਿਆਂ ਜੇਠ, ਹਾੜ, ਸਾਵਣ ਅਤੇ ਅੱਸੂਦੇ ਦਿਨਾਂ ਦੀ ਗਿਣਤੀ ਵਿੱਚ ਵੀ ਅੰਤਰ ਹੈ। ਇਥੇ ਹੀ ਬੱਸ ਨਹੀਂ, ਬਾਰਾਂ ਦੀਆਂ ਬਾਰਾਂ ਸੰਗਰਾਂਦਾਂ, ਭਾਵ ਸੂਰਜ ਦੇ ਨਵੀਂ ਰਾਸ਼ੀ ਵਿੱਚ ਪ੍ਰਵੇਸ਼ ਕਰਨ ਦੇ ਸਮੇਂ ਵਿੱਚ ਵੀ ਅੰਤਰ ਹੈ। ਪੜਤਾਲ ਕਰਨ 'ਤੇ ਇਹ ਗੱਲ ਸਾਹਮਣੇ ਆਈ ਕਿ ਗੁਰੂ ਕਾਲ ਵਾਲੇ ਕੈਲੰਡਰ 'ਚ ਹਾੜ ਮਹੀਨੇ ਦੀ ਸੰਗਰਾਂਦ ਭਾਵ ਸੂਰਜ, ਮਿਥਨ ਰਾਸ਼ੀ ਵਿੱਚ ਪ੍ਰਵੇਸ਼ 15 ਜੂਨ ਨੂੰ ਕਰੇਗਾ ਪਰ ਸੰਗਰਾਂਦ 14 ਜੂਨ ਨੂੰ ਮਨਾਈ ਜਾਵੇਗੀ। ਗਲਤ ਦਿਨ ਅਤੇ ਗਲਤ ਸਮੇਂ ਤੇ ਮਨਾਈ ਗਈ ਸੰਗਰਾਂਦ ਨੂੰ 'ਸ਼ੁਭ ਦਿਹਾੜਾ' ਕਿਵੇਂ ਕਿਹਾ ਜਾ ਸਕਦਾ ਹੈ? ਸਵਾਲ ਇਹ ਹੈ ਕਿ ਅਸੀਂ ਗੁਰੂ ਕਾਲ ਵੇਲੇਪ੍ਰਚੱਲਤ ਕੈਲੰਡਰ ਮੁਤਾਬਕ ਆਪਣੇ ਦਿਹਾੜੇ ਮਨਾਉਣੇ ਹਨ, ਜਾਂ 1964 ਈ: ਵਿੱਚ ਹਿੰਦੂ ਵਿਦਵਾਨਾਂ ਵਲੋਂ ਬਣਾਏ ਗਏ ਕੈਲੰਡਰ ਮੁਤਾਬਕ?

ਸਤਿਕਾਰ ਯੋਗ ਸਿੰਘ ਸਾਹਿਬ ਜੀ, ਅਕਾਲ ਤਖਤ ਸਾਹਿਬ ਜੀ ਦੇ ਇਟਟਇਰਪਅਦ ਉੱਪਰ, ਆਪ ਜੀ ਦੇ ਦਸਖਤਾਂ ਹੇਠ ਜਾਰੀ ਕੀਤੇ ਗਏ 'ਪ੍ਰਸੰਸ਼ਾ ਪੱਤਰ" ਵਿੱਚ ਦਿੱਤੀ ਗਈ ਗੁਮਰਾਹਕੁਨ ਜਾਣਕਾਰੀ, "ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਸਮੇਂ ਤੋਂ ਸਿੱਖ ਪੰਥ ਦਾ ਪ੍ਰਚੱਤ ਕੈਲੰਡਰ", ਬਹੁਤ ਹੀ ਗੰਭੀਰ ਮੁੱਦਾ ਹੈ। ਇਹ ਸ੍ਰੀ ਅਕਾਲ ਤਖਤ ਸਾਹਿਬ ਅਤੇ ਉਸ ਦੇ ਜਥੇਦਾਰ ਦੀ ਭਰੋਸੇ ਯੋਗਤਾ ਦਾ ਵੀ ਸਵਾਲ ਹੈ। ਮੈਨੂੰ ਪੂਰੀ ਆਸ ਹੈ ਕਿ ਆਪ ਜੀ ਮੇਰੇ ਤੋਂ ਵੀ ਵੱਧ ਚਿੰਤਤ ਹੋਵੇਗੇ।

ਸਿੰਘ ਸਾਹਿਬ ਜੀ, ਨਿਮਰਤਾ ਸਹਿਤ ਬੇਤਨੀ ਹੈ ਕਿ ਆਪਣੇ ਆਲੇ-ਦੁਆਲੇ ਦੇ ਕਰਮਚਾਰੀਆਂ/ ਅਧਿਕਾਰੀਆਂ ਦੀ ਪੜਤਾਲ ਕਰੋ ਜੋ, ਛੋਟੇ-ਮੋਟੇ ਲਾਲਚ ਖਾਤਰ, ਕਿਸੇ ਵਲੋਂ ਕੈਲੰਡਰ ਬਣਾਉਣ ਤੇ ਹੀ, ਅਕਾਲ ਤਖਤ ਸਾਹਿਬ ਦੇ Letter-pad ਅਤੇ ਆਪ ਜੀ ਦੇ ਦਸਖਤਾ ਦੀ ਨਜਾਇਜ ਵਰਤੋ ਕਰਦੇ ਹਨ ਅਤੇ ਸੰਗਤਾਂ ਨੂੰ ਗਲਤ ਜਾਣਕਾਰੀ ਦੇ ਕੇ ਗੁਮਰਾਹ ਕਰ ਰਹੇ ਹਨ।

ਅਜੇਹੇ ਕਰਮਚਾਰੀ ਕਿਸੇ ਮਹੱਤਵ ਪੂਰਨ ਦਸਤਾਵੇਜ ਉੱਪਰ ਵੀ ਆਪ ਜੀ ਦੇ ਦਸਖਤ ਕਰਵਾ ਸਕਦੇ ਹਨ। ਅਜੇਹੇ ਮੁਲਾਜਮਾਂ ਦੀ ਪੜਤਾਲ ਕਰਕੇ, ਉਨ੍ਹਾਂ ਖਿਲਾਫ ਮਿਸਾਲੀ ਕਾਰਵਈ ਕੀਤੀ ਜਾਵੇ ਤਾਂ ਜੋ ਅੱਗੇ ਤੋਂ ਕੋਈ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਇਟਟਇਰਪਅਦ ਅਤੇ ਆਪ ਜੀ ਦੇ ਦਸਖਤਾਂ ਦੀ ਗਲਤ ਵਰਤੋ ਕਰਨ ਦਾ ਹੀਆ ਨਾ ਕਰ ਸਕੇ।

**ਸਤਿਕਾਰ ਸਹਿਤ**
**ਸਰਵਜੀਤ ਸਿੰਘ ਸੈਕਰਾਮੈਂਟੋ**

# ਸਲਾਈਟ ਵਰਕਰ ਯੂਨੀਅਨ ਲੌਂਗੋਵਾਲ ਦੇ ਬਲਤੇਜ ਸਿੰਘ ਪ੍ਰਧਾਨ, ਸੁਖਬੀਰ ਦਾਸ ਲੋਹਾਖੇੜਾ ਸਕੱਤਰ ਚੁਣੇ ਗਏ

## ਜਸਵਿੰਦਰ ਸਿੰਘ ਦੁੱਗਾਂ ਮੀਤ ਪ੍ਰਧਾਨ ਅਤੇ ਜਸਵੰਤ ਸਿੰਘ ਕੈਂਬੋਵਾਲ ਪਿੰਡੀ ਖਜਾਨਚੀ ਬਣੇ

**ਲੌਂਗੋਵਾਲ, (ਦਲਜੀਤ ਕੌਰ)-** ਅੱਜ ਸਲਾਈਟ ਲੌਂਗੋਵਾਲ ਦੇ ਵਰਕਰਾਂ ਦੀ ਮੀਟਿੰਗ ਗੁਰਦੁਆਰਾ ਕੈਂਬੋਵਾਲ ਸਾਹਿਬ ਵਿਖੇ ਆਲ ਇੰਡੀਆ ਸੈਂਟਰਲ ਟ੍ਰੇਡ ਯੂਨੀਅਨ (ਇਫਟੂ) ਦੇ ਸਕੱਤਰ ਅਵਤਾਰ ਸਿੰਘ ਤਾਰੀ ਦੀ ਅਗਵਾਈ ਹੇਠ ਹੋਈ ਜਿਸ ਵਿੱਚ ਸਲਾਈਟ ਦੇ ਵਿੱਚ ਕੰਮ ਕਰਦੇ ਮਾਲੀ, ਕਾਰਪੇਂਟਰ, ਸਫ਼ਾਈ ਸੇਵਕ, ਸਿਕਿਉਰਟੀ ਗਾਰਡ, ਬੀਐੱਚਐੱਸ ਸਮੇਤ ਵੱਡੀ ਗਿਣਤੀ ਵਰਕਰ ਹਾਜ਼ਰ ਹੋਏ ਅਤੇ ਉਨਾਂ ਨੇ ਸਲਾਈਟ ਵਿੱਚ ਵਰਕਰਾਂ ਨੂੰ ਆਉਂਦੀਆਂ ਸਮੱਸਿਆਵਾਂ ਸਾਂਝੀਆਂ ਕੀਤੀਆਂ।

ਇਸ ਮੌਕੇ ਸੰਬੋਧਨ ਕਰਦਿਆਂ ਅਵਤਾਰ ਸਿੰਘ ਤਾਰੀ ਨੇ ਦੱਸਿਆ ਕਿ ਮਜ਼ਦੂਰ ਵਰਗ ਠੇਕੇਦਾਰੀ ਸਿਸਟਮ ਤੋਂ ਤੰਗ ਹੈ ਤੇ ਵੱਖ-ਵੱਖ ਅਦਾਰਿਆਂ ਵਿੱਚ ਮਜ਼ਦੂਰਾਂ ਦੇ ਹੱਕਾਂ ਤੇ ਲਗਾਤਾਰ ਡਾਕੇ ਵੱਜ ਰਹੇ ਹਨ। ਮਜ਼ਦੂਰਾਂ ਨੂੰ ਆਪਣੇ ਹੱਕ ਲੈਣ ਲਈ ਜਥੇਬੰਦ ਹੋਣਾ ਹੀ ਇੱਕੋ ਇੱਕ ਹੱਲ ਹੈ ਸੋ ਇਸ ਕਰਕੇ ਉਹਨਾਂ ਸਾਰੇ ਵਰਕਰਾਂ ਨੂੰ ਜਥੇਬੰਦ ਹੋਣ ਦਾ ਸੱਦਾ ਦਿੱਤਾ ਤਾਂ ਇਸ ਤੇ ਹਾਜ਼ਰ ਵਰਕਰਾਂ ਨੇ ਸਰਬ ਸੰਮਤੀ ਨਾਲ ਸਲਾਈਟ ਵਰਕਰਜ ਯੂਨੀਅਨ ਦਾ ਗਠਨ ਕਰਕੇ 17 ਮੈਂਬਰੀ ਕਮੇਟੀ ਚੋਣ ਕਰਦਿਆਂ ਬਲਤੇਜ ਸਿੰਘ ਨੂੰ ਪ੍ਰਧਾਨ,



ਸੁਖਬੀਰ ਦਾਸ ਲੋਹਾਖੇੜਾ ਨੂੰ ਸਕੱਤਰ, ਜਸਵਿੰਦਰ ਸਿੰਘ ਦੁੱਗਾਂ ਮੀਤ ਪ੍ਰਧਾਨ, ਜਸਵੰਤ ਸਿੰਘ ਕੈਂਬੋਵਾਲ ਪਿੰਡੀ ਨੂੰ ਖਜਾਨਚੀ, ਭੁਪਿੰਦਰ ਸਿੰਘ ਪਿੰਡੀ ਕੇਹਰ ਸਿੰਘ ਵਾਲੀ ਨੂੰ ਸਹਾਇਕ ਖਜਾਨਚੀ, ਦਲਜੀਤ ਸਿੰਘ ਦੁੱਗਾਂ ਨੂੰ ਸਹਾਇਕ ਸਕੱਤਰ ਅਤੇ ਇਹਨਾਂ ਤੋਂ ਬਿਨਾਂ ਗੁਰਜੰਟ ਸਿੰਘ, ਪਰਵਿੰਦਰ ਸਿੰਘ, ਬਲਕਾਰ ਸਿੰਘ, ਜੁਗਰਾਜ ਸਿੰਘ, ਨਾਜਮ ਸਿੰਘ, ਕਿਸ਼ਨ ਸਿੰਘ, ਪਿਰਤਪਾਲ ਸਿੰਘ, ਗੋਬਿੰਦ ਸਿੰਘ, ਅਵਤਾਰ ਸਿੰਘ, ਗੁਰਦਿੱਤ ਸਿੰਘ, ਦਾਰਾ ਸਿੰਘ ਸਮੇਤ 17 ਮੈਂਬਰੀ ਕਮੇਟੀ ਦੀ ਚੋਣ ਕੀਤੀ ਗਈ।

ਇਸ ਮੌਕੇ ਇਫਟੂ ਦੇ ਸੂਬਾ ਆਗੂ ਸ੍ਰੀ ਨਾਥ ਪਟਿਆਲਾ ਅਤੇ ਗੈਸ ਏਜੰਸੀ ਵਰਕਰ ਯੂਨੀਅਨ ਦੇ ਆਗੂ ਅਵਤਾਰ ਸਿੰਘ ਪਟਿਆਲਾ ਅਤੇ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਭੁਪਿੰਦਰ ਸਿੰਘ ਲੌਂਗੋਵਾਲ ਅਤੇ ਬਲਾਕ ਪ੍ਰਧਾਨ ਕਰਮਜੀਤ ਸਿੰਘ ਸਤੀਪੁਰਾ ਨੇ ਭਰਾਤਰੀ ਸੰਦੇਸ਼ ਦਿੱਤਾ ਅਤੇ ਯੂਨੀਅਨ ਦੀ ਚੋਣ ਕਰਨ ਤੇ ਵਰਕਰਾਂ ਨੂੰ ਵਧਾਈ ਦਿੰਦਿਆਂ ਵਰਕਰਾਂ ਦੇ ਹੱਕੀ ਮੰਗਾਂ ਲਈ ਸੰਘਰਸ਼ 'ਚ ਲੋੜ ਪੈਣ ਤੇ ਹਰ ਤਰ੍ਹਾਂ ਦੀ ਸਹਾਇਤਾ ਦੇਣ ਦਾ ਭਰੋਸਾ ਵੀ ਦਿੱਤਾ।

# ਦੇਸ਼ ਭਗਤ ਯੂਨੀਵਰਸਿਟੀ ਦੀ ਨਰਸਿੰਗ ਫੈਕਲਟੀ ਵੱਲੋਂ ਵਿਸ਼ਵ ਕੈਂਸਰ ਦਿਵਸ ਨੂੰ ਸਮਰਪਿਤ ਪ੍ਰੋਗਰਾਮ ਕਰਵਾਇਆ


ਦੇਸ਼ ਭਗਤ ਯੂਨੀਵਰਸਿਟੀ ਦੀ ਨਰਸਿੰਗ ਫੈਕਲਟੀ ਵੱਲੋਂ ਵਿਸ਼ਵ ਕੈਂਸਰ ਦਿਵਸ ਨੂੰ ਸਮਰਪਿਤ ਪ੍ਰੋਗਰਾਮ 'ਕਲੋਜ਼ ਦਿ ਕੇਅਰ ਗੈਪ' ਥੀਮ ਤਹਿਤ ਕਰਵਾਇਆ ਗਿਆ। ਬੀ.ਐਸਸੀ. ਨਰਸਿੰਗ ਦੂਜੇ ਸਮੈਸਟਰ ਦੇ ਵਿਦਿਆਰਥੀਆਂ ਨੇ ਕੈਂਸਰ ਜਾਗਰੂਕਤਾ ਅਤੇ ਰੋਕਥਾਮ ਦੇ ਮਹੱਤਵ 'ਤੇ ਜ਼ੋਰ ਦਿੰਦੇ ਹੋਏ ਲੋਕਾਂ ਨੂੰ ਜ਼ਰੂਰੀ ਸਿਹਤ ਸਿੱਖਿਆ ਦੇਣ ਲਈ ਪਹਿਲ ਕੀਤੀ।


ਇਸ ਸਮਾਗਮ ਦਾ ਆਯੋਜਨ ਸ਼੍ਰੀਮਤੀ ਦਿਲਪ੍ਰੀਤ ਕੌਰ ਸੋਹੀ ਅਤੇ ਸ਼੍ਰੀਮਤੀ ਭੁਪਿੰਦਰ ਕੌਰ ਸੈਣੀ ਦੁਆਰਾ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੇ ਸਰਗਰਮੀ ਨਾਲ ਭਾਗ ਲਿਆ। ਫੈਕਲਟੀ ਆਫ਼ ਨਰਸਿੰਗ ਦੇ




ਪ੍ਰਿੰਸੀਪਲ ਡਾ. ਵਿਕਟਰ ਦੇਵਾਸੀਰਵਦਮ ਨੇ ਸਮਾਗਮ ਦੀ ਸਫ਼ਲਤਾ ਨੂੰ ਯਕੀਨੀ ਬਣਾਉਣ ਲਈ ਆਪਣਾ ਮਾਰਗਦਰਸ਼ਨ ਅਤੇ ਸਹਿਯੋਗ ਦਿੱਤਾ। ਕਮਿਊਨਿਟੀ ਹੈਲਥ ਨਰਸਿੰਗ ਦੇ ਮੁਖੀ ਪ੍ਰੋ. (ਡਾ.) ਪ੍ਰਭਜੋਤ ਸਿੰਘ ਅਤੇ ਮੈਂਟਲ ਹੈਲਥ ਨਰਸਿੰਗ ਦੇ ਮੁਖੀ ਪ੍ਰੋ. (ਡਾ.) ਲਵਸਮਪੂਰਨ-ਜੋਤ ਕੌਰ ਨੇ ਪਹਿਲਕਦਮੀ ਦੇ ਵਿਦਿਅਕ ਪਹਿਲੂ ਨੂੰ ਵਧਾਉਣ ਲਈ ਆਪਣੀ ਮੁਹਾਰਤ ਦਾ ਯੋਗਦਾਨ ਪਾਇਆ।

ਚਾਂਸਲਰ ਡਾ: ਜ਼ੋਰਾ ਸਿੰਘ ਅਤੇ ਪ੍ਰੈਜ਼ੀਡੈਂਟ ਡਾ: ਸੰਦੀਪ ਸਿੰਘ ਨੇ ਵਿਦਿਆਰਥੀਆਂ ਵੱਲੋਂ ਕੈਂਸਰ ਪ੍ਰਤੀ ਜਾਗਰੂਕਤਾ ਪੈਦਾ ਕਰਨ ਅਤੇ ਇਸ ਦੀ ਰੋਕਥਾਮ ਲਈ ਸਰਗਰਮ ਉਪਾਵਾਂ ਨੂੰ ਉਤਸ਼ਾਹਿਤ ਕਰਨ ਪ੍ਰਤੀ ਦਿਖਾਈ ਸਮਰਪਣ ਅਤੇ ਵਚਨਬੱਧਤਾ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਵਿਦਿਆਰਥੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਭਾਵਨਾ ਸਮਾਜਿਕ ਜ਼ਿੰਮੇਵਾਰੀ ਅਤੇ ਸਿਹਤ ਸੰਭਾਲ ਦੀ ਵਕਾਲਤ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।


MARCH 19 ELECTION
Special
VOTE
Dr. Harmesh Kumar
FINALLY A
Democrat for Congress
Vote
As a psychologist, he knows mental illness is the "Big Elephant" in the room! No one else is even willing to talk about it as an issue, let alone willing to discuss it. He has a plan!
Vote
While you may not know him. He cares for our country and for the people. It was our country that gave him an opportunity to work, thrive, and become who he is today! He wants everyone to have the same chance he did.
Vote
Mental illness disorders are wreaking havoc in all areas of society and throughout our Country!
Vote
The many forms of mental illness include: mass shootings, domestic violence, anxiety disorders, depression, homelessness, crime and many more!
PAID FOR BY: DR. KUMAR 4 CONGRESS
FEC # COO865535


Special
MARCH 19 ELECTION
Dr. Harmesh Kumar
DEMOCRAT FOR CONGRESSIONAL DISTRICT 20
The Man With A Plan
As a Clinical Psychologist and businessman. A life long Democrat and not a career politician or candidate, willing to serve the District for the short term.
Dr. Kumar doesn't just talk about the issues, he has lived them. That is why the experience of Congressional Representatives like John Garamendi, and Ro Khanna are supporting him.
As a Mental Health Doctor, he cares for the homeless daily and sees the need for adequate and affordable housing!
As a humanitarian he helps many disadvantaged in the struggle against the high cost of living!
He knows Central California; the 20th Congressional District.
A candidate demanding an investment into the wellness of our district and the people of the United States.
Vote
March 19, 2024
Special Election
Our Choice.....